**Reo-Bankowned Properties**

From San Jose to Sacramento

JASSI GILL Broker/Owner

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



Jassi Gill

CA DRE# 00966763



**Hardeep S. Rai**

ਇੰਮੀਗਰੇਸ਼ਨ ਵਕੀਲ — Attorney-at-Law

• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212



**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Twelfth Year in Publication — ਕੈਲੇਫੋਰਨੀਆ ਐਡੀਸ਼ਨ — Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 10, March 5, 2011 — 20451 N Plum Grove Rd. Palatine, IL 60074 — Ph:847-359-0746, Fax:847-705-9388


## ਮਜੀਠੀਏ ਵੱਲੋਂ ਕੈਪਟਨ ਦਾ 'ਸਿਰ ਕਲਮ' ਕਰਨ ਦੀ ਧਮਕੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸਾਲੇ ਅਤੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਅਪਮਾਨਜਨਕ ਬਿਆਨਬਾਜ਼ੀ ਕਰਕੇ ਪਾਰਟੀ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ। ਹੋਂਦ ਚਿੱਲੜ ਦਾ ਮਾਮਲਾ ਮੀਡੀਆ 'ਚ ਆਉਣ ਤੋਂ ਬਾਅਦ ਚੁੱਪ ਬੈਠੀ ਕਾਂਗਰਸ ਨੂੰ ਮਜੀਠੀਆ ਦੀ ਇਸ ਬਿਆਨਬਾਜ਼ੀ ਕਰਕੇ ਹਾਵੀ ਹੋਣ ਦਾ ਮੌਕਾ ਮਿਲ ਗਿਆ ਹੈ। ਮਜੀਠੀਆ ਵੱਲੋਂ ਜੋਸ਼ 'ਚ ਆ ਕੇ ਬਿਨਾਂ ਸੋਚੇ ਸਮਝੇ ਕੈਪਟਨ ਅਮਰਿੰਦਰ ਸਿੰਘ ਦਾ ਸਿਰ ਕਲਮ ਕਰਨ ਦਾ ਬਿਆਨ ਦਾਗੇ ਜਾਣ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਕਾਫੀ ਹਲਚਲ ਹੋਈ ਹੈ। ਇਸ ਤੋਂ ਖ਼ਫਾ ਹੋਏ ਕਾਂਗਰਸੀਆਂ ਨੇ ਜਿੱਥੇ ਮਜੀਠੀਆ ਦੇ ਥਾਂ-ਥਾਂ ਪੁਤਲੇ ਫੂਕੇ ਉਥੇ ਉਸ ਨੂੰ ਕੈਪਟਨ ਤੋਂ ਮੁਆਫ਼ੀ ਮੰਗਣ ਲਈ ਕਿਹਾ ਹੈ। ਉਧਰ ਮਜੀਠੀਆ ਨੇ ਮਾਮਲਾ ਗਲੋਂ ਲਾਹੁਣ ਲਈ ਕਿਹਾ ਹੈ ਕਿ ਨਵੰਬਰ 84 ਦੌਰਾਨ ਸਿੱਖਾਂ ਦੇ ਕਤਲੇਆਮ ਤੇ ਬਲਿਊ ਸਟਾਰ ਆਪਰੇਸ਼ਨ ਲਈ ਕਾਂਗਰਸੀਆਂ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ ਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਮੁਆਫ਼ੀ ਮੰਗਣ ਲਈ ਕਹਿਣਾ ਚਾਹੀਦਾ ਹੈ।




ਕੈਪਟਨ ਅਮਰਿੰਦਰ ਸਿੰਘ ਨੇ ਮਜੀਠੀਏ ਦੀ ਬਿਆਨਬਾਜ਼ੀ ਦਾ ਜਵਾਬ ਦਿੰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਦਾ ਸਿਰ ਕਲਮ ਕਰਨ ਨਾਲ ਪੰਜਾਬ ਦਾ ਕੋਈ ਭਲਾ ਹੁੰਦਾ ਹੈ ਤਾਂ ਉਹ ਪੂਰੀ ਤਰ੍ਹਾਂ ਤਿਆਰ ਹਨ। ਸੁਖਬੀਰ ਬਾਦਲ ਕਹਿ ਰਿਹਾ ਹੈ ਕਿ ਬਦਲੇ ਦੀ ਰਾਜਨੀਤੀ ਕੈਪਟਨ ਨੇ ਸ਼ੁਰੂ ਕੀਤੀ ਹੈ ਪਰ ਮਜੀਠੀਆ ਦੀ ਬਿਆਨਬਾਜ਼ੀ ਅਕਾਲੀ ਦਲ ਦੇ ਸਾਰੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ।

ਉਧਰ ਕਾਂਗਰਸ ਦੇ ਸਾਬਕਾ ਮੰਤਰੀ ਲਾਲ ਸਿੰਘ ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਨੇ ਕਿਹਾ ਹੈ ਕਿ ਮਜੀਠੀਆ ਆਪਣੀ ਸਰਕਾਰ ਦੇ ਸੰਭਾਵੀ ਪਤਨ ਨੂੰ ਦੇਖਦੇ ਹੋਏ ਬੌਖਲਾ ਗਿਆ ਹੈ। ਮਜੀਠੀਏ ਨੂੰ ਇਹ ਅਹਿਸਾਸ ਨਹੀਂ ਹੈ ਕਿ ਉਹ ਕੀ ਬੋਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਦੂਜੇ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਨੂੰ ਤਾਂ ਸਮਝਿਆ ਜਾ ਸਕਦਾ ਹੈ ਪਰ ਬਿਕਰਮ ਸਿੰਘ ਮਜੀਠੀਏ ਦੀ ਭਾਸ਼ਾ ਅਪਰਾਧਿਕ ਸੀ ਤੇ ਉਸ ਦੀ ਅਪਰਾਧਕ ਸੋਚ ਸਾਹਮਣੇ ਆ ਗਈ ਹੈ। ਉਨ੍ਹਾਂ ਮਜੀਠੀਏ ਨੂੰ ਯਾਦ ਦਿਵਾਇਆ ਕਿ ਰਾਜਨੀਤੀ ਵਿਚ ਉਸ ਦੀ ਮੌਜੂਦਗੀ ਸਿਰਫ ਇਸ ਕਾਰਨ ਹੈ ਕਿ ਉਹ ਉਪ ਮੁੱਖ ਮੰਤਰੀ ਦਾ ਸਾਲਾ ਹੈ। ਨਿੱਜੀ ਤੌਰ 'ਤੇ ਆਪਣੀ ਕਾਬਲੀਅਤ ਨੂੰ ਸਾਬਤ ਕਰਨਾ ਉਸ ਲਈ ਅਜੇ ਬਾਕੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਭਾਸ਼ਾ ਦੀ ਵਰਤੋਂ ਨਾਲ ਮਜੀਠੀਆ ਹੀਰੋ ਨਹੀਂ ਬਣ ਸਕਦਾ। ਅਸਲੀ ਖਲਨਾਇਕ ਮਜੀਠੀਆ ਹੈ ਜੋ ਅਪਰਾਧਿਕ ਗੈਂਗ ਦਾ ਸਰਗਣਾ ਹੈ। ਉਨ੍ਹਾਂ

(ਬਾਕੀ ਸਫਾ 6 'ਤੇ)

## ਲਿਬੀਆ 'ਚ ਲੋਕ ਰੋਹ ਪ੍ਰਚੰਡ, ਗਦਾਫ਼ੀ ਬੁਰੀ ਤਰ੍ਹਾਂ ਘਿਰਿਆ

**ਤ੍ਰਿਪੋਲੀ (ਪੰਜਾਬ ਟਾਈਮਜ਼ ਬਿਊਰੋ):** ਲਿਬੀਆ' 'ਚ ਲੋਕ ਰੋਹ ਨੇ ਪ੍ਰਚੰਡ ਰੂਪ ਧਾਰ ਲਿਆ ਹੈ ਤੇ ਉਥੋਂ ਦੇ ਤਾਨਾਸ਼ਾਹ ਮੁਆਮਾਰ ਗਦਾਫ਼ੀ ਨੂੰ ਸੱਤਾ ਤੋਂ ਹਟਾਉਣ ਲਈ ਹਿੰਸਕ ਪ੍ਰਦਰਸ਼ਨਾਂ ਨੇ ਪੂਰੇ ਦੇਸ਼ ਨੂੰ ਲਪੇਟ 'ਚ ਲੈ ਲਿਆ ਹੈ ਤੇ ਹੁਣ ਤੱਕ 2000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਤ੍ਰਿਪੋਲੀ ਤੇ ਲਿਬੀਆ ਦਾ ਪੱਛਮੀ ਹਿੱਸਾ ਅਜੇ ਗਦਾਫ਼ੀ ਦੇ ਸਮਰਥਕਾਂ ਦੇ ਕਬਜ਼ੇ 'ਚ ਹੈ ਜਦਕਿ ਦੇਸ਼ ਦੇ ਪੂਰਬੀ ਹਿੱਸੇ 'ਤੇ ਲੋਕਾਂ ਨੇ ਕਬਜ਼ਾ ਕਰ ਲਿਆ ਸੀ। ਅੰਦੋਲਨਕਾਰੀਆਂ ਨੇ ਦੇਸ਼ ਨੂੰ ਗਦਾਫ਼ੀ ਤੋਂ ਆਜ਼ਾਦ ਕਰਵਾਉਣ ਲਈ ਰਾਸ਼ਟਰੀ ਪ੍ਰੀਸ਼ਦ ਦਾ ਗਠਨ ਕੀਤਾ ਹੈ। ਇਸ ਪ੍ਰੀਸ਼ਦ ਦਾ ਮੁੱਖ ਮਕਸਦ ਕ੍ਰਾਂਤੀ ਲਈ ਇਕ ਰਾਜਨੀਤਕ ਮੋਰਚਾ ਤਿਆਰ ਕਰਨਾ ਹੈ।

ਉਧਰ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਹੈ ਕਿ ਅਮਰੀਕਾ ਲਿਬੀਆ 'ਚ ਵਿਰੋਧੀ ਧਿਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸ੍ਰੀਮਤੀ ਕਲਿੰਟਨ ਨੇ ਕਿਹਾ ਕਿ ਗਦਾਫ਼ੀ ਵਿਰੋਧੀ ਉਸ ਨੂੰ ਗੱਦੀ ਤੋਂ ਹਟਾਉਣ ਲਈ ਬਜ਼ਿਦ ਹਨ ਤੇ ਇਸ ਲਈ ਗਦਾਫ਼ੀ ਨੂੰ ਹੋਰ ਖ਼ੂਨ-ਖ਼ਰਾਬਾ ਕਰਨ ਤੋਂ ਬਿਨਾ ਗੱਦੀ ਛੱਡ ਦੇਣੀ ਚਾਹੀਦੀ

(ਬਾਕੀ ਸਫਾ 6 'ਤੇ)

## ਬਜਟ 2011: ਸਰਕਾਰ ਦੀ ਲੋਕਾਂ ਨੂੰ ਖੁਸ਼ ਕਰਨ ਦੀ ਨਾਕਾਮ ਕੋਸ਼ਿਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੇ ਮਸਲਿਆਂ 'ਚ ਘਿਰੀ ਕੇਂਦਰ ਸਰਕਾਰ ਆਪਣੇ ਗੋਲਮੋਲ ਬਜਟ ਰਾਹੀਂ ਕਿਸੇ ਵਰਗ ਨੂੰ ਵੀ ਖੁਸ਼ ਨਹੀਂ ਕਰ ਸਕੀ। 28 ਫਰਵਰੀ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਪੇਸ਼ ਕੀਤੇ ਗਏ ਕੇਂਦਰੀ ਬਜਟ ਉਤੇ ਨਜ਼ਰ ਮਾਰੀਏ ਤਾਂ ਇਸ ਨਾਲ ਆਮ ਆਦਮੀ ਨੂੰ ਕੁਝ ਰਾਹਤ ਦੇਣ ਦੀ ਕੋਸ਼ਿਸ਼ ਜ਼ਰੂਰ ਕੀਤੀ ਗਈ ਹੈ ਪਰ ਸਭ ਤੋਂ ਵੱਧ ਨਿਰਾਸ਼ਾ ਵੀ 'ਆਮ ਆਦਮੀ' ਨੂੰ ਹੋਈ ਹੈ। ਉਂਜ ਸਰਕਾਰ ਵੱਲੋਂ ਕਈ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਨਵੇਂ ਟੈਕਸਾਂ ਤੋਂ ਗੁਰੇਜ਼ ਕੀਤਾ ਗਿਆ ਹੈ। ਬਜਟ 'ਚ ਮੱਧਵਰਗੀ ਤਬਕੇ ਨੂੰ ਨਿਗੂਣੀ ਟੈਕਸ ਰਾਹਤ ਮਿਲੀ ਹੈ ਪਰ ਮਹਿੰਗਾਈ ਦੇ ਦੌਰ 'ਚ ਇਸ ਦਾ ਕੋਈ ਬਹੁਤਾ ਲਾਭ ਨਹੀਂ ਹੋਣਾ।

ਖੱਬੇ-ਪੱਖੀ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਬਜਟ 'ਚ ਵਿੱਤੀ ਸੈਕਟਰ ਦੇ ਉਦਾਰਵਾਦ, ਬੈਂਕਿੰਗ ਤੇ ਬੀਮਾ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਜਨਤਕ ਖੇਤਰ ਦੀਆਂ ਇਕਾਈਆਂ ਦੇ ਅਪਨਿਵੇਸ਼ ਤੇ ਪ੍ਰਾਈਵੇਟ ਸੈਕਟਰ ਨੂੰ ਬਹੁਤ ਸਾਰੀਆਂ ਰਿਆਇਤਾਂ ਦੇਣ ਵਾਲਾ ਹੈ। ਉਂਜ ਆਰ.ਜੇ.ਡੀ. ਦੇ ਮੁਖੀ ਲਾਲੂ ਪ੍ਰਸਾਦ ਬਜਟ ਤੋਂ

(ਬਾਕੀ ਸਫਾ 11 'ਤੇ)

## ਹੋਂਦ ਚਿੱਲੜ ਦੀ ਸੰਸਦ 'ਚ ਗੂੰਜ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਦੇ ਜ਼ਿਲ੍ਹਾ ਰੇਵਾੜੀ ਦੇ ਪਿੰਡ ਹੋਂਦ ਚਿੱਲੜ ਵਿਚ 1984 ਵਿਚ ਹੋਏ ਸਿੱਖ ਕਤਲ-ਏ-ਆਮ ਦਾ ਮਾਮਲਾ ਭਾਰਤੀ ਸੰਸਦ ਦੇ ਦੋਵਾਂ

(ਬਾਕੀ ਸਫਾ 8 'ਤੇ)


**Mann Tax Services**

Individual, Trucking or Business Taxes

CTEC — California Tax Education Council Approved Tax Preparer

IRS e-file



For Fast Refund:

For Appointments.

Gurdawar S. Mann

Ph:(510) 487-1000

(510) 468-9381

Email: manntaxservices@gmail.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

**Raja SWEETS & CATERING**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com



Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617

Email:manpreet@gahralaw.com

# Pacific Coast Law Firm P.C.

Lance V Friel, Attorney at Law Kirandeep K Sihota, Attorney at Law

*Over 10 Years of experience*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

> Personal Injury/Car Accident ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
> Bankruptcy (Ch 7) ਬੈਂਕਰਪਸੀ (ਚੈਪਟਰ 7)
> Family Law (Divorce, Custody) ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

2351 W. March Lane Suite A,
Stockton, CA 95207


# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?




ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਸਟਾਕਟਨ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ।

ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਇਲਾਜ ਦੇ ਸਭ ਤੋਂ ਵੱਡੇ ਮੁੱਦਈ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ ਮੂਲੋਂ ਹੀ ਗਲਤ ਹੋ ਸਕਦਾ ਹੈ। ਭਾਵੇਂ ਉਨ੍ਹਾਂ ਦੀ ਇਸ ਰਾਏ ਨਾਲ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਕਮਰ ਦਰਦ ਤੋਂ ਨਿਜਾਤ ਪਾ ਚੁਕੇ ਖੁਸ਼ ਲੋਕਾਂ ਦੀ ਇਕ ਪੂਰੀ ਫੌਜ ਹੈ।

ਕੀ ਤੁਸੀਂ *ਐਂਟੀ-ਇਨਫਲੇਮੇਟਰੀ ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) ਆਦਿ ਸਭੇ ਨੁਸਖੇ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ! ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਸ ਪ੍ਰਗਤੀਸ਼ੀਲ ਡਾਕਟਰ ਦੇ ਖਿਆਲ ਵਿਚ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ ਗਲਤ ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ ਅਤੇ ਕਿਹੜੇ ਮਰੀਜ਼ਾਂ ਲਈ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ!

ਜੇ ਤੁਸੀਂ ਕਮਰ ਦਰਦ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹੋ ਅਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ। ਕਾਰਨ ਇਹ ਹੈ ਕਿ...ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਹੈ ਇਲਾਜ ਲਈ ਸਹੀ ਮਰੀਜ਼ਾਂ ਦੀ ਚੋਣ। ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਮਰੀਜ਼ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ।

ਡਾ. ਸਿਹੋਤਾ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਵਾਲੀ ਪਹੁੰਚ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ। ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

ਜੇ ਤੁਹਾਡਾ ਅਸਹਿ/ਅਸਾਧ ਦਰਦ: (1) ਕਮਰ ਦੇ ਹੇਠਲੇ ਪਾਸੇ (ਸੀ-1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (4) ਗਰਦਨ ਵਿਚ (ਸੀ-3, 4, 5 ਜਾਂ 7) ਹੈ (5) ਬਾਂਹ ਤੋਂ ਹੇਠਾਂ ਵਲ ਹੈ (6) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (7) ਹਰਨੀਆ ਦੀ ਡਿਸਕ ਪੀੜ ਵਰਗੀ ਹੈ (8) ਸਲਿਪ ਡਿਸਕ ਤੋਂ ਹੈ (9) ਤਰੇੜੀ ਹੋਈ ਡਿਸਕ ਤੋਂ ਹੈ (10) ਸੁਕੜੇਵੇਂ ਤੋਂ ਹੈ (11) ਜੋੜਾਂ ਦੇ ਦਰਦ ਤੋਂ ਹੈ ਜਾਂ ਅਜੇ ਪੀੜ ਦੇ ਦਰਦ ਦਾ ਕਾਰਨ ਪਤਾ ਨਹੀਂ ਲਗਿਆ... ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਦਰਦ ਤੋਂ ਛੁਟਕਾਰਾ ਪਾਉਣ ਲਈ

## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ ਐਕਸੀਡੈਂਟ ਐਂਡ ਇੰਜਰੀ ਕਲੀਨਿਕ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ।

ਸੋ, ਜੇ ਤੁਸੀਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ ਫੋਨ ਕਰੋ: 209-464-7738

**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 11 ਮਾਰਚ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

---



ਮੈਂ ਡਾਕਟਰ ਸਿਹੋਤਾ ਦਾ ਰੀੜ੍ਹ ਦੀ ਹੱਡੀ ਅਤੇ ਡਿਸਕ ਦੇ ਦਰਦ ਦੇ ਇਲਾਜ ਦਾ ਪ੍ਰੋਗਰਾਮ ਕੋਈ ਦੋ ਮਹੀਨੇ ਪਹਿਲਾਂ ਸ਼ੁਰੂ ਕੀਤਾ। ਮੈਨੂੰ ਉਸ ਵੇਲੇ ਸਖਤ ਦਰਦ ਹੋ ਰਹੀ ਸੀ ਅਤੇ ਮੇਰੀ ਹਿੱਲਣ ਜੁੱਲਣ ਦੀ ਰੇਂਜ 75% ਘਟ ਗਈ ਸੀ। ਮੈਂ ਕਈ ਇਲਾਜ ਅਜਮਾਏ। ਡਾਕਟਰਾਂ ਦੀਆਂ ਕਲੀਨਿਕਾਂ ਦੇ ਬੇਅੰਤ ਗੇੜੇ ਲਾਏ ਪਰ ਕੋਈ ਫਰਕ ਨਾ ਪਿਆ। ਮੈਂ ਡਾਕਟਰ ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਇਸ ਨੂੰ ਅਜ਼ਮਾਉਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਉਨ੍ਹਾਂ ਦੇ ਸਟਾਫ ਦੇ ਦੋਸਤਾਨਾ ਰਵੱਈਏ ਤੋਂ ਬਹੁਤ ਪ੍ਰਭਾਵਤ ਹੋਇਆ। ਮੈਨੂੰ ਜਾਪਿਆ ਕਿ ਮੇਰੀ ਇਸ ਹਾਲਤ ਵਿਚੋਂ ਮੈਨੂੰ ਕੱਢਣ ਲਈ ਇਹੋ ਇਕ ਥਾਂ ਹੈ। ਡਾ. ਸਿਹੋਤਾ ਦੇ ਪ੍ਰੋਗਰਾਮ ਨਾਲ ਮੈਂ ਪਹਿਲਾਂ ਦੇ ਮੁਕਾਬਲੇ 85% ਬਿਹਤਰ ਮਹਿਸੂਸ ਕਰ ਰਿਹਾ ਹਾਂ। *-ਗੁਰਪਾਲ, ਉਮਰ 53 ਸਾਲ (ਫੈਕਟਰੀ ਵਰਕਰ)*

# ਹਰਿਮੰਦਰ ਸਾਹਿਬ 'ਚ ਜੈਮਰ ਲਾਉਣ ਦੀ ਤਿਆਰੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅੰਦਰ ਹੁਣ ਮੋਬਾਈਲ ਫੋਨਾਂ ਦਾ ਸ਼ੋਰ ਸ਼ਰਾਬਾ ਰੋਕਣ ਲਈ ਫੋਨ ਜੈਮਰ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੈਮਰ ਲਾਉਣ ਦੇ ਫੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਇਥੇ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਕਲੋਜ਼ ਸਰਕਟ ਟੀ.ਵੀ. (ਸੀ.ਸੀ.ਟੀ.ਵੀ.) ਕੈਮਰੇ ਵੀ ਲਾਏ ਜਾ ਚੁੱਕੇ ਹਨ ਜੋ ਜਲਦੀ ਹੀ ਕੰਮ ਕਰਨਾ ਅਰੰਭ ਕਰ ਦੇਣਗੇ। ਇਥੇ ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਇਕ ਦੋ ਵਾਰ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਦੇ ਧਮਕੀ ਭਰੇ ਪੱਤਰ ਵੀ ਕਿਸੇ ਵਿਅਕਤੀ ਵੱਲੋਂ ਭੇਜੇ ਜਾ ਚੁੱਕੇ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਹਜ਼ਾਰਾਂ ਸ਼ਰਧਾਲੂ ਮੱਥਾ ਟੇਕਣ ਲਈ ਆਉਂਦੇ ਹਨ। ਜਦੋਂ ਇਨ੍ਹਾਂ ਮੋਬਾਈਲ ਫੋਨ ਦੀਆਂ ਘੰਟੀਆਂ ਵੱਜਦੀਆਂ ਹਨ ਤਾਂ ਇਸ ਨਾਲ ਨਾ ਸਿਰਫ਼ ਦੂਜੇ ਸ਼ਰਧਾਲੂਆਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਸਗੋਂ ਰਾਗੀਆਂ, ਗ੍ਰੰਥੀਆਂ ਤੇ ਕੀਰਤਨ ਸੁਣਨ ਵਾਲਿਆਂ ਦੀ ਇਕਾਗਰਤਾ ਵੀ ਭੰਗ ਹੁੰਦੀ ਹੈ। ਇਸੇ ਤਰ੍ਹਾਂ ਇਥੇ ਤੈਨਾਤ ਪ੍ਰਬੰਧਕ ਅਮਲੇ ਕੋਲ ਵੀ ਮੋਬਾਈਲ ਫੋਨ ਹਨ ਜੋ ਅਕਸਰ ਗੁਰਬਾਣੀ ਦੇ ਕੀਰਤਨ ਦੇ ਚੱਲ ਰਹੇ ਪ੍ਰਵਾਹ ਵਿਚ ਵਿਘਨ ਪਾਉਣ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਮਾਈਕ ਰਾਹੀਂ ਇਹ ਆਵਾਜ਼ਾਂ ਕੀਰਤਨ ਦੀਆਂ ਧੁੰਨਾਂ ਵਿਚ ਵੀ ਸ਼ਾਮਲ ਹੋ ਜਾਂਦੀਆਂ ਹਨ ਤੇ ਵਿਘਨ ਪਾਉਂਦੀਆਂ ਹਨ।

ਹਰਿਮੰਦਰ ਸਾਹਿਬ ਅੰਦਰ ਮੋਬਾਈਲ ਫੋਨ ਦੀ ਵਰਤੋਂ ਰੋਕਣ ਲਈ ਪ੍ਰਬੰਧਕਾਂ ਵੱਲੋਂ ਕਈ ਥਾਂਵਾਂ 'ਤੇ ਲਿਖ ਕੇ ਸੂਚਨਾ ਬੋਰਡ ਵੀ ਲਾਏ ਹੋਏ ਹਨ ਕਿ ਗੁਰੂ ਘਰ 'ਚ ਦਾਖ਼ਲ ਹੋਣ ਸਮੇਂ ਆਪਣੇ ਮੋਬਾਈਲ ਫੋਨ ਨੂੰ ਸਾਇਲੰਸ 'ਤੇ ਲਾ ਲਿਆ ਜਾਵੇ ਜਾਂ ਬੰਦ ਕਰ ਲਿਆ ਜਾਵੇ ਪਰ ਵੱਡੀ ਗਿਣਤੀ ਵਿਚ ਲੋਕਾਂ ਵਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਹੁਣ ਇਥੇ ਜੈਮਰ ਲਾਉਣ ਦੀ ਯੋਜਨਾ ਬਣਾਈ ਗਈ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਬੀਤੇ ਦਿਨ ਅਨੰਦਪੁਰ ਸਾਹਿਬ ਵਿਖੇ ਹੋਈ ਮੀਟਿੰਗ ਦੌਰਾਨ ਜੈਮਰ ਲਾਉਣ ਦੇ ਫੈਸਲੇ ਨੂੰ ਪ੍ਰਵਾਨਗੀ ਦਿੱਤੀ ਗਈ। ਇਕ ਜੈਮਰ ਦੀ ਕੀਮਤ ਦੋ ਤੋਂ ਢਾਈ ਲੱਖ ਰੁਪਏ ਹੈ। ਇਥੇ ਦੋ ਜੈਮਰ ਲਾਉਣ ਦੀ ਯੋਜਨਾ ਹੈ। ਜੈਮਰ ਦਾ ਘੇਰਾ 50 ਮੀਟਰ ਹੋਵੇਗਾ। ਇਕ ਜੈਮਰ ਸੱਚਖੰਡ ਵਿਖੇ ਅੰਦਰਲੇ ਹਿੱਸੇ ਵਿਚ ਸਥਾਪਤ ਕੀਤਾ ਜਾਵੇਗਾ ਤੇ ਇਕ ਬਾਹਰ ਸਥਾਪਤ ਕੀਤਾ ਜਾਵੇਗਾ।



*ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਮੋਬਾਈਲ ਫੋਨ ਵਰਤਦਾ ਹੋਇਆ ਸ਼ਰਧਾਲੂ*

## ਭਾਰਤੀ ਮੂਲ ਦੇ ਡਾਕਟਰ ਮਾਨ ਨੂੰ ਉਮਰ ਕੈਦ

**ਹਿਊਸਟਨ:** ਭਾਰਤੀ ਮੂਲ ਦੇ ਡਾਕਟਰ ਰਣਦੀਪ ਮਾਨ ਨੂੰ ਅਦਾਲਤ ਨੇ ਅਰਕਾਂਸਾਸ ਮੈਡੀਕਲ ਬੋਰਡ ਦੇ ਚੇਅਰਮੈਨ ਨੂੰ ਜਾਨੋਂ ਮਾਰਨ ਦੇ ਇਰਾਦੇ ਨਾਲ 2009 'ਚ ਬੰਬ ਹਮਲਾ ਕਰਾਉਣ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਅਰਕਾਂਸਾਸ ਦੇ ਰਸਲਵਿਲੇ ਵਿਚ ਡਾਕਟਰੀ ਕਰਦੇ ਰਹੇ ਰਣਦੀਪ ਮਾਨ ਲਾਇਸੈਂਸ ਕੁਝ ਮਰੀਜ਼ਾਂ ਨੂੰ ਦਵਾਈ ਦੀ ਓਵਰਡੋਜ਼ ਦੇਣ ਦੀਆਂ ਸ਼ਿਕਾਇਤਾਂ ਕਾਰਨ ਮੈਡੀਕਲ ਬੋਰਡ ਦੇ ਮੁਖੀ ਟ੍ਰੈਂਟ ਪੀਅਰਸ ਨੇ ਰੱਦ ਕਰ ਦਿੱਤਾ ਸੀ। ਮਾਨ ਨੇ ਪੀਅਰਸ ਤੋਂ ਬਦਲਾ ਲੈਣ ਲਈ ਬੰਬ ਹਮਲਾ ਕਰਾਉਣ ਦੀ ਸਾਜ਼ਸ਼ ਰਚੀ। ਹਮਲੇ ਵਿਚ ਪੀਅਰਸ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ ਤੇ ਉਸ ਦੀ ਇਕ ਅੱਖ ਤੇ ਇਕ ਕੰਨ ਪੂਰੀ ਤਰ੍ਹਾਂ ਖਰਾਬ ਹੋ ਗਏ।

# ਗੁਰਦੁਆਰਾ ਚੋਣਾਂ 8 ਮਈ ਨੂੰ ਕਰਵਾਉਣ ਦੀ ਸਿਫਾਰਸ਼

**ਚੰਡੀਗੜ੍ਹ:** ਗੁਰਦੁਆਰਾ ਚੋਣ ਕਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਐਤਵਾਰ 8 ਮਈ ਨੂੰ ਕਰਾਉਣ ਦੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਚੋਣਾਂ ਦੇ ਅਮਲ ਨੂੰ ਨੇਪਰੇ ਚਾੜ੍ਹਨ ਲਈ ਸਬੰਧਤ ਧਿਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਹੈ। ਅੰਤਿਮ ਵੋਟਰ ਸੂਚੀਆਂ ਦੀ ਪ੍ਰਕਾਸ਼ਨਾ ਮੁਤਾਬਕ ਇਸ ਵਾਰ ਕਮੇਟੀ ਦੀਆਂ ਚੋਣਾਂ ਵਿਚ ਕੁਲ 56,77,129 ਵੋਟਰ ਵੋਟ ਦੇ ਹੱਕ ਦੀ ਵਰਤੋਂ ਕਰ ਸਕਣਗੇ।

ਕਮੇਟੀ ਦੀਆਂ ਪਿਛਲੀਆਂ ਆਮ ਚੋਣਾਂ 2004 ਵਿਚ ਹੋਈਆਂ ਸਨ ਤੇ ਗੁਰਦੁਆਰਾ ਐਕਟ ਅਨੁਸਾਰ 2009 ਵਿਚ ਸ਼੍ਰੋਮਣੀ ਕਮੇਟੀ ਦੀ ਆਮ ਚੋਣ ਹੋਣੀ ਸੀ ਪਰ ਕਈ ਕਾਰਨਾਂ ਕਰਕੇ ਕਮੇਟੀ ਚੋਣਾਂ ਦਾ ਅਮਲ ਪਛੜਦਾ ਗਿਆ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਸਾਰੇ ਇਤਰਾਜ਼ ਤੇ ਦਾਅਵਿਆਂ ਦਾ ਕੰਮ ਨਿਬੇੜਨ ਬਾਅਦ ਵੋਟਰਾਂ ਦੀ ਕੁਲ ਗਿਣਤੀ ਵੀ ਸਪਸ਼ਟ ਹੋ ਗਈ ਹੈ। ਸੂਚੀਆਂ ਅਨੁਸਾਰ ਪੰਜਾਬ ਵਿਚ ਕੁਲ ਵੋਟਾਂ 52,68,664 ਬਣੀਆਂ ਹਨ। ਹਰਿਆਣਾ ਵਿਚ ਕੁੱਲ ਵੋਟਾਂ 3,73,465, ਹਿਮਾਚਲ ਵਿਚ 23,001 ਤੇ ਚੰਡੀਗੜ੍ਹ ਵਿਚ ਕੁੱਲ ਵੋਟਾਂ 11,999 ਬਣੀਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਦੀਆਂ ਸੱਤ ਕਮੇਟੀ ਸੀਟਾਂ ਵਿਚ ਇਤਰਾਜ਼ ਠੀਕ ਨਾ ਕੀਤੇ ਜਾਣ 'ਤੇ ਕਮਿਸ਼ਨ ਨੇ ਪੰਜਾਬ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਜੇਕਰ ਇਤਰਾਜ਼ ਠੀਕ ਨਾ ਕੀਤੇ ਗਏ ਤਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਰੋਕ ਲਈਆਂ ਜਾਣਗੀਆਂ। ਇਸ ਦੇ ਬਾਅਦ ਪੰਜਾਬ ਸਰਕਾਰ ਫੌਰੀ ਹਰਕਤ ਵਿਚ ਆਈ ਤੇ ਵੋਟਰ ਸੂਚੀਆਂ ਦੀ ਸੋਧ ਕੀਤੀ ਗਈ। ਇਨ੍ਹਾਂ ਸੀਟਾਂ ਵਿਚ ਸਮਾਣਾ, ਕਪੂਰਥਲਾ, ਫਗਵਾੜਾ, ਭੁਲੱਥ, ਅੰਮ੍ਰਿਤਸਰ ਪੱਛਮੀ, ਅੰਮ੍ਰਿਤਸਰ ਕੇਂਦਰੀ ਤੇ ਚੋਗਾਵਾਂ ਸ਼ਾਮਲ ਹਨ।

ਮੁੱਖ ਕਮਿਸ਼ਨਰ (ਗੁਰਦੁਆਰਾ ਚੋਣਾਂ) ਜਸਟਿਸ ਹਰਫੂਲ ਸਿੰਘ ਬਰਾੜ ਨੇ ਦੱਸਿਆ ਕਿ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ 8 ਮਈ ਨੂੰ ਇਕੋ ਦਿਨ ਵਿਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ ਹੈ ਪਰ ਅੰਤਿਮ ਫੈਸਲਾ ਗ੍ਰਹਿ ਮੰਤਰਾਲੇ ਨੇ ਹੀ ਲੈਣਾ ਹੈ ਚੋਣਾਂ ਲੜਨ ਲਈ ਜਿਹੜੀਆਂ ਪਾਰਟੀਆਂ ਨੇ ਅਰਜ਼ੀਆਂ ਦਿਤੀਆਂ ਹਨ, ਉਨ੍ਹਾਂ ਦੀ ਪੜਤਾਲ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ ਤੇ ਪਤਾ ਕੀਤਾ ਜਾ ਰਿਹਾ ਹੈ ਕਿ ਚੋਣ ਲੜਨ ਵਾਲੀ ਪਾਰਟੀ ਦੀ ਕੀ ਹਾਲਤ ਹੈ। ਇਸ ਵੇਲੇ ਤੱਕ ਅੱਠ ਧਿਰਾਂ ਨੂੰ ਕਮਿਸ਼ਨ ਵੱਲੋਂ ਬੁਲਾਇਆ ਜਾ ਚੁੱਕਾ ਹੈ।

## ਮਿਸਰ ਵਿਚ ਰਾਇ ਸ਼ੁਮਾਰੀ ਅਗਲੇ ਮਹੀਨੇ

**ਕਾਹਿਰਾ:** ਮਿਸਰ ਵਿਚ ਸ਼ਾਸਨ ਦੀ ਵਾਗਡੋਰ ਸੰਭਾਲ ਰਹੀ ਫੌਜੀ ਕੌਂਸਲ ਨੇ ਸੰਵਿਧਾਨਕ ਸੋਧਾਂ ਬਾਰੇ ਅਗਲੇ ਮਹੀਨੇ ਰਾਇਸ਼ੁਮਾਰੀ ਕਰਾਉਣ ਦੀ ਯੋਜਨਾ ਕੀਤੀ ਹੈ। ਖਰੜਾ ਕਮੇਟੀ ਦੇ ਇਕ ਮੈਂਬਰ ਸੋਭੀ ਸਲੇਹ ਨੇ ਕਿਹਾ ਕਿ ਰਾਇਸ਼ੁਮਾਰੀ ਕਰਾਉਣ ਦਾ ਰਸਮੀ ਐਲਾਨ ਇਸ ਹਫ਼ਤੇ ਕੀਤਾ ਜਾਵੇਗਾ ਤੇ ਲੋਕ ਮਾਰਚ ਦੇ ਅਖੀਰ ਤੋਂ ਪਹਿਲਾਂ ਨਵੇਂ ਮੂਲ ਕਾਨੂੰਨ ਬਾਰੇ ਆਪਣਾ ਮੱਤ ਦੇਣਗੇ। ਸੰਵਿਧਾਨਕ ਸੋਧ ਕਮੇਟੀ ਨੇ ਆਪਣੀ ਰਿਪੋਰਟ ਫੌਜੀ ਕੌਂਸਲ ਨੂੰ ਸੌਂਪੀ ਸੀ। ਕਮੇਟੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਖੁੱਲ੍ਹਾ ਮੁਕਾਬਲਾ, ਅਹੁਦੇ 'ਤੇ ਰਹਿਣ ਦੀ ਹੱਦ ਮਿੱਥਣ ਤੇ ਚੋਣਾਂ 'ਤੇ ਨਿਆਂਇਕ ਨਿਗਰਾਨੀ ਜਿਹੀਆਂ ਤਬਦੀਲੀਆਂ ਦੇ ਸੁਝਾਅ ਪੇਸ਼ ਕੀਤੇ ਹਨ। ਸਾਲੇਹ ਨੇ ਦੱਸਿਆ ਕਿ ਰਾਇਸ਼ੁਮਾਰੀ ਤੋਂ ਬਾਅਦ ਪਾਰਲੀਮੈਂਟ ਦੇ ਦੋਵੇਂ ਸਦਨਾਂ ਲਈ ਚੋਣਾਂ ਕਰਾਈਆਂ ਜਾਣਗੀਆਂ ਪਰ ਉਨ੍ਹਾਂ ਇਨ੍ਹਾਂ ਦਾ ਸਮਾਂ ਨਹੀਂ ਦੱਸਿਆ।


ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ

**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



# ਨੂਰ ਅਤੇ ਪਰਮਿੰਦਰ ਸੰਧੂ ਨੂੰ ਨਿੱਘੀ ਸ਼ਰਧਾਂਜਲੀ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਨੇ ਉਘੇ ਪੰਜਾਬੀ ਸਾਹਿਤਕਾਰ ਅਤੇ ਚਿੰਤਕ ਡਾ. ਸੁਤਿੰਦਰ ਸਿੰਘ ਨੂਰ ਦੇ ਸਦੀਵੀ ਵਿਛੋੜੇ ਨੂੰ ਪੰਜਾਬੀ ਸਾਹਿਤ ਜਗਤ ਨੂੰ ਪਿਆ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿਤਾ ਹੈ। ਸਭਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਡਾ. ਨੂਰ ਅਤੇ ਹਾਲ ਹੀ ਵਿਚ ਸਦੀਵੀ ਵਿਛੋੜਾ ਦੇ ਗਈ ਗਾਇਕਾ ਪਰਮਿੰਦਰ ਸੰਧੂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ। ਸਭਾ ਦੀ ਇਸ ਮੀਟਿੰਗ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਮੋਹਰੀ ਮੈਂਬਰ ਹਰਬੰਸ ਸਿੰਘ ਜਗਿਆਸੂ ਦੀ ਜਲਦ ਸਿਹਤਯਾਬੀ ਲਈ ਵੀ ਅਰਦਾਸ ਕੀਤੀ ਗਈ।

ਸਕੱਤਰ ਦੀ ਸੇਵਾ ਮਹਿਫਲੀ ਅੰਦਾਜ਼ ਵਿਚ ਨਿਭਾਉਂਦਿਆਂ ਜਗਤਾਰ ਸਿੰਘ ਪ੍ਰੀਤ ਨੇ ਗਾਇਕਾ ਪਰਮਿੰਦਰ ਸੰਧੂ ਦੇ ਜੀਵਨ ਅਤੇ ਉਸ ਦੀ ਗਾਇਕੀ ਬਾਰੇ ਅਰਥ ਭਰਪੂਰ ਗੱਲਾਂ ਕੀਤੀਆਂ। ਨਾਲ ਹੀ ਇਕ ਗੀਤ ਸੁਣਾਇਆ ਜੋ ਸਰੋਤਿਆਂ ਨੇ ਬੇਹੱਦ ਪਸੰਦ ਕੀਤਾ। ਤ੍ਰਿਪਤ ਸਿੰਘ ਭੱਟੀ ਨੇ ਮਾਦਾ ਭਰੂਣ ਹੱਤਿਆ ਵਿਰੁਧ ਇਕ ਵਿਦਰੋਹ ਭਰੀ ਕਹਾਣੀ ਸੁਣਾਈ ਜਿਸਦੀ ਨਾਇਕਾ ਆਪਣੇ ਹੋਣ ਵਾਲੇ ਸਹੁਰਾ ਪਰਿਵਾਰ ਨੂੰ ਇਸ ਕਰ ਕੇ ਨਕਾਰ ਦਿੰਦੀ ਹੈ ਕਿ ਉਹ ਆਪਣੀਆਂ ਹੋਣ ਵਾਲੀਆਂ ਧੀਆਂ ਨੂੰ ਕੁਖ ਵਿਚ ਹੀ ਮਾਰਦੇ ਰਹੇ ਹਨ। ਨਰਿੰਦਰ ਸਿੰਘ ਸੋਮਲ ਨੇ ਸਦਾਬਹਾਰ ਚੁਟਕਲਿਆਂ ਨਾਲ ਮਹਿਫਿਲ ਗਰਮਾਈ ਰਖੀ।

ਪ੍ਰੀਤਮ ਸਿੰਘ ਸੋਹੀ ਨੇ ਤਰੰਨਮ ਵਿਚ ਸ਼ਿਵ ਬਟਾਲਵੀ ਦਾ ਇਕ ਗੀਤ ਗਾ ਕੇ ਮਹਿਫਿਲ ਨੂੰ ਸੁਰਮਈ ਬਣਾਇਆ। ਮ੍ਰਿਗਿੰਦਰ ਪੰਧੇਰ ਨੇ ਆਪਣੀ ਨਵੀਂ ਲਿਖੀ ਕਹਾਣੀ 'ਏਕੇ ਨਾਲ ਚੀਰੋ' ਸੁਣਾਈ। ਹਰਜਿੰਦਰ ਪੰਧੇਰ ਨੇ ਡਾ ਸੁਤਿੰਦਰ ਸਿੰਘ ਨੂਰ ਨੂੰ ਸ਼ਰਧਾਂਜਲੀ ਵਜੋਂ ਆਪਣੀ ਇਕ ਕਵਿਤਾ ਸੁਣਾਈ ਅਤੇ ਉਸ ਉਪਰੰਤ ਕਹਾਣੀ 'ਤੀਸਰਾ ਟੱਕ' ਪੜ੍ਹ ਕੇ ਸੁਣਾਈ ਜਿਸ ਵਿਚ ਸ਼ਾਹੂਕਾਰਾਂ ਵਲੋਂ ਕਿਸਾਨੀ ਦੀ ਲੁਟ ਨੂੰ ਵਿਸ਼ਾ ਬਣਾਇਆ ਗਿਆ ਹੈ। ਡਾ ਸ਼ੇਰਗਿੱਲ ਨੇ ਆਪਣੀਆਂ ਦੋ ਕਵਿਤਾਵਾਂ ਨਾਲ ਹਾਜਰੀ ਲਵਾਈ ਅਤੇ ਜਗਤਾਰ ਸਿੰਘ ਪ੍ਰੀਤ ਨੇ ਤਰੰਨਮ ਵਿਚ ਇਕ ਗੀਤ ਪੇਸ਼ ਕੀਤਾ, 'ਯਾ ਮੇਰੇ ਮੌਲਾ, ਯਾ ਮੇਰੇ ਮੌਲਾ।'

ਸਭਾ ਦੀ ਅਗਲੀ ਮੀਟਿੰਗ 20 ਮਾਰਚ ਐਤਵਾਰ ਨੂੰ ਬਾਅਦ ਦੁਪਹਿਰ ਦੋ ਵਜੇ ਹੋਵੇਗੀ।



*ਪੰਜਾਬੀ ਸਾਹਿਤ ਸਭਾ, ਸਟਾਕਟਨ ਦੇ ਮੈਂਬਰ ਸਭਾ ਦੀ ਮੀਟਿੰਗ ਤੋਂ ਬਾਅਦ*

# ਮਨਜੀਤ ਸਿੰਘ ਸੈਕਟਰੀ 'ਤੇ ਕਾਤਲਾਨਾ ਹਮਲਾ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਗੁਰਦੁਆਰਾ ਵਿਲਸਨ ਰੋਡ ਦੇ ਸਟੇਜ ਸੈਕਟਰੀ ਮਨਜੀਤ ਸਿੰਘ ਨੇ ਗੁਰੂ ਘਰ ਅੰਦਰ ਆਪਣੀ ਕੁੱਟ-ਮਾਰ ਹੋਣ ਸਬੰਧੀ ਇਕ ਅਖਬਾਰ ਵਿਸ਼ੇਸ਼ ਵਿਚ ਲੱਗੀ ਖਬਰ ਨੂੰ ਮੂਲੋਂ ਹੀ ਨਿਰਾਧਾਰ ਅਤੇ ਸ਼ਰਾਰਤਪੂਰਨ ਕਰਾਰ ਦਿੰਦਿਆਂ ਕਿਹਾ ਹੈ ਕਿ ਤੱਥ ਇਸ ਤੋਂ ਬਿਲਕੁਲ ਵੱਖਰੇ ਹਨ।

ਸ. ਮਨਜੀਤ ਸਿੰਘ ਸੈਕਟਰੀ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਹਕੀਕਤ ਤਾਂ ਇਹ ਹੈ ਕਿ ਉਨ੍ਹਾਂ ਉਪਰ ਉਨ੍ਹਾਂ ਦੇ ਹੀ ਕਿਸੇ ਰਿਸ਼ਤੇਦਾਰ, ਜਿਸ ਨਾਲ ਉਨ੍ਹਾਂ ਦੇ ਸਬੰਧ ਪਿਛਲੇ ਕੁਝ ਸਮੇਂ ਤੋਂ ਠੀਕ ਨਹੀਂ ਚੱਲ ਰਹੇ, ਵਲੋਂ ਭਾੜੇ ਦੇ ਕਾਤਲਾਂ ਹੱਥੋਂ ਕਾਤਲਾਨਾ ਹਮਲਾ ਕਰਵਾਇਆ ਗਿਆ ਸੀ ਪਰ ਵਾਹਿਗੁਰੂ ਦੀ ਕਿਰਪਾ ਨਾਲ ਉਹ ਵਾਲ ਵਾਲ ਬਚ ਗਏ। ਘਟਨਾ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ 20 ਫਰਵਰੀ ਐਤਵਾਰ ਵਾਲੇ ਦਿਨ ਜਦੋਂ ਉਹ ਗੁਰੂ ਘਰ ਦੇ ਪਾਰਕਿੰਗ ਲਾਟ ਵਿਚ ਆਪਣੇ ਪਰਿਵਾਰ ਸਮੇਤ ਪਹੁੰਚੇ ਅਤੇ ਆਪਣੇ ਬੱਚਿਆਂ ਨੂੰ ਕਾਰ ਵਿਚੋਂ ਉਤਾਰ ਰਹੇ ਸਨ ਤਾਂ ਉਥੇ ਪਹਿਲਾਂ ਹੀ ਮੌਜੂਦ ਦੋ ਨੌਜਵਾਨਾਂ ਨੇ ਅਚਾਨਕ ਉਨ੍ਹਾਂ ਉਪਰ ਜਾਨਲੇਵਾ ਹਮਲਾ ਕਰ ਦਿੱਤਾ ਪਰ ਉਹ ਝੱਟ ਸੰਭਲ ਗਏ ਅਤੇ ਇਕ ਹਮਲਾਵਰ ਨੂੰ ਕਾਬੂ ਵੀ ਕਰ ਲਿਆ। ਇਸ ਹਮਲਾਵਰ, ਜੋ ਕਿ ਮੈਕਸਿਕਨ ਮੂਲ ਦਾ ਹੈ, ਨੂੰ ਬਾਅਦ ਵਿਚ ਪੁਲਿਸ ਹਵਾਲੇ ਕਰ ਦਿੱਤਾ ਗਿਆ। ਦੂਜਾ ਹਮਲਾਵਰ ਮੌਕੇ ਤੋਂ ਆਪਣੀ ਗੰਨ ਸਮੇਤ ਫਰਾਰ ਹੋ ਗਿਆ।

ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਗਏ ਹਮਲਾਵਰ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਮਨਜੀਤ ਸਿੰਘ ਦੇ ਲਾਸ ਏਂਜਲਸ ਰਹਿੰਦੇ ਇਕ ਰਿਸ਼ਤੇਦਾਰ ਨੇ ਉਸ (ਮਨਜੀਤ ਸਿੰਘ) ਦਾ ਕਤਲ ਕਰਨ ਲਈ ਭੇਜਿਆ ਸੀ। ਬੇਕਰਜ਼ਫੀਲਡ ਦਾ ਇਕ ਹੋਰ ਵਿਅਕਤੀ, ਜਿਸ ਨੇ ਪੀਲੇ ਰੰਗ ਦਾ ਰੁਮਾਲ ਬੰਨਿਆ ਹੋਇਆ ਸੀ ਅਤੇ ਜੋ ਇਨ੍ਹਾਂ ਹਮਲਾਵਰਾਂ ਨੂੰ ਕਾਰ ਵਿਚ ਉਤਾਰ ਕੇ ਗਿਆ, ਵੀ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫਤਾਰ ਕਰਨ ਪਿਛੋਂ ਜੇਲ੍ਹ ਭੇਜ ਦਿੱਤਾ ਜਿਥੋਂ ਉਹ ਅਗਲੇ ਦਿਨ ਜ਼ਮਾਨਤ 'ਤੇ ਰਿਹਾਅ ਹੋ ਗਿਆ।

ਇਸ ਸਬੰਧੀ ਡਿਸਟ੍ਰਿਕਟ ਅਟਾਰਨੀ ਲੀਸਾ ਗਰੀਨ ਨੇ ਸ. ਮਨਜੀਤ ਸਿੰਘ ਨੂੰ ਦੱਸਿਆ ਕਿ ਉਨ੍ਹਾਂ ਘਟਨਾ ਦੀ ਰਿਪੋਰਟ ਮੰਗਵਾ ਲਈ ਹੈ ਅਤੇ ਦੋਸ਼ੀਆਂ ਖਿਲਾਫ ਠੋਸ ਸਬੂਤਾਂ ਸਮੇਤ ਕੇਸ ਤਿਆਰ ਕਰ ਕੇ ਸਖਤ ਕਾਰਵਾਈ ਕੀਤੀ ਜਾਏਗੀ। ਦੂਜੇ ਪਾਸੇ ਸ਼ੈਰਿਫ ਮਹਿਕਮੇ ਅਨੁਸਾਰ ਇਹ ਮਾਮਲਾ ਗੰਭੀਰ ਹੈ ਅਤੇ ਹਮਲਾਵਰਾਂ ਤੇ ਹਮਲੇ ਦੀ ਸਾਜਿਸ਼ ਕਰਨ ਵਾਲਿਆਂ ਵਿਰੁਧ ਅਗਵਾ ਕਰਨ ਅਤੇ ਇਰਾਦਾ ਕਤਲ ਦਾ ਮੁਕੱਦਮਾ ਦਰਜ ਕੀਤਾ ਜਾ ਚੁਕਾ ਹੈ। ਸ਼ੈਰਿਫ ਮਹਿਕਮੇ ਅਨੁਸਾਰ ਭਾੜੇ 'ਤੇ ਅਗਵਾ ਜਾਂ ਕਤਲ ਕਰਵਾਉਣ ਦੀ ਸਾਜਿਸ਼ ਇਕ ਸੰਗੀਨ ਜੁਰਮ ਹੈ ਜਿਸ ਲਈ ਘੱਟ ਤੋਂ ਘੱਟ ਵੀਹ ਸਾਲ ਦੀ ਸਜ਼ਾ ਹੋ ਸਕਦੀ ਹੈ। ਇਸੇ ਦੌਰਾਨ ਗੁਰਦੁਆਰਾ ਵਿਲਸਨ ਰੋਡ ਦੀ ਸਮੁੱਚੀ ਕਮੇਟੀ ਨੇ ਸ. ਮਨਜੀਤ ਸਿੰਘ ਉਤੇ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਦਾ ਭਰੋਸਾ ਦਿੱਤਾ।

# ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਖੇਡਾਂ 30 ਜੁਲਾਈ ਤੋਂ

**ਫਰੀਮਾਂਟ:** ਸਿੱਖ ਸਪੋਰਟਸ ਐਸੋਸੀਏਸ਼ਨ, ਕੈਲੀਫੋਰਨੀਆ ਵਲੋਂ ਇਸ ਸਾਲ ਖੇਡਾਂ 30 ਅਤੇ 31 ਜੁਲਾਈ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਦੇ ਖੇਡ ਮੈਦਾਨਾਂ ਵਿਚ ਕਰਵਾਈਆਂ ਜਾ ਰਹੀਆਂ ਹਨ। ਇਸ ਖੇਡ ਮੇਲੇ ਵਿਚ ਮੁੱਖ ਤੌਰ 'ਤੇ ਬਾਸਕਟਬਾਲ, ਟਰੈਕ ਐਂਡ ਫੀਲਡ, ਵਾਲੀਬਾਲ, ਹਾਕੀ, ਫੁੱਟਬਾਲ (ਸਾਕਰ), ਕੁਸ਼ਤੀਆਂ, ਕਬੱਡੀ ਅਤੇ ਟੈਨਿਸ ਦੇ ਮੁਕਾਬਲੇ ਕਰਵਾਏ ਜਾਣਗੇ।

ਹੋਰ ਜਾਣਕਾਰੀ ਸਿੱਖ ਸਪੋਰਟਸ ਐਸੋਸੀਏਸ਼ਨ ਦੇ ਟੋਲ ਫਰੀ ਫੋਨ ਨੰਬਰ 866-499-0032 ਤੋਂ ਲਈ ਜਾ ਸਕਦੀ ਹੈ।

# ਗੁਰਦੁਆਰਾ ਐਲ ਸਬਰਾਂਟੇ ਵਿਚ ਕਵੀ ਤੇ ਢਾਡੀ ਦਰਬਾਰ 24 ਅਪਰੈਲ ਨੂੰ

**ਐਲ ਸਬਰਾਂਟੇ:** ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਗੁਰਦੁਆਰਾ ਐਲ ਸਬਰਾਂਟੇ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਖਾਲਸਾ ਸਿਰਜਣਾ ਦਿਵਸ ਵਿਸਾਖੀ ਮੌਕੇ ਪੰਜ ਕਕਾਰਾਂ ਦੀ ਮਹੱਤਤਾ ਨੂੰ ਸਮਰਪਿਤ ਕਵੀ ਅਤੇ ਢਾਡੀ ਦਰਬਾਰ ਆਉਂਦੀ 24 ਅਪਰੈਲ ਦਿਨ ਐਤਵਾਰ ਨੂੰ ਦੁਪਹਿਰ 11 ਵਜੇ ਤੋਂ 1 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੇਗਾ।

ਇਹ ਜਾਣਕਾਰੀ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਸੇਖੋਂ (ਦਾਖਾ) ਅਤੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਤਲਵੰਡੀ ਖੁਰਦ ਨੇ ਇਕ ਬਿਆਨ ਰਾਹੀਂ ਦਿੰਦਿਆਂ ਦੱਸਿਆ ਕਿ ਸੁਸਾਇਟੀ ਵੱਲੋਂ ਇਸ ਮੌਕੇ ਇਕ ਖਾਸ ਸ਼ਖਸੀਅਤ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸਮੂਹ ਬੁਲਾਰਿਆਂ ਦਾ ਸਨਮਾਨ ਚਿੰਨ੍ਹ ਅਤੇ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਯਤਨ ਦਾ ਮਨੋਰਥ ਸਿੱਖ ਭਾਈਚਾਰੇ ਨੂੰ ਸਿੱਖ ਸਭਿਆਚਾਰ ਨਾਲ ਜੋੜਨਾ ਹੈ। ਅੱਜ ਕਵੀ ਅਤੇ ਢਾਡੀ ਦਰਬਾਰ ਪ੍ਰਥਾ ਤੋਂ ਸਿੱਖ ਸਮਾਜ 'ਚ ਨੌਜਵਾਨ ਪੀੜ੍ਹੀ ਤਕਰੀਬਨ ਅਲੱਗ ਥੱਲਗ ਹੋ ਕੇ ਰਹਿ ਗਈ ਹੈ। ਕੀਰਤਨ ਦਰਬਾਰ, ਢਾਡੀ ਦਰਬਾਰ, ਕਵੀ ਦਰਬਾਰ, ਕਵੀਸ਼ਰੀ ਦਰਬਾਰ, ਕਥਾ ਦਰਬਾਰ, ਵਿਚਾਰ ਗੋਸ਼ਟੀ ਦਰਬਾਰ, ਬੱਚਿਆਂ ਨਾਲ ਸਬੰਧਤ ਕਲਾਸਾਂ ਅਤੇ ਕੈਂਪਾਂ ਤੋਂ ਇਲਾਵਾ ਗੁਰੂ ਘਰਾਂ 'ਚ ਵੱਡੀ ਪੱਧਰ 'ਤੇ ਸਿੱਖ ਸੱਭਿਆਚਾਰ ਨਾਲ ਸਬੰਧਤ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਐਲ ਸਬਟਾਂਟੇ ਗੁਰੂ ਘਰ ਦੀ ਵੈਬਸਾਈਟ www.sfsikhcenter.org ਅਤੇ ਰੇਡੀਓ ਚੜ੍ਹਦੀ ਕਲ੍ਹਾ www.radiock.com ਰਾਹੀਂ ਲਾਈਵ ਵੀ ਸੁਣਿਆ ਜਾ ਸਕੇਗਾ। ਕਵੀ ਦਰਬਾਰ ਵਿਚ ਹਿਸਾ ਲੈਣ ਲਈ ਕਵੀ ਜਨ 10 ਅਪਰੈਲ ਤੱਕ ਆਪਣੇ ਨਾਮ ਫੋਨ 510-774-5909 ਰਾਹੀਂ ਦਰਜ ਕਰਵਾ ਸਕਦੇ ਹਨ। ਦਸਮ ਗ੍ਰੰਥ ਦੇ ਹੱਕ ਜਾਂ ਵਿਰੋਧ ਵਿਚ ਬੋਲਣ ਦੀ ਸਖਤ ਮਨਾਹੀ ਹੋਵੇਗੀ।


SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250



MRP TRAVEL

Lowest International and Domestic Fares

ARC FLY ANY AIRLINE OF YOUR CHOICE IATA

Providing the lowest Airfare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com

2123 Port Way, San Jose, CA 95133

CST: 2097308-40




We Also Offer Notary Service



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440



SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767

E-mail: raj@syanvideo.com
or visit at: www.syanvideo.com

SV PRODUCTION

# ਸ਼੍ਰੋਮਣੀ ਕਮੇਟੀ ਦਾ ਬਜਟ 24 ਮਾਰਚ ਨੂੰ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਆਉਂਦੇ ਸਮੂਹ ਗੁਰਦੁਆਰਾ ਸਹਿਬਾਨ, ਸਕੂਲਾਂ, ਕਾਲਜਾਂ, ਪ੍ਰਿੰਟਿੰਗ ਪ੍ਰੈਸਾਂ ਤੇ ਧਰਮ ਪ੍ਰਚਾਰ ਕਮੇਟੀ ਦੇ ਸਾਲ 2011-2012 ਦੇ ਬਜਟ ਨੂੰ ਪ੍ਰਵਾਨਗੀ ਦੇਣ ਲਈ ਬਜਟ ਇਜਲਾਸ 24 ਮਾਰਚ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਹੋਣ ਦੀ ਪੁਸ਼ਟੀ ਕੀਤੀ ਹੈ। ਇਕ ਵਿਸ਼ੇਸ਼ ਮੀਟਿੰਗ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਕਮੇਟੀ ਦੇ ਪ੍ਰਬੰਧਾਂ ਅਧੀਨ ਆਉਂਦੇ ਸਾਰੇ ਮੁਲਾਜ਼ਮਾਂ ਨੂੰ ਅੱਠ ਫੀਸਦੀ ਮਹਿੰਗਾਈ ਭੱਤਾ ਦਿੱਤਾ ਜਾਵੇਗਾ।

ਜਥੇਦਾਰ ਮੱਕੜ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਦੀ ਘੋਖ ਕਰ ਲਈ ਗਈ ਹੈ ਤੇ ਇਸ ਬਜਟ ਦੀ ਅੰਤਿਮ ਪ੍ਰਵਾਨਗੀ 24 ਮਾਰਚ ਨੂੰ ਹੋਣ ਵਾਲੇ ਇਜਲਾਸ ਵਿਚ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਹੋਂਦ ਚਿੱਲੜ ਕਾਂਡ ਨਾਲ ਸਬੰਧਤ ਹਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਤੇ ਇਸ ਲਈ 50 ਲੱਖ ਰੁਪਏ ਰੱਖੇ ਗਏ ਹਨ। 26 ਸਾਲ ਪਹਿਲਾਂ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਇਕ ਕਰੋੜ ਰੁਪਏ ਸ਼੍ਰੋਮਣੀ ਕਮੇਟੀ ਦੇ ਬਜਟ 'ਚ ਰੱਖੇ ਗਏ ਹਨ ਤੇ ਪੀੜਤ ਪਰਿਵਾਰਾਂ ਦੇ ਜੋ ਬੱਚੇ ਵਿਦਿਅਕ ਯੋਗਤਾ ਪੂਰੀ ਕਰਦੇ ਹੋਣਗੇ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ 'ਚ ਨੌਕਰੀ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਦੀ ਤਰੀਕ ਪੇਸ਼ੀ ਸਮੇਂ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਦੇ ਬਾਹਰ ਨਾਅਰੇ ਲਾ ਕੇ ਭੜਕਾਹਟ ਪੈਦਾ ਕਰਨ ਤੇ ਅਦਾਲਤ ਦੀ ਤੋਹੀਨ ਕਰਨ ਵਾਲੇ ਅਨਸਰਾਂ ਵਿਰੁਧ ਮਾਨਹਾਨੀ ਦਾ ਪਰਚਾ ਦਰਜ ਕਰਾਉਣ ਤੇ ਬੀਤੇ ਦਿਨੀਂ ਫਿਰੋਜ਼ਪੁਰ ਵਿਖੇ ਕੁਝ ਡਰਾਈਵਰਾਂ ਵੱਲੋਂ ਝਗੜੇ ਦੌਰਾਨ ਇਕ ਸਿੱਖ ਡਰਾਈਵਰ ਦੀ ਦਸਤਾਰ ਉਤਾਰ ਕੇ ਸਾੜਨ ਦੇ ਦੋਸ਼ੀਆਂ ਵਿਰੁਧ ਧਾਰਾ 295 ਏ ਦਾ ਪਰਚਾ ਦਰਜ ਕੀਤੇ ਜਾਣ ਦੀ ਮੰਗ ਦਾ ਮਤਾ ਪਾਸ ਕੀਤਾ ਹੈ।

ਇਸ ਤੋਂ ਇਲਾਵਾ ਕਮੇਟੀ ਨੇ ਵਿਦਿਆ ਦੇ ਪਸਾਰ ਲਈ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਦੀ ਯਾਦ ਨੂੰ ਸਮਰਪਿਤ ਸੰਗਰੂਰ ਜ਼ਿਲ੍ਹੇ ਵਿਚ ਉਨ੍ਹਾਂ ਦੇ ਜੱਦੀ ਪਿੰਡ ਡੇਹਲਾ ਵਿਖੇ ਪਬਲਿਕ ਸਕੂਲ, ਲੁਧਿਆਣਾ ਜ਼ਿਲ੍ਹੇ ਦੇ ਕੜਿਆਣ ਪਿੰਡ ਵਿਖੇ ਭਾਈ ਮਨੀ ਸਿੰਘ ਖਾਲਸਾ ਕਾਲਜ, ਜਗਰਾਓਂ ਵਿਖੇ ਪੋਲੀਟੈਕਨੀਕਲ ਕਾਲਜ ਤੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਗਾਗਾ ਵਿਖੇ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਤੇ ਗੁਰਦੁਆਰਾ ਬੀੜ ਸਾਹਿਬ ਵਿਖੇ ਕੜਾਹ ਪ੍ਰਸਾਦਿ ਦੇ ਕਾਊਂਟਰਾਂ ਲਈ 13 ਕੰਪਿਊਟਰ, ਬਾਬਾ ਬੁੱਢਾ ਜੀ ਪਬਲਿਕ ਸਕੂਲ ਲਈ ਦੋ ਬੱਸਾਂ, ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ 'ਚ ਸਿੱਖ ਮਿਸ਼ਨ ਸਥਾਪਤ ਕਰਨ, ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਗੁਰਦੁਆਰਾ ਸਾਹਿਬ ਦੇ ਨਾਲ ਲਗਦੀ 36 ਵਿਸਵੇ ਜ਼ਮੀਨ ਖ਼ਰੀਦੇ ਜਾਣ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਰਯਾਦਾ ਨੂੰ ਮੁੱਖ ਰੱਖਦਿਆਂ ਮੋਬਾਈਲ ਜੈਮਰ ਲਗਵਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ।

## ਵਿਦੇਸ਼ਾਂ 'ਚ ਵੀ ਪੰਜਾਬ ਦੇ ਘਿਓ ਦੀ ਵੱਡੀ ਮੰਗ

**ਬਠਿੰਡਾ:** ਪੰਜਾਬ ਦਾ ਦੇਸੀ ਘਿਓ ਵਿਦੇਸ਼ੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ ਤੇ ਪੰਜਾਬ ਤੋਂ ਵਿਦੇਸ਼ਾਂ ਦੀ ਇਹ ਮੰਗ ਪੂਰੀ ਨਹੀਂ ਹੋ ਰਹੀ। ਪਿਛਲੇ ਗਿਆਰਾਂ ਵਰ੍ਹਿਆਂ 'ਚ ਪੰਜਾਬ 'ਚੋਂ 40 ਲੱਖ ਕਿਲੋ ਦੇਸੀ ਘਿਓ ਵਿਦੇਸ਼ਾਂ 'ਚ ਜਾ ਚੁੱਕਾ ਹੈ। ਇਹ ਅੰਕੜਾ ਇਕੱਲੇ ਮਿਲਕਫੈਡ ਪੰਜਾਬ ਦਾ ਹੈ। ਮਿਲਕਫੈਡ ਪੰਜਾਬ ਦੇ ਬਠਿੰਡਾ, ਸੰਗਰੂਰ ਤੇ ਲੁਧਿਆਣਾ ਪਲਾਂਟ ਵੱਲੋਂ ਹੀ ਬਾਹਰਲੇ ਮੁਲਕਾਂ ਨੂੰ ਦੇਸੀ ਘਿਓ ਸਪਲਾਈ ਕੀਤਾ ਜਾ ਰਿਹਾ ਹੈ। ਮੱਝਾਂ ਦੇ ਘਿਓ 'ਤੇ ਅਰਬ ਮੁਲਕਾਂ ਦਾ ਜ਼ਿਆਦਾ ਭਰੋਸਾ ਹੈ।

ਮਿਲਕਫੈਡ ਪੰਜਾਬ ਵੱਲੋਂ ਸਾਲ 2004-05 ਤੋਂ ਸਾਲ 2010-11 ਤੱਕ 80.69 ਕਰੋੜ ਰੁਪਏ ਦਾ ਦੇਸੀ ਘਿਓ ਵਿਦੇਸ਼ਾਂ ਨੂੰ ਸਪਲਾਈ ਕੀਤਾ ਗਿਆ ਜਿਸ 'ਚੋਂ ਜ਼ਿਆਦਾ ਸਪਲਾਈ ਅਰਬ ਮੁਲਕਾਂ ਨੂੰ ਹੋਈ ਹੈ। ਪਿਛਲੇ ਦੋ ਵਰ੍ਹਿਆਂ ਤੋਂ ਤਾਂ ਮਿਲਕਫੈਡ ਨੂੰ ਮੰਗ ਅਨੁਸਾਰ ਸਪਲਾਈ ਕਰਨੀ ਮੁਸ਼ਕਲ ਬਣੀ ਹੋਈ ਹੈ। ਇਨ੍ਹਾਂ ਗਿਆਰਾਂ ਸਾਲਾਂ 'ਚ 40.34 ਲੱਖ ਕਿਲੋ ਦੇਸੀ ਘਿਓ ਵਿਦੇਸ਼ੀ ਧਰਤੀ 'ਤੇ ਸਿਰਫ਼ ਮਿਲਕਫੈਡ ਦਾ ਹੀ ਪੁੱਜਾ ਹੈ। ਚਾਲੂ ਮਾਲੀ ਸਾਲ ਦੌਰਾਨ 3.68 ਲੱਖ ਕਿਲੋ ਦੇਸੀ ਘਿਓ ਸਪਲਾਈ ਕੀਤਾ ਗਿਆ ਹੈ ਜਿਸ ਦੀ ਕੀਮਤ 10.05 ਕਰੋੜ ਰੁਪਏ ਬਣਦੀ ਹੈ। ਸਾਲ 2009-10 ਦੌਰਾਨ ਮਿਲਕਫੈਡ ਨੇ 4.56 ਲੱਖ ਕਿਲੋ ਦੇਸੀ ਘਿਓ ਸਪਲਾਈ ਕੀਤਾ ਜਿਸ ਤੋਂ ਮਿਲਕਫੈਡ ਨੇ 10.85 ਕਰੋੜ ਰੁਪਏ ਕਮਾਏ।

ਮਿਲਕਫੈਡ ਵੱਲੋਂ ਕੌਮਾਂਤਰੀ ਮੰਡੀ ਵਿਚ ਦੇਸੀ ਘਿਓ ਮਹਿੰਗੇ ਭਾਅ 'ਤੇ ਵੇਚਿਆ ਜਾਂਦਾ ਹੈ ਤੇ ਸਥਾਨਕ ਮੰਡੀ 'ਚ ਹੁਣ ਮਿਲਕਫੈਡ ਦੇ ਦੇਸੀ ਘਿਓ ਦੀ ਕੀਮਤ 237 ਰੁਪਏ ਹੈ। ਇਕ ਦਹਾਕੇ ਦੌਰਾਨ ਮਿਲਕਫੈਡ ਦੇ ਦੇਸੀ ਘਿਓ ਦੀ ਕੀਮਤ 50 ਫੀਸਦੀ ਵਧ ਗਈ ਹੈ। ਬਠਿੰਡਾ ਪਲਾਂਟ ਵੱਲੋਂ ਤਾਂ ਜ਼ਿਆਦਾ ਸਪਲਾਈ ਵਿਦੇਸ਼ ਨੂੰ ਹੀ ਦਿੱਤੀ ਜਾਂਦੀ ਹੈ। ਸਾਲ 2004-05 'ਚ ਵਿਦੇਸ਼ ਨੂੰ 5.28 ਲੱਖ ਕਿਲੋ ਦੇਸੀ ਘਿਓ ਦਿੱਤਾ ਗਿਆ ਸੀ ਜਿਸ ਤੋਂ 11.45 ਲੱਖ ਰੁਪਏ ਦੀ ਆਮਦਨ ਹੋਈ ਸੀ। ਸਭ ਤੋਂ ਵੱਧ ਆਮਦਨ ਸਾਲ 2008-09 'ਚ ਹੋਈ ਸੀ ਜਦੋਂ ਮਿਲਕਫੈਡ ਨੇ 16.47 ਕਰੋੜ ਰੁਪਏ ਦਾ ਦੇਸੀ ਘਿਓ ਬਾਹਰ ਭੇਜਿਆ।

ਦੁਬਈ 'ਚ ਸਭ ਤੋਂ ਵੱਧ ਸਪਲਾਈ ਮਿਲਕਫੈਡ ਦੀ ਹੈ। ਇਕੱਲੇ ਇਸ ਮੁਲਕ ਨੂੰ ਲੰਘੇ 11 ਵਰ੍ਹਿਆਂ 'ਚ 32.47 ਲੱਖ ਕਿਲੋ ਦੇਸੀ ਘਿਓ ਭੇਜਿਆ ਗਿਆ ਹੈ। ਇਸੇ ਤਰ੍ਹਾਂ ਸਾਊਦੀ ਅਰਬ ਨੂੰ 12,000 ਕਿਲੋ ਦੇਸੀ ਘਿਓ ਸਪਲਾਈ ਕੀਤਾ ਗਿਆ ਹੈ।

## *ਬੇ-ਏਰੀਆ ਸਪੋਰਟਸ ਐਸੋਸੀਏਸ਼ਨ ਦਾ ਵਿਸਾਖੀ ਮੇਲਾ 30 ਅਪ੍ਰੈਲ ਨੂੰ*

**ਸੈਨ ਹੋਜ਼ੇ (ਸਵੱਦੀ):** ਬੇ-ਏਰੀਆ ਕਲਚਰਲ ਅਤੇ ਸਪੋਰਟਸ ਐਸੋਸੀਏਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਵਿਸਾਖੀ ਮੇਲਾ ਇਸ ਵਾਰ 30 ਅਪ੍ਰੈਲ ਨੂੰ ਇਥੇ ਐਵਰਗਰੀਨ ਹਾਈ ਸਕੂਲ (3300 ਕੁਇੰਬੀ ਰੋਡ, ਨਜ਼ਦੀਕ ਸੈਨ ਹੋਜ਼ੇ ਗੁਰਦੁਆਰਾ ਸਹਿਬ) ਵਿਚ ਕਰਵਾਇਆ ਜਾਵੇਗਾ।

ਐਸੋਸੀਏਸ਼ਨ ਦੇ ਇਕ ਬੁਲਾਰੇ ਜਸਵਿੰਦਰ ਸਿੰਘ ਸੋਹਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧੀ ਫੈਸਲਾ ਜਥੇਬੰਦੀ ਦੀ ਇਕ ਮੀਟਿੰਗ ਵਿਚ ਲਿਆ ਗਿਆ। ਇਸ ਮੇਲੇ ਵਿਚ ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਕੌਮਾਂਤਰੀ ਪੱਧਰ ਦੇ ਕਬੱਡੀ ਮੈਚ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਸ੍ਰੀ ਸੋਹਲ ਨੇ ਕਿਹਾ ਕਿ ਮੇਲੇ ਵਿਚ ਗਿੱਧਾ, ਭੰਗੜਾ ਅਤੇ ਹੋਰ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਜਾਣਗੇ ਜਿਨ੍ਹਾਂ ਵਿਚ ਨਾਮਵਾਰ ਕਲਾਕਾਰ ਹਿੱਸਾ ਲੈਣਗੇ।

ਮੇਲੇ ਸਬੰਧੀ ਹੋਈ ਮੀਟਿੰਗ ਵਿਚ ਭੁਪਿੰਦਰ ਸਿੰਘ ਢਿੱਲੋਂ, ਹਰਦੇਵ ਸਿੰਘ ਤੱਖਰ, ਇੰਦਰਜੀਤ ਸਿੰਘ ਸੈਣੀ, ਕਿਰਪਾਲ ਸਿੰਘ ਅਟਵਾਲ, ਨੀਤੂ ਸਿੰਘ ਕਾਹਲੋਂ, ਸਤਿੰਦਰ ਸਿੰਘ ਸਰਾਂ, ਗੁਰਜੰਟ ਸਿੰਘ ਸੰਘਾ, ਸੁਰਿੰਦਰ ਸਿੰਘ ਪੁਰੇਵਾਲ, ਗੁਰਦੇਵ ਸਿੰਘ ਕਲਸੀ, ਜਰਨੈਲ ਸਿੰਘ ਬਨਵੈਤ ਅਤੇ ਜਸਵੀਰ ਸਿੰਘ ਪਵਾਰ ਨੇ ਹਿੱਸਾ ਲਿਆ। ਹੋਰ ਜਾਣਕਾਰੀ ਲਈ ਸ੍ਰੀ ਸੋਹਲ ਨਾਲ ਫੋਨ 408-391-7013 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇੰਡੋ-ਯੂ ਐਸ ਹੈਰੀਟੇਜ ਸੰਸਥਾ ਵੱਲੋਂ ਫਰਿਜ਼ਨੋ ਵਿਚ 'ਪੰਜਾਬੀ ਚੇਤਨਾ ਦਿਵਸ' 6 ਨੂੰ

**ਫਰਿਜ਼ਨੋ:** ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਵਲੋਂ ਹਰ ਸਾਲ ਕਰਵਾਇਆ ਜਾਣ ਵਾਲਾ 'ਪੰਜਾਬੀ ਚੇਤਨਾ ਦਿਵਸ' ਇਸ ਵਾਰ 6 ਮਾਰਚ ਨੂੰ ਅਸ਼ੋਕਾ ਰੈਸਟੋਰੈਂਟ, ਸੈਲਮਾ ਵਿਚ ਸ਼ਾਮ 3 ਵਜੇ ਤੋਂ 6 ਵਜੇ ਤੱਕ ਮਨਾਇਆ ਜਾਵੇਗਾ। ਇਸ ਵਾਰ ਇਹ ਦਿਹਾੜਾ ਪੰਜਾਬੀ ਸਾਹਿਤ ਨੂੰ ਨਵੀਆਂ ਸੇਧਾਂ ਦੇਣ ਵਾਲੇ ਉਘੇ ਚਿੰਤਕ, ਸ਼ਾਇਰ ਤੇ ਆਲੋਚਕ ਸਵਰਗੀ ਡਾ. ਸੁਤਿੰਦਰ ਸਿੰਘ ਨੂਰ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸ ਸਮਾਗਮ ਦੇ ਮੁੱਖ ਮਹਿਮਾਨ 'ਸਾਡਾ ਚੈਨਲ' ਦੇ ਸੀ ਈ ਓ ਸ੍ਰੀ ਸਿੱਧੂ ਦਮਦਮੀ ਹੋਣਗੇ।

ਇਸ ਸਬੰਧੀ ਫੈਸਲਾ ਸੰਸਥਾ ਦੀ ਇਥੇ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਸਭ ਤੋਂ ਪਹਿਲਾਂ ਸੰਸਥਾ ਨਾਲ ਜੁੜੇ ਨਵੇਂ ਮੈਂਬਰਾਂ-ਮਨਧੀਰ ਸਿੰਘ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ ਅਤੇ ਮਨਜੀਤ ਸਿੰਘ ਕੁਲਾਰ ਨੂੰ ਜੀ ਆਇਆਂ ਆਖਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸੰਤੋਖ ਸਿੰਘ ਮਿਨਹਾਸ ਨੇ ਦੱਸਿਆ ਕਿ ਸਮਾਗਮ ਵਿਚ ਪਰਦੇਸਾਂ ਵਿਚ ਪੰਜਾਬੀ ਬੋਲੀ ਅਤੇ ਪੰਜਾਬੀ ਪਹਿਚਾਣ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ ਵਟਾਂਦਰੇ ਤੋਂ ਇਲਾਵਾ ਕਵੀ ਦਰਬਾਰ ਵੀ ਹੋਵੇਗਾ ਜਿਸ ਵਿਚ ਡਾ. ਗੁਰੂਮੇਲ ਸਿੱਧੂ, ਕਰਮ ਸਿੰਘ ਮਾਨ, ਹਰਜਿੰਦਰ ਕੰਗ, ਦੇਵ ਘੋਲੀਆ, ਸੁੱਖੀ ਧਾਲੀਵਾਲ, ਅਸ਼ਰਫ ਗਿੱਲ, ਪਸ਼ੌਰਾ ਸਿੰਘ ਢਿੱਲੋਂ, ਦਲਜੀਤ ਰਿਆੜ, ਬਿੱਕਰ ਐਸ਼ੀ ਤੋਂ ਬਿਨਾ ਹੋਰ ਕਵੀ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਾਧੂ ਸਿੰਘ ਸੰਘਾ, ਖੁਦ ਸੰਤੋਖ ਸਿੰਘ ਮਿਨਹਾਸ, ਗੁਰਦੀਪ ਸਿੰਘ ਨਿੱਝਰ, ਰਣਜੀਤ ਗਿੱਲ, ਪਾਲ ਧਾਲੀਵਾਲ, ਆਤਮਾ ਸਿੰਘ ਚਾਹਲ, ਗੁਰਨੇਕ ਸਿੰਘ ਰਾਏ, ਰਜਿੰਦਰ ਬਰਾੜ ਵੈਰੋਕੇ, ਨਿਰਮਲ ਗਿੱਲ, ਸਤਵੰਤ ਵਿਰਕ, ਬਿਕਰਮਜੀਤ ਕਾਹਲੋਂ ਅਤੇ ਸੁਲੱਖਣ ਸਿੰਘ ਗਿੱਲ ਨੇ ਭਾਗ ਲਿਆ।

## *ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਾ ਛੁਡਾਉਣ ਦਾ ਉਪਰਾਲਾ*

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪੱਧਰੀ ਤੇ ਕੇਂਦਰੀ ਜੇਲ੍ਹਾਂ 'ਚ ਕੈਦੀਆਂ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਾ ਛੁਡਾਊ ਹਸਪਤਾਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਤਹਿਤ 16 ਜੇਲ੍ਹਾਂ ਦੀ ਚੋਣ ਕੀਤੀ ਗਈ ਹੈ। ਇਸ ਤਰ੍ਹਾਂ ਦਾ ਇਕ ਹਸਪਤਾਲ ਬਠਿੰਡਾ ਸੈਂਟਰਲ ਜੇਲ੍ਹ 'ਚ ਸਥਾਪਿਤ ਕੀਤਾ ਜਾ ਰਿਹਾ ਹੈ ਜਿਸ ਦੇ ਲਈ ਵੱਖਰੀ ਇਮਾਰਤ ਉਸਾਰੀ ਕੀਤੀ ਜਾਵੇਗੀ। ਇਸ 15 ਬਿਸਤਰੇ ਵਾਲੇ ਹਸਪਤਾਲ ਵਿਚ ਇਕ ਡਾਕਟਰ ਤੇ ਪੈਰਾ ਮੈਡੀਕਲ ਸਟਾਫ਼ ਵੀ ਨਿਯੁਕਤ ਕੀਤਾ ਜਾਵੇਗਾ।




Guaranteed! Save $5,000
on Your Home Purchase Or I Will Pay You $1,000 Cash
CALL 1-888-450-6603, ID # 4008
For FREE list of homes go to www.FreeHotListings.net
Call:AMARDEEP SINGH *Realtor/Loan Broker* Ph:(916) 712-2735l, Fax:(916) 679-5986 (DRE # 01357217)

**Antelope $148,000**

**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270,000**

**$9,450 Down $1,329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**

**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230,000**

**$7,350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Antelope $139,000**

**$4,865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**

**$5,600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**

**$8,015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**

**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**For Short Sale I received over $4,500**


**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Elk Grove $238,000**

**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $220,000**

**$7700 Down $1,152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਲਈ ਸਿਰ ਕਲਮ ਕਰਾਉਣ ਲਈ ਵੀ ਤਿਆਰ ਹਾਂ:ਕੈਪਟਨ

**ਬਰਨਾਲਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਦੀ ਬਿਆਨਬਾਜ਼ੀ ਦਾ ਜਵਾਬ ਦਿੰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਦਾ ਸਿਰ ਕਲਮ ਕਰਨ ਨਾਲ ਪੰਜਾਬ ਦਾ ਕੋਈ ਭਲਾ ਹੁੰਦਾ ਹੈ ਤਾਂ ਉਹ ਪੂਰੀ ਤਰ੍ਹਾਂ ਤਿਆਰ ਹਨ।" ਇਥੇ ਕਾਂਗਰਸ ਦੀ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਕਹਿ ਰਿਹਾ ਹੈ ਕਿ ਬਦਲੇ ਦੀ ਰਾਜਨੀਤੀ ਕੈਪਟਨ ਨੇ ਸ਼ੁਰੂ ਕੀਤੀ ਹੈ ਪਰ ਉਹ ਦੱਸੇ ਕਿ ਬਾਦਲ ਸਰਕਾਰ ਨੇ 30 ਹਜ਼ਾਰ ਕਾਂਗਰਸੀ ਵਰਕਰਾਂ 'ਤੇ ਝੂਠੇ ਮੁਕੱਦਮੇ ਕਿਉਂ ਦਰਜ ਕੀਤੇ ਹਨ? ਉਨ੍ਹਾਂ ਕਿਹਾ ਕਿ ਸਰਕਾਰ ਆਉਣ 'ਤੇ ਹਿਸਾਬ-ਕਿਤਾਬ ਬਰਾਬਰ ਕਰ ਦੇਵਾਂਗੇ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਬਦਲੇ ਦੀ ਰਾਜਨੀਤੀ ਕਰਨ ਤੇ ਧਮਕੀਆਂ ਦੇਣ ਵਾਲਿਆਂ ਦੇ ਰਾਜ ਵਿਚ ਪੰਜਾਬ ਦੀ 2 ਕਰੋੜ 44 ਲੱਖ ਦੀ ਵਸੋਂ ਵਿਚੋਂ 40 ਲੱਖ ਨੌਜਵਾਨ ਬੇਰੁਜ਼ਗਾਰ ਫਿਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਨਅਤ ਲਿਆਉਣ ਤੇ ਖੇਤੀ ਆਧਾਰਤ ਪ੍ਰਾਜੈਕਟ ਲਾਉਣ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ ਤੇ ਉਲਟਾ ਬਾਦਲਾਂ ਦਾ ਆਪਣੇ ਹੋਟਲ ਵਧਾਉਣ, ਬੱਸਾਂ ਦੀ ਗਿਣਤੀ ਵਧ ਕਾਰਨ, ਰੇਤਾ ਅਤੇ ਸ਼ਰਾਬ ਦੇ ਠੇਕੇ ਹਥਿਆਉਣ ਵੱਲ ਹੀ ਸਾਰਾ ਧਿਆਨ ਲੱਗਿਆ ਹੋਇਆ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਧੌਲਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ 'ਸੁੰਮਾਂ ਵਾਲਾ ਖੂੰਡਾ' ਭੇਟ ਕੀਤਾ। ਕਾਂਗਰਸੀਆਂ 'ਤੇ ਝੂਠੇ ਕੇਸਾਂ ਬਾਰੇ ਕੈਪਟਨ ਨੇ ਕਿਹਾ ਕਿ ਹੁਣ ਤੁਸੀਂ ਖੂੰਡਾ ਤਾਂ ਫੜਾ ਹੀ ਦਿੱਤਾ ਹੈ ਤੇ ਇਸ ਦੀ ਵਰਤੋਂ ਕਰਨਾ ਮੇਰਾ ਕੰਮ ਹੈ।



*ਬਰਨਾਲਾ ਰੈਲੀ ਵਿਚ ਕੈਪਟਨ ਨੂੰ ਸੁੰਮਾਂ ਵਾਲਾ ਖੂੰਡਾ ਭੇਟ ਕਰਦੇ ਹੋਏ ਵਿਧਾਇਕ ਕੇਵਲ ਸਿੰਘ ਢਿੱਲੋਂ ਅਤੇ ਹੋਰ ਕਾਂਗਰਸੀ ਆਗੂ*

ਕੈਪਟਨ ਨੇ ਦੋਸ਼ ਲਾਇਆ ਕਿ ਵਿੱਦਿਆ, ਸਿਹਤ ਸੇਵਾਵਾਂ ਦਾ ਢਾਂਚਾ ਪੂਰੀ ਤਰ੍ਹਾਂ ਲੜਖੜਾ ਗਿਆ ਹੈ ਤੇ ਕਾਂਗਰਸ ਦੇ ਮੁੜ ਸੱਤਾ ਵਿਚ ਆਉਣ 'ਤੇ ਇਸ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ। ਉਦਯੋਗੀਕਰਨ ਨਾਲ ਬੇਰੁਜ਼ਗਾਰੀ ਦੂਰ ਕਰਨ ਦੇ ਨਾਲ ਨਾਲ ਸੂਬੇ ਦਾ ਮਾਲੀਆ ਵਧਾ ਕੇ ਸਰਕਾਰੀ ਖ਼ਜ਼ਾਨਾ ਭਰਪੂਰ ਕੀਤਾ ਜਾਵੇਗਾ। ਅਕਾਲੀਆਂ ਦੀ ਬਦਲੇ ਦੀ ਰਾਜਨੀਤੀ 'ਤੇ ਤਿੱਖੇ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਉਸ ਦਾ ਸਿਰ ਕਲਮ ਕਰਨ ਦੀ ਗੈਰ ਲੋਕਤੰਤਰਿਕ ਤੇ ਅਸੱਭਿਆ ਭਾਸ਼ਾ ਅਕਾਲੀ ਬੋਲਦੇ ਹਨ ਪਰ ਬਾਬਾ ਆਲਾ ਸਿੰਘ ਦੀ ਔਲਾਦ ਹੋਣ ਨਾਤੇ ਉਹ ਅਜਿਹੀਆਂ ਧਮਕੀਆਂ ਤੋਂ ਡਰਦੇ ਨਹੀਂ।

ਬੀਬੀ ਰਜਿੰਦਰ ਕੌਰ ਭੱਠਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ 2009 ਤੱਕ ਬਿਜਲੀ ਸਰਪਲਸ ਕਰਨ ਦੇ ਦਾਅਵੇ ਕਰਨ ਵਾਲਿਆਂ ਤੋਂ 3 ਹਜ਼ਾਰ ਮੈਗਾਵਾਟ ਤੋਂ ਵੱਧ ਬਿਜਲੀ ਦਾ ਉਤਪਾਦਨ ਨਹੀਂ ਹੋ ਸਕਿਆ ਜਿਹੜਾ ਕਿ ਇਨ੍ਹਾਂ ਦੇ ਰਾਜ ਸੱਤਾ ਸੰਭਾਲਣ ਤੋਂ ਪਹਿਲਾ ਵੀ ਸੀ। ਸਰਕਾਰੀ ਖ਼ਜ਼ਾਨਾ ਖ਼ਾਲੀ ਹੈ 11 ਕਰੋੜ ਰੁਪਏ ਦੇ ਬਿਲ ਪਾਸ ਨਹੀਂ ਹੋ ਰਹੇ। ਕਿਸਾਨਾਂ ਦੇ 800 ਕਰੋੜ ਰੁਪਏ ਦੇ ਸੋਕਾ ਪੀੜਤ ਫੰਡ ਨੂੰ ਫ਼ਜ਼ੂਲ ਵਿਚ ਸੰਗਤ ਦਰਸ਼ਨਾਂ ਵਿਚ ਉਡਾ ਦਿੱਤਾ ਹੈ।

# ਲਿਬੀਆ 'ਚ ਲੋਕ ਰੋਹ ਪ੍ਰਚੰਡ, ਗਦਾਫ਼ੀ ਬੁਰੀ ਤਰ੍ਹਾਂ ਘਿਰਿਆ

ਹੈ। ਗਦਾਫ਼ੀ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਕੁਚਲਣ ਦਾ ਪ੍ਰਣ ਕਰਨ ਤੋਂ ਬਾਅਦ ਵਿਸ਼ਵ ਭਾਈਚਾਰੇ ਨੇ ਉਸ ਦਾ ਸ਼ਾਸਨ ਅਲੱਗ-ਥਲੱਗ ਕਰਨ ਲਈ ਯਤਨ ਤੇਜ਼ ਕਰ ਦਿੱਤੇ ਹਨ ਤੇ ਅਮਰੀਕਾ ਨੇ ਤ੍ਰਿਪੋਲੀ ਵਿਚ ਆਪਣਾ ਦੂਤਘਰ ਬੰਦ ਕਰਕੇ ਉਸ ਦੀ ਜਾਇਦਾਦ ਜਾਮ ਕਰਨ ਲਈ ਇਕਪਾਸੜ ਪਾਬੰਦੀਆਂ ਲਾਗੂ ਕਰ ਦਿੱਤੀਆਂ ਹਨ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਨੇ ਸੁਰੱਖਿਆ ਕੌਂਸਲ ਨੂੰ ਲਿਬੀਆ ਖ਼ਿਲਾਫ਼ ਠੋਸ ਕਾਰਵਾਈ ਕਰਨ ਲਈ ਕਿਹਾ ਹੈ। ਅਮਰੀਕਾ ਨੇ ਗਦਾਫ਼ੀ ਤੇ ਉਸ ਦੇ ਨੇੜਲਿਆਂ ਦੇ ਅਸਾਸੇ ਜਾਮ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੇ ਯੂਰਪੀ ਸੰਘ ਨੇ ਵੀ ਹਕੂਮਤ ਦੀਆਂ ਵਧੀਕੀਆਂ ਦਾ ਸਖ਼ਤ ਨੋਟਿਸ ਲੈਂਦਿਆਂ ਦਬਾਅ ਵਧਾ ਦਿੱਤਾ ਸੀ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਭਾਰਤ ਸਣੇ 15 ਮੈਂਬਰਾਂ ਨੇ ਲੋਕਾਂ ਦੇ ਕੀਤੇ ਜਾ ਰਹੇ ਘਾਣ ਦੇ ਮੱਦੇਨਜ਼ਰ ਜਿੱਥੇ ਲਿਬੀਆ 'ਤੇ ਸਖ਼ਤ ਪਾਬੰਦੀਆਂ ਲਾ ਦਿੱਤੀਆਂ ਹਨ ਉਥੇ ਦੇਸ਼ ਵਿਚ ਮਨੁੱਖੀ ਘਾਣ ਖ਼ਿਲਾਫ਼ ਜਾਂਚ ਕੌਮਾਂਤਰੀ ਅਪਰਾਧ ਅਦਾਲਤ (ਆਈ.ਸੀ.ਸੀ.) ਨੂੰ ਤੁਰੰਤ ਸੌਂਪਣ ਲਈ ਵੀ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਮਤੇ ਵਿਚ ਲਿਬੀਆ ਦੇ ਹਾਕਮ ਮੁਆਮਾਰ ਗਦਾਫੀ, ਉਸ ਦੇ ਪਰਿਵਾਰ ਤੇ ਹੋਰ ਨੇੜਲਿਆਂ ਦੇ ਦੇਸ਼ ਤੋਂ ਬਾਹਰ ਜਾਣ ਤੇ ਉਨ੍ਹਾਂ ਦੀ ਜਾਇਦਾਦ ਕੁਰਕ ਕਰਨ ਤੋਂ ਇਲਾਵਾ ਦੇਸ਼ ਨੂੰ ਹਥਿਆਰਾਂ ਦੀ ਸਪਲਾਈ ਬੰਦ ਕਰ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਉਧਰ 68 ਸਾਲਾ ਗਦਾਫੀ, ਜਿਸ ਦੀਆਂ ਫ਼ੌਜਾਂ ਨੇ ਮੁਜ਼ਾਹਰਾਕਾਰੀਆਂ ਖ਼ਿਲਾਫ਼ ਖ਼ੂਨ ਦੀ ਹੋਲੀ ਖੇਡਣੀ ਸ਼ੁਰੂ ਕੀਤੀ ਹੋਈ ਹੈ, ਨੇ ਤ੍ਰਿਪੋਲੀ ਦੇ ਗਰੀਨ ਚੌਕ ਵਿਚ ਆਪਣੇ ਸਮਰਥਕਾਂ ਦੀ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਉਸ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਬੰਦ ਨਾ ਹੋਏ ਤਾਂ ਉਹ ਪੂਰੇ ਲਿਬੀਆ ਨੂੰ ਅੱਗ ਲਾ ਦੇਣਗੇ। ਗਦਾਫੀ ਨੇ ਫਿਰ ਦੁਹਰਾਇਆ ਕਿ ਉਹ ਖ਼ੂਨੀ ਹਿੰਸਾ ਲਈ ਤਿਆਰ ਹੈ। ਇਸੇ ਦੌਰਾਨ ਬੈਨਮਾਜ਼ੀ ਵਿਚ ਲੋਕਤੰਤਰ-ਪੱਖੀ ਮੁਜ਼ਾਹਰਾਕਾਰੀਆਂ ਖ਼ਿਲਾਫ਼ ਲੜਨ ਤੋਂ ਇਨਕਾਰ ਕਰਨ ਵਾਲੇ ਦਰਜਨਾਂ ਲਿਬੀਆਈ ਫ਼ੌਜੀਆਂ ਨੂੰ ਉਨ੍ਹਾਂ ਦੇ ਸਾਥੀਆਂ ਨੇ ਜ਼ਿੰਦਾ ਦਫ਼ਨ ਕਰ ਦਿੱਤਾ।

ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਮਾਮਲਿਆਂ ਬਾਰੇ ਏਜੰਸੀ ਯੂ.ਐਨ.ਏ.ਐਚ.ਸੀ.ਆਰ. ਅਨੁਸਾਰ ਪਿਛਲੇ ਹਫ਼ਤੇ ਲਿਬੀਆ ਤੋਂ ਤਕਰੀਬਨ ਇਕ ਲੱਖ ਲੋਕਾਂ ਨੇ ਹਿਜ਼ਰਤ ਕੀਤੀ ਹੈ। ਬਹੁਤੇ ਲੋਕ ਨੇੜੇ ਪੈਂਦੇ ਟਿਊਨੇਸ਼ੀਆ ਤੇ ਮਿਸਰ ਪਹੁੰਚੇ ਹਨ। ਏਜੰਸੀ ਦੇ ਮੁਖੀ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਦੀ ਮਦਦ ਕਰਨ।



*ਲਿਬੀਆ ਤੋਂ ਮੁੜੇ ਕੁਝ ਭਾਰਤੀ ਨਵੀਂ ਦਿੱਲੀ ਹਵਾਈ ਅੱਡੇ 'ਤੇ*

ਉਧਰ ਬਰਤਾਨੀਆ ਤੇ ਜਰਮਨ ਨੇ ਆਪਣੇ ਫੌਜੀ ਜਹਾਜ਼ਾਂ ਨੂੰ ਚੋਰੀ ਛਿਪੇ ਲਿਬੀਆ 'ਚ ਉਤਾਰ ਕੇ ਆਪਣੇ ਨਾਗਰਿਕਾਂ ਨੂੰ ਉਥੋਂ ਕੱਢ ਲਿਆ ਹੈ। ਇਸ ਦੇ ਨਾਲ ਹੀ ਲਿਬੀਆ 'ਚ ਫਸੇ ਤਕਰੀਬਨ 18000 ਭਾਰਤੀਆਂ ਨੂੰ ਵਾਪਸ ਲਿਆਉਣ ਕਵਾਇਦ ਸ਼ੁਰੂ ਹੋ ਗਈ ਹੈ। 67 ਭਾਰਤੀ ਸੜਕ ਰਸਤੇ ਤ੍ਰਿਪੋਲੀ ਤੋਂ ਮਿਸਰ ਪਹੁੰਚ ਗਏ ਜਿਨ੍ਹਾਂ 'ਚ 11 ਬੱਚੇ ਸ਼ਾਮਲ ਸਨ। ਇਨ੍ਹਾਂ 67 ਭਾਰਤੀਆਂ ਨੂੰ ਦੋ ਬੱਸਾਂ ਰਾਹੀਂ ਮਿਸਰ ਦੀ ਰਾਜਧਾਨੀ ਕਾਹਿਰਾ ਪਹੁੰਚਾਇਆ ਗਿਆ। ਇਨ੍ਹਾਂ ਨੂੰ ਖਾੜੀ ਦੀ ਹਵਾਈ ਉਡਾਣ ਰਾਹੀਂ ਭਾਰਤ ਭੇਜਣ ਦਾ ਪ੍ਰਬੰਧ ਕੀਤਾ ਗਿਆ। ਲਿਬੀਆ ਵਿਚ ਫਸੇ 18000 ਭਾਰਤੀਆਂ 'ਚੋਂ 6000 ਨਿਕਲ ਆਏ ਹਨ। ਲਿਬੀਆ ਤੋਂ ਬਚਾ ਕੇ ਲਿਆਂਦੇ ਸੈਂਕੜੇ ਲੋਕਾਂ ਨੇ ਦੱਸਿਆ ਕਿ ਮੁਲਕ ਵਿਚ ਦੋ ਹਫਤੇ ਪਹਿਲਾਂ ਸ਼ੁਰੂ ਹੋਏ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਕਾਰਨ ਇਹ ਲੋਕ ਘਰਾਂ ਵਿਚ ਹੀ ਬਿਨਾ ਖਾਣ ਪੀਣ ਤੋਂ ਕੈਦ ਹੋ ਕੇ ਰਹਿ ਗਏ ਸਨ। ਕੈਂਪ ਤੇ ਘਰਾਂ ਵਿਚੋਂ ਲੁਟੇਰੇ ਸ਼ਰੇਆਮ ਸਾਮਾਨ ਲੁੱਟ ਕੇ ਲੈ ਜਾਂਦੇ ਸਨ।

# ਸ਼ਰਾਬ ਦੇ ਠੇਕਿਆਂ ਖ਼ਿਲਾਫ਼ ਪੰਚਾਇਤਾਂ ਲਾਮਬੰਦ

**ਸੰਗਰੂਰ:** ਪੰਜਾਬ ਸਰਕਾਰ ਭਾਵੇਂ ਸ਼ਰਾਬ ਦੇ ਠੇਕਿਆਂ ਤੋਂ ਹੋਣ ਵਾਲੀ ਕਰੋੜਾਂ ਦੀ ਆਮਦਨ ਨੂੰ ਵੇਖਦੇ ਹੋਏ ਪਿੰਡਾਂ ਦੀ ਹਰ ਨੁੱਕਰੇ ਖੁੱਲ੍ਹ ਰਹੇ ਠੇਕਿਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਪਰ ਇਸ ਵਿਰੁਧ ਪਿੰਡਾਂ ਦੀਆਂ ਪੰਚਾਇਤਾਂ ਨੇ ਲੰਗੋਟ ਕੱਸ ਲਿਆ ਹੈ। ਹੁਣ ਇਹ ਪੰਚਾਇਤਾਂ ਪੰਚਾਇਤੀ ਰਾਜ ਐਕਟ 'ਚ ਮਿਲੇ ਅਧਿਕਾਰਾਂ 'ਚ ਸੋਧ ਕਰਾਉਣ ਲਈ ਲਾਮਬੰਦ ਹੋ ਰਹੀਆਂ ਹਨ।

ਪੰਜਾਬ ਭਰ 'ਚੋਂ ਸ਼ਰਾਬ ਦੇ ਠੇਕਿਆਂ ਵਿਰੁਧ ਸਭ ਤੋਂ ਵੱਧ ਮਤੇ ਪਾਸ ਕਰਨ ਵਾਲੀਆਂ ਜ਼ਿਲ੍ਹਾ ਸੰਗਰੂਰ ਦੀਆਂ ਪੰਚਾਇਤਾਂ ਤੇ ਨਸ਼ਿਆਂ ਵਿਰੁਧ ਮੁਹਿੰਮ ਚਲਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਨੇ ਸਾਂਝੇ ਰੂਪ 'ਚ ਮਤਾ ਪਾਸ ਕਰਦਿਆਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 'ਚ ਲੱਗੀ ਸ਼ਰਤ 'ਚ ਸੋਧ ਕੀਤੀ ਜਾਵੇ ਤੇ ਨਸ਼ਿਆਂ ਵਿਰੁਧ ਸਖ਼ਤ ਕਾਨੂੰਨ ਬਣਾਇਆ ਜਾਵੇ ਤਾਂ ਜੋ ਨਸ਼ਿਆਂ ਕਾਰਨ ਤਬਾਹ ਹੋ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ।

ਬਨਾਸਰ ਬਾਗ ਵਿਖੇ ਨਸ਼ਿਆਂ ਵਿਰੁਧ ਮੁਹਿੰਮ ਚਲਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਸਾਇੰਟੇਫਿਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ, ਪੀਪਲ ਫਾਰ ਟ੍ਰਾਂਸਪੇਰੈਂਸੀ ਤੇ ਨਸ਼ਾ ਛੁਡਾਊ ਕੇਂਦਰ ਵੱਲੋਂ ਸ਼ਰਾਬ ਦੇ ਠੇਕਿਆਂ ਵਿਰੁਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਦੀ ਕੀਤੀ ਗਈ ਸਾਂਝੀ ਕਾਨਫਰੰਸ ਦੌਰਾਨ ਇਸ ਗੱਲ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਕਿ ਇਕ ਪਾਸੇ ਸਰਕਾਰ ਸ਼ਰਾਬ ਦੇ ਠੇਕਿਆਂ ਦਾ ਕੋਟਾ ਵਧਾ ਰਹੀ ਹੈ ਜਦੋਂ ਕਿ ਦੂਜੇ ਪਾਸੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਵੱਡੇ-ਵੱਡੇ ਕਬੱਡੀ ਕੱਪ ਕਰਵਾ ਰਹੀ ਹੈ।

## ਮਜੀਠੀਏ ਵੱਲੋਂ ਕੈਪਟਨ ਦਾ 'ਸਿਰ ਕਲਮ' ਕਰਨ ਦੀ ਧਮਕੀ

*(ਸਫਾ ਇਕ ਦੀ ਬਾਕੀ)*

ਕਿਹਾ ਕਿ ਪੰਜਾਬ ਕਾਂਗਰਸ ਇਸ ਸੰਬੰਧ ਵਿਚ ਕਾਨੂੰਨੀ ਚਾਰਾਜੋਈ 'ਤੇ ਵਿਚਾਰ ਕਰ ਰਹੀ ਹੈ।

ਉਧਰ ਹੁਣ ਸ. ਮਜੀਠੀਆ ਦਾ ਕਹਿਣਾ ਹੈ ਕਿ ਉਹ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਦੇ ਸਗੋਂ ਇਹ ਤਾਂ ਇਕ ਪੰਜਾਬੀ ਦਾ 'ਅਖਾਣ' ਹੈ ਜਿਸ ਦਾ ਅਰਥ ਇਹ ਹੈ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਅਸੀਂ ਕੈਪਟਨ ਅਮਰਿੰਦਰ ਸਿੰਘ ਨੂੰ ਕਰਾਰੀ ਹਾਰ ਦੇਵਾਂਗੇ। ਕਾਂਗਰਸ ਆਗੂਆਂ ਵੱਲੋਂ ਮੁਆਫ਼ੀ ਮੰਗਾਉਣ ਲਈ ਚਲਾਈ ਮੁਹਿੰਮ 'ਤੇ ਵਰ੍ਹਦਿਆਂ ਸ. ਮਜੀਠੀਆ ਨੇ ਆਖਿਆ ਕਿ ਮੁਆਫ਼ੀ ਤਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਸਾਰੇ ਕਾਂਗਰਸੀਆਂ ਨੂੰ ਮੰਗਣੀ ਚਾਹੀਦੀ ਹੈ। ਸ. ਮਜੀਠੀਆ ਨੇ ਇਸ ਮਾਮਲੇ 'ਤੇ ਉਨ੍ਹਾਂ ਦਾ ਘਿਰਾਓ ਕਰਨ ਦੇ ਬਿਆਨ ਦਾਗਣ ਵਾਲੇ ਕਾਂਗਰਸੀਆਂ ਨਾਲ ਸਖ਼ਤੀ ਨਾਲ ਪੇਸ਼ ਆਉਣ ਦੀ ਧਮਕੀ ਵੀ ਦੇ ਦਿੱਤੀ।

ਕਾਂਗਰਸ ਵੱਲੋਂ ਉਨ੍ਹਾਂ ਖਿਲਾਫ਼ ਚਲਾਈ ਹਮਲਾਵਰਾਨਾ ਮੁਹਿੰਮ ਤੋਂ ਪ੍ਰੇਸ਼ਾਨ ਨਜ਼ਰ ਆ ਰਹੇ ਸ. ਮਜੀਠੀਆ ਨੇ ਆਪਣਾ ਰਾਜਨੀਤਕ ਕੈਰੀਅਰ ਮਹਿਜ਼ ਸੁਖਬੀਰ ਸਿੰਘ ਬਾਦਲ ਦੀ ਬਦੌਲਤ ਹੀ ਹੋਣ ਦੇ ਬਿਆਨਾਂ ਦੇ ਜਵਾਬ ਵਿਚ ਆਖਿਆ ਕਿ ਮਜੀਠੀਆ ਪਰਿਵਾਰ ਪੰਜ ਪੁਸ਼ਤਾਂ ਤੋਂ ਦੇਸ਼ ਤੇ ਸਮਾਜ ਦੀ ਸੇਵਾ ਵਿਚ ਲੱਗਿਆ ਹੋਇਆ ਹੈ ਤੇ ਉਨ੍ਹਾਂ ਨੂੰ ਕਾਂਗਰਸੀਆਂ ਵਾਂਗ ਕਿਸੇ ਦੇ ਮੋਢੇ 'ਤੇ ਚੜ੍ਹ ਕੇ ਸਿਆਸਤ ਵਿਚ ਆਉਣ ਦੀ ਲੋੜ ਨਹੀਂ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖ਼ਿਲਾਫ਼ ਬੋਲਦਿਆਂ ਸ. ਮਜੀਠੀਆ ਨੇ ਕਿਹਾ ਕਿ ਹੁਣ ਤਾਂ ਮਨਪ੍ਰੀਤ ਆਜ਼ਾਦੀ ਘੁਲਾਟੀਏ ਸ਼ਹੀਦੇ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਬਾਰੇ ਬੋਲ ਰਿਹਾ ਹੈ ਪਰ ਜਦੋਂ ਉਹ ਅਕਾਲੀ ਦਲ ਦੀ ਟਿਕਟ 'ਤੇ ਚਾਰ ਵਾਰ ਵਿਧਾਇਕ ਚੁਣਿਆ ਗਿਆ ਸੀ ਉਦੋਂ ਉਸ ਨੂੰ ਇਨ੍ਹਾਂ ਚੋਂ ਕੋਈ ਵੀ ਯਾਦ ਨਹੀਂ ਆਇਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 4 ਅਪਰੈਲ ਤੋਂ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਪੰਜ ਰਾਜਾਂ-ਪੱਛਮੀ ਬੰਗਾਲ, ਅਸਾਮ, ਤਾਮਿਲਨਾਡੂ, ਕੇਰਲ ਤੇ ਪੁਡੂਚੇਰੀ ਵਿਧਾਨ ਸਭਾਵਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਪੱਛਮੀ ਬੰਗਾਲ ਵਿਚ ਚੋਣਾਂ ਛੇ ਪੜਾਵਾਂ ਵਿਚ 18, 23, 27 ਅਪਰੈਲ, 3, 7 ਤੇ 10 ਮਈ ਨੂੰ ਹੋਣਗੀਆਂ, ਜਦਕਿ ਅਸਾਮ ਵਿਚ ਦੋ ਪੜਾਵੀ ਚੋਣਾਂ 4 ਤੇ 11 ਅਪਰੈਲ ਨੂੰ ਹੋਣਗੀਆਂ। ਤਾਮਿਲਨਾਡੂ, ਕੇਰਲ ਤੇ ਪੁਡੂਚੇਰੀ ਵਿਚ ਵੋਟਾਂ 13 ਅਪਰੈਲ ਨੂੰ ਪੈਣਗੀਆਂ। ਇਨ੍ਹਾਂ ਸਾਰੇ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਇਕੋ ਦਿਨ 13 ਮਈ ਨੂੰ ਕੱਢੇ ਜਾਣਗੇ। ਮੁੱਖ ਚੋਣ ਕਮਿਸ਼ਨਰ ਐਸ. ਵਾਈ. ਕੁਰੈਸ਼ੀ ਨੇ ਇਥੇ ਇਸ ਚੋਣ ਪ੍ਰੋਗਰਾਮ ਦਾ ਐਲਾਨ ਕਰਦਿਆਂ ਕਿਹਾ ਕਿ ਇਨ੍ਹਾਂ ਪੰਜੇ ਰਾਜਾਂ ਵਿਚ ਚੋਣ ਜ਼ਾਬਤਾ ਤੁਰੰਤ ਲਾਗੂ ਹੋ ਗਿਆ ਹੈ।

ਪੱਛਮੀ ਬੰਗਾਲ ਵਿਚ 294, ਤਾਮਿਲਨਾਡੂ 'ਚ 234, ਕੇਰਲ 'ਚ 140, ਪੁਡੂਚੇਰੀ 'ਚ 30 ਤੇ ਅਸਾਮ 'ਚ 126 ਵਿਧਾਨ ਸਭਾ ਸੀਟਾਂ ਲਈ ਮਤਦਾਨ ਹੋਵੇਗਾ। ਸਾਲ 2009 ਵਿਚ ਹੋਈਆਂ ਲੋਕ ਸਭਾ ਚੋਣਾਂ ਮਗਰੋਂ ਇਹ ਵਿਧਾਨ ਸਭਾ ਚੋਣਾਂ ਕਮਿਸ਼ਨ ਲਈ ਇਕ ਵੱਡੀ ਚੁਣੌਤੀ ਹਨ। ਇਨ੍ਹਾਂ ਪੰਜ ਰਾਜਾਂ ਵਿਚਲੇ 14.39 ਕਰੋੜ ਵੋਟਰ ਆਪੋ-ਆਪਣੇ ਸੂਬੇ ਦੀ ਕਿਸਮਤ ਦਾ ਫੈਸਲਾ ਕਰਨਗੇ। ਸਭ ਤੋਂ ਵੱਧ 5.60 ਕਰੋੜ ਵੋਟਰ ਪੱਛਮੀ ਬੰਗਾਲ 'ਚ ਤੇ 4.59 ਕਰੋੜ ਵੋਟਰ ਤਾਮਿਲਨਾਡੂ ਵਿਚ ਹਨ। ਕੇਰਲ ਵਿਚ 2.29 ਕਰੋੜ, ਅਸਾਮ 'ਚ 1.81 ਕਰੋੜ ਤੇ ਪੁਡੂਚੇਰੀ 'ਚ 8 ਲੱਖ ਵੋਟਰ ਹਨ। ਸਾਰੇ ਰਾਜਾਂ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ।

ਚੋਣ ਪ੍ਰੋਗਰਾਮ ਮੁਤਾਬਕ ਅਸਾਮ ਵਿਚ ਦੋ ਪੜਾਵੀ ਚੋਣਾਂ ਲਈ ਪਹਿਲੇ ਗੇੜ ਲਈ ਨੋਟੀਫਿਕੇਸ਼ਨ 10 ਮਾਰਚ ਨੂੰ ਜਾਰੀ ਹੋਵੇਗਾ ਤੇ ਨਾਂ ਦਾਖ਼ਲ ਕਰਨ ਦੀ ਆਖਰੀ ਤਰੀਕ 17 ਮਾਰਚ ਹੋਵੇਗੀ। ਉਸ ਤੋਂ ਅਗਲੇ ਦਿਨ ਕਾਗਜ਼ਾਂ ਦੀ ਜਾਂਚ ਹੋਵੇਗੀ ਤੇ 21 ਮਾਰਚ ਨੂੰ ਨਾਮ ਵਾਪਸ ਲਏ ਜਾ ਸਕਣਗੇ। ਵੋਟਾਂ 4 ਅਪਰੈਲ ਨੂੰ ਪੈਣਗੀਆਂ। ਦੂਜੇ ਪੜਾਅ ਲਈ ਨੋਟੀਫਿਕੇਸ਼ਨ 18 ਮਾਰਚ ਨੂੰ ਜਾਰੀ ਹੋਵੇਗੀ ਤੇ ਨਾਮਜ਼ਦਗੀ ਦਾਖਲ ਕਰਨ ਦੀ ਆਖਰੀ ਤਰੀਕ 25 ਮਾਰਚ ਹੈ। ਅਗਲੇ ਦਿਨ ਕਾਗਜ਼ਾਂ ਦੀ ਜਾਂਚ ਹੋਵੇਗੀ ਤੇ 28 ਮਾਰਚ ਨੂੰ ਨਾਮ ਵਾਪਸ ਲਏ ਜਾ ਸਕਣਗੇ। ਵੋਟਾਂ 11 ਅਪਰੈਲ ਨੂੰ ਪੈਣਗੀਆਂ। ਤਾਮਿਲਨਾਡੂ, ਕੇਰਲ ਤੇ ਪੁਡੂਚੇਰੀ 'ਚ ਚੋਣਾਂ ਲਈ ਨੋਟੀਫਿਕੇਸ਼ਨ 19 ਮਾਰਚ ਨੂੰ ਜਾਰੀ ਹੋਵੇਗੀ ਤੇ 26 ਮਾਰਚ ਨੂੰ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਜਾ ਸਕਣਗੇ। ਕਾਗਜ਼ਾਂ ਦੀ ਜਾਂਚ 28 ਮਾਰਚ ਨੂੰ ਹੋਵੇਗੀ ਤੇ 3 ਮਾਰਚ ਨੂੰ ਨਾਮ ਵਾਪਸ ਲਏ ਜਾ ਸਕਣਗੇ। ਵੋਟਾਂ 13 ਅਪਰੈਲ ਨੂੰ ਪੈਣਗੀਆਂ। ਪੱਛਮੀ ਬੰਗਾਲ ਵਿਚਲੀਆਂ ਛੇ ਪੜਾਵੀ ਚੋਣਾਂ 18, 23, 27 ਅਪਰੈਲ, 3, 7 ਤੇ 10 ਮਈ ਨੂੰ ਹੋਣਗੀਆਂ।

ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਵਿਚ ਅਮਨ-ਕਾਨੂੰਨ ਦੀ ਹਾਲਤ ਤਸੱਲੀਬਖਸ਼ ਨਾ ਹੋਣ ਕਾਰਨ ਉਥੇ ਵਿਧਾਨ ਸਭਾ ਚੋਣਾਂ ਦੌਰਾਨ ਨੀਮ ਫੌਜੀ ਦਸਤਿਆਂ ਦੇ ਕਰੀਬ ਦਸ ਹਜ਼ਾਰ ਜਵਾਨ ਤਾਇਨਾਤ ਕੀਤੇ ਜਾਣਗੇ।

## ਗਾਇਕ ਬੱਬੂ ਮਾਨ ਦੇ ਹੱਥ 'ਤੇ ਗੋਲੀ ਲੱਗੀ

**ਚੰਡੀਗੜ੍ਹ:** ਪ੍ਰਸਿੱਧ ਗਾਇਕ ਬੱਬੂ ਮਾਨ ਇੱਥੋਂ 40 ਕਿਲੋਮੀਟਰ ਦੂਰ ਕਸਬਾ ਚਮਕੌਰ ਸਾਹਿਬ ਨੇੜੇ ਸ਼ੂਟਿੰਗ ਦੌਰਾਨ ਉਦੋਂ ਜ਼ਖਮੀ ਹੋ ਗਿਆ ਜਦੋਂ ਉਹ ਆਪਣਾ ਪਿਸਤੌਲ ਲੋਡ ਕਰ ਰਿਹਾ ਸੀ।

ਪਿਸਤੌਲ ਲੋਡ ਕਰਦੇ ਸਮੇਂ ਉਸ ਦੇ ਹੱਥ 'ਤੇ ਗੋਲੀ ਲੱਗੀ ਤੇ ਉਸ ਨੂੰ ਤੁਰੰਤ ਹਸਪਤਾਲ ਲੈ ਜਾਇਆ ਗਿਆ। ਬੱਬੂ ਮਾਨ ਦੇ ਹੱਥ 'ਤੇ ਸੱਤ ਅੱਠ ਟਾਂਕੇ ਲੱਗੇ ਹਨ। ਉਹ ਇੱਥੇ ਆਪਣੀ ਫਿਲਮ ਦੀ ਸ਼ੂਟਿੰਗ ਕਰ ਰਿਹਾ ਸੀ।

## ਮਨਪ੍ਰੀਤ ਵੱਲੋਂ ਵਿਧਾਨ ਸਭਾ ਤੋਂ ਅਸਤੀਫ਼ੇ ਦੀ ਚਰਚਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਆਗਾਮੀ ਬਜਟ ਸੈਸ਼ਨ ਵਿਚ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼ਿਰਕਤ ਕਰਨ ਬਾਰੇ ਭੰਬਲਭੂਸਾ ਬਰਕਰਾਰ ਹੈ। ਵਿਧਾਨ ਸਭਾ ਦਾ ਇਹ 22 ਰੋਜ਼ਾ ਬਜਟ ਸੈਸ਼ਨ 4 ਮਾਰਚ ਤੋਂ ਸ਼ੁਰੂ ਹੋ ਰਿਹਾ ਹੈ ਜਿਸ ਵਿਚ 14 ਮਾਰਚ ਨੂੰ ਬਜਟ ਪੇਸ਼ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਮੌਜੂਦਾ ਸਰਕਾਰ ਦੇ ਇਸ ਤੋਂ ਪਹਿਲੇ ਚਾਰ ਬਜਟ ਮਨਪ੍ਰੀਤ ਬਾਦਲ ਨੇ ਹੀ ਪੇਸ਼ ਕੀਤੇ ਸਨ ਪਰ ਸੰਭਵ ਹੈ ਕਿ ਇਸ ਬਜਟ ਸੈਸ਼ਨ ਵਿਚ ਉਹ ਹਾਜ਼ਰ ਨਹੀਂ ਹੋਣਗੇ। ਉਨ੍ਹਾਂ ਵੱਲੋਂ ਬਜਟ ਸੈਸ਼ਨ ਖਤਮ ਹੋਣ ਤੋਂ ਦੋ ਦਿਨ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 23 ਮਾਰਚ ਨੂੰ ਸ਼ਹੀਦ ਦੇ ਜਨਮ ਅਸਥਾਨ ਖਟਕੜ ਕਲਾਂ ਵਿਖੇ ਨਵੀਂ ਪਾਰਟੀ ਦਾ ਐਲਾਨ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ।

ਉਨ੍ਹਾਂ ਦੇ ਕਰੀਬੀਆਂ ਅਨੁਸਾਰ ਉਹ ਗਿੱਦੜਬਾਹਾ ਹਲਕੇ ਤੋਂ ਆਪਣੀ ਵਿਧਾਨ ਸਭਾ ਮੈਂਬਰੀ ਤੋਂ ਵੀ ਇਸੇ ਹਫਤੇ ਜਾਂ ਅਗਲੇ ਹਫਤੇ ਦੇ ਸ਼ੁਰੂ ਵਿਚ ਅਸਤੀਫਾ ਦੇ ਸਕਦੇ ਹਨ ਕਿਉਂਕਿ ਉਨ੍ਹਾਂ ਦਾ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਦੀ ਹਾਜ਼ਰੀ ਭਰਨ ਦਾ ਕੋਈ ਇਰਾਦਾ ਨਹੀਂ। ਉਂਜ ਮੌਜੂਦਾ ਪੰਜਾਬ ਵਿਧਾਨ ਸਭਾ ਦੀ ਮਿਆਦ ਨੂੰ ਇਕ ਸਾਲ ਤੋਂ ਘੱਟ ਸਮਾਂ ਰਹਿ ਜਾਣ ਕਾਰਨ ਗਿੱਦੜਬਾਹਾ ਹਲਕੇ ਦੀ ਜ਼ਿਮਨੀ ਚੋਣ ਹੋਣ ਦੇ ਕੋਈ ਆਸਾਰ ਨਹੀਂ ਹਨ। ਸੂਤਰਾਂ ਅਨੁਸਾਰ ਮਨਪ੍ਰੀਤ ਬਾਦਲ ਦਾ ਜ਼ਿਮਨੀ ਚੋਣ ਲੜਨ ਦਾ ਇਰਾਦਾ ਨਹੀਂ ਹੈ ਤੇ ਇਸੇ ਕਾਰਨ ਉਹ ਆਪਣਾ ਅਸਤੀਫਾ ਵੱਧ ਤੋਂ ਵੱਧ ਲੇਟ ਕਰਨਾ ਚਾਹੁੰਦੇ ਹਨ ਕਿਉਂਕਿ ਉਹ ਜ਼ਿਮਨੀ ਚੋਣ ਵਿਚ ਆਪਣੀ ਤਾਕਤ ਜ਼ਾਇਆ ਕਰਨ ਦੀ ਥਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਧਿਆਨ ਕੇਂਦਰਤ ਕਰਨਾ ਚਾਹੁੰਦੇ ਹਨ। ਪੰਜਾਬ ਵਿਧਾਨ ਸਭਾ ਦੀ ਮਿਆਦ ਫਰਵਰੀ 2012 ਤਕ ਹੈ ਤੇ ਕੋਈ ਹਲਕਾ ਛੇ ਮਹੀਨੇ ਤੋਂ ਵੱਧ ਖਾਲੀ ਰਹਿਣ ਦੀ ਸੂਰਤ ਵਿਚ ਚੋਣ ਕਮਿਸ਼ਨ ਵੱਲੋਂ ਜ਼ਿਮਨੀ ਚੋਣ ਕਰਵਾਈ ਜਾ ਸਕਦੀ ਹੈ। ਪਾਰਟੀ 'ਚੋਂ ਕੱਢ ਦਿੱਤੇ ਜਾਣ ਪਿੱਛੋਂ ਮਨਪ੍ਰੀਤ ਬਾਦਲ ਆਜ਼ਾਦ ਪੰਛੀ ਵਰਗੇ ਹਨ ਤੇ ਉਨ੍ਹਾਂ 'ਤੇ ਕੋਈ ਪਾਰਟੀ ਵਿਪ੍ਹ ਆਇਦ ਨਹੀਂ ਹੁੰਦਾ।

# ਗੋਧਰਾ ਕਾਂਡ ਦੇ 11 ਦੋਸ਼ੀਆਂ ਨੂੰ ਮੌਤ ਦੀ ਸਜ਼ਾ

**ਅਹਿਮਦਾਬਾਦ:** ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਸਾਲ 2002 ਵਿਚ ਗੋਧਰਾ ਨੇੜੇ ਸਾਬਰਮਤੀ ਐਕਸਪ੍ਰੈਸ ਨੂੰ ਸਾੜ ਕੇ 59 ਕਾਰ ਸੇਵਕਾਂ ਨੂੰ ਮਾਰਨ ਦੇ ਦੋਸ਼ ਵਿਚ 31 ਦੋਸ਼ੀਆਂ 'ਚੋਂ 11 ਨੂੰ ਸਜ਼ਾ-ਏ-ਮੌਤ ਤੇ 20 ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਘਟਨਾ ਮਗਰੋਂ ਸਮੁੱਚੇ ਗੁਜਰਾਤ ਵਿਚ ਫਿਰਕੂ ਦੰਗੇ ਭੜਕ ਗਏ ਸਨ ਤੇ ਜਿਨ੍ਹਾਂ ਵਿਚ 1200 ਮੁਸਲਮਾਨ ਮਾਰੇ ਗਏ ਸਨ।

ਪਹਿਲੀ ਮਾਰਚ ਨੂੰ ਵਿਸ਼ੇਸ਼ ਜੱਜ ਪੀ.ਆਰ. ਪਟੇਲ ਨੇ ਇਸ ਅਗਨੀ ਕਾਂਡ ਨੂੰ ਵਿਲੱਖਣ ਕਰਾਰ ਦਿੰਦਿਆਂ ਬਿਲਾਲ ਇਸਮਾਈਲ, ਅਬਦੁਲ ਸਾਜਿਦ, ਸੁਜੇਲਾ ਉਰਫ਼ ਬਿਲਾਲ ਹਾਜੀ, ਅਬਦੁੱਲ ਰਜ਼ਾਕ, ਮੁਹੰਮਦ ਕੁਰਕੁਰ, ਰਾਮਜਾਨੀ ਬਿਨਯਾਮਿਨ ਬਹਿਰਾ, ਹਸਨ ਅਹਿਮਦ, ਚਰਖਾ ਉਰਫ਼ ਲਾਲੂ, ਜ਼ਬੀਰ ਬਿਨਯਾਮਿਨ ਬਹਿਰਾ, ਮਹਿਬੂਬ ਖਾਲਿਦ ਚਾਂਦਾ, ਸਲੀਮ ਉਰਫ਼ ਸਲਮਾਨ ਯੂਸਫ਼ ਸਤੱਰ ਜ਼ਰਦਾ, ਸਿਰਾਜ ਮੁਹੰਮਦ ਅਬਦੁੱਲ ਮੈਦ ਉਰਫ਼ ਬਾਲਾ, ਇਰਫਾਨ ਮਾਜਿਦ ਗਾਂਚੀ, ਕਲੰਦਰ ਉਰਫ ਇਰਫਾਨ ਭੋਪੋ, ਇਰਫਾਨ ਮਹਿਮਦ, ਹਨੀਫਾਬਦੁਲ ਪਟਾਲੀਆ ਤੇ ਮਹਿਬੂਬ ਅਹਿਮਦ, ਯੂਸੁਫ਼ ਹਸਨ ਉਰਫ ਲਾਤੀਕੋ ਨੂੰ ਸਜ਼ਾ-ਏ-ਮੌਤ ਸੁਣਾਈ। ਇਸ ਤੋਂ ਇਲਾਵਾ ਦੋਸ਼ੀਆਂ ਨੂੰ ਹੋਰ ਵੱਖ-ਵੱਖ ਧਾਰਾਵਾਂ ਤਹਿਤ ਸਜ਼ਾ ਸੁਣਾਈ ਗਈ ਹੈ ਜਿਹੜੀ ਦੋਸ਼ੀਆਂ ਨੂੰ ਮਿਲੀ ਉਮਰ ਕੈਦ ਦੀ ਸਜ਼ਾ ਦੇ ਨਾਲ-ਨਾਲ ਚਲਣਗੀਆਂ। ਸਰਕਾਰੀ ਧਿਰ ਦੇ ਸਾਰੇ 31 ਦੋਸ਼ੀਆਂ ਲਈ ਸਜ਼ਾ-ਏ-ਮੌਤ ਦੀ ਮੰਗ ਕੀਤੀ ਸੀ।

22 ਫਰਵਰੀ ਨੂੰ ਅਦਾਲਤ ਨੇ 31 ਮੁਲਜ਼ਮਾਂ ਨੂੰ ਸਾਬਰਮਤੀ ਐਕਸਪ੍ਰੈਸ ਦੇ ਡੱਬੇ ਐਸ-6 ਨੂੰ ਸਾੜਨ ਦਾ ਦੋਸ਼ੀ ਕਰਾਰ ਦਿੱਤਾ ਸੀ ਜਦਕਿ 63 ਨੂੰ ਬਰੀ ਕਰ ਦਿੱਤਾ ਸੀ। ਸਰਕਾਰੀ ਵਕੀਲ ਨੇ ਕਿਹਾ ਕਿ ਦੇਸ਼ ਦਾ ਇਹ ਅਜਿਹਾ ਪਹਿਲਾ ਮਾਮਲਾ ਹੈ ਜਿਸ ਵਿਚ ਇਕ ਵੇਲੇ 11 ਦੋਸ਼ੀਆਂ ਨੂੰ ਸਜ਼ਾ-ਏ-ਮੌਤ ਸੁਣਾਈ ਗਈ ਹੈ। ਅਦਾਲਤ ਨੇ ਦੋਸ਼ੀਆਂ ਨੂੰ ਇਸ ਫੈਸਲੇ ਖਿਲਾਫ ਉਪਰਲੀ ਅਦਾਲਤ ਵਿਚ ਜਾਣ ਲਈ 90 ਦਿਨ ਦਿੱਤੇ ਹਨ। ਫੈਸਲੇ ਮੁਤਾਬਕ 20 ਉਮਰ ਕੈਦੀ ਜਿਹੜੇ ਹੁਣ ਤਕ ਜਿੰਨਾ ਸਮਾਂ ਜੇਲ੍ਹ ਵਿਚ ਗੁਜ਼ਾਰ ਚੁੱਕੇ ਹਨ, ਉਨ੍ਹਾਂ ਦੀ ਸਜ਼ਾ ਉਮਰ ਕੈਦ ਵਿਚੋਂ ਮਨਫ਼ੀ ਹੋ ਜਾਵੇਗੀ। ਬਚਾਅ ਧਿਰ ਦੇ ਵਕੀਲ ਆਈ.ਐਮ. ਮੁਨਸ਼ੀ ਨੇ ਕਿਹਾ ਕਿ ਦੋਸ਼ੀ ਆਪਣੀ ਸਜ਼ਾ ਖਿਲਾਫ ਅਪੀਲ ਦਾਇਰ ਕਰਨਗੇ। ਗੋਧਰਾ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਏ ਜਾਣ ਦੇ ਮਾਮਲੇ ਵਿਚ ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਨੇ ਕਿਹਾ ਹੈ ਕਿ ਅਦਾਲਤ ਵੱਲੋਂ 11 ਨੂੰ ਸਜ਼ਾ-ਏ-ਮੌਤ ਤੇ 20 ਉਮਰ ਕੈਦ ਸੁਣਾਏ ਜਾਣ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਰੇਲ ਗੱਡੀ ਸਾੜੇ ਜਾਣ ਮਗਰੋਂ ਦੰਗੇ ਭੜਕਣਾ ਠੀਕ ਸੀ।

## Matrimonials

### ਕੰਨਿਆ ਦੀ ਲੋੜ

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Pl. contact: Sikh5family@gmail.com

### ਵਰ ਦੀ ਲੋੜ

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

*To Advertise with us*
*Call: 847-359-0746*
*Fax:847-705-9388*
*e-mial:*
*punjabtimes1@sbcglobal.net*

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

*Call: Sohanpreet 'Sam' Chahal*
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਹੋਂਦ ਚਿੱਲੜ ਦੀ ਸੰਸਦ 'ਚ ਗੂੰਜ, ਚਿਦੰਬਰਮ ਵੱਲੋਂ ਕਾਰਵਾਈ ਦਾ ਭਰੋਸਾ

*(ਸਫਾ ਇਕ ਦੀ ਬਾਕੀ)*

ਸਦਨਾਂ ਵਿਚ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਇਸ ਮਾਮਲੇ 'ਤੇ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਇਸ ਮਸਲੇ 'ਤੇ ਰੌਲਾ ਪੈਣ ਕਾਰਨ ਦੋਹਾਂ ਸਦਨਾਂ ਦੀ ਕਾਰਵਾਈ ਵਿਚ ਵਿਘਨ ਵੀ ਪਿਆ। ਸਦਨਾਂ ਵਿਚ ਇਹ ਮਾਮਲਾ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ ਉਠਾਇਆ। ਜਿਵੇਂ ਹੀ ਲੋਕ ਸਭਾ ਜੁੜੀ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਹੋਂਦ ਚਿੱਲੜ ਕਤਲ-ਏ-ਆਮ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸ ਕਾਰਨ ਸਪੀਕਰ ਮੀਰਾ ਕੁਮਾਰ ਨੇ ਸਦਨ ਉਠਾ ਦਿੱਤਾ। ਸਦਨ ਜਦੋਂ ਮੁੜ ਜੁੜਿਆ ਤਾਂ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਅਕਾਲੀ ਮੈਂਬਰਾਂ ਦੀ ਮੰਗ ਦੁਹਰਾਈ ਅਤੇ ਕਿਹਾ ਕਿ ਸਰਕਾਰ ਹੋਂਦ ਚਿੱਲੜ ਕਤਲ-ਏ-ਆਮ ਦੀ ਜਾਂਚ ਕਰਵਾਏ। ਸਪੀਕਰ ਨੇ ਕਿਹਾ ਕਿ ਇਹ ਮੁੱਦਾ ਸਿਫ਼ਰ ਕਾਲ ਸਮੇਂ ਉਠਾਇਆ ਜਾਵੇ।

ਇਸੇ ਤਰ੍ਹਾਂ ਰਾਜ ਸਭਾ ਵਿਚ ਵੀ ਪ੍ਰਸ਼ਨ ਕਾਲ ਨਹੀਂ ਚੱਲ ਸਕਿਆ। ਅਕਾਲੀ ਦਲ ਅਤੇ ਭਾਜਪਾ ਦੇ ਮੈਂਬਰਾਂ ਨੇ ਹੋਂਦ ਚਿੱਲੜ ਕਤਲ-ਏ-ਆਮ ਬਾਰੇ ਰੋਸ ਪ੍ਰਗਟ ਕੀਤਾ। ਸਦਨ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਹੀ ਇਨ੍ਹਾਂ ਪਾਰਟੀਆਂ ਦੇ ਮੈਂਬਰਾਂ ਨੇ ਸਦਨ 'ਚ ਵਿਰੋਧੀ ਧਿਰ ਦੇ ਉਪ ਆਗੂ ਐਸ.ਐਸ. ਆਹਲੂਵਾਲੀਆ ਦੀ ਅਗਵਾਈ ਵਿਚ ਇਸ ਕਤਲ-ਏ-ਆਮ ਸਬੰਧੀ ਖ਼ਬਰਾਂ ਨਾਲ ਭਰੇ ਅਖ਼ਬਾਰ ਸਦਨ ਵਿਚ ਲਹਿਰਾਏ। ਉਨ੍ਹਾਂ ਮੰਗ ਕੀਤੀ ਕਿ ਗ੍ਰਹਿ ਮੰਤਰੀ ਪੀ. ਚਿਦੰਬਰਮ ਸਦਨ ਵਿਚ ਆਉਣ ਅਤੇ ਉਨ੍ਹਾਂ ਦੇ ਸੁਆਲਾਂ ਦੇ ਜੁਆਬ ਦੇਣ। ਭਾਜਪਾ ਦੇ ਆਰ.ਐਨ. ਪਨੀ, ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਅਤੇ ਹੋਰਨਾਂ ਨੇ ਨਾਅਰੇਬਾਜ਼ੀ ਵੀ ਕੀਤੀ। ਸਦਨ 'ਚ ਸ਼ਾਂਤੀ ਬਹਾਲੀ ਨਾ ਹੋਣ ਕਾਰਨ ਚੇਅਰਮੈਨ ਹਾਮਿਦ ਅਨਸਾਰੀ ਨੇ ਕਾਰਵਾਈ ਦੁਪਹਿਰ ਤੱਕ ਉਠਾ ਦਿੱਤੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਸਿੱਖ ਆਗੂਆਂ ਦੇ 6 ਮੈਂਬਰੀ ਵਫਦ ਨੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨਾਲ ਮੁਲਾਕਾਤ ਕੀਤੀ। ਸ੍ਰੀ ਚਿਦੰਬਰਮ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਇਸ ਕਤਲ-ਏ-ਆਮ ਦੀ ਰਿਪੋਰਟ ਹਰਿਆਣਾ ਸਰਕਾਰ ਤੋਂ ਮਿਲਣ ਮਗਰੋਂ ਕੇਂਦਰ ਸਰਕਾਰ ਯੋਗ ਕਾਰਵਾਈ ਕਰੇਗੀ।

ਵਫਦ ਨੇ ਮੰਗ ਕੀਤੀ ਕਿ ਇਸ ਖ਼ੂਨੀ ਕਾਂਡ ਦੀ ਹਾਈ ਕੋਰਟ ਦੇ ਜੱਜ ਪਾਸੋਂ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਇਸ ਮਾਮਲੇ ਵਿਚ ਜਿਨ੍ਹਾਂ ਸਰਕਾਰੀ ਅਧਿਕਾਰੀਆਂ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ ਅਤੇ ਇਸ ਘਟਨਾ 'ਤੇ ਪਰਦਾ ਪਾਉਣ ਦਾ ਰੋਲ ਨਿਭਾਇਆ ਹੈ, ਉਨ੍ਹਾਂ ਵਿਰੁਧ ਵੀ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਯਾਦ ਰਹੇ ਕਿ ਸਰਕਾਰੀ ਅਫ਼ਸਰਾਂ ਨੇ ਇਸ ਘਟਨਾ ਸਬੰਧੀ ਸ਼ਿਕਾਇਤ 'ਚ ਮੌਤਾਂ ਦੀ ਗਿਣਤੀ 20 ਦਰਜ ਕੀਤੀ ਅਤੇ ਇਨ੍ਹਾਂ ਨੂੰ ਲਾਵਾਰਸ ਦੱਸ ਕੇ ਸਸਕਾਰ ਕਰਵਾ ਦਿੱਤਾ ਸੀ।

ਵਫਦ ਵਿਚ ਜਥੇਦਾਰ ਅਵਤਾਰ ਸਿੰਘ ਨਾਲ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਦੇ ਮੈਂਬਰਾਨ ਰਾਜਿੰਦਰ ਸਿੰਘ ਮਹਿਤਾ ਤੇ ਜਸਵਿੰਦਰ ਸਿੰਘ ਐਡਵੋਕੇਟ ਅਤੇ ਕਮੇਟੀ ਦੇ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਤੇ ਪਰਮਜੀਤ ਸਿੰਘ ਸਰੋਆ ਸ਼ਾਮਲ ਸਨ।



*ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਮਿਲਣ ਪਿੱਛੋਂ ਆ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ, ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਹੋਰ*

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਚਾਰ ਮਾਰਚ ਤੋਂ ਸ਼ੁਰੂ ਹੋ ਰਹੇ ਬਜਟ ਸੈਸ਼ਨ ਵਿਚ ਵਿਰੋਧੀ ਧਿਰ ਪਿੰਡ ਹੋਂਦ ਚਿੱਲੜ ਵਿਚ ਸਿੱਖਾਂ ਦੇ ਕਤਲ-ਏ-ਆਮ ਮਾਮਲਾ ਵੀ ਉਠਾਏਗੀ। ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਪਹਿਲਾਂ ਹੀ ਕਾਂਗਰਸ ਸਰਕਾਰ ਦੀਆਂ ਨੀਤੀਆਂ ਖਿਲਾਫ ਮੁਹਿੰਮ ਵਿੱਢੀ ਹੋਈ ਹੈ ਤੇ ਬਜਟ ਸੈਸ਼ਨ ਵਿਚ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਵਿਰੁਧ ਜ਼ੋਰਦਾਰ ਹਮਲੇ ਕੀਤੇ ਜਾਣਗੇ। ਉਧਰ, ਭਾਜਪਾ ਦੇ ਵਿਧਾਇਕ ਦਲ ਦੇ ਆਗੂ ਅਨਿਲ ਵਿਜ ਦਾ ਕਹਿਣਾ ਹੈ ਕਿ ਪਿੰਡ ਹੋਂਦ ਚਿੱਲੜ ਵਿਚ ਸਿੱਖ ਕਤਲ-ਏ-ਆਮ ਦਾ ਮਾਮਲਾ ਉਠਾ ਕੇ ਸਰਕਾਰ ਕੋਲੋਂ ਮੰਗ ਕੀਤੀ ਜਾਵੇਗੀ ਕਿ ਇਸ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਦੋਸ਼ੀਆਂ ਦੀ ਪਛਾਣ ਕਰਕੇ ਸਜ਼ਾਵਾਂ ਦਿਤੀਆ ਜਾਣ। ਉਨ੍ਹਾਂ ਕਿਹਾ ਕਿ ਇਹ ਕਾਂਡ ਭਾਵੇਂ ਕਿਸੇ ਹੋਰ ਸਰਕਾਰ ਦੇ ਸਮੇਂ ਵਾਪਰਿਆ ਪਰ ਮੌਜੂਦਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਕਤਲ-ਏ-ਆਮ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਏ।

**ਸਰਕਾਰੀ ਬਿਆਨਬਾਜ਼ੀ ਫੋਕੀ ਕਰਾਰ:** ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਅੰਮ੍ਰਿਤਸਰ ਵਿਖੇ ਤਾਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ਼ਹੀਦੀ ਸਮਾਰਕ ਉਸਾਰ ਨਹੀਂ ਸਕੀ। ਹਰਿਆਣਾ ਦੇ ਹੋਂਦ ਚਿੱਲੜ 'ਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਯਾਦਗਾਰ ਕਿਸ ਤਰ੍ਹਾਂ ਬਣਾ ਸਕਦੀ ਹੈ? ਉਨ੍ਹਾਂ ਕਿਹਾ ਕਿ ਰਾਜ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਦੇਖ ਕੇ ਅਜਿਹੇ ਫੋਕੇ ਬਿਆਨ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਬਾਦਲਾਂ ਦਾ ਕੰਮ ਆਰ.ਐਸ.ਐਸ. ਤੇ ਭਾਜਪਾ ਨੂੰ ਖ਼ੁਸ਼ ਕਰਨਾ ਹੈ। ਸ਼੍ਰੋਮਣੀ ਕਮੇਟੀ ਦਾ ਅਰਬਾਂ ਰੁਪਏ ਦਾ ਸਾਲਾਨਾ ਬਜਟ ਹੈ। ਇਸ ਨੇ ਹੁਣ ਤੱਕ ਅਜਿਹਾ ਸੈਲ ਸਥਾਪਤ ਨਹੀਂ ਕੀਤਾ ਜਿਥੇ ਕੋਈ ਸਿੱਖ ਆਪਣੀ ਜਾਣਕਾਰੀ ਦੇ ਸਕੇ। 27 ਸਾਲ ਪਹਿਲਾਂ ਨਵੰਬਰ 1984 ਵਿਚ ਜੋ ਕੁਝ ਵਾਪਰਿਆ, ਉਸ ਸਬੰਧੀ ਸ਼੍ਰੋਮਣੀ ਕਮੇਟੀ ਕੋਲ ਕੋਈ ਰਿਕਾਰਡ ਨਹੀਂ ਹੈ ਅਤੇ ਨਾ ਹੀ ਕਿਸੇ ਧਰਮੀ ਫੌਜੀ ਬਾਰੇ ਕੋਈ ਜਾਣਕਾਰੀ ਹੈ।

**ਪ੍ਰਧਾਨ ਮੰਤਰੀ ਹੋਂਦ ਪਿੰਡ ਦਾ ਦੌਰਾ ਕਰਨ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪਿੰਡ ਹੋਂਦ ਚਿੱਲੜ ਦੇ ਖੰਡਰਾਤ ਦੇਖਣ ਤੋਂ ਬਾਅਦ ਕਿਹਾ ਹੈ ਕਿ ਜੇਕਰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਿਚ ਜੇ ਇਨਸਾਨੀਅਤ ਹੈ ਤਾਂ ਉਨ੍ਹਾਂ ਨੂੰ ਇਸ ਪਿੰਡ ਦਾ ਦੌਰਾ ਕਰਨਾ ਚਾਹੀਦਾ ਹੈ ਅਤੇ ਕਤਲ-ਏ-ਆਮ ਦੇ ਦੋਸ਼ੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਸੀਖਾਂ ਦੇ ਪਿੱਛੇ ਬੰਦ ਕਰਨਾ ਚਾਹੀਦਾ ਹੈ।

ਸਿੰਘ ਸਾਹਿਬ ਨੇ ਸਿੱਖ ਭਾਈਚਾਰੇ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਹੋਂਦ ਕਾਂਡ ਦੇ ਸ਼ਹੀਦਾਂ ਦੀ ਯਾਦ ਵਿਚ 6 ਮਾਰਚ ਨੂੰ ਭੋਗ ਪਾਉਣ ਮੌਕੇ ਉਹ ਪੂਰਾ ਸਹਿਯੋਗ ਦੇਣ। ਉਨ੍ਹਾਂ ਨੇ ਪਿੰਡ ਵਿਚ ਮ੍ਰਿਤਕਾਂ ਦੀ ਯਾਦ 'ਚ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ। ਇਸ ਪਿੰਡ ਦੇ ਤਤਕਾਲੀਨ ਸਰਪੰਚ ਧਨਪਤ ਸਿੰਘ ਨੇ ਕਿਹਾ ਕਿ ਇਹ ਗੱਲ ਠੀਕ ਨਹੀਂ ਕਿ ਕਿਸੇ ਨੇ ਸਿੱਖਾਂ ਨੂੰ ਬਚਾਉਣ ਲਈ ਮਦਦ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਉਹ ਇਸ ਕਾਂਡ ਦੇ ਚਸ਼ਮਦੀਦ ਗਵਾਹ ਹਨ ਅਤੇ ਉਨ੍ਹਾਂ ਨੇ ਸਿੱਖ ਪਰਿਵਾਰਾਂ ਨੂੰ ਬਚਾਉਣ ਦਾ ਯਤਨ ਕੀਤਾ ਸੀ। ਉਸ ਨੇ ਕਿਹਾ ਕਿ ਉਹ ਵੀ ਦੇਸ਼ ਦੀ ਵੰਡ ਸਮੇਂ ਮਿੰਟਗੁਮਰੀ (ਹੁਣ ਸਾਹੀਵਾਲ) ਜ਼ਿਲ੍ਹੇ ਤੋਂ ਪਰਿਵਾਰ ਸਮੇਤ ਉਜੜ ਕੇ ਆਇਆ ਸੀ। ਇਸ ਕਰਕੇ ਉਸ ਨੂੰ ਵੰਡ ਦੇ ਦਰਦ ਦਾ ਅਹਿਸਾਸ ਹੈ। ਉਸ ਨੂੰ ਉਹ ਦਿਨ ਕਿਵੇਂ ਭੁੱਲ ਸਕਦਾ ਹੈ ਜਿਸ ਦਿਨ ਇਸ ਪਿੰਡ ਦੇ ਸਿੱਖ ਭਰਾਵਾਂ ਨੇ ਸਰਬਸੰਮਤੀ ਨਾਲ ਉਸ ਨੂੰ ਸਰਪੰਚੀ ਦਾ ਮਾਣ ਬਖ਼ਸ਼ਿਆ ਸੀ। ਉਸ ਨੇ ਦੱਸਿਆ ਕਿ ਉਸ ਨੇ ਕਈਆਂ ਨੂੰ ਇਹ ਮਾਮਲਾ ਉਠਾਉਣ ਲਈ ਕਿਹਾ ਸੀ ਪਰ ਗੱਲ ਨਹੀਂ ਬਣ ਸਕੀ।

**ਜਾਂਚ ਦੀ ਮੰਗ ਨੇ ਜ਼ੋਰ ਫੜਿਆ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ, ਖਾਲਸਾ ਐਕਸ਼ਨ ਕਮੇਟੀ, ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ 1920, ਅਕਾਲੀ ਦਲ ਪੰਚ ਪ੍ਰਧਾਨੀ, ਅਕਾਲੀ ਦਲ ਦਿੱਲੀ, ਸ਼੍ਰੋਮਣੀ ਖਾਲਸਾ ਪੰਚਾਇਤ, ਸ਼੍ਰੋਮਣੀ ਪੰਥਕ ਕੌਂਸਲ, ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹਰਿਆਣਾ ਦੇ ਸਿੱਖਾਂ ਨੇ ਇਸ ਘਟਨਾ ਦੀ ਜਾਂਚ ਹਾਈ ਕੋਰਟ ਦੇ ਜੱਜ ਕੋਲੋਂ ਕਰਾਉਣ ਦੀ ਮੰਗ ਕੀਤੀ ਹੈ।

ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਪਿੰਡ ਹੋਂਦ ਦਾ ਦੌਰਾ ਕੀਤਾ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ ਵਿਚ ਤੁਰੰਤ ਦਖਲਅੰਦਾਜ਼ੀ ਕਰਕੇ ਦੋਸ਼ੀਆਂ ਖਿਲਾਫ਼ ਢੁਕਵੀਂ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਕਾਨੂੰਨੀ ਤੇ ਆਰਥਿਕ ਮਦਦ ਮੁਹੱਈਆ ਕੀਤੀ ਜਾਵੇਗੀ।

**ਜਗਮੀਤ ਬਰਾੜ ਵੱਲੋਂ ਪ੍ਰਧਾਨ ਮੰਤਰੀ ਨਾਲ ਮੁਲਾਕਾਤ:** ਕਾਂਗਰਸ ਦੀ ਕੌਮੀ ਵਰਕਿੰਗ ਕਮੇਟੀ ਦੇ ਮੈਂਬਰ ਅਤੇ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਪਿੰਡ ਹੋਂਦ ਚਿੱਲੜ ਦੇ ਮੁੱਦੇ 'ਤੇ ਮੁਲਾਕਾਤ ਕੀਤੀ। ਉਨ੍ਹਾਂ ਪ੍ਰਧਾਨ ਮੰਤਰੀ ਕੋਲ ਮੰਗ ਉਠਾਈ ਹੈ ਕਿ ਸਰਬ ਪਾਰਟੀ ਵਫਦ ਪਿੰਡ ਹੋਂਦ ਚਿੱਲੜ ਭੇਜਿਆ ਜਾਵੇ। ਵਫਦ ਦੀ ਰਿਪੋਰਟ ਦੇ ਆਧਾਰ 'ਤੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਏ।

# ਸੁਖਬੀਰ ਦੀ ਫੇਰੀ ਮੌਕੇ ਮੁਲਾਜ਼ਮ ਵੱਲੋਂ ਖ਼ੁਦਕੁਸ਼ੀ ਦੀ ਕੋਸ਼ਿਸ਼

**ਫ਼ਰੀਦਕੋਟ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਫ਼ਰੀਦਕੋਟ ਦੇ ਪਿੰਡਾਂ ਦੀ ਫੇਰੀ ਮੌਕੇ ਇਥੇ ਡਾਇਟ ਦੇ ਮੁਲਾਜ਼ਮ ਨੇ ਅੱਗ ਲਾ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਪਰ ਮੌਕੇ 'ਤੇ ਹਾਜ਼ਰ ਡਾਇਟ ਦੇ ਬਾਕੀ ਸਟਾਫ਼ ਨੇ ਉਸ ਨੂੰ ਬਚਾਅ ਲਿਆ। ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਾ ਦਰਜਾ ਚਾਰ ਮੁਲਾਜ਼ਮ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਕਿਉਂਕਿ ਉਸ ਨੂੰ ਪਿਛਲੇ ਅੱਠ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ ਜਿਸ ਕਾਰਨ ਉਸ ਦੇ ਦੋ ਬੱਚਿਆਂ ਦਾ ਸਕੂਲ ਵਿਚੋਂ ਨਾਂ ਕੱਟ ਦਿੱਤਾ ਗਿਆ ਸੀ। ਇਸ ਵਿਅਕਤੀ ਦੀ ਪਤਨੀ ਵੀ ਬਿਮਾਰੀ ਦੱਸੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਡਾਇਟ ਦੇ ਮੁਲਾਜ਼ਮਾਂ ਨੂੰ ਪਿਛਲੇ ਅੱਠ ਮਹੀਨਿਆਂ ਤੋਂ ਤਨਖਾਹ ਨਹੀਂ ਦਿੱਤੀ ਗਈ ਜਿਸ ਕਾਰਨ ਮੁਲਾਜ਼ਮ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਇਸ ਬਾਰੇ ਡਾਇਟ ਦੇ ਲੈਕਚਰਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿੱਤੀ ਉਨ੍ਹਾਂ ਦੀ ਤਨਖਾਹ ਪੰਜਾਬ ਸਰਕਾਰ ਵੱਲੋਂ ਪਿਛਲੇ ਅੱਠ ਮਹੀਨਿਆਂ ਤੋਂ ਜਾਣਬੁੱਝ ਕੇ ਜਾਰੀ ਨਹੀਂ ਕੀਤੀ ਜਾ ਰਹੀ ਜਿਸ ਕਾਰਨ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਸਟਾਫ਼ ਦੇ ਮੈਂਬਰਾਂ ਵਿਚੋਂ ਦਰਜਾ ਚਾਰ ਮੁਲਾਜ਼ਮ ਸੋਨੂੰ ਕੁਮਾਰ ਨੇ ਮਿੱਟੀ ਦਾ ਤੇਲ ਛਿੜਕ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ।

ਇਸ ਮੌਕੇ ਪੁਲਿਸ ਨੇ ਮੁਲਾਜ਼ਮ ਸੋਨੂੰ ਕੁਮਾਰ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਕਾਰਨ ਡਾਇਟ ਦੇ ਬਾਕੀ ਮੁਲਾਜ਼ਮ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਕਰਨ ਲੱਗ ਪਏ ਤੇ ਉਨ੍ਹਾਂ ਮੌਕੇ 'ਤੇ ਹਾਜ਼ਰ ਡਿਪਟੀ ਕਮਿਸ਼ਨਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਹਾਲਾਤ ਵਿਗੜਦੇ ਵੇਖ ਡਿਪਟੀ ਕਮਿਸ਼ਨਰ ਮੌਕੇ ਤੋਂ ਚਲੇ ਗਏ।

ਬਾਅਦ ਵਿਚ ਤਿੰਨ ਸੌ ਦੇ ਕਰੀਬ ਡਾਇਟ ਦੇ ਮੁਲਾਜ਼ਮ, ਵਿਦਿਆਰਥੀ ਤੇ ਈ.ਟੀ.ਟੀ. ਕਰ ਰਹੀਆਂ ਕੁੜੀਆਂ ਨੇ ਕੋਟਕਪੂਰਾ ਸੜਕ 'ਤੇ ਰੈਲੀ ਕੀਤੀ ਤੇ ਜੁਬਲੀ ਸਿਨੇਮਾ ਚੌਕ ਵਿਚ ਮੁਜ਼ਾਹਰਾ ਕੀਤਾ। ਇਸ ਤੋਂ ਇਲਾਵਾ ਸਹਿਕਾਰੀ ਸ਼ੂਗਰ ਮਿਲ ਸਾਹਮਣੇ ਮਿੱਲ ਮੁਲਾਜ਼ਮ ਉਪ ਮੁੱਖ ਮੰਤਰੀ ਦੀ ਫੇਰੀ ਨੂੰ ਲੈ ਕੇ ਸੜਕ ਉਪਰ ਧਰਨੇ 'ਤੇ ਬੈਠ ਗਏ। ਮਿੱਲ ਮੁਲਾਜ਼ਮ ਪਿਛਲੇ 26 ਮਹੀਨਿਆਂ ਤੋਂ ਆਪਣੀ ਤਨਖਾਹ ਲਈ ਸੰਘਰਸ਼ ਕਰ ਰਹੇ ਹਨ। ਮਿੱਲ ਯੂਨੀਅਨ ਦੇ ਪ੍ਰਧਾਨ ਸਤਵੰਤ ਸਿੰਘ ਅਬਲੂ ਅਨੁਸਾਰ ਉਪ ਮੁੱਖ ਮੰਤਰੀ ਨੇ ਹਫ਼ਤੇ ਵਿਚ ਕੈਬਨਿਟ ਦੀ ਮੀਟਿੰਗ ਮਗਰੋਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਹੈ। ਇਸ ਤੋਂ ਬਾਅਦ ਧਰਨਾਕਾਰੀਆਂ ਨੇ ਆਪਣਾ ਸੰਘਰਸ਼ ਮੁਲਤਵੀ ਕਰ ਦਿੱਤਾ।

# ਪ੍ਰੇਮੀ ਨਾਲ ਮਿਲ ਕੇ ਪਰਵਾਸੀ ਭਾਰਤੀ ਦਾ ਕਤਲ

**ਗੁਰਦਾਸਪੁਰ:** ਇਥੇ ਇਕ ਪਤਨੀ ਨੇ ਆਪਣੇ ਪਰਵਾਸੀ ਭਾਰਤੀ ਪਤੀ ਦਾ ਕਤਲ ਕਰਵਾ ਦਿੱਤਾ। ਪੁਲਿਸ ਨੇ ਮ੍ਰਿਤਕ ਦੀ ਪਤਨੀ, ਉਸ ਦੇ ਪ੍ਰੇਮੀ ਤੇ ਸੁਪਾਰੀ ਲੈ ਕੇ ਮਾਰਨ ਵਾਲੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਣਯੋਗ ਹੈ ਕਿ 22 ਫਰਵਰੀ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੰਡੇ ਲਾਲੋਵਾਲ ਦੇ ਪਰਵਾਸੀ ਭਾਰਤੀ ਪਰਮਜੀਤ ਸਿੰਘ ਦਾ ਛੁਰੇ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਪੁਲਿਸ ਅਨੁਸਾਰ ਕਤਲ ਉਸ ਦੀ ਵਿਦੇਸ਼ ਰਹਿੰਦੀ ਪਤਨੀ ਵੱਲੋਂ ਆਪਣੇ ਪ੍ਰੇਮੀ ਰਾਹੀਂ ਸੁਪਾਰੀ ਦੇ ਕੇ ਕਰਵਾਇਆ ਗਿਆ ਸੀ। ਪੁਲਿਸ ਨੇ ਇਸ ਮਾਮਲੇ ਵਿਚ ਮ੍ਰਿਤਕ ਦੀ ਪਤਨੀ ਗੁਰਪ੍ਰੀਤ ਕੌਰ, ਉਸ ਦੇ ਪ੍ਰੇਮੀ ਪਵਨ ਕੁਮਾਰ ਪੁੱਤਰ ਰਜਿੰਦਰ ਸਿੰਘ ਵਾਸੀ ਜਲੰਧਰ ਤੋਂ ਇਲਾਵਾ ਬਲਜੀਤ ਸਿੰਘ ਉਰਫ਼ ਸਾਬੀ ਵਾਸੀ ਕਪੂਰਥਲਾ, ਕੁਲਦੀਪ ਸਿੰਘ ਪੁੱਤਰ ਸੰਤ ਰਾਮ ਵਾਸੀ ਦਿੱਲੀ ਤੇ ਲਲਿਤ ਕੁਮਾਰ ਉਰਫ਼ ਸੋਨੂੰ ਵਾਸੀ ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੁਲਜ਼ਮ ਪਵਨ ਕੁਮਾਰ ਨੇ ਮੁੱਢਲੀ ਪੁੱਛਗਿੱਛ ਵਿਚ ਦੱਸਿਆ ਹੈ ਕਿ ਉਸ ਦੀ ਜਾਣ-ਪਛਾਣ ਮ੍ਰਿਤਕ ਪਰਮਜੀਤ ਸਿੰਘ ਦੀ ਪਤਨੀ ਗੁਰਪ੍ਰੀਤ ਕੌਰ ਨਾਲ ਤਕਰੀਬਨ ਇਕ ਸਾਲ ਪਹਿਲਾਂ ਕੰਪਿਊਟਰ ਚੈਟਿੰਗ ਰਾਹੀਂ ਹੋਈ।

ਜਨਵਰੀ 2011 ਵਿਚ ਜਦੋਂ ਗੁਰਪ੍ਰੀਤ ਕੌਰ ਅਮਰੀਕਾ ਤੋਂ ਭਾਰਤ ਆਈ ਤਾਂ ਪਹਿਲੀ ਵਾਰ ਪਵਨ ਕੁਮਾਰ ਨੂੰ ਭੋਗਪੁਰ ਬਾਜ਼ਾਰ ਵਿਚ ਮਿਲੀ ਤੇ ਉਸ ਤੋਂ ਬਾਅਦ ਲਗਾਤਾਰ ਉਸ ਨੂੰ ਫ਼ੋਨ ਕਰਦੀ ਰਹੀ। ਗੁਰਪ੍ਰੀਤ ਕੌਰ ਨੇ ਪਵਨ ਕੁਮਾਰ ਨੂੰ ਕਿਹਾ ਕਿ ਉਸ ਦਾ ਪਤੀ ਉਸ ਨੂੰ ਅਕਸਰ ਮਾਰਦਾ ਕੁੱਟਦਾ ਰਹਿੰਦਾ ਹੈ ਤੇ ਜੇਕਰ ਉਹ ਉਸ ਨੂੰ ਖ਼ਤਮ ਕਰ ਦੇਵੇ ਤਾਂ ਉਹ ਉਸ ਨੂੰ ਕੋਈ ਵੀ ਕੀਮਤ ਦੇਣ ਨੂੰ ਤਿਆਰ ਹੈ ਤੇ ਇਸ ਦੇ ਬਦਲੇ ਉਹ ਉਸ ਨੂੰ ਅਮਰੀਕਾ ਲੈ ਜਾਣ ਵਿਚ ਵੀ ਮਦਦ ਕਰੇਗੀ।

ਉਨ੍ਹਾਂ ਦੱਸਿਆ ਕਿ ਪਵਨ ਕੁਮਾਰ ਜੋ ਪਹਿਲਾਂ ਵੀ ਕੁਝ ਸਮਾਂ ਇੰਗਲੈਂਡ ਵਿਚ ਰਹਿ ਕੇ ਆਇਆ ਸੀ ਤੇ ਉਸ ਨੇ ਇਸ ਕੰਮ ਨੂੰ ਅੰਜਾਮ ਦੇਣ ਲਈ ਗੁਰਪ੍ਰੀਤ ਕੋਲੋਂ ਢਾਈ ਲੱਖ ਰੁਪਏ ਦੀ ਮੰਗ ਕੀਤੀ ਤੇ ਆਪਣੇ ਸਾਥੀਆਂ ਨੂੰ ਇਸ ਕੰਮ ਲਈ ਰਾਜ਼ੀ ਕਰ ਲਿਆ।

## ਸਾਬਕਾ ਚੀਫ਼ ਜਸਟਿਸ ਦੇ ਤਿੰਨ ਰਿਸ਼ਤੇਦਾਰਾਂ ਕੋਲ ਕਾਲਾ ਧਨ

**ਕੋਚੀ:** ਆਮਦਨ ਕਰ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੇ ਰਿਸ਼ਤੇਦਾਰਾਂ ਖ਼ਿਲਾਫ਼ ਵੱਡੀ ਪੱਧਰ 'ਤੇ ਧਨ ਦੌਲਤ ਇਕੱਠੀ ਕਰਨ ਦੇ ਦੋਸ਼ਾਂ ਦੀ ਜਾਂਚ ਕਰਦਿਆਂ ਤਿੰਨਾਂ ਕੋਲ ਕਾਲਾ ਧਨ ਹੋਣ ਦਾ ਪਤਾ ਲਾਇਆ ਹੈ। ਕੋਚੀ 'ਚ ਆਮਦਨ ਕਰ ਵਿਭਾਗ ਦੇ ਡਾਇਰੈਕਟਰ ਜਨਰਲ ਈ. ਟੀ. ਲੁਕੋਸੇ ਨੇ ਦੱਸਿਆ ਕਿ ਜਿਥੋਂ ਤੱਕ ਜਸਟਿਸ ਬਾਲਾਕ੍ਰਿਸ਼ਨਨ ਦਾ ਸਬੰਧ ਹੈ, ਉਸ ਬਾਰੇ ਤਾਂ ਉਹ ਕੁਝ ਨਹੀਂ ਕਹਿ ਸਕਦੇ ਪਰ ਉਨ੍ਹਾਂ ਦੇ ਰਿਸ਼ਤੇਦਾਰਾਂ ਜਿਨ੍ਹਾਂ ਵਿਚ ਜਸਟਿਸ ਬਾਲਾਕ੍ਰਿਸ਼ਨਨ ਦੇ ਦੋ ਦਾਮਦ ਤੇ ਭਰਾ ਸ਼ਾਮਲ ਹਨ, ਕੋਲੋਂ ਕਾਲਾ ਧਨ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਜਸਟਿਸ ਬਾਲਾਕ੍ਰਿਸ਼ਨਨ ਦੇ ਦੋ ਦਾਮਦਾਂ ਪੀ.ਵੀ. ਸਰੀਨਜਨ ਤੇ ਐਮ.ਜੇ. ਬੈਨੀ (ਦੋਵੇਂ ਵਕੀਲ) ਤੇ ਭਰਾ ਕੇ.ਜੀ. ਭਾਸਕਰਨ (ਸਾਬਕਾ ਵਿਸ਼ੇਸ਼ ਸਰਕਾਰੀ ਵਕੀਲ) ਕੋਲੋਂ ਕਾਲਾ ਧਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਗੱਲ ਦੀ ਜਾਂਚ ਕਰ ਰਹੇ ਹਾਂ ਕਿ ਉਨ੍ਹਾਂ ਕੋਲ ਕਾਲਾ ਧਨ ਕਿਥੋਂ ਆਇਆ। ਉਨ੍ਹਾਂ ਇਹ ਦੱਸਣ ਤੋਂ ਇਕਾਰ ਕਰ ਦਿੱਤਾ ਕਿ ਕਿੰਨਾ ਕਾਲਾ ਧਨ ਮਿਲਿਆ ਹੈ। ਜਸਟਿਸ ਬਾਲਾਕ੍ਰਿਸ਼ਨਨ ਮੌਜੂਦਾ ਸਮੇਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਹਨ।

# ਕੰਪਿਊਟਰ ਦੇ ਸ਼ੌਕੀਨ ਮਾਨਸਿਕ ਬਿਮਾਰੀਆਂ 'ਚ ਘਿਰੇ

**ਕੋਲਕਤਾ:** ਅੱਜ ਦਾ ਨੌਜਵਾਨ ਭਾਵੇਂ ਆਪਣਾ ਜ਼ਿਆਦਾ ਸਮਾਂ ਕੰਪਿਊਟਰ ਅੱਗੇ ਬੈਠ ਕੇ ਬਿਤਾਉਣ ਨੂੰ ਪਹਿਲ ਦਿੰਦਾ ਹੈ ਪਰ ਘੰਟਿਆਂਬੱਧੀ ਕੰਪਿਊਟਰ ਉੱਤੇ ਬੈਠੀ ਰਹਿਣ ਦੀ ਸ਼ੌਕੀਨ ਦੇਸ਼ ਦੀ ਇਹ ਪੀੜ੍ਹੀ ਤੇਜ਼ੀ ਨਾਲ ਮਾਨਸਿਕ ਬਿਮਾਰੀਆਂ ਤੇ ਜ਼ੋਰਦਾਰ ਸਿਰਦਰਦ ਦਾ ਸ਼ਿਕਾਰ ਹੁੰਦੀ ਜਾ ਰਹੀ ਹੈ। ਸਿਰ ਦੀਆਂ ਬਿਮਾਰੀਆਂ ਦੇ ਮਾਹਿਰਾਂ ਨੇ ਇਸ ਦਾ ਕਾਰਨ ਲਗਾਤਾਰ ਅੱਖਾਂ ਗੱਡ ਕੇ ਕੰਪਿਊਟਰ ਉੱਤੇ ਬੈਠੇ ਰਹਿਣ ਕਾਰਨ ਅੱਖਾਂ ਤੇ ਦਿਮਾਗ ਉੱਤੇ ਪੈਣ ਵਾਲੇ ਦਬਾਅ ਨੂੰ ਦੱਸਿਆ ਹੈ।

ਫੋਰਟਿਸ ਹਸਪਤਾਲ ਦੇ ਨਿਊਰੋਲੋਜਿਸਟਾਂ ਦਾ ਕਹਿਣਾ ਹੈ ਕਿ "ਕੰਪਿਊਟਰਾਂ, ਲੈਪਟਾਪਸ, ਵੀਡੀਓ ਗੇਮਾਂ ਤੇ ਹੋਰ ਬਿਜਲਈ ਉਪਕਰਨਾਂ ਦੀ ਵੱਡੇ ਪੱਧਰ 'ਤੇ ਵਰਤੋਂ ਕਾਰਨ ਭਾਰਤ ਦੇ ਮੁੱਖ ਸ਼ਹਿਰਾਂ ਦੀ ਨੌਜਵਾਨ ਪੀੜ੍ਹੀ ਜ਼ੋਰਦਾਰ ਸਿਰਦਰਦ ਦੀ ਸ਼ਿਕਾਰ ਹੁੰਦੀ ਜਾ ਰਹੀ ਹੈ।" ਉਨ੍ਹਾਂ ਕਿਹਾ ਕਿ ਇਸ ਬਾਰੇ ਹਾਲਾਂ ਕਿ ਕੋਈ ਬਾਕਾਇਦਾ



ਅਧਿਐਨ ਤਾਂ ਨਹੀਂ ਕੀਤਾ ਗਿਆ ਪਰ ਆਲਮੀ ਪੱਧਰ ਉੱਤੇ ਸਿਰਦਰਦ ਦੀ ਸਮੱਸਿਆ ਤਕਰੀਬਨ 47 ਫੀਸਦੀ ਲੋਕਾਂ ਵਿਚ ਪਾਈ ਜਾਂਦੀ ਹੈ ਤੇ ਭਾਰਤ ਵਿਚ ਵੀ ਤਕਰੀਬਨ ਇਹੋ ਹਾਲਤ ਹੈ।

ਉਨ੍ਹਾਂ ਕਿਹਾ ਕਿ "ਇਸ 'ਚੋਂ ਸਿਰਦਰਦ ਦੀ ਤਣਾਅ ਵਾਲੀ ਕਿਸਮ ਸਭ ਤੋਂ ਵੱਧ ਪਾਈ ਜਾਂਦੀ ਹੈ ਤੇ ਇਸ ਤੋਂ ਬਾਅਦ ਮਾਈਗਰੇਨ ਕਾਰਨ ਹੋਣ ਵਾਲਾ ਸਿਰਦਰਦ ਦੂਜੀ ਵੱਡੀ ਸਮੱਸਿਆ ਹੈ। ਫੋਰਟਿਸ ਹਸਪਤਾਲ ਨੇ ਖ਼ਾਸਕਰ ਸਿਰਦਰਦ ਦੇ ਅਸਰਦਾਰ ਇਲਾਜ ਬਾਰੇ ਕੇਂਦਰ ਖੋਲ੍ਹਿਆ ਹੈ। ਸਿਰ ਦੀਆਂ ਬਿਮਾਰੀਆਂ ਦੇ ਮਾਹਰ ਅਮਿਤ ਹਲਦਰ ਨੇ ਕਿਹਾ ਕਿ ਸਿਰ ਦਰਦ ਤੋਂ ਇਲਾਵਾ ਲਗਾਤਾਰ ਬੁਖ਼ਾਰ ਰਹਿਣ ਤੇ ਵਜ਼ਨ ਘਟਣ ਦੀ ਸੂਰਤ ਵਿਚ ਤੁਰੰਤ ਡਾਕਟਰ ਦੀ ਸਲਾਹ ਲਈ ਜਾਣੀ ਚਾਹੀਦੀ ਹੈ ਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

***"Call for a review of any of your insurance policies or to get a quote"***
***Totally Free and No Obligation to buy from us!!***



**Satwant Singh**
**Insurance Agent**
**License # OH11256**

***Auto *Home *Life *Business**
***Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-573-3829**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD®
**Millennium**

**Fax: 209-836-0706**
**www.gotracy.com**

**Gurbans Gill 209-815-1869**



# 24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*

# ਬੇਕਰਜ਼ਫੀਲਡ ਤੇ ਰੀਨੋ 'ਚ ਪੰਜਾਬੀ ਰੇਡੀਓ ਸ਼ੁਰੂ

**ਰੇਡੀਓ ਲੈਣ ਲਈ ਕਾਲ ਕਰੋ**
**408.722.7698**

**ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35**

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖ਼ਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : **ਦੇਸੋਂ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE **www.punjabiradiousa.com**
**Email: info@punjabiradiousa.com**
**3750 McKee Road, # B, San Jose CA 95127**

# ਪੰਜਾਬ:ਕੁੜੀਆਂ ਤਾਂ ਕੁੜੀਆਂ ਨੇ, ਕੁੜੀਆਂ ਦਾ ਕੀ ਏ?

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਭਾਵੇਂ ਲੜਕੀਆਂ ਨੂੰ ਸਮਾਜ 'ਚ ਉੱਚ ਦਰਜਾ ਦਵਾਉਣ ਲਈ ਅਨੇਕਾ ਪ੍ਰੋਗਰਾਮ ਚਲਾਉਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਇਨ੍ਹਾਂ ਵੱਡੇ-ਵੱਡੇ ਵਾਅਦਿਆਂ ਦੇ ਬਾਵਜੂਦ ਪੰਜਾਬ 'ਚ ਲੜਕੀਆਂ ਦੀ ਹਾਲਤ ਬੜੀ ਮਾੜੀ ਹੈ ਤੇ ਪਿਛਲੇ ਇਕ ਦਹਾਕੇ 'ਚ ਪੰਜਾਬ 'ਚ 700 ਤੋਂ ਵੱਧ ਲੜਕੀਆਂ ਲਾਪਤਾ ਹੋਈਆਂ ਹਨ ਤੇ ਸਬੰਧਤ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਲੱਭਣ ਦੇ ਕੋਈ ਯਤਨ ਨਹੀਂ ਕੀਤੇ ਜਾ ਰਹੇ। ਜਦੋਂ ਦੇਸ਼ 'ਚ ਦੇਹ ਵਪਾਰ ਤੇ ਮਾਨਵੀ ਤਸਕਰੀ ਵਧ ਰਹੀ ਹੈ ਤਾਂ ਅਜਿਹੀਆਂ ਰਿਪੋਰਟਾਂ ਹੋਰ ਵੀ ਖ਼ੌਫਨਾਕ ਹਨ।

ਸੁਸਾਇਟੀ ਫਾਰ ਵੈਲਫੇਅਰ ਐਂਡ ਅਵੇਅਰਨੈਸ ਪਟਿਆਲਾ ਦੇ ਪ੍ਰਧਾਨ ਕਰਮਜੀਤ ਸਿੰਘ ਜਟਾਣਾ ਵੱਲੋਂ ਪਾਈ ਆਰ.ਟੀ.ਆਈ. ਦੇ ਜੁਆਬ 'ਚ ਪੰਜਾਬ ਪੁਲਿਸ ਦੀ ਅਪਰਾਧ ਸ਼ਾਖਾ ਨੇ ਮੰਨਿਆ ਹੈ ਕਿ ਪਹਿਲੀ ਜਨਵਰੀ, 1999 ਤੋਂ 31 ਜਨਵਰੀ, 2010 ਤੱਕ ਪੰਜਾਬ 'ਚੋਂ 700 ਤੋਂ ਵੱਧ ਲੜਕੀਆਂ ਲਾਪਤਾ ਹੋ ਚੁੱਕੀਆਂ ਹਨ। ਪੰਜਾਬ ਦੇ 23 ਜ਼ਿਲ੍ਹਿਆਂ ਦੀ ਪੁਲਿਸ ਤੇ ਸਰਕਾਰੀ ਰੇਲਵੇ ਪੁਲਿਸ ਵਿਭਾਗ ਤੋਂ ਮਿਲੇ ਰਿਕਾਰਡ ਮੁਤਾਬਕ 781 ਲੜਕੀਆਂ ਲਾਪਤਾ ਹੋਈਆਂ ਹਨ।

ਗਿਣਤੀ ਪੱਖੋਂ ਜਲੰਧਰ ਸਭ ਤੋਂ ਮਾੜਾ ਸਿੱਧ ਹੁੰਦਾ ਹੈ ਜਿੱਥੋਂ 153 ਲੜਕੀਆਂ ਲਾਪਤਾ ਹੋਈਆਂ। ਰੂਪਨਗਰ 'ਚੋਂ 97, ਲੁਧਿਆਣਾ ਵਿਚੋਂ 96 ਲੜਕੀਆਂ ਗੁੰਮ ਹੋਈਆਂ। ਸ੍ਰੀ ਜਟਾਣਾ ਨੇ ਕਿਹਾ ਕਿ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਇਹ ਸਾਰੇ ਜ਼ਿਲ੍ਹੇ ਇਹ ਫਾਈਲਾਂ ਦੱਬੀ ਬੈਠੇ ਹਨ ਤੇ ਬਹੁਤੇ ਕੇਸਾਂ 'ਚ ਤਾਂ ਹਾਲੇ ਐਫ.ਆਈ.ਆਰ. ਦਰਜ ਹੋਣੀ ਹੈ।ਪੁਲਿਸ ਵਿਭਾਗ ਦੇ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਇਨ੍ਹਾਂ 'ਚੋਂ ਕੁਝ ਲੜਕੀਆਂ

**ਇਕ ਦਹਾਕੇ ਵਿਚ 781 ਪੰਜਾਬੀ ਕੁੜੀਆਂ ਲਾਪਤਾ**



ਤਾਂ ਆਪਣੇ ਪ੍ਰੇਮੀਆਂ ਨਾਲ ਚਲੀਆਂ ਗਈਆਂ ਹੋਣਗੀਆਂ, ਇਨ੍ਹਾਂ 'ਚੋਂ ਬਹੁਤੀਆਂ ਨੂੰ ਦੇਹ ਵਪਾਰ 'ਚ ਵੀ ਧੱਕਿਆ ਗਿਆ ਹੋ ਸਕਦਾ ਹੈ।ਲਾਪਤਾ ਬਹੁਤੀਆਂ ਲੜਕੀਆਂ 20 ਸਾਲ ਤੋਂ ਘੱਟ ਉਮਰ ਦੀਆਂ ਹਨ ਜਿਸ ਨਾਲ ਇਹ ਸੰਭਾਵਨਾ ਵੱਧ ਜਾਂਦੀ ਹੈ ਕਿ ਉਨ੍ਹਾਂ ਨੂੰ ਜਾਂ ਤਾਂ ਭਾਰਤ ਵਿਚ ਜਾਂ ਫਿਰ ਵਿਦੇਸ਼ਾਂ 'ਚ ਵੇਸਵਾਗਿਰੀ ਵੱਲ ਵੀ ਧੱਕਿਆ ਗਿਆ ਹੋ ਸਕਦਾ ਹੈ। ਆਰ.ਟੀ.ਆਈ. ਤੋਂ ਇਹ ਵੀ ਪਤਾ ਲੱਗਿਆ ਹੈ ਕਿ ਬਹੁਤੇ ਕੇਸਾਂ 'ਚ ਜ਼ਿਲ੍ਹਾ ਪੁਲਿਸ ਨੇ ਇਸ ਬਾਰੇ ਸੂਬਾ ਪੁਲਿਸ ਹੈੱਡਕੁਆਰਟਰ ਨੂੰ ਤੱਥਾਂ ਬਾਰੇ ਲਿਖ ਕੇ ਪੱਲਾ ਝਾੜ ਲਿਆ ਹੈ ਤੇ ਇਸ ਤੋਂ ਇਲਾਵਾ ਕੇਂਦਰ ਸਰਕਾਰ ਜਾਂ ਹੋਰ ਏਜੰਸੀਆਂ ਤੋਂ ਕੋਈ ਮਦਦ ਨਹੀਂ ਮੰਗੀ। ਇਕ-ਦੋ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਮੰਨਿਆ ਕਿ ਉਨ੍ਹਾਂ ਨੇ ਆਪਣੇ ਜ਼ਿਲ੍ਹਿਆਂ 'ਚੋਂ ਲਾਪਤਾ ਲੜਕੀਆਂ ਦੀ ਭਾਲ ਲਈ ਕੇਂਦਰ ਸਰਕਾਰ ਤੋਂ ਕੋਈ ਮਦਦ ਨਹੀਂ ਲਈ।

ਸਾਹਿਬਜ਼ਾਦਾ ਅਜੀਤ ਸਿੰਘ ਨਗਰ 'ਚੋਂ 66, ਸ਼ਹੀਦ ਭਗਤ ਸਿੰਘ ਨਗਰ 'ਚੋਂ 58 ਤੇ ਫਿਰੋਜ਼ਪੁਰ 'ਚੋਂ 41 ਲੜਕੀਆਂ ਲਾਪਤਾ ਹਨ।ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਪੂਰੇ ਪੰਜਾਬ 'ਚ ਇਕ ਵੀ ਪੁਲਿਸ ਅਧਿਕਾਰੀ ਨੂੰ ਲਾਪ੍ਰਵਾਹੀ ਵਰਤਣ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਤੇ ਕਿਸੇ ਵਿਰੁੱਧ ਵੀ ਕਾਰਵਾਈ ਨਹੀਂ ਕੀਤੀ ਗਈ। ਆਰ.ਟੀ.ਆਈ. ਦੇ ਜੁਆਬ 'ਚ ਸਾਰੇ ਜ਼ਿਲ੍ਹਿਆਂ ਦੀ ਪੁਲਿਸ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ 'ਚ ਕਿਸੇ ਪੁਲਿਸ ਵਾਲੇ ਵਿਰੁੱਧ ਕਾਰਵਾਈ ਨਹੀਂ ਕੀਤੀ ਗਈ। ਪੰਜਾਬ ਪੁਲਿਸ ਮੰਨਦੀ ਹੈ ਕਿ ਅਜਿਹੇ ਕੇਸਾਂ 'ਚ ਕੋਈ ਗਰੋਹ ਸ਼ਾਮਲ ਨਹੀਂ ਹਨ, ਕਿਉਂਕਿ ਲਾਪਤਾ ਲੜਕੀਆਂ ਦੇ ਮਾਮਲਿਆਂ 'ਚ ਕਿਸੇ ਵੀ ਗਰੋਹ ਦੇ ਸ਼ਾਮਲ ਹੋਣ ਦਾ ਖੁਲਾਸਾ ਕਦੇ ਨਹੀਂ ਹੋਇਆ।

# ਪਰਮਿੰਦਰ ਸੈਣੀ ਨੂੰ ਕੈਨੇਡਾ ਵਿਚ ਮੁੜ ਦਾਖਲੇ ਦੀ ਇਜਾਜ਼ਤ ਨਾ ਮਿਲੀ

**ਟੋਰਾਂਟੋ:** 1984 ਵਿਚ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਨ ਵਾਲੇ ਪਰਮਿੰਦਰ ਸਿੰਘ ਸੈਣੀ (47 ਸਾਲ) ਦੇ ਕੈਨੇਡਾ ਵਿਚ ਮੁੜ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ ਹੈ। ਸੈਣੀ ਨੇ 1995 ਵਿਚ ਇਸ ਮੁਲਕ ਅੰਦਰ ਸ਼ਰਨ ਲਈ ਸੀ ਪਰ ਪਿਛਲੇ ਸਾਲ ਉਸ ਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ ਸੀ। ਪਰਮਿੰਦਰ ਸੈਣੀ ਉਨ੍ਹਾਂ ਪੰਜ ਸਿੱਖ ਖਾੜਕੂਆਂ ਦਾ ਆਗੂ ਸੀ ਜਿਹੜੇ 6 ਜੁਲਾਈ 1984 ਨੂੰ ਸ੍ਰੀਨਗਰ-ਦਿੱਲੀ ਫਲਾਈਟ ਨੂੰ ਅਗਵਾ ਕਰਕੇ ਲਾਹੌਰ ਲੈ ਗਏ ਸਨ। ਜਹਾਜ਼ 17 ਘੰਟਿਆਂ ਮਗਰੋਂ ਅਗਵਾਕਾਰਾਂ ਨੇ ਉੱਥੇ ਹਥਿਆਰ ਸੁੱਟ ਦਿੱਤੇ। ਲਾਹੌਰ ਹਾਈ ਕੋਰਟ ਵਿਚ ਚੱਲੇ ਮੁਕੱਦਮੇ ਦੌਰਾਨ ਸੈਣੀ ਨੂੰ ਸਜ਼ਾ-ਇ-ਮੌਤ ਸੁਣਾਈ ਗਈ ਪਰ ਮਗਰੋਂ ਇਸ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ। 10 ਸਾਲਾਂ ਬਾਅਦ ਉਹ ਜੇਲ੍ਹ ਵਿਚੋਂ

**ਜਹਾਜ਼ ਅਗਵਾ ਕਰਨਾ ਬਣਿਆ ਅੜਿੱਕਾ**



ਪਰਮਿੰਦਰ ਸੈਣੀ

ਰਿਹਾਅ ਹੋਇਆ ਅਤੇ ਉਸ ਨੂੰ ਪਾਕਿ ਛੱਡਣ ਲਈ ਆਖ ਦਿੱਤਾ ਗਿਆ। ਉਹ 1995 ਵਿਚ ਗੈਰ-ਕਾਨੂੰਨੀ ਢੰਗ ਨਾਲ ਬਲਬੀਰ ਸਿੰਘ ਦੇ ਨਾਂ ਉੱਪਰ ਅਫ਼ਗਾਨ ਪਾਸਪੋਰਟ 'ਤੇ ਕੈਨੇਡਾ ਵਿਚ ਦਾਖਲ ਹੋਇਆ। ਸੈਣੀ ਨੇ ਕਿਹਾ ਕਿ ਉਸ ਨੇ ਝੂਠ ਇਸ ਡਰੋਂ ਬੋਲਿਆ ਕਿ ਕਿਧਰੇ ਉਸ ਨੂੰ ਭਾਰਤ ਨਾ ਭੇਜ ਦਿੱਤਾ ਜਾਵੇ। ਕੈਨੇਡਾ ਪੁੱਜਣ ਮਗਰੋਂ ਉਸ ਨੇ ਪਹਿਲਾਂ ਬੀ.ਏ. ਕੀਤੀ ਅਤੇ ਫਿਰ ਕਾਨੂੰਨ ਦੀ ਡਿਗਰੀ ਲਈ। ਇਸ ਸਮੇਂ ਦੌਰਾਨ ਉਹ ਕੈਨੇਡਾ ਵਿਚ ਰਹਿਣ ਲਈ ਆਪਣਾ ਕੇਸ ਲੜਦਾ ਰਿਹਾ। ਉਸ ਵੱਲੋਂ ਵਕਾਲਤ ਲਈ ਦਿੱਤੀ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ। ਇਸ ਦੌਰਾਨ ਕੈਨੇਡਾ ਅਦਾਲਤ ਨੇ ਕਿਹਾ ਸੀ ਕਿ ਸੈਣੀ ਦੇ ਪਿਛੋਕੜ ਤੋਂ ਸਾਫ ਹੈ ਕਿ ਉਹ ਸਾਫ ਸੁਥਰੇ ਚਰਿੱਤਰ ਦਾ ਮਾਲਕ ਨਹੀਂ। ਇਸ ਮਗਰੋਂ ਉਸ ਨੂੰ ਭਾਰਤ ਭੇਜ ਦਿੱਤਾ ਗਿਆ ਸੀ।

# ਕੈਪਟਨ ਦਾ ਕਰੀਬੀ ਅਰਵਿੰਦ ਖੰਨਾ ਕੁੜਿੱਕੀ 'ਚ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਵਿਦੇਸ਼ੀ ਮੁਦਰਾ ਬਾਰੇ ਕਾਨੂੰਨ ਦੀ ਉਲੰਘਣ ਦੇ ਮਾਮਲੇ 'ਚ ਚਾਰ ਸਾਲ ਦੀ ਜਾਂਚ ਪਿੱਛੋਂ ਪੰਜਾਬ ਦੇ ਸਾਬਕਾ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਖ਼ਿਲਾਫ਼ ਇਥੋਂ ਦੀ ਅਦਾਲਤ 'ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ ਜੋ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਨਟਵਰ ਸਿੰਘ ਦੇ ਰਿਸ਼ਤੇਦਾਰ ਹਨ। ਉਨ੍ਹਾਂ 'ਤੇ ਬਿਨਾਂ ਇਜਾਜ਼ਤ ਵਿਦੇਸ਼ਾਂ ਤੋਂ ਤਕਰੀਬਨ 15 ਲੱਖ ਡਾਲਰ ਦੀ ਰਕਮ ਲੈਣ ਦਾ ਦੋਸ਼ ਹੈ।

ਸੂਤਰਾਂ ਅਨੁਸਾਰ ਸੀ.ਬੀ.ਆਈ. ਵੱਲੋਂ ਇਥੇ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਦੀ ਅਦਾਲਤ ਵਿਚ ਸ੍ਰੀ ਖੰਨਾ ਖ਼ਿਲਾਫ਼ ਫਰਦ ਜੁਰਮ ਦਾਖਲ ਕੀਤਾ। ਸੰਗਰੂਰ ਤੋਂ ਵਿਧਾਇਕ ਰਹੇ ਸ੍ਰੀ ਖੰਨਾ ਖ਼ਿਲਾਫ਼ ਇਹ ਚਾਰਜਸ਼ੀਟ ਵਿਦੇਸ਼ੀ ਮੁਦਰਾ ਨੇਮਬੰਦੀ ਐਕਟ (ਐਫ.ਸੀ.ਆਰ.ਏ.) 1976 ਤਹਿਤ ਦਾਖਲ ਕੀਤੀ ਗਈ ਹੈ। ਉਨ੍ਹਾਂ ਖ਼ਿਲਾਫ਼ ਇਹ ਕੇਸ 2007 ਵਿਚ ਦਰਜ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਉਤੇ ਵਿਦੇਸ਼ੀ ਸਾਧਨਾਂ ਤੋਂ ਨਵੀਂ ਦਿੱਲੀ ਆਧਾਰਤ ਆਪਣੇ ਬੱਚਤ ਖਾਤੇ ਵਿਚ ਇਹ ਰਕਮਾਂ ਮੰਗਵਾਉਣ ਦਾ ਦੋਸ਼ ਹੈ।



ਅਰਵਿੰਦ ਖੰਨਾ

ਉਨ੍ਹਾਂ ਨੇ ਬਰਤਾਨੀਆ ਆਧਾਰਤ 9 ਕੰਪਨੀਆਂ ਤੇ ਟਰੱਸਟਾਂ ਤੋਂ ਇਹ ਰਕਮ ਮੰਗਵਾਈ ਜੋ ਤਕਰੀਬਨ 6.94 ਕਰੋੜ ਰੁਪਏ ਬਣਦੀ ਹੈ। "ਸੀ.ਬੀ.ਆਈ. ਜਾਂਚ ਵਿਚ ਪਤਾ ਲੱਗਿਆ ਹੈ ਕਿ ਮੁਲਜ਼ਮ ਨੇ 2002-07 ਦੌਰਾਨ ਪੰਜਾਬ ਵਿਧਾਨ ਸਭਾ ਦਾ ਮੈਂਬਰ ਹੁੰਦਿਆਂ 1479455.48 ਡਾਲਰ ਦੀ ਵਿਦੇਸ਼ ਰਕਮ ਸਵੀਕਾਰ ਕੀਤੀ ਜੋ 69418880.70 ਪੈਸੇ ਬਣਦੀ ਹੈ ਤੇ ਇਸ ਲਈ ਕੇਂਦਰੀ ਸਰਕਾਰ ਤੋਂ ਕੋਈ ਇਜਾਜ਼ਤ ਨਹੀਂ ਲਈ ਗਈ।" ਉਨ੍ਹਾਂ ਕਿਹਾ ਕਿ ਸ੍ਰੀ ਖੰਨਾ ਨੇ ਇਸ ਬਾਰੇ ਲਗਾਤਾਰ ਕੇਂਦਰ ਸਰਕਾਰ ਨੂੰ ਹਨੇਰੇ ਵਿਚ ਰੱਖਿਆ। ਉਨ੍ਹਾਂ ਦੇ ਪਿਤਾ ਵਿਪਿਨ ਤੇ ਭਰਾ ਅਦਿਤਿਆ ਵੀ ਇਰਾਕ ਦੇ ਅੰਨ ਲਈ ਤੇਲ ਘਪਲੇ ਬਾਰੇ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਨਜ਼ਰ ਹੇਠ ਹਨ।

ਉਧਰ ਸ੍ਰੀ ਅਰਵਿੰਦ ਖੰਨਾ ਨੇ ਕੇਂਦਰੀ ਜਾਂਚ ਬਿਊਰੋ ਵੱਲੋਂ ਉਨ੍ਹਾਂ 'ਤੇ ਵਿਦੇਸ਼ੀ ਸਾਧਨਾਂ ਕੋਲੋਂ ਹਿੱਸਾ ਲੈਣ ਦੇ ਲਗਾਏ ਗਏ ਦੋਸ਼ਾਂ 'ਤੇ ਸਾਫ਼ ਕੀਤਾ ਹੈ ਕਿ ਅਸਲ 'ਚ ਇਹ ਪੈਸਾ ਉਨ੍ਹਾਂ ਦੇ ਪਿਤਾ ਵੱਲੋਂ ਭੇਜਿਆ ਗਿਆ ਸੀ ਜਿਹੜੇ ਐਨ.ਆਰ.ਆਈ. ਹਨ ਤੇ ਇਹ ਸਾਰਾ ਲੈਣ-ਦੇਣ ਪੂਰੀ ਤਰ੍ਹਾਂ ਪਾਰਦਰਸ਼ਤਾ ਤਹਿਤ ਹੋਇਆ ਹੈ। ਸ੍ਰੀ ਖੰਨਾ ਨੇ ਸਾਫ਼ ਕੀਤਾ ਕਿ ਇਹ ਮਾਮਲਾ ਹਾਲੇ ਵਿਚਾਰ ਅਧੀਨ ਹੈ, ਇਸ ਕਰਕੇ ਉਹ ਇਸ ਬਾਰੇ ਜ਼ਿਆਦਾ ਵੇਰਵਾ ਨਹੀਂ ਦੇ ਸਕਦੇ।

# ਹਵਾਰਾ ਤੇ ਭਿਉਰਾ ਦੀ ਪੇਸ਼ੀ ਮੌਕੇ ਹੰਗਾਮਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ



ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ

ਸਿੰਘ ਕਤਲ ਕਾਂਡ ਵਿਚ ਉਮਰ ਕੈਦ ਦੀ ਸਜ਼ਾ ਭੋਗ ਰਹੇ ਬੱਬਰ ਖ਼ਾਲਸਾ ਦੇ ਆਗੂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਦੀ 25 ਫ਼ਰਵਰੀ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ੀ ਮੌਕੇ ਅਦਾਲਤ ਦੇ ਬਾਹਰ ਵੱਡਾ ਹੰਗਾਮਾ ਹੋ ਗਿਆ। ਪੇਸ਼ੀ ਤੋਂ ਬਾਅਦ ਹਵਾਰਾ ਤੇ ਭਿਉਰਾ ਨੂੰ ਦਿੱਲੀ ਰਵਾਨਾ ਕਰਨ ਵੇਲੇ ਐਂਟੀ ਟੈਰੋਰਿਸਟ ਫਰੰਟ ਇੰਡੀਆ ਦੇ ਪ੍ਰਧਾਨ ਵਿਰੇਸ਼ ਸ਼ਾਂਡੀਲਿਆ ਤੇ ਹੋਰਾਂ ਨੇ ਸੈਕਟਰ-17 ਦੇ ਥਾਣੇ ਸਾਹਮਣੇ ਬੱਬਰ ਖ਼ਾਲਸਾ ਤੇ ਹਵਾਰਾ ਤੋਂ ਇਲਾਵਾ ਖ਼ਾਲਿਸਤਾਨ ਮੁਰਦਾਬਾਦ ਦੇ ਨਾਅਰੇ ਲਗਾਏ। ਦੂਜੇ ਪਾਸੇ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਹਵਾਰਾ ਨੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਹਵਾਰਾ ਨੂੰ ਸ਼ੱਕ ਸੀ ਕਿ ਇਹ ਕਾਰਕੁਨ ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਕੌਮੀ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੇ ਭੇਜੇ ਹਨ।

ਇਸ ਖ਼ਦਸ਼ੇ ਨੂੰ ਲੈ ਕੇ ਹਵਾਰਾ ਨੇ ਮਨਿੰਦਰਜੀਤ ਸਿੰਘ ਬਿੱਟਾ ਨੂੰ ਸਾਈਕਲ ਚੋਰ ਤੱਕ ਵੀ ਕਹਿ ਦਿੱਤਾ। ਅਜਿਹੇ ਸਮੇਂ ਹਾਲਾਤ ਤਣਾਅਪੂਰਨ ਬਣ ਗਏ ਤੇ ਪੁਲਿਸ ਨੇ ਸ਼ਾਂਡੀਲਿਆ ਤੇ ਉਨ੍ਹਾਂ ਦੇ ਸਾਥੀਆਂ ਨੂੰ ਹਿਰਾਸਤ ਵਿਚ ਲੈ ਲਿਆ। ਹਵਾਰਾ ਨੂੰ ਦਿੱਲੀ ਪੁਲਿਸ ਨੇ ਕਾਫ਼ੀ ਮੁਸ਼ੱਕਤ ਨਾਲ ਗੱਡੀ ਵਿਚ ਬਿਠਾਇਆ ਤੇ ਅਫਰਾ-ਦਫਰੀ ਵਿਚ ਗੱਡੀਆਂ ਸੁਰੱਖਿਆ ਪ੍ਰਬੰਧਾਂ ਹੇਠ ਉਥੋਂ ਭਜਾ ਲਈਆਂ ਗਈਆਂ। ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਕੱਤਰ ਜਨਰਲ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪ੍ਰਸ਼ਾਸਨ ਦੀ ਚਾਲ ਹੈ। ਜਾਣਬੁੱਝ ਕੇ ਫਰੰਟ ਦੇ ਕਾਰਕੁਨਾਂ ਨੂੰ ਬੁਲਾਇਆ ਗਿਆ ਹੈ ਤਾਂ ਕਿ ਮਾਹੌਲ ਤਣਾਅਪੂਰਨ ਬਣ ਜਾਵੇ ਤੇ ਪ੍ਰਸ਼ਾਸਨ ਨੂੰ ਬਹਾਨਾ ਮਿਲ ਜਾਵੇ ਕਿ ਹਵਾਰਾ ਨੂੰ ਜੇਲ੍ਹ ਤੋਂ ਬਾਹਰ ਲਿਆਉਣਾ ਠੀਕ ਨਹੀਂ ਹੈ।

ਉਨ੍ਹਾਂ ਕਿਹਾ ਕਿ ਜੇ ਇਹ ਫਰੰਟ ਦਾ ਆਪਣਾ ਕਾਰਨਾਮਾ ਹੈ ਤੇ ਉਹ ਅਗਲੀਆਂ ਪੇਸ਼ੀਆਂ 'ਤੇ ਵੀ ਅਜਿਹੀ ਹਰਕਤ ਕਰਦਾ ਹੈ ਤਾਂ ਪੰਚ ਪ੍ਰਧਾਨੀ ਪੰਥਕ ਸਮਰਥਕਾਂ ਨੂੰ ਅਪੀਲ ਕਰਨਗੇ ਕਿ ਜੇਲ੍ਹਾਂ ਵਿਚ ਬੰਦ ਹਵਾਰਾ ਜਿਹੇ ਕੈਦੀਆਂ ਦੀਆਂ ਪੇਸ਼ੀਆਂ ਦੌਰਾਨ ਪੁੱਜਣ ਤੇ ਫਰੰਟ ਜਿਹੀਆਂ ਸਰਗਰਮੀਆਂ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇ।

# ਪੰਜਾਬ ਲਈ 11,400 ਕਰੋੜ ਦੀ ਯੋਜਨਾ ਮਨਜ਼ੂਰ

**ਨਵੀਂ ਦਿੱਲੀ:** ਕੌਮੀ ਯੋਜਨਾ ਕਮਿਸ਼ਨ ਨੇ ਪੰਜਾਬ ਲਈ 2011-12 ਦੇ ਮਾਲੀ ਸਾਲ ਲਈ 11,400 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਬੇ ਦੀ ਖਜ਼ਾਨਾ ਮੰਤਰੀ ਉਪਿੰਦਰਜੀਤ ਕੌਰ, ਮੁੱਖ ਸਕੱਤਰ ਐਸ. ਸੀ. ਅਗਰਵਾਲ, ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਅਤੇ ਵਿੱਤ ਕਮਿਸ਼ਨਰ (ਖ਼ਜ਼ਾਨਾ) ਕੇ.ਬੀ.ਐਸ. ਸਿੱਧੂ ਤੋਂ ਇਲਾਵਾ ਵਿਭਾਗਾਂ ਦੇ ਸੀਨੀਅਰ ਪ੍ਰਮੁੱਖ ਸਕੱਤਰਾਂ ਵੱਲੋਂ ਦਿੱਲੀ ਵਿਖੇ ਹੋਈ ਮੀਟਿੰਗ ਵਿਚ ਇਹ ਫੈਸਲਾ ਹੋਇਆ। ਇਸ ਮੀਟਿੰਗ ਦੀ ਪ੍ਰਧਾਨਗੀ ਕੌਮੀ ਯੋਜਨਾ ਕਮਿਸ਼ਨ ਦੇ ਮੈਂਬਰ ਅਤੇ ਪੰਜਾਬ ਲਈ ਇੰਚਾਰਜ ਪ੍ਰੋਫੈਸਰ ਅਭੀਜੀਤ ਸੈਨ ਨੇ ਕੀਤੀ। ਇਨ੍ਹਾਂ ਸਾਰਿਆਂ ਨੇ ਸਾਲਾਨਾ ਯੋਜਨਾ ਬਾਰੇ ਦੋ ਦਿਨ ਵਿਚਾਰਾਂ ਕੀਤੀਆਂ ਅਤੇ ਸਾਲਾਨਾ ਯੋਜਨਾ ਨੂੰ ਮਨਜ਼ੂਰੀ ਦਿੱਤੀ।

ਚਾਲੂ ਮਾਲੀ ਸਾਲ ਦੀ ਯੋਜਨਾ 9,150 ਕਰੋੜ ਰੁਪਏ ਹੈ। ਜ਼ਾਹਿਰ ਹੈ ਕਿ ਅਗਲੇ ਸਾਲ ਲਈ ਯੋਜਨਾ ਵਿਚ 20 ਫ਼ੀਸਦੀ ਵਾਧਾ ਹੋਇਆ ਹੈ। ਇਸ ਯੋਜਨਾ ਦੇ ਵੱਖ-ਵੱਖ ਪੱਖ ਕਿਉਂਕਿ ਬਜਟ ਬਾਰੇ ਭਾਸ਼ਣ ਦਾ ਹਿੱਸਾ ਹੁੰਦੇ ਹਨ, ਇਸ ਲਈ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਤੋਂ ਪਹਿਲਾਂ ਪਹਿਲਾਂ ਇਸ ਬਾਰੇ ਮਨਜ਼ੂਰੀ ਲੈਣੀ ਜ਼ਰੂਰੀ ਸੀ। ਆਮ ਤੌਰ 'ਤੇ ਯੋਜਨਾ ਨੂੰ ਮਨਜ਼ੂਰੀ ਸੂਬੇ ਦੇ ਮੁੱਖ ਮੰਤਰੀ ਅਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਵਿਚਕਾਰ ਮੀਟਿੰਗ ਦੌਰਾਨ ਮਨਜ਼ੂਰੀ ਦਿੱਤੀ ਜਾਂਦੀ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਮਰੀਕਾ ਗਏ ਹੋਣ ਕਰਕੇ ਉਹ ਮੀਟਿੰਗ ਵਿਚ ਸ਼ਿਰਕਤ ਨਹੀਂ ਸਨ ਕਰ ਸਕਦੇ। ਮਿਲੀ ਜਾਣਕਾਰੀ ਮੁਤਾਬਕ ਰਸਮੀ ਕਾਰਵਾਈ ਪੂਰੀ ਕਰਨ ਹਿਤ ਮੁੱਖ ਮੰਤਰੀ ਅਤੇ ਡਿਪਟੀ ਚੇਅਰਮੈਨ ਵਿਚਕਾਰ ਮੀਟਿੰਗ ਅਪਰੈਲ ਵਿਚ ਕੀਤੀ ਜਾਵੇਗੀ।




ਪ੍ਰਿੰਸੀਪਲ ਸਕੱਤਰ ਸਤੀਸ਼ ਚੰਦਰ ਨੇ ਦੱਸਿਆ ਕਿ ਯੋਜਨਾ ਵਿਚ ਵੱਧ ਤਰਜੀਹ ਬਿਜਲੀ ਖੇਤਰ ਨੂੰ ਦਿੱਤੀ ਗਈ ਹੈ। ਬਿਜਲੀ ਪ੍ਰਾਜੈਕਟਾਂ ਲਈ 3300 ਕਰੋੜ ਰੁਪਏ ਰੱਖੇ ਗਏ ਹਨ। ਸੂਬਾ ਸਰਕਾਰ ਵੱਲੋਂ ਕੋਈ 50 ਪ੍ਰਤੀਸ਼ਤ ਸਾਧਨ ਸਰਕਾਰੀ ਖਜ਼ਾਨੇ ਰਾਹੀਂ ਜੁਟਾਏ ਜਾਣ ਦਾ ਭਰੋਸਾ ਦਿੱਤਾ ਗਿਆ। ਬਾਕੀ 50 ਪ੍ਰਤੀਸ਼ਤ ਸਾਧਨ ਪੰਜਾਬ ਮੁੱਢਲਾ ਢਾਂਚਾ ਵਿਕਾਸ ਬੋਰਡ, ਦਿਹਾਤੀ ਵਿਕਾਸ ਫੰਡ ਅਤੇ ਕੁਝ ਇਕ ਦੂਜੇ ਸਰਕਾਰੀ ਜਨਤਕ ਅਦਾਰਿਆਂ ਰਾਹੀਂ ਜੁਟਾਏ ਜਾਣਗੇ। ਇਨ੍ਹਾਂ ਜਨਤਕ ਅਦਾਰਿਆਂ ਵੱਲੋਂ ਆਪਣੇ ਹਿੱਸੇ ਦੀ ਕੁਝ ਪੂੰਜੀ ਆਪਣੇ ਸਾਧਨਾਂ ਰਾਹੀਂ ਲਗਾਈ ਜਾਵੇਗੀ ਅਤੇ ਖੁੱਲ੍ਹੇ ਬਾਜ਼ਾਰ ਵਿਚੋਂ ਕਰਜ਼ੇ ਵੀ ਚੁੱਕੇ ਜਾਣਗੇ। ਸੂਬਾ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਪਹਿਲਾਂ ਆਪਣੀ ਇਸ ਆਖਰੀ ਸਾਲਾਨਾ ਯੋਜਨਾ ਵਿਚ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਗਈ ਹੈ ਅਤੇ ਰਾਜ ਸਰਕਾਰ ਵੱਲੋਂ ਮੁੱਢਲੇ ਢਾਂਚੇ ਦੇ ਵਿਕਾਸ ਸਿਜਾਈ ਸਹੂਲਤਾਂ ਅਤੇ ਬਿਜਲੀ ਵੰਡ ਪ੍ਰਣਾਲੀ ਦੇ ਵਿਕਾਸ ਤੇ ਇਸ ਨੂੰ ਮਜ਼ਬੂਤ ਬਣਾਉਣ ਵੱਲ ਵਿਸ਼ੇਸ਼ ਧਿਆਨ ਦੇਣ ਤੋਂ ਇਲਾਵਾ ਸਰਹੱਦੀ ਖੇਤਰਾਂ ਅਤੇ ਕੰਢੀ ਖੇਤਰ ਦੇ ਵਿਕਾਸ ਨੂੰ ਵੀ ਖਾਸ ਤਰਜੀਹ ਦਿੱਤੀ ਗਈ ਹੈ। ਸੂਬੇ ਵਿਚ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਅਤੇ ਦਿਹਾਤੀ ਖੇਤਰਾਂ ਦੇ ਵਿਕਾਸ ਲਈ ਪਹਿਲੀ ਵਾਰ ਕਾਫੀ ਧਨ ਜੁਟਾਉਣ ਦਾ ਫੈਸਲਾ ਕੀਤਾ ਗਿਆ ਹੈ। ਸੂਬੇ ਦੀ ਖ਼ਜ਼ਾਨਾ ਮੰਤਰੀ ਵੱਲੋਂ ਇਸ ਯੋਜਨਾ ਨੂੰ ਸੂਬੇ ਦੇ ਸਾਲਾਨਾ ਬਜਟ ਨਾਲ ਪੰਜਾਬ ਵਿਧਾਨ ਸਭਾ ਵਿਚ 14 ਮਾਰਚ ਨੂੰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

# ਮਾਨ ਵੱਲੋਂ ਚੰਡੀਗੜ੍ਹ ਨੂੰ ਹੋਰ ਪਾਣੀ ਦੇਣ ਦਾ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੇਂਦਰੀ ਪ੍ਰਦੇਸ਼ ਤੇ ਪੰਜਾਬ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ 'ਚੋਂ ਪਾਣੀ ਦੀ ਮਾਤਰਾ ਵਧਾਉਣ ਦਾ ਨੋਟਿਸ ਲਿਆ ਹੈ।ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਸ ਬਾਰੇ ਪੰਜਾਬ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੂੰ



ਪੱਤਰ ਲਿਖ ਕੇ ਪੰਜਾਬ ਦੇ ਪਾਣੀਆਂ ਦੇ ਕੀਮਤੀ ਸਾਧਨਾਂ ਨੂੰ ਲੁੱਟਣ ਦੀ ਕੀਤੀ ਜਾ ਰਹੀ ਗੈਰਕਾਨੂੰਨੀ ਤੇ ਗੈਰਵਿਧਾਨਿਕ ਕਾਰਵਾਈ ਵਿਰੁੱਧ ਪੰਜਾਬ ਸਰਕਾਰ ਨੂੰ ਦ੍ਰਿੜਤਾ ਤੇ ਇਮਾਨਦਾਰੀ ਨਾਲ ਸਟੈਂਡ ਲੈ ਕੇ ਇਸ ਨੂੰ ਤੁਰੰਤ ਰੋਕਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਕਿਹਾ ਹੈ।

ਸ. ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਭਾਖੜਾ ਨਹਿਰ 'ਚੋਂ ਦੋ ਹੋਰ ਪਾਈਪ ਲਾਈਨਾਂ ਵਿਛਾ ਕੇ ਚੰਡੀਗੜ੍ਹ ਨੂੰ ਚਾਰ ਕਰੋੜ ਗੈਲਨ ਪਾਣੀ ਦੇਣਾ ਮੰਨ ਗਈ ਹੈ ਜੋ ਪੰਜਾਬ ਨਾਲ ਸਿੱਧਾ ਧੱਕਾ ਹੈ। ਉਨ੍ਹਾਂ ਕਿਹਾ ਕਿ ਜਿਸ ਸਮੇਂ ਚੰਡੀਗੜ੍ਹ ਵਸਾਇਆ ਗਿਆ ਸੀ, ਉਦੋਂ ਇਸ ਸ਼ਹਿਰ ਦੀ ਆਬਾਦੀ ਵੱਧ ਤੋਂ ਵੱਧ ਪੰਜ ਲੱਖ ਮੰਨ ਕੇ ਟਿਊਬਵੈਲਾਂ ਰਾਹੀਂ ਪਾਣੀ ਦੀ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਭਾਖੜਾ ਨਹਿਰ 'ਚੋਂ ਕਦੀ ਪਾਣੀ ਨਹੀਂ ਲਿਆ ਜਾਵੇਗਾ।

# ਬਜਟ 2011: ਸਰਕਾਰ ਦੀ ਲੋਕਾਂ ਨੂੰ ਖੁਸ਼ ਕਰਨ ਦੀ ਨਾਕਾਮ ਕੋਸ਼ਿਸ਼

ਖੁਸ਼ ਹਨ ਤੇ ਉਨ੍ਹਾਂ ਖਪਤਕਾਰਾਂ ਨੂੰ ਖਾਦਾਂ, ਐਲ.ਪੀ.ਜੀ. ਤੇ ਮਿੱਟੀ ਦੇ ਤੇਲ 'ਤੇ ਸਿੱਧੀ ਨਗਦ ਸਬਸਿਡੀ ਨੂੰ ਕ੍ਰਾਂਤੀਕਾਰੀ ਕਦਮ ਕਰਾਰ ਦਿੱਤਾ।

ਵਿੱਤੀ ਵਰ੍ਹੇ 2011-12 ਲਈ ਸਮੁੱਚਾ ਬਜਟ 12,57,729 ਕਰੋੜ ਰੁਪਏ ਦਾ ਪੇਸ਼ ਕੀਤਾ ਗਿਆ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 13.4 ਫ਼ੀਸਦੀ ਜ਼ਿਆਦਾ ਹੈ। ਇਸੇ ਤਰ੍ਹਾਂ ਵਿਕਾਸ ਦਰ ਦਾ ਟੀਚਾ 8.75 ਤੋਂ 9.25 ਫ਼ੀਸਦੀ ਦਾ ਰੱਖਿਆ ਗਿਆ ਹੈ। ਆਮਦਨ ਕਰ ਛੋਟ ਦਾ ਘੇਰਾ 1,60,000 ਰੁਪਏ ਤੋਂ ਵਧਾ ਕੇ 1,80,000 ਰੁਪਏ ਕਰ ਦਿੱਤਾ ਗਿਆ ਹੈ ਜਿਸ ਨਾਲ ਤਨਖਾਹਦਾਰ ਮੁਲਾਜ਼ਮਾਂ ਨੂੰ ਕੁਝ ਰਾਹਤ ਮਿਲੇਗੀ। ਇਸੇ ਤਰ੍ਹਾਂ ਬੁਢਾਪਾ ਪੈਨਸ਼ਨ ਤੇ ਟੈਕਸ ਰਿਆਇਤਾਂ ਲਈ ਲੋੜੀਂਦੀ ਉਮਰ 65 ਤੋਂ ਘਟਾ ਕੇ 60 ਕਰ ਦਿੱਤੀ ਗਈ ਹੈ। ਇਸ ਘੇਰੇ ਵਿਚ 60 ਸਾਲ ਤੋਂ ਉਪਰਲੇ ਤਬਕੇ ਲਈ ਰਿਆਇਤ ਦਾ ਘੇਰਾ 2,50,000 ਰੁਪਏ ਤੈਅ ਕੀਤਾ ਗਿਆ ਹੈ ਤੇ 80 ਸਾਲ ਤੋਂ ਉਪਰ ਵਾਲੇ ਤਬਕੇ ਲਈ 5,00,000 ਰੁਪਏ ਕਰ ਦਿੱਤਾ ਗਿਆ ਹੈ। ਆਂਗਨਵਾੜੀ ਮੁਲਾਜ਼ਮਾਂ ਦੀ ਤਨਖ਼ਾਹ ਵਧਾ ਕੇ ਦੁੱਗਣੀ ਕਰ ਦਿੱਤੀ ਗਈ ਹੈ।

ਸਿੱਖਿਆ ਦੇ ਬਜਟ ਵਿਚ ਪਿਛਲੇ ਸਾਲ ਦੇ ਮੁਕਾਬਲੇ 24 ਫ਼ੀਸਦੀ ਵਾਧਾ ਕੀਤਾ ਗਿਆ ਹੈ ਜੋ ਅਜੇ ਵੀ ਨਿਗੂਣਾ ਹੈ ਕਿਉਂਕਿ ਇਸ ਵੇਲੇ 6 ਤੋਂ 14 ਸਾਲ ਦੀ ਉਮਰ ਦੇ ਤਕਰੀਬਨ 10 ਕਰੋੜ ਬੱਚੇ ਸਕੂਲਾਂ ਦੇ ਘੇਰੇ ਤੋਂ ਬਾਹਰ ਹਨ। ਨਵੇਂ ਸਿੱਖਿਆ ਦੇ ਅਧਿਕਾਰ ਮੁਤਾਬਕ ਵਿਦਿਆਰਥੀ-ਅਧਿਆਪਕ ਅਨੁਪਾਤ 30.1 ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ। ਜੇ ਅਧਿਆਪਕਾਂ ਦੀ ਮੌਜੂਦਾ ਘਾਟ ਨੂੰ ਪਾਸੇ ਰੱਖਿਆ ਜਾਵੇ ਤਾਂ ਵੀ 33,00,000 ਨਵੇਂ ਅਧਿਆਪਕਾਂ ਦੀ ਲੋੜ ਹੈ ਤੇ ਇਸ ਤੋਂ ਬਿਨਾਂ ਸਕੂਲਾਂ ਤੇ ਹੋਰ ਢਾਂਚੇ ਦੀ ਲੋੜ ਹੈ। ਇਸੇ ਤਰ੍ਹਾਂ ਸਿਹਤ ਦੇ ਬਜਟ ਵਿਚ 20 ਫ਼ੀਸਦੀ ਵਾਧਾ ਕੀਤਾ ਗਿਆ ਹੈ। ਅਮਲੇ ਤੇ ਸਹੂਲਤਾਂ ਦੀ ਘਾਟ ਨਾਲ ਦੋ-ਚਾਰ ਹੋ ਰਹੇ ਸਿਹਤ ਪ੍ਰਬੰਧ 'ਤੇ ਇਸ ਦਾ ਅਸਰ ਤਾਂ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗ ਸਕੇਗਾ। ਸਿੱਖਿਆ ਤੇ ਸਿਹਤ ਦੇ ਖੇਤਰਾਂ ਵਿਚ ਬਜਟ ਦੇ ਹਿੱਸੇ ਵਜੋਂ ਭਾਰਤ ਆਲਮੀ ਪੱਧਰ ਉਤੇ ਅਜੇ ਵੀ ਪਿਛਲੀ ਕਤਾਰ ਵਿਚ ਆਉਂਦਾ ਹੈ।

ਬਜਟ ਵਿਚ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸਾਰੀਆਂ ਧਿਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਵੇਲੇ ਸਿਰ ਕਿਸ਼ਤਾਂ ਮੋੜਨ ਵਾਲੇ ਕਿਸਾਨਾਂ ਨੂੰ ਖੇਤੀ ਕਰਜ਼ੇ 4 ਫੀਸਦੀ ਵਿਆਜ ਦਰ ਉਤੇ ਮਿਲਣਗੇ ਭਾਵ ਉਨ੍ਹਾਂ ਨੂੰ 3 ਫੀਸਦੀ ਵਿਆਜ ਦਰ ਦਾ ਫਾਇਦਾ ਹੋਵੇਗਾ। ਖੇਤੀ ਕਰਜ਼ੇ ਦੇਣ ਦਾ ਟੀਚਾ ਇਕ ਲੱਖ ਕਰੋੜ ਰੁਪਏ ਵਧਾ ਦਿੱਤਾ ਗਿਆ ਹੈ। ਸਿੱਖਿਆ ਲਈ 24 ਫੀਸਦੀ ਤੇ ਸਿਹਤ ਲਈ 20 ਫੀਸਦੀ ਵਾਧੂ ਬਜਟ ਰੱਖਣ ਦੀ ਵੀ ਤਜਵੀਜ਼ ਹੈ। ਕਾਰਪੋਰੇਟਾਂ ਨੂੰ ਰਾਹਤ ਦਿੰਦਿਆਂ ਘਰੇਲੂ ਕੰਪਨੀਆਂ ਦੇ ਆਮਦਨ ਕਰ ਉਤੇ ਸਰਚਾਰਜ 7.5 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤਾ ਗਿਆ ਹੈ। ਆਮਦਨ ਕਰ ਸਬੰਧੀ ਸੀਨੀਅਰ ਸਿਟੀਜ਼ਨਜ਼ ਨੂੰ ਵਿਸ਼ੇਸ਼ ਛੋਟ ਦਿੱਤੀ ਗਈ ਹੈ।

ਵਿੱਤ ਮੰਤਰੀ ਵੱਲੋਂ ਪੇਸ਼ ਬਜਟ ਤਜਵੀਜ਼ਾਂ ਮੁਤਾਬਕ ਸਿਹਤ ਸੇਵਾਵਾਂ, ਹਵਾਈ ਸਫਰ, ਹੋਟਲਾਂ ਵਿਚ ਰਹਿਣਾ ਤੇ ਏ.ਸੀ. ਰੈਸਟੋਰੈਂਟਾਂ ਵਿਚ ਸ਼ਰਾਬ ਪੀਣੀ ਮਹਿੰਗੀ ਹੋ ਜਾਵੇਗੀ ਕਿਉਂਕਿ ਇਨ੍ਹਾਂ ਸਬੰਧੀ ਸੇਵਾ ਟੈਕਸ ਵਧਾ ਦਿੱਤਾ ਗਿਆ ਹੈ। ਤਿਆਰ ਖੁਰਾਕੀ ਵਸਤਾਂ ਜਿਵੇਂ ਕਨਫੈਕਸ਼ਰੀ, ਪੇਸਟਰੀ ਤੇ ਕੇਕ, ਕਾਗਜ਼, ਕਾਗਜ਼ ਵਾਲੀਆਂ ਵਸਤਾਂ, ਕੱਪੜੇ, ਦਵਾਈਆਂ ਤੇ ਮੈਡੀਕਲ ਸਾਜ਼ੋ-ਸਾਮਾਨ ਵੀ ਮਹਿੰਗੇ ਹੋ ਗਏ ਹਨ ਕਿਉਂਕਿ ਇਨ੍ਹਾਂ ਉਤੇ ਰਿਆਇਤੀ ਐਕਸਾਈਜ਼ ਡਿਊਟੀ ਚਾਰ ਤੋਂ ਵਧਾ ਕੇ ਪੰਜ ਫੀਸਦੀ ਕਰ ਦਿੱਤੀ ਗਈ ਹੈ। ਤਿਆਰ ਤੇ ਬਰਾਂਡਡ ਕੱਪੜੇ 10 ਫੀਸਦੀ ਜ਼ਰੂਰੀ ਐਕਸਾਈਜ਼ ਡਿਊਟੀ ਲੱਗਣ ਕਾਰਨ ਜ਼ਿਆਦਾ ਮਹਿੰਗੇ ਹੋ ਗਏ ਹਨ। ਇਸੇ ਤਰ੍ਹਾਂ ਕੰਪਿਊਟਰ ਦਾ ਮਾਈਕਰੋ ਪ੍ਰਾਸੈਸਰ, ਫਲਾਪੀ ਤੇ ਹਾਰਡ ਡਿਸਕ ਡਰਾਈਵਾਂ, ਸੀ.ਡੀ. ਰੋਮ ਡਰਾਈਵ, ਡੀ.ਵੀ.ਡੀ. ਡਰਾਈਵ ਤੇ ਡੀ.ਵੀ.ਡੀ. ਰਾਈਟਰ ਵੀ ਐਕਸਾਈਜ਼ ਡਿਊਟੀ ਦੀ ਛੋਟ ਹਟਾ ਲਏ ਜਾਣ ਕਾਰਨ ਮਹਿੰਗੇ ਹੋ ਗਏ ਹਨ ਜਿਨ੍ਹਾਂ ਉਤੇ ਪੰਜ ਫੀਸਦੀ ਰਿਆਇਤੀ ਐਕਸਾਈਜ਼ ਡਿਊਟੀ ਲੱਗੇਗੀ।



*ਸ੍ਰੀ ਮੁਖਰਜੀ ਬਜਟ ਪੇਸ਼ ਕਰਨ ਜਾਂਦੇ ਹੋਏ*

ਬਰਾਂਡਡ ਗਹਿਣਿਆਂ ਉਤੇ ਇਕ ਫੀਸਦੀ ਐਕਸਾਈਜ਼ ਡਿਊਟੀ ਲਾਏ ਜਾਣ ਨਾਲ ਇਹ ਵੀ ਮਹਿੰਗੇ ਹੋਣਗੇ। ਦੂਜੇ ਪਾਸੇ ਸੈਨੇਟਰੀ ਨੈਪਕਿਨ ਤੇ ਡਾਇਪਰ ਐਕਸਾਈਜ਼ ਡਿਊਟੀ ਘਟਣ ਨਾਲ ਸਸਤੇ ਹੋ ਗਏ ਹਨ। ਫੈਕਟਰੀ ਵਿਚ ਬਣੀਆਂ ਐਬੂਲੈਂਸਾਂ ਤੇ ਸੋਨਾ-ਚਾਂਦੀ ਵੀ ਸਸਤੇ ਹੋਣਗੇ। ਮੋਬਾਈਲ, ਐਲ.ਈ.ਡੀ., ਖੇਤੀ ਮਸ਼ੀਨਰੀ ਤੇ ਸਾਜ਼ੋ-ਸਾਮਾਨ, ਫਰਿਜ ਵੀ ਸਸਤੇ ਹੋ ਜਾਣਗੇ। ਉਚੀ ਵਿਕਾਸ ਦਰ ਤੇ ਵਿਕਾਸ ਦਾ ਘੇਰਾ ਖੁੱਲ੍ਹਾ ਕਰਨ ਦੀ ਦਲੀਲ ਨਾਲ ਪੇਸ਼ ਕੀਤਾ ਗਿਆ ਬਜਟ ਵਿੱਤੀ ਵਰ੍ਹੇ 2010-11 ਦੇ ਬਜਟ ਨਾਲ ਮੇਲ ਖਾਂਦਾ ਹੈ। ਵਿੱਤ ਮੰਤਰੀ ਦਾ ਦਾਅਵਾ ਹੈ ਕਿ ਬਜਟ ਵੱਧ ਪਾਰਦਰਸ਼ੀ ਤੇ ਨਤੀਜਾਮੁਖੀ ਮਾਲੀ ਪ੍ਰਬੰਧ ਵੱਲ ਪੁਲਾਂਘ ਹੈ।

ਪਿਛਲੇ ਦਿਨੀਂ ਜਾਰੀ ਕੀਤੇ ਗਏ ਆਰਥਿਕ ਸਰਵੇਖਣ ਮੁਤਾਬਕ ਵਿੱਤੀ ਵਰ੍ਹੇ 2010-11 ਦੌਰਾਨ ਕੁੱਲ ਘਰੇਲੂ ਉਤਪਾਦਨ ਦੇ ਵਾਧੇ ਦੀ ਦਰ 8.6 ਫ਼ੀਸਦੀ ਹੋਣ ਦਾ ਅੰਦਾਜ਼ਾ ਹੈ। ਇਸੇ ਸਮੇਂ ਦੌਰਾਨ ਖੇਤੀਬਾੜੀ ਵਿਕਾਸ ਦਰ 5.4, ਸਨਅਤੀ 8.1 ਤੇ ਸੇਵਾਵਾਂ ਦੀ 9.6 ਹੋਣ ਦਾ ਅੰਦਾਜ਼ਾ ਹੈ। ਇਨ੍ਹਾਂ ਅੰਦਾਜ਼ਿਆਂ ਤੋਂ ਬਾਅਦ ਆਸ ਕੀਤੀ ਜਾਂਦੀ ਸੀ ਕਿ ਅਗਲੇ ਵਿੱਤੀ ਵਰ੍ਹੇ ਦਾ ਬਜਟ ਇਸੇ ਤਰਜ਼ ਉਤੇ ਪੇਸ਼ ਕੀਤਾ ਜਾਵੇਗਾ। ਖੁਰਾਕੀ ਵਸਤਾਂ ਦੀ ਮਹਿੰਗਾਈ ਦਾ ਜ਼ਿਕਰ ਬਜਟ ਤਕਰੀਰ ਵਿਚ ਤਫ਼ਸੀਲ ਨਾਲ ਤਾਂ ਹੋਇਆ ਹੈ ਪਰ ਵਿੱਤ ਮੰਤਰੀ ਨੇ ਇਸ ਦਾ ਕੋਈ ਚਿਰਕਾਲੀ ਹੱਲ ਪੇਸ਼ ਨਹੀਂ ਕੀਤਾ। ਮਹਿੰਗਾਈ ਰੋਕਣ ਬਾਰੇ ਤਾਂ ਸਰਕਾਰ ਨੇ ਹੱਥ ਹੀ ਖੜ੍ਹੇ ਕਰ ਦਿੱਤੇ ਹਨ ਪਰ ਵਿੱਤ ਮੰਤਰੀ ਨੇ ਇਹ ਆਸ ਜ਼ਰੂਰ ਪ੍ਰਗਟਾਈ ਹੈ ਕਿ ਖੇਤੀਬਾੜੀ ਦੇ ਵਿਕਾਸ ਤੇ ਵਿਸਥਾਰ ਨਾਲ ਮਹਿੰਗਾਈ ਦੀ ਬਣੀ ਇਸ ਹਾਲਤ 'ਤੇ ਅਸਰ ਜ਼ਰੂਰ ਪਵੇਗਾ।

## ਵਿਰੋਧੀ ਧਿਰਾਂ ਵੱਲੋਂ ਬਜਟ ਰੱਦ

**ਨਵੀਂ ਦਿੱਲੀ:** ਸਰਕਾਰੀ ਧਿਰ ਵਲੋਂ ਬਜਟ ਦੀ ਤਾਰੀਫ ਅਤੇ ਵਿਰੋਧੀ ਧਿਰ ਵਲੋਂ ਆਲੋਚਨਾ ਦੀ ਰਵਾਇਤ ਇਸ ਵਾਰ ਵੀ ਉਵੇਂ ਹੀ ਕਾਇਮ ਰਹੀ। ਜਿਥੇ ਸਰਕਾਰੀ ਧਿਰ ਨੇ ਬਜਟ ਨੂੰ ਵਿਕਾਸਮੁਖੀ ਅਤੇ ਲੋਕਮੁਖੀ ਕਿਹਾ ਉਥੇ ਵਿਰੋਧੀ ਧਿਰਾਂ ਨੇ 2011-12 ਦੇ ਆਮ ਬਜਟ ਦੀ ਰੱਜ ਕੇ ਆਲੋਚਨਾ ਕਰਦਿਆਂ ਇਸ ਨੂੰ 'ਬੇਹੱਦ ਨਿਰਾਸ਼ਾਕੁਨ ਤੇ ਦਿਸ਼ਾਹੀਣ' ਕਰਾਰ ਦਿੱਤਾ। ਵਿਰੋਧੀ ਪਾਰਟੀਆਂ ਨੇ ਕਿਹਾ ਕਿ ਇਹ ਬਜਟ ਬੇਰੁਜ਼ਗਾਰਾਂ ਦੀਆਂ ਮੁਸ਼ਕਲਾਂ ਤੇ ਆਮ ਆਦਮੀ ਨੂੰ ਬੇਹਾਲ ਕਰ ਰਹੀ ਮਹਿੰਗਾਈ ਦੀਆਂ ਮੁਸ਼ਕਲਾਂ ਦੇ ਰੂਬਰੂ ਨਹੀਂ ਹੁੰਦਾ।

ਖੱਬੇ-ਪੱਖੀ ਅਤੇ ਸੱਜੇ-ਪੱਖੀ ਪਾਰਟੀਆਂ 'ਚੋਂ ਕਿਸੇ ਨੂੰ ਵੀ ਬਜਟ 'ਚੋਂ ਕੁਝ ਚੰਗਾ ਨਹੀਂ ਲੱਭਿਆ। ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਅਫਸੋਸ ਪ੍ਰਗਟਾਇਆ ਕਿ ਇਸ ਬਜਟ 'ਚ 'ਬੇਰੁਜ਼ਗਾਰੀ' ਸ਼ਬਦ ਦੀ ਵੀ ਕਿਤੇ ਵਰਤੋਂ ਨਹੀਂ ਕੀਤੀ ਗਈ ਤੇ ਨਾ ਹੀ ਇਸ 'ਚ ਮਹਿੰਗਾਈ ਨੂੰ ਠੱਲ੍ਹ ਪਾਉਣ ਦੀ ਗੱਲ ਕੀਤੀ ਗਈ ਹੈ। ਸੀ.ਪੀ.ਆਈ. ਦੇ ਆਗੂ ਗੁਰੂਦਾਸ ਦਾਸਗੁਪਤਾ ਨੇ ਕਿਹਾ ਕਿ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਨਾ ਤਾਂ ਇਹ ਜ਼ਿਕਰ ਕੀਤਾ ਹੈ ਕਿ ਰੱਜੇ-ਪੁੱਜੇ ਮੱਧ ਵਰਗ ਤੇ ਕਰੋੜਾਂਪਤੀਆਂ 'ਤੇ ਕਿੰਨਾ ਵਾਧੂ ਟੈਕਸ ਲਾਇਆ ਗਿਆ ਹੈ, ਖਾਸ ਕਰ ਉਦੋਂ ਜਦੋਂ ਅਮੀਰ ਹੋਰ ਅਮੀਰ ਹੋ ਰਹੇ ਹਨ।

ਬਜਟ ਨੂੰ 'ਡਰੂ ਕਿਸਮ ਦਾ' ਕਰਾਰ ਦਿੰਦਿਆਂ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਕਿਹਾ ਕਿ ਇਹ ਬਜਟ ਵਿੱਤ ਮੰਤਰੀ ਦੇ ਆਪਣੇ ਵਿਅਕਤੀਤਵ ਜਿਹਾ ਹੈ ਜਿਸ 'ਚ ਸੁਧਾਰਾਂ ਦਾ ਨਾਂ ਨਿਸ਼ਾਨ ਵੀ ਨਹੀਂ ਹੈ। ਸਮਾਜਵਾਦੀ ਪਾਰਟੀ ਅਨੁਸਾਰ ਇਹ ਆਮ ਚੋਣਾਂ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਬਜਟ ਹੈ। ਸੀ.ਪੀ.ਐਮ. ਦੇ ਸੀਨੀਅਰ ਆਗੂ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਨੂੰ ਠੱਲ੍ਹਣ ਲਈ ਸਰਕਾਰ ਨੇ ਬਜਟ 'ਚ ਕੋਈ ਉਪਰਾਲੇ ਨਹੀਂ ਕੀਤੇ ਤੇ ਇਹ ਬਜਟ ਗਰੀਬਾਂ 'ਤੇ ਭਾਰ ਪਾਉਣ ਵਾਲਾ ਤੇ ਅਮੀਰਾਂ ਨੂੰ ਸਬਸਿਡੀਆਂ ਦੇਣ ਵਾਲਾ ਹੈ।

## ਬਾਦਲ ਨੇ ਬਜਟ ਨੂੰ ਕਿਸਾਨ ਵਿਰੋਧੀ ਦੱਸਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਬਜਟ ਨੂੰ ਕਿਸਾਨ ਵਿਰਧੀ ਤੇ ਨਿਰਾਸ਼ ਕਰਨ ਵਾਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਵਿਚ ਸਮਾਜ ਦੇ ਕਿਸੇ ਵੀ ਵਰਗ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ।

ਚੰਡੀਗੜ੍ਹ ਤੋਂ ਜਾਰੀ ਬਿਆਨ ਵਿਚ ਸ. ਬਾਦਲ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਸ੍ਰੀ ਪ੍ਰਣਾਬ ਮੁਖਰਜੀ ਮਹਿੰਗਾਈ ਨੂੰ ਕਾਬੂ ਕਰਨ 'ਚ ਪੂਰੀ ਤਰ੍ਹਾਂ ਨਾਕਾਮ ਰਹੇ ਹਨ। ਉਨ੍ਹਾਂ ਕਿਹਾ ਕਿ 'ਆਮ ਆਦਮੀ' ਦੀ ਸਰਕਾਰ ਹੋਣ ਦੇ ਦਾਅਵੇ ਕਰਨ ਵਾਲੀ ਕਾਂਗਰਸ ਉਸ ਦੀ ਭਲਾਈ ਲਈ ਕੁਝ ਨਹੀਂ ਕਰ ਸਕੀ।

## ਕੈਪਟਨ ਵਲੋਂ ਕੇਂਦਰੀ ਬਜਟ ਵਿਕਾਸਮੁਖੀ ਕਰਾਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੱਲੋਂ ਸੰਸਦ 'ਚ ਪੇਸ਼ ਕੀਤੇ ਗਏ ਬਜਟ ਨੂੰ ਵਿਕਾਸ ਆਧਾਰਤ ਤੇ ਅਰਥਵਿਵਸਥਾ ਲਈ ਮਹੱਤਵਪੂਰਨ ਦੱਸਿਆ ਹੈ।

ਕੈਪਟਨ ਨੇ ਕਿਹਾ ਕਿ ਬਜਟ ਲੋਕਾਂ ਨੂੰ ਸਮਰਪਿਤ ਹੈ ਤੇ ਇਸ ਵਿਚ ਖੇਤੀਬਾੜੀ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸਾਬਕਾ ਮੁੱਖ ਮੰਤਰੀ ਨੇ ਚਾਲੂ ਵਿੱਤ ਵਰ੍ਹੇ 'ਚ ਰਾਜ ਕੋਸ਼ ਘਾਟੇ ਦੇ 5.1 ਫੀਸਦ ਤੋਂ 4.6 ਫੀਸਦ ਤੱਕ ਹੋਣ ਦੀ ਸ਼ਲਾਘਾ ਕਰਦਿਆਂ ਵਿਸ਼ਵਾਸ ਜ਼ਾਹਰ ਕੀਤਾ ਕਿ ਬਜਟ ਦੇਸ਼ ਦੇ ਵਿਕਾਸ ਤੇ ਭਵਿੱਖ ਨੂੰ ਉਜਵਲ ਕਰਕੇ ਵਿਕਾਸ ਦਰ ਨੂੰ ਦੂਹਰੇ ਅੰਕੜੇ 'ਚ ਲੈ ਜਾਵੇਗਾ। ਕੈਪਟਨ ਨੇ ਕਿਹਾ ਕਿ ਮੌਜੂਦਾ ਹਾਲਾਤ 'ਚ ਇਸ ਤੋਂ ਵਧੀਆ ਬਜਟ ਨਹੀਂ ਹੋ ਸਕਦਾ।





**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

**Sukhpreet Kaur Indiana**

**Ph:317-884-3557**

*www.safeandeasyweightloss.com*
*e-mail:sstakk@hotmail.com*



**Desi Cuts and Color Plus**

For Men, Women & Children

Grand Opening

Ph:510-429-0786



Mandeep
510-200-4415



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*



FARMERS INSURANCE GROUP
Symbol of Superior Service

**FARMERS**®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਨਰਮੇ ਦਾ ਬੀਜ ਲਈ ਕਿਸਾਨਾਂ ਨੇ ਗੁਜਰਾਤ ਵੱਲ ਪਾਏ ਚਾਲੇ

**ਬਠਿੰਡਾ (ਬਲਜਿੰਦਰ ਕੋਟਭਾਰਾ):** ਉਚੇ ਭਾਅ ਤੇ ਚੰਗੇ ਝਾੜ ਦੇ ਸਿੱਟੇ ਵਜੋਂ ਆਉਂਦੇ ਸਾਲ ਪੰਜਾਬ 'ਚ ਨਰਮੇ ਹੇਠ ਰਕਬਾ 80 ਹਜ਼ਾਰ ਏਕੜ ਦੇ ਕਰੀਬ ਵੱਧਣ ਦੇ ਆਸਾਰ ਬਣ ਗਏ ਹਨ। ਦੇਸ਼ ਵਿਚ 2009-10 ਦੇ ਸੀਜਨ ਵਿਚ 103.10 ਲੱਖ ਹੈਕਟੇਅਰ ਨਰਮੇ ਦੀ ਬਿਜਾਈ ਹੋਈ ਜਦੋਂ ਕਿ ਚੰਗੀ ਪੈਦਾਵਾਰ ਕਰਕੇ ਨਰਮੇ ਹੇਠ ਰਕਬਾ 2010-2011 ਵਿਚ ਵੱਧ ਕੇ 110.55 ਲੱਖ ਹੈਕਟੇਅਰ ਤੱਕ ਪੁੱਜ ਗਿਆ।

ਉਧਰ ਪੰਜਾਬ ਭਰ ਵਿਚੋਂ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਗੈਰ ਪ੍ਰਮਾਣਿਤ ਪਰ ਸਸਤੇ ਬੀ.ਟੀ. ਬੀਜ ਲੈਣ ਲਈ ਗੁਜਰਾਤ ਵੱਲ ਚਾਲੇ ਪਾ ਦਿੱਤੇ ਹਨ। ਰੇਲਵੇ ਸਟੇਸ਼ਨ ਵੱਲ ਜਾ ਰਹੇ ਕਿਸਾਨਾਂ ਨੇ ਗੁਜਰਾਤ ਵਾਲੇ ਨਰਮੇ ਦੇ ਬੀ. ਟੀ. ਬੀਜ ਨੂੰ ਸਸਤਾ ਤੇ ਟਿਕਾਊ ਸੌਦਾ ਕਰਾਰ ਦਿੰਦਿਆ ਖੇਤੀ ਮਾਹਿਰਾਂ ਦੇ ਉਲਟ ਕਿਹਾ ਕਿ ਕੇਵਲ ਲੇਬਲ ਦੇ ਫ਼ਰਕ ਕਰਕੇ ਹੀ ਕੰਪਨੀਆਂ ਕਿਸਾਨਾਂ ਨੂੰ ਮਹਿੰਗੇ ਭਾਅ ਬੀਜ ਵੇਚ ਕੇ ਲੁੱਟ ਰਹੀਆਂ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਸੀਜ਼ਨ ਵਿਚ ਇੱਕ ਵਿਸ਼ੇਸ਼ ਬੀ. ਟੀ. ਨਰਮੇ ਦਾ 750 ਰੁਪਏ ਪ੍ਰਤੀ ਪੈਕਟ ਵਾਲਾ ਬੀਜ ਕਿਸਾਨਾਂ ਨੂੰ ਬਲੈਕ ਵਿਚ 1100 ਰੁਪਏ ਤੱਕ ਵੇਚ ਕੇ ਸਾਹੂਕਾਰਾਂ ਨੇ ਖੂਬ ਲੁੱਟ ਮਚਾਈ ਅਤੇ ਖੇਤੀਬਾੜੀ ਵਿਭਾਗ ਨੇ ਕੋਈ ਕਾਰਵਾਈ ਕਰਨ ਦੀ ਬਜਾਏ ਚੁੱਪ ਧਾਰੀ ਰੱਖੀ ਸੀ।

ਮਾਹਿਰਾਂ ਨੇ ਮੰਨਿਆ ਕਿ ਮੌਜੂਦਾ ਸੀਜ਼ਨ ਵਿਚ ਚੰਗੀ ਪੈਦਾਵਾਰ, ਘੱਟ ਖਰਚੇ ਅਤੇ ਚੰਗੇ ਮੁਨਾਫ਼ੇ ਕਰਕੇ ਅਗਲੇ ਸਾਲ ਸੂਬੇ ਵਿਚ ਨਰਮੇ ਹੇਠ ਰਕਬਾ 15 ਤੋਂ 20 ਪ੍ਰਤੀਸ਼ਤ ਤੱਕ ਵੱਧਣ ਭਾਵ 6 ਲੱਖ 10 ਹਜ਼ਾਰ ਹੈਕਟੇਅਰ ਰਕਬੇ ਵਿਚ ਨਰਮੇ ਦੀ ਬਿਜਾਂਦ ਸੰਭਵ ਹੈ, ਜਦੋਂ ਕਿ ਲੰਘੇ ਸੀਜ਼ਨ ਵਿਚ 5 ਲੱਖ 30 ਹਜ਼ਾਰ ਹੈਕਟੇਅਰ ਵਿਚ ਨਰਮੇ ਦੀ ਬਿਜਾਈ ਕੀਤੀ ਗਈ ਸੀ। ਸਾਲ 2009-10 ਵਿਚ ਇਸ ਤੋਂ ਵੀ ਘੱਟ 5 ਲੱਖ 11 ਹਜ਼ਾਰ ਹੈਕਟੇਅਰ ਨਰਮਾ ਬਿਜਿਆ ਗਿਆ ਸੀ। ਲੰਘੇ ਸੀਜ਼ਨ ਵਿਚ 2 ਹਜ਼ਾਰ ਹੈਕਟੇਅਰ ਨਰਮੇ ਦਾ ਰਕਬਾ ਹੜ੍ਹਾਂ ਨੇ ਵੀ ਬਰਬਾਦ ਕਰ ਦਿੱਤਾ ਸੀ। ਲੰਘੇ ਸੀਜ਼ਨ ਦੌਰਾਨ ਨਰਮੇ ਦੇ ਉਚੇ ਭਾਅ ਬਾਰੇ ਵੱਖ-ਵੱਖ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹਾ ਕਈ ਗੱਲਾਂ 'ਤੇ ਨਿਰਭਰ ਕਰਦਾ ਹੈ, ਜਿਸ ਵਿਚ ਸੰਸਾਰ ਭਰ ਵਿਚ ਨਰਮੇ ਦੀ ਪੈਦਾਵਾਰ ਅਤੇ ਖਪਤ ਦਾ ਮੁੱਖ ਰੋਲ ਹੈ।


*ਗੈਰ-ਪ੍ਰਮਾਣਿਕ ਬੀਜ ਲੈਣ ਲਈ ਗੁਜਰਾਤ ਵਾਲੀ ਗੱਡੀ ਦੀ ਉਡੀਕ ਵਿਚ ਬਠਿੰਡਾ ਦੇ ਰੇਲਵੇ ਸਟੇਸ਼ਨ 'ਤੇ ਬੈਠੇ ਕਿਸਾਨ*

ਇਸ ਪੱਤਰਕਾਰ ਨੇ ਬਠਿੰਡਾ ਰੇਲਵੇ ਸਟੇਸ਼ਨ 'ਤੇ ਵੇਖਿਆ ਕਿ ਕਿਸਾਨ ਵੱਡੀ ਗਿਣਤੀ ਵਿਚ ਟੋਲੀਆਂ ਬਣਾ ਕੇ ਬਠਿੰਡਾ ਤੋਂ ਸ਼ਾਮ ਪੌਣੇ ਛੇ ਵਜੇ ਗੁਜਰਾਤ ਨੂੰ ਜਾਣ ਵਾਲੀ ਰੇਲ ਗੱਡੀ 'ਤੇ ਸਵਾਰ ਹੋ ਰਹੇ ਸਨ। ਖੇਤੀ ਮਾਹਿਰਾਂ ਦੀ ਚਿਤਾਵਨੀ ਦੇ ਉਲਟ ਗੈਰ ਪ੍ਰਮਾਣਿਤ ਬੀ. ਟੀ. ਬੀਜ ਲੈਣ ਜਾ ਰਹੇ ਮਾਨਸਾ ਜਿਲ੍ਹੇ ਦੇ ਪਿੰਡ ਦਸੌਧੀਆ ਦੇ ਬਜ਼ੁਰਗ ਕਿਸਾਨ ਗਮਦੂਰ ਸਿੰਘ, ਤਰਸੇਮ ਸਿੰਘ ਨੇ ਦਾਅਵਾ ਕੀਤਾ ਕਿ ਮਾਨਤਾਪ੍ਰਾਪਤ ਕੰਪਨੀਆਂ ਦੇ ਦਾਅਵਿਆਂ ਦੇ ਉਲਟ ਉਨ੍ਹਾਂ ਗੈਰ-ਪ੍ਰਮਾਣਿਤ ਬੀਜਾਂ ਤੋਂ ਪ੍ਰਤੀ ਏਕੜ 45 ਮਣ ਤੱਕ ਨਰਮੇ ਦਾ ਝਾੜ ਪ੍ਰਾਪਤ ਕੀਤਾ ਸੀ। ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਪ੍ਰਮਾਣਿਤ ਬੀਜ 750 ਰੁਪਏ ਤੋਂ 925 ਰੁਪਏ ਪ੍ਰਤੀ ਪੈਕਟ (ਵਜ਼ਨ 450 ਗ੍ਰਾਮ) ਮਿਲਦਾ ਹੈ ਜਦੋਂਕਿ ਗੁਜਰਾਤ ਤੋਂ ਇਹੋ ਬੀਜ ਜੋ ਕਿ ਭਾਵੇਂ ਗੈਰ ਪ੍ਰਮਾਣਿਤ ਹੈ, 250 ਤੋਂ 350 ਰੁਪਏ ਪ੍ਰਤੀ ਪੈਕਟ ਮਿਲਦਾ ਹੈ।

# ਕੈਂਸਰ ਮਰੀਜਾਂ ਨਾਲੋਂ ਵੀ.ਆਈ.ਪੀ. ਘੋੜੇ ਚੰਗੇ

**ਬਠਿੰਡਾ (ਚਰਨਜੀਤ ਭੁੱਲਰ):** ਕੈਂਸਰ ਦੇ ਮਰੀਜ਼ਾਂ ਨਾਲੋਂ ਤਾਂ ਵੀ.ਆਈ.ਪੀ. ਘੋੜੇ ਚੰਗੇ ਹਨ ਜਿਨ੍ਹਾਂ ਲਈ ਪੌਣੇ ਦੋ ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਬਾਦਲ 'ਚ ਸਰਕਾਰੀ ਹਸਪਤਾਲ ਬਣ ਗਿਆ ਹੈ। ਕੈਂਸਰ ਹਸਪਤਾਲ ਲਈ ਸਰਕਾਰੀ ਖ਼ਜ਼ਾਨੇ 'ਚ ਪੈਸਾ ਨਹੀਂ ਹੈ। ਪ੍ਰਾਈਵੇਟ ਕੰਪਨੀ ਕੈਂਸਰ ਹਸਪਤਾਲ ਬਣਾ ਰਹੀ ਹੈ ਜਦੋਂ ਕਿ ਘੋੜਿਆਂ ਦਾ ਹਸਪਤਾਲ ਸਰਕਾਰੀ ਪੈਸੇ ਨਾਲ ਬਣ ਕੇ ਤਿਆਰ ਹੈ। ਸੂਚਨਾ ਅਨੁਸਾਰ ਪੇਂਡੂ ਵਿਕਾਸ ਮਹਿਕਮੇ ਵਲੋਂ ਇਸ ਸਰਕਾਰੀ ਹਸਪਤਾਲ ਵਾਸਤੇ 1,75,19,000 ਰੁਪਏ ਖਰਚੇ ਗਏ ਹਨ। ਦੱਸਣਯੋਗ ਹੈ ਕਿ ਪਿੰਡ ਬਾਦਲ 'ਚ ਹੀ ਮੁੱਖ ਮੰਤਰੀ ਪੰਜਾਬ ਦਾ ਸਟੱਡ ਫਾਰਮ ਹੈ। ਉਂਜ ਮੁੱਖ ਮੰਤਰੀ ਦੇ ਜੱਦੀ ਜ਼ਿਲੇ 'ਚ ਅੱਧੀ ਦਰਜਨ ਸਟੱਡ (ਘੋੜਾ) ਫਾਰਮ ਹਨ। ਇਸ ਹਸਪਤਾਲ ਦੀ ਉਸਾਰੀ ਪੰਜਾਬ ਮੰਡੀ ਬੋਰਡ ਤੋਂ ਕਰਵਾਈ ਗਈ ਹੈ।

ਬਠਿੰਡਾ ਸੰਸਦੀ ਹਲਕੇ ਵਿਚ ਪੈਂਦੇ ਪਿੰਡ ਬਾਦਲ 'ਚ ਸਾਲ 2001 'ਚ ਜ਼ਿਲਾ ਪੱਧਰ ਦਾ ਵੈਟਰਨਰੀ ਪੋਲੀਕਲੀਨਿਕ ਬਣਾਇਆ ਗਿਆ ਸੀ ਜਿਸ 'ਤੇ 79.68 ਲੱਖ ਰੁਪਏ ਖਰਚ ਹੋਏ ਸਨ। ਜਦੋਂ ਕਿ ਬਾਕੀ ਪੰਜਾਬ ਵਿਚ ਸਿਰਫ ਜ਼ਿਲਾ ਪੱਧਰ ਦਾ ਵੈਟਰਨਰੀ ਪੋਲੀਕਲੀਨਿਕ ਜ਼ਿਲਾ ਹੈਡ ਕੁਆਰਟਰ 'ਤੇ ਹੀ ਬਣਾਇਆ ਗਿਆ ਹੈ। ਸਿਰਫ ਬਠਿੰਡਾ ਜ਼ਿਲਾ ਹੈ ਜਿਥੇ ਵੈਟਰਨਰੀ ਪੋਲੀਕਲੀਨਿਕ ਜ਼ਿਲਾ ਕੁਆਰਟਰ ਦੀ ਥਾਂ ਇੱਕ ਪਿੰਡ 'ਚ ਬਣਾਇਆ ਗਿਆ ਹੈ। ਇਸ ਹਸਪਤਾਲ ਲਈ ਇੱਕ ਵੈਟਰਨਰੀ ਅਫਸਰ, ਦੋ ਵੈਟਰਨਰੀ ਇਸਪੈਕਟਰ, ਇੱਕ ਲੈਬਾਟਰੀ ਸਹਾਇਕ, ਦੋ ਦਰਜਾ ਚਾਰ ਮੁਲਾਜ਼ਮਾਂ ਦੀਆਂ ਅਸਾਮੀਆਂ ਮਨਜ਼ੂਰ ਹਨ। ਇਥੇ ਕੋਈ ਅਸਾਮੀ ਖਾਲੀ ਨਹੀਂ ਹੈ। ਸੂਤਰ ਆਖਦੇ ਹਨ ਕਿ ਇਹ ਤਸਵੀਰ ਦਾ ਇੱਕ ਪਾਸਾ ਹੈ ਕਿ ਵੀ.ਆਈ.ਪੀ. ਪਿੰਡ ਬਾਦਲ ਦੇ ਪਸ਼ੂਆਂ ਤੇ ਘੋੜਿਆਂ ਲਈ ਫੰਡਾਂ ਦੇ ਗੱਫੇ ਦਿੱਤੇ ਗਏ ਹਨ। ਦੂਸਰਾ ਪਾਸਾ ਬਠਿੰਡਾ ਜ਼ਿਲੇ ਦੇ ਕੈਂਸਰ ਪੀੜਤਾਂ ਦੀ ਤਸਵੀਰ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਇਲਾਜ ਵਾਸਤੇ ਇਕ ਸਰਕਾਰੀ ਹਸਪਤਾਲ ਵੀ ਨਸੀਬ ਨਹੀਂ ਹੋ ਸਕਿਆ। ਇਕੱਲੇ ਇਸ ਜ਼ਿਲੇ 'ਚ ਦੋ ਹਜ਼ਾਰ ਤੋਂ ਉਪਰ ਕੈਂਸਰ ਪੀੜਤ ਹਨ।

ਸਰਕਾਰ ਵਲੋਂ ਕੈਂਸਰ ਪੀੜਤਾਂ ਲਈ ਹਸਪਤਾਲ ਬਣਾਉਣ ਦੇ ਵਾਅਦੇ ਕੀਤੇ ਗਏ ਸਨ। ਆਖਰ ਹੁਣ ਸਰਕਾਰ ਨੇ ਖੁਦ ਕੈਂਸਰ ਹਸਪਤਾਲ ਬਣਾਉਣ ਤੋਂ ਹੱਥ ਖੜੇ ਕਰ ਦਿੱਤੇ ਹਨ। ਪ੍ਰਾਈਵੇਟ ਕੰਪਨੀ ਮੈਕਸ ਹੈਲਥ ਕੇਅਰ ਗਰੁਪ ਵਲੋਂ ਬਠਿੰਡਾ 'ਚ ਕੈਂਸਰ ਹਸਪਤਾਲ ਬਣਾਇਆ ਜਾ ਰਿਹਾ ਹੈ। ਸਰਕਾਰ ਵਲੋਂ ਪ੍ਰਾਈਵੇਟ ਕੰਪਨੀ ਨੂੰ ਹਸਪਤਾਲ ਬਣਾਉਣ ਲਈ 4.8 ਏਕੜ ਜਗ੍ਹਾਂ ਲੀਜ 'ਤੇ ਦਿੱਤੀ ਗਈ ਹੈ। ਮੈਕਸ ਹੈਲਥ ਕੇਅਰ ਦੇ ਖੇਤਰੀ ਡਾਇਰੈਕਟਰ ਡਾ. ਦਿਲਪ੍ਰੀਤ ਬਰਾੜ ਅਨੁਸਾਰ ਕੈਂਸਰ ਹਸਪਤਾਲ ਅਗਸਤ 2011 ਤੋਂ ਕੰਮ ਸ਼ੁਰੂ ਕਰ ਦੇਵੇਗਾ। ਸਿਵਲ ਸਰਜਨ ਬਠਿੰਡਾ ਦਾ ਕਹਿਣਾ ਸੀ ਕਿ ਪ੍ਰਾਈਵੇਟ ਕੰਪਨੀ ਹਸਪਤਾਲ ਤੋਂ ਪ੍ਰਾਪਤ ਆਮਦਨ ਚੋਂ 5 ਫੀਸਦੀ ਪੂੰਜੀ ਸਰਕਾਰ ਨੂੰ ਦੇਵੇਗੀ ਜਿਸ ਨਾਲ ਗਰੀਬ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਵੇਗਾ। ਇਸ ਨਾਲ ਕਰੀਬ 100 ਕਰੋੜ ਰੁਪਏ ਦਾ ਸਮਰਪਤ ਫੰਡ ਪੈਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਕੰਪਨੀ ਵਲੋਂ ਹੀ ਹਸਪਤਾਲ ਦੀ ਉਸਾਰੀ ਕੀਤੀ ਜਾ ਰਹੀ ਹੈ।

ਲੋਕ ਮੋਰਚਾ, ਪੰਜਾਬ ਦੇ ਪ੍ਰਧਾਨ ਐਡਵੋਕੇਟ ਐਨ.ਕੇ. ਜੀਤ ਦਾ ਕਹਿਣਾ ਹੈ ਕਿ ਕੈਂਸਰ ਦੇ ਪ੍ਰਾਈਵੇਟ ਹਸਪਤਾਲ ਤੋਂ ਇਹ ਉਮੀਦ ਰੱਖਣੀ ਕਿ ਗਰੀਬ ਮਰੀਜ਼ਾਂ ਦਾ ਮੁਫਤ ਇਲਾਜ ਹੋਵੇਗਾ, ਮੂਰਖਤਾ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਸਰਕਾਰ ਘੋੜਿਆਂ ਪ੍ਰਤੀ ਤਾਂ ਸੁਹਿਰਦ ਹੈ ਪ੍ਰੰਤੂ ਮਨੁੱਖਾਂ ਦਾ ਕੋਈ ਫਿਕਰ ਨਹੀਂ ਹੈ।

### ਸਿੱਧੀ ਸੜਕ 'ਬਾਦਲ' ਨੂੰ ਜਾਵੇ...

ਮੁੱਖ ਮੰਤਰੀ ਪੰਜਾਬ ਦੇ ਪਿੰਡ ਬਾਦਲ ਲਈ ਚਹੁਮਾਰਗੀ ਵੀ.ਆਈ.ਪੀ.. ਸੜਕ ਬਣ ਰਹੀ ਹੈ। ਖਰਚਾ ਆਏਗਾ 40 ਕਰੋੜ ਰੁਪਏ। ਵੀ.ਆਈ.ਪੀ.. ਪਿੰਡ ਲਈ ਪਹਿਲਾਂ ਇੱਕ ਓਵਰ ਬਰਿੱਜ ਬਣ ਰਿਹਾ ਹੈ ਜਿਸ 'ਤੇ 23 ਕਰੋੜ ਖਰਚੇ ਜਾ ਰਹੇ ਹਨ । ਜਦੋਂ ਕਿ ਪਵਿੱਤਰ ਸ਼ਹਿਰਾਂ ਵਾਲੀ ਸੜਕ ਨੂੰ ਏਜੰਡੇ ਚੋਂ ਬਾਹਰ ਕਰ ਦਿੱਤਾ ਗਿਆ ਹੈ। ਪਿੰਡ ਬਾਦਲ ਲਈ ਵੀ.ਆਈ.ਪੀ. ਓਵਰ ਬਰਿੱਜ ਬਠਿੰਡਾ-ਬੀਕਾਨੇਰ ਰੇਲ ਮਾਰਗ 'ਤੇ ਬਣ ਰਿਹਾ ਹੈ । ਲੋਕ ਨਿਰਮਾਣ ਵਿਭਾਗ ਨੇ ਕੇਂਦਰ ਸਰਕਾਰ ਨੂੰ 'ਕੇਂਦਰੀ ਸੜਕ ਫੰਡ' ਲਈ ਜੋ ਤਜਵੀਜ਼ ਭੇਜੀ ਸੀ, ਉਸ 'ਚ ਰਾਮਪੁਰਾ ਤੋਂ ਤਖ਼ਤ ਦਮਦਮਾ ਸਾਹਿਬ ਵਾਲੀ ਸੜਕ ਨੂੰ ਇੱਕ ਨੰਬਰ 'ਤੇ ਰੱਖਿਆ ਗਿਆ ਸੀ। ਹੁਣ ਕੇਂਦਰ ਤੋਂ 'ਕੇਂਦਰੀ ਸੜਕ ਫੰਡ' ਤਹਿਤ ਸੜਕਾਂ ਨੂੰ ਹਰੀ ਝੰਡੀ ਮਿਲੀ ਹੈ ਤਾਂ ਉਸ ਵਿਚੋਂ ਰਾਮਪੁਰਾ-ਤਲਵੰਡੀ ਵਾਇਆ ਮੌੜ ਮੰਡੀ ਵਾਲੀ ਸੜਕ ਨੂੰ ਬਾਹਰ ਕਰ ਦਿੱਤਾ ਗਿਆ ਹੈ। ਹਾਲਾਂਕਿ ਇਸ ਸੜਕ ਦਾ ਬੁਰਾ ਹਾਲ ਹੈ ਅਤੇ ਵੱਡੇ ਵੱਡੇ ਖੱਡੇ ਵੀ ਪਏ ਹੋਏ ਹਨ। ਬਠਿੰਡਾ-ਮੁਕਤਸਰ ਸੜਕ ਨੂੰ ਵੀ ਇਸੇ ਤਰ੍ਹਾਂ 'ਕੇਂਦਰੀ ਸੜਕ ਫੰਡ' ਨੂੰ ਭੇਜੀ ਤਜਵੀਜ਼ 'ਚ ਤਰਜੀਹੀ ਅਧਾਰ 'ਤੇ ਪਾਇਆ ਗਿਆ ਸੀ, ਉਸ ਸੜਕ ਨੂੰ ਵੀ ਬਾਹਰ ਕਰ ਦਿੱਤਾ ਗਿਆ ਹੈ। ਇਨ੍ਹਾਂ ਦੀ ਥਾਂ 'ਤੇ ਬਠਿੰਡਾ-ਬਾਦਲ ਸੜਕ ਨੂੰ ਪਾ ਦਿੱਤਾ ਗਿਆ ਹੈ ਜਿਸ ਨੂੰ ਪ੍ਰਵਾਂਗੀ ਮਿਲ ਗਈ ਹੈ।

'ਕੇਂਦਰੀ ਸੜਕ ਫੰਡ' ਦੇ ਪੈਸੇ ਨਾਲ ਬਠਿੰਡਾ-ਬਾਦਲ ਸੜਕ 'ਤੇ ਪੈਂਦੇ ਪਿੰਡ ਘੁੱਦਾ ਤੱਕ ਚਹੁਮਾਰਗੀ ਸੜਕ ਬਣਾਏ ਜਾਣ ਦੀ ਪਹਿਲਾਂ ਯੋਜਨਾ ਸੀ ਕਿਉਂਕਿ ਪਿੰਡ ਘੁੱਦਾ 'ਚ ਕੇਂਦਰੀ 'ਵਰਸਿਟੀ ਹੈ। ਇਹ ਸੜਕ 7 ਮੀਟਰ ਚੌੜੀ ਹੈ ਜਿਸ ਨੂੰ ਹੁਣ 14 ਮੀਟਰ ਕੀਤਾ ਜਾਣਾ ਹੈ। ਬਠਿੰਡਾ ਤੋਂ ਪਿੰਡ ਘੁੱਦਾ ਤੱਕ ਇਹ ਸੜਕ 12 ਕਿਲੋਮੀਟਰ ਤੱਕ ਹੈ ਜਿਸ ਨੂੰ ਚਹੁਮਾਰਗੀ ਕਰਨ 'ਤੇ 18.60 ਕਰੋੜ ਰੁਪਏ ਖਰਚ ਆਉਣੇ ਹਨ। ਪੰਜਾਬ ਸਰਕਾਰ ਵਲੋਂ ਹੁਣ ਪਿੰਡ ਘੁੱਦਾ ਤੋਂ ਪਿੰਡ ਬਾਦਲ ਤੱਕ ਵੀ ਸੜਕ ਨੂੰ ਚਹੁਮਾਰਗੀ ਬਣਾਇਆ ਜਾਣਾ ਹੈ ਜਿਸ ਦੀ ਲੰਬਾਈ 9.80 ਕਿਲੋਮੀਟਰ ਹੈ ਜਿਸ 'ਤੇ 16.41 ਕਰੋੜ ਰੁਪਏ ਖਰਚ ਆਉਣਗੇ। ਜਿਥੋਂ ਬਠਿੰਡਾ ਜ਼ਿਲ੍ਹੇ ਦੀ ਹੱਦਦ ਖਤਮ ਹੁੰਦੀ ਹੈ, ਉਸ ਤੋਂ ਲੈ ਕੇ ਪਿੰਡ ਬਾਦਲ ਵਿਚ ਦੀ ਕੌਮੀ ਹਾਈਵੇ 10 ਤੱਕ ਜੋ ਸੜਕ ਬਣਾਈ ਜਾਣੀ ਹੈ, ਉਹ ਜ਼ਿਲ੍ਹਾ ਮੁਕਤਸਰ ਵਲੋਂ ਬਣਾਈ ਜਾਣੀ ਹੈ। ਮੁਕਤਸਰ ਜ਼ਿਲ੍ਹੇ ਵਲੋਂ 6.61 ਕਿਲੋਮੀਟਰ ਸੜਕ 'ਤੇ 4.83 ਕਰੋੜ ਰੁਪਏ ਖਰਚ ਆਉਣਗੇ। ਹਾਲਾਂਕਿ ਮੁਕਤਸਰ ਪ੍ਰਸ਼ਾਸਨ ਵਲੋਂ ਬਠਿੰਡਾ-ਮੁਕਤਸਰ ਸੜਕ ਤੋਂ ਇਲਾਵਾ ਹੋਰ ਸੜਕਾਂ ਦੀ ਤਜਵੀਜ਼ ਭੇਜੀ ਗਈ ਸੀ ਪ੍ਰੰਤੂ ਉਪਰੋਂ ਕੇਵਲ ਵੀ.ਆਈ.ਪੀ. ਸੜਕ ਨੂੰ ਹੀ ਪ੍ਰਵਾਂਗੀ ਮਿਲੀ ਹੈ। ਬਠਿੰਡਾ-ਬਾਦਲ ਸੜਕ 'ਤੇ ਹਾਲਾਂਕਿ ਟਰੈਫਿਕ ਕੋਈ ਜਿਆਦਾ ਨਹੀਂ ਹੈ।

ਦੂਸਰੀ ਤਰਫ 39.40 ਕਿਲੋਮੀਟਰ ਲੰਮੀ ਰਾਮਪੁਰਾ-ਤਲਵੰਡੀ ਸਾਬੋ ਸੜਕ ਦਾ ਬੁਰਾ ਹਾਲ ਹੈ ਜਿਸ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ 45 ਕਰੋੜ ਰੁਪਏ ਦਾ ਪ੍ਰੋਜੈਕਟ ਤਿਆਰ ਕਰਕੇ ਭੇਜਿਆ ਗਿਆ ਸੀ। ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਕਾਫੀ ਤੰਗੀ ਵੀ ਝੱਲਣੀ ਪੈਂਦੀ ਹੈ। ਤੇਲ ਸੋਧਕ ਕਾਰਖ਼ਾਨੇ ਵਾਲਾ ਟਰੈਫਿਕ ਵੀ ਇਸੇ ਸੜਕ ਉਪਰੋਂ ਗੁਜਰਦਾ ਹੈ। ਇਸ ਦੇ ਬਾਵਜੂਦ ਇਸ ਸੜਕ ਨੂੰ 'ਕੇਂਦਰੀ ਸੜਕ ਫੰਡ' ਚੋਂ ਬਾਹਰ ਕੱਢ ਦਿੱਤਾ ਗਿਆ ਅਤੇ ਇਸ ਦੀ ਥਾਂ 'ਤੇ ਬਠਿੰਡਾ-ਬਾਦਲ ਵੀ.ਆਈ.ਪੀ. ਸੜਕ ਨੂੰ ਪਾ ਦਿੱਤਾ ਗਿਆ ਹੈ। ਗਿੱਦੜਬਾਹਾ ਸਬ ਡਵੀਜ਼ਨ ਵਲੋਂ ਬਠਿੰਡਾ ਤੋਂ ਮੁਕਤਸਰ ਵਾਲੀ ਸੜਕ ਦੇ ਕਰੀਬ 18 ਕਿਲੋਮੀਟਰ ਹਿੱਸੇ ਨੂੰ ਚੌੜਾ ਕਰਨ ਦੀ ਤਜਵੀਜ਼ ਭੇਜੀ ਗਈ ਸੀ ਪ੍ਰੰਤੂ ਮੁਕਤਸਰ ਦੀ ਇਕੱਲੀ ਪਿੰਡ ਬਾਦਲ ਵਾਲੀ ਸੜਕ ਤੋਂ ਬਿਨ੍ਹਾਂ ਕਿਸੇ ਵੀ ਸੜਕ ਨੂੰ ਕੇਂਦਰ ਸਰਕਾਰ ਵਲੋਂ ਪ੍ਰਵਾਂਗੀ ਨਹੀਂ ਦਿੱਤੀ ਗਈ।

ਇਸੇ ਦੌਰਾਨ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਸ੍ਰੀ ਕੁਲਬੀਰ ਸਿੰਘ ਸੰਧੂ ਦਾ ਕਹਿਣਾ ਸੀ ਕਿ 'ਕੇਂਦਰੀ ਸੜਕ ਫੰਡ' ਨੂੰ ਭੇਜੀ ਤਜਵੀਜ਼ 'ਚ ਰਾਮਪੁਰਾ-ਤਲਵੰਡੀ ਸੜਕ ਨੂੰ ਪ੍ਰਵਾਂਗੀ ਨਹੀਂ ਮਿਲ ਸਕੀ ਹੈ ਕਿਉਂਕਿ 'ਕੇਂਦਰੀ ਸੜਕ ਫੰਡ' ਦੇ ਐਲੋਕੇਸ਼ਨ ਪਲਾਂ 'ਚ ਇਹ ਪੂਰੀ ਸੜਕ ਆ ਨਹੀਂ ਰਹੀ ਸੀ ਜਦੋਂ ਕਿ ਸਰਕਾਰ ਤਰਫੋਂ ਇਸ ਨੂੰ ਪ੍ਰਵਾਂ ਕਰਾਉਣ ਲਈ ਪੂਰਾ ਜ਼ੋਰ ਲਗਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਘੁੱਦਾ ਤੋਂ ਪਿੰਡ ਬਾਦਲ ਤੱਕ ਚਹੁਮਾਰਗੀ ਸੜਕ ਬਣਾਈ ਜਾ ਰਹੀ ਹੈ ਜਿਸ ਨੂੰ ਇਸ ਪਲਾਂ 'ਚ ਪ੍ਰਵਾਂਗੀ ਮਿਲ ਗਈ ਹੈ।

# 23 ਮਾਰਚ ਨੂੰ ਨਵੀਂ ਪਾਰਟੀ ਦਾ ਐਲਾਨ ਕਰਨਗੇ ਮਨਪ੍ਰੀਤ ਬਾਦਲ

**ਜ਼ੀਰਕਪੁਰ (ਤਰਨਪ੍ਰੀਤ ਸਿੰਘ):** ਸ਼ਹੀਦ-ਏ-ਆਜਮ ਭਗਤ ਸਿੰਘ ਦੀ ਜਨਮ ਭੂਮੀ ਖਟਕੜ ਕਲਾਂ ਵਿਖੇ 23 ਮਾਰਚ ਨੂੰ ਨਾ ਸਿਰਫ ਨਵੀ ਪਾਰਟੀ ਦਾ ਐਲਾਨ ਕੀਤਾ ਜਾਏਗਾ ਸਗੋਂ ਇਸ ਮੌਕੇ ਹੋਣ ਵਾਲੇ ਵੱਡੇ ਇਕੱਠ 'ਚ ਹਾਜ਼ਰ ਲੋਕਾਂ ਨੂੰ ਸਮਾਜਿਕ ਬੁਰਾਈਆਂ ਖਿਲਾਫ ਤੇ ਦੇਸ਼ ਦੀ ਤਰੱਕੀ ਲਈ ਤਨ-ਮਨ ਦੀ ਬਾਜ਼ੀ ਲਾਉਣ ਦੀ ਸਹੁੰ ਚੁਕਣਗੇ। ਇਹੋ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਅੱਜ ਦੇਸ਼ ਨੂੰ ਉਨ੍ਹਾਂ ਆਗੂਆਂ ਅਤੇ ਲੋਕਾਂ ਦੀ ਲੋੜ ਹੈ ਜੋ ਦੇਸ਼ ਤੋਂ ਕੁਝ ਲੈਣ ਦੀ ਥਾਂ ਉਸ ਦੀ ਬਿਹਤਰੀ ਲਈ ਕੁਝ ਦੇਣ ਦੀ ਸੋਚ ਰੱਖਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਥੇ ਚੁਆਇਸ ਰਿਜ਼ਾਰਟ ਵਿਚ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ 'ਤੇ ਚੋਣ ਲੜੇਗੀ।


*ਮਨਪ੍ਰੀਤ ਸਿੰਘ ਬਾਦਲ ਨਾਲ ਭਗਵੰਤ ਸਿੰਘ ਬਲਟਾਨਾ*

ਕਾਂਗਰਸ ਨੂੰ ਛੱਡ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਮਨਪ੍ਰੀਤ ਬਾਦਲ ਦੇ ਸਮਰਥਨ 'ਚ ਨਿੱਤਰੇ ਸ. ਭਗਵੰਤ ਸਿੰਘ ਬਲਟਾਨਾ ਵਲੋਂ ਕਰਵਾਈ ਗਈ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ 23 ਮਾਰਚ ਦੀ ਖਟਕੜ ਕਲਾਂ ਰੈਲੀ ਪੰਜਾਬ ਦਾ ਇਤਿਹਾਸ ਬਦਲ ਦੇਵੇਗੀ ਅਤੇ ਇਸ ਦਿਨ ਲੋਕ ਪੰਜਾਬ ਵਿਚੋਂ ਨਸ਼ੇ, ਅਨਪੜ੍ਹਤਾ ਅਤੇ ਹੋਰ ਕੁਰੀਤੀਆਂ ਨੂੰ ਖਤਮ ਕਰਨ ਦੀ ਕਸਮ ਖਾਣਗੇ। ਉਨ੍ਹਾਂ ਵਾਅਦਾ ਕੀਤਾ ਕਿ ਜੇਕਰ ਆਉਂਦੀਆਂ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਹੋਈ ਤਾਂ ਕਿਸੇ ਵਿਅਕਤੀ ਵਿਸ਼ੇਸ਼ ਦਾ ਰਾਜ ਖਤਮ ਕਰਕੇ ਲੋਕ ਰਾਜ ਕਾਇਮ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਾਕਮਾਂ ਦੀ ਬੇਧਿਆਨੀ ਕਾਰਨ ਸਨਅਤ ਖਤਮ ਹੁੰਦੀ ਜਾ ਰਹੀ ਹੈ। ਸੂਬਾ ਅੱਜ ਰਿਸ਼ਵਤ, ਅਨਪੜ੍ਹਤਾ, ਨਸ਼ਾਖੋਰੀ ਵਰਗੇ ਕੋਹੜ ਨਾਲ ਲੜਾਈ ਲੜ ਰਿਹਾ ਹੈ। ਅਨਪੜ੍ਹਤਾ ਨੂੰ ਖਤਮ ਕਰਨ ਲਈ ਸੂਬੇ ਵਿਚ 32 ਹਜ਼ਾਰ ਅਧਿਆਪਕਾਂ ਦੀ ਭਰਤੀ ਕਰਨ ਦੀ ਲੋੜ ਹੈ ਜਿਸ ਲਈ ਕਰੀਬ 300 ਕਰੋੜ ਰੁਪਏ ਦੀ ਲੋੜ ਹੈ। ਦੇਸ਼ ਦੇ 28 ਸੂਬਿਆਂ ਵਿਚੋਂ 26ਵੇਂ ਨੰਬਰ 'ਤੇ ਰਹਿਣਾ ਪੰਜਾਬ ਦੇ ਲੋਕਾਂ ਲਈ ਬਹੁਤ ਹੀ ਸ਼ਰਮ ਦੀ ਗੱਲ ਹੈ ਅਤੇ ਸੂਬੇ ਨੂੰ ਮੁੜ ਤਰੱਕੀ ਦੇ ਰਾਹ ਪਾਉਣ ਲਈ ਸਿਆਸੀ ਬਦਲ ਦੀ ਲੋੜ ਹੈ।

ਸ. ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਜਾਗੋ ਪੰਜਾਬ ਯਾਤਰਾ ਨੂੰ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਜੇਕਰ ਉਨ੍ਹਾਂ ਦਾ ਵੱਸ ਚਲਿਆਂ ਤਾਂ ਇਸ ਤੋਂ ਬਾਅਦ ਪੰਜਾਬ ਵਿਚ ਲਾਲ ਬੱਤੀਆਂ ਖਤਮ ਹੋ ਜਾਣਗੀਆਂ।

ਇਸ ਤੋਂ ਪਹਿਲਾਂ ਸ. ਭਗਵੰਤ ਸਿੰਘ ਬਲਟਾਨਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਤੱਕ ਦੀਆਂ ਸੂਬੇ ਦੀਆਂ ਸਰਕਾਰਾਂ ਨੇ ਸੂਬੇ ਨੂੰ ਪਿੱਛੇ ਨੂੰ ਧੱਕਿਆ ਹੈ ਅਤੇ ਸਾਰੀਆਂ ਪਾਰਟੀਆਂ ਬਦਲਾਖੋਰੀ ਦੀ ਨੀਤੀ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਮਨਪ੍ਰੀਤ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਸਾਥੀਆਂ ਸਮੇਤ ਉਨ੍ਹਾਂ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਸ. ਭਗਵੰਤ ਸਿੰਘ ਜ਼ੀਰਕਪੁਰ ਦੇ ਧਨਾਢਾਂ 'ਚੋਂ ਇਕ ਹੋਣ ਦੇ ਬਾਵਜੂਦ ਸਾਦਾ ਜੀਵਨ ਵਿਚ ਵਿਸ਼ਵਾਸ ਰੱਖਦੇ ਹਨ। ਉਹ ਲੰਮਾ ਸਮਾਂ ਪਿੰਡ ਦੇ ਸਰਪੰਚ ਰਹੇ ਅਤੇ ਨਗਰ ਕੌਂਸਲ ਜ਼ੀਰਕਪੁਰ ਦੇ ਕੌਂਸਲਰ ਵੀ। ਇਸ ਮੌਕੇ ਸਾਬਕਾ ਐਸ ਜੀ ਪੀ ਸੀ ਮੈਂਬਰ ਧਿਆਨ ਸਿੰਘ ਭਰਮਤੀ, ਡਾ. ਜਵਾਹਰ, ਡਾ. ਸਤਬੀਰ ਸਿੰਘ, ਰਾਜਪਾਲ ਭਗਵਾਸੀ, ਹਰੀ ਸਿੰਘ ਨਾਗਰਾ, ਮਾਨਵਿੰਦਰ ਸਿੰਘ ਕਾਲਾ, ਮੈਂਬਰ ਪੰਚਾਇਤ ਦਿਆਲਪੁਰਾ, ਹਰਪਾਲ ਸਿੰਘ ਸੋਢੀ, ਬਲਵਿੰਦਰ ਸਿੰਘ ਵਿੱਕੀ, ਵੇਦ ਪ੍ਰਕਾਸ਼ ਘੋਲੂਮਾਜਰਾ, ਗੁਰਦੇਵ ਸਿੰਘ ਨੰਬਰਦਾਰ, ਸੁਖਵਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਲੋਹਗੜ੍ਹ ਸਮੇਤ ਵੱਡੀ ਗਿਣਤੀ ਵਿਚ ਸਥਾਨਕ ਲੋਕ ਮੌਜੂਦ ਸਨ।


*ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਪਣੇ ਸਮਰਥਕਾਂ ਨਾਲ*

# ਸੋਭਾ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਬਣਾਏ ਚਿੱਤਰ ਦੀ ਹੋਵੇਗੀ ਨਿਲਾਮੀ

**ਧਰਮਸ਼ਾਲਾ:** ਸੋਭਾ ਸਿੰਘ ਵੱਲੋਂ ਪੰਜਾਬ ਦੇ ਸਿੱਖ ਮਹਾਰਾਜੇ, ਮਹਾਰਾਜਾ ਰਣਜੀਤ ਸਿੰਘ ਦਾ ਬਣਾਇਆ ਚਿੱਤਰ 24 ਮਾਰਚ ਨੂੰ ਨਿਊਯਾਰਕ ਵਿਚ ਸੌਦਬੀ ਵਿਚ ਨਿਲਾਮ ਕੀਤਾ ਜਾਵੇਗਾ। ਇਹ ਚਿੱਤਰ ਕਿਸੇ ਨਿੱਜੀ ਸੰਗ੍ਰਹਿਕਰਤਾ ਵੱਲੋਂ ਨਿਲਾਮ ਕੀਤਾ ਜਾ ਰਿਹਾ ਹੈ। ਇਸ ਦੀ ਕੀਮਤ 4 ਲੱਖ ਅਮਰੀਕੀ ਡਾਲਰ (2 ਕਰੋੜ ਰੁਪਏ ਦੇ ਕਰੀਬ) ਰੱਖੀ ਗਈ ਹੈ।

**2 ਕਰੋੜ ਰੁਪਏ ਦਾ ਵਿਕ ਸਕਦਾ ਹੈ ਚਿੱਤਰ**



ਸੋਭਾ ਸਿੰਘ

ਕਲਾਕ੍ਰਿਤਾਂ ਦੀ ਨਿਲਾਮੀ ਲਈ ਸੌਦਬੀ ਸਭ ਤੋਂ ਪੁਰਾਣਾ ਅਤੇ ਪ੍ਰਸਿੱਧ ਨਿਲਾਮਘਰ ਹੈ। ਇਹ ਚਿੱਤਰ ਸੋਭਾ ਸਿੰਘ ਵੱਲੋਂ 1947-50 ਦੇ ਸਾਲਾਂ ਦੌਰਾਨ ਬਣਾਇਆ ਗਿਆ ਸੀ। ਇਸ ਦੀ ਕਾਪੀ ਕਾਂਗੜਾ ਜ਼ਿਲ੍ਹੇ ਦੇ ਪਾਲਮਪੁਰ ਦੇ ਨੇੜੇ ਪਿੰਡ ਅੰਦਰੇਟਾ ਵਿਚ ਸੋਭਾ ਸਿੰਘ ਆਰਟ ਗੈਲਰੀ ਵਿਚ ਵੀ ਪਈ ਹੈ।

39''-29'' ਆਕਾਰ ਦੇ ਇਸ ਤੇਲ ਚਿੱਤਰ 'ਤੇ ਖੱਬੇ ਪਾਸੇ ਹੇਠਾਂ ਸੋਭਾ ਸਿੰਘ ਦੇ ਦਸਤਖ਼ਤ ਵੀ ਹਨ। ਇਸ ਚਿੱਤਰ ਵਿਚ ਮਹਾਰਾਜਾ ਰਣਜੀਤ ਸਿੰਘ ਚਾਂਦੀ ਦੇ ਸਿੰਘਾਸਨ 'ਤੇ ਬੈਠੇ ਹਨ। ਉਨ੍ਹਾਂ ਬੜਾ ਮਹਿੰਗਾ ਜ਼ਰੀ ਵਾਲਾ ਕੋਟ ਪਹਿਨਿਆ ਹੋਇਆ ਹੈ ਅਤੇ ਹੀਰੇ ਜਵਾਹਰਾਤ ਜੜੀ ਦਸਤਾਰ ਸਜਾਈ ਹੋਈ ਹੈ। ਉਨ੍ਹਾਂ ਦੇ ਤਖ਼ਤ 'ਤੇ ਸ਼ੇਰ ਬਣਿਆ ਹੋਇਆ ਹੈ ਅਤੇ ਤਲਵਾਰ ਉਹਦੀ ਗੋਦ ਵਿਚ ਟਿਕੀ ਹੋਈ ਹੈ। ਇਹ ਚਿੱਤਰ ਉਨ੍ਹਾਂ ਦੀ ਵਡੇਰੀ ਉਮਰ ਵੇਲੇ ਦਾ ਹੈ, ਪਰ ਮਹਾਰਾਜੇ ਦਾ ਚਿਹਰਾ ਮੋਹਰਾ ਅਤੇ ਸ਼ਹਾਨਾ ਦਿੱਖ ਤੇ ਸ਼ਾਨ ਬੇਜੋੜ ਹਨ। ਸੋਭਾ ਸਿੰਘ ਵੀਹਵੀਂ ਸਦੀ ਦੇ ਪ੍ਰਸਿੱਧ ਤੇ ਬਹੁਤ ਸਤਿਕਾਰਤ ਚਿੱਤਰਕਾਰ ਰਹੇ ਹਨ। 1901 ਵਿਚ ਪੰਜਾਬ ਵਿਚ ਜਨਮੇ ਸੋਭਾ ਸਿੰਘ ਨੂੰ ਚਿੱਤਰ ਬਣਾਉਣ ਦਾ ਸ਼ੌਕ ਸੀ ਤੇ ਥੋੜ੍ਹਾ ਜਿਹਾ ਚਿਰ ਉਨ੍ਹਾਂ ਨੇ ਇੰਡਸਟਰੀਅਲ ਸਕੂਲ ਅੰਮ੍ਰਿਤਸਰ ਤੋਂ ਇਹ ਸਿਖਲਾਈ ਲਈ। 1923 ਵਿਚ ਆਪਣਾ ਕੰਮਕਾਰ ਸ਼ੁਰੂ ਕਰਨ ਵਾਲੇ ਸੋਭਾ ਸਿੰਘ ਦਾ ਅਸਲ ਰਚਨਾਤਮਕ ਸਮਾਂ 1949 ਵਿਚ ਸ਼ੁਰੂ ਹੋਇਆ, ਜਦੋਂ ਉਸ ਨੇ ਕਾਂਗੜਾ ਵਾਦੀ ਦੇ ਪਹਾੜਾਂ ਦੀ ਗੋਦ ਵਿਚ ਵਸੇ ਨਿੱਕੇ ਜਿਹੇ ਪਿੰਡ ਅੰਦਰੇਟੇ ਵਿਚ ਆਪਣਾ ਸਟੂਡੀਓ ਬਣਾ ਲਿਆ। ਰਹਿੰਦੀ ਉਮਰ ਸੋਭਾ ਸਿੰਘ ਨੇ ਉਥੇ ਹੀ ਗੁਜ਼ਾਰੀ ਤੇ ਜੀਅ ਭਰ ਕੇ ਅਤੇ ਨਿੱਠ ਕੇ ਚਿੱਤਰਕਾਰੀ ਕੀਤੀ। ਉਨ੍ਹਾਂ ਦੇ ਚਿੱਤਰਾਂ ਦਾ ਮੁੱਖ ਵਿਸ਼ਾ ਪੰਜਾਬੀ ਰੋਮਾਂਟਿਕ ਕਥਾਵਾਂ ਜਿਵੇਂ ਹੀਰ-ਰਾਂਝਾ, ਸੋਹਣੀ ਮਹੀਵਾਲ, ਹਿੰਦੂ ਮਿਥਿਹਾਸ, ਸਿੱਖ ਧਾਰਮਿਕ ਰਵਾਇਤਾਂ ਰਹੀਆਂ।

ਸੋਭਾ ਸਿੰਘ ਵੱਲੋਂ ਸਿੱਖ ਗੁਰੂਆਂ ਦੇ ਬਣਾਏ ਚਿੱਤਰ ਬੜੇ ਮਕਬੂਲ ਹੋਏ। ਕਲਾਕਾਰ ਲਈ ਇਹ ਆਸਥਾ ਅਤੇ ਸ਼ਰਧਾ ਭਰਿਆ ਕਾਰਜ ਸੀ ਜੋ ਇਨ੍ਹਾਂ ਵਿਚਲੀ ਮਿਕਨਾਤੀਸੀ ਪ੍ਰੀਭਾਸ਼ਾ ਤੋਂ ਪਾਰ ਦੀ ਹੈ। ਸੋਭਾ ਸਿੰਘ ਦੇ ਸਭ ਤੋਂ ਮਸ਼ਹੂਰ ਚਿੱਤਰ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਉਤਸਵ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ 300ਵੇਂ ਪ੍ਰਕਾਸ਼ ਉਤਸਵ ਦੀ ਯਾਦ ਵਿਚ ਬਣਾਏ ਹੋਏ ਹਨ। 1983 ਵਿਚ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮਸ੍ਰੀ ਨਾਲ ਸਨਮਾਨਿਆ ਗਿਆ ਸੀ।



ਸੋਭਾ ਸਿੰਘ ਆਰਟ ਗੈਲਰੀ ਦੇ ਜਨਰਲ ਸਕੱਤਰ ਹਿਰਦੇ ਪਾਲ ਸਿੰਘ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਚਿੱਤਰ ਦੀ ਨਿਲਾਮੀ ਦੀ ਸੂਚਨਾ ਉਨ੍ਹਾਂ ਤਕ ਵੀ ਪੁੱਜੀ ਹੈ ਪਰ ਉਨ੍ਹਾਂ ਕੋਲ ਇੰਨਾ ਧਨ ਨਹੀਂ ਕਿ ਉਹ ਇਹ ਚਿੱਤਰ ਖਰੀਦ ਕੇ ਲੈ ਆਉਣ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੂੰ ਉਸ ਚਿੱਤਰ ਦੇ ਮਾਲਕ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ।

# ਸ਼ਾਰਜਾਹ ਅਦਾਲਤ ਨੇ ਪੰਜਾਬੀ ਨੌਜਵਾਨਾਂ ਨੂੰ ਦਿੱਤੀ ਆਖ਼ਰੀ ਮੋਹਲਤ

**ਚੰਡੀਗੜ੍ਹ:** ਪਾਕਿਸਤਾਨੀ ਬਾਸ਼ਿੰਦੇ ਮਿਸਰੀ ਖਾਨ ਦੇ ਕਤਲ ਦੇ ਦੋਸ਼ ਵਿਚ ਸਜ਼ਾ-ਇ-ਮੌਤ ਦਾ ਸਾਹਮਣਾ ਕਰ ਰਹੇ ਪੰਜਾਬ ਦੇ 16 ਅਤੇ ਹਰਿਆਣਾ ਦੇ ਇਕ ਨੌਜਵਾਨ ਦੇ ਪਰਿਵਾਰਾਂ ਨੂੰ ਸ਼ਾਰਜਾਹ ਦੀ ਅਪੀਲੀ ਅਦਾਲਤ ਨੇ ਪੀੜਤ ਪਰਿਵਾਰ ਨਾਲ 28 ਅਪਰੈਲ ਤਕ ਸਮਝੌਤਾ ਕਰਨ ਦਾ ਸਮਾਂ ਦੇ ਦਿੱਤਾ ਹੈ। ਮਿਸਰੀ ਖਾਨ ਦੇ ਪਰਿਵਾਰ ਵੱਲੋਂ ਪੇਸ਼ ਹੋਏ ਮੁਹੰਮਦ ਰਮਜ਼ਾਨ ਨੇ ਜਦੋਂ ਅਦਾਲਤ ਨੂੰ ਦੱਸਿਆ ਕਿ ਦੋਸ਼ੀਆਂ ਨੇ ਕੋਈ ਸਮਝੌਤਾ ਕਰਨ ਜਾਂ ਦੀਆ (ਕਤਲ ਬਦਲੇ ਪੀੜਤ ਪਰਿਵਾਰ ਨੂੰ ਦਿੱਤੀ ਜਾਣ ਵਾਲੀ ਰਾਸ਼ੀ) ਦੇਣ ਬਾਰੇ ਉਸ ਨਾਲ ਜਾਂ ਪੀੜਤ ਪਰਿਵਾਰ ਨਾਲ ਕੋਈ ਰਾਬਤਾ ਕਾਇਮ ਨਹੀਂ ਕੀਤਾ ਤਾਂ ਅਦਾਲਤ ਨੇ ਦੋਸ਼ੀਆਂ ਨੂੰ ਕਿਹਾ ਕਿ ਉਹ 28 ਅਪਰੈਲ ਤਕ ਕੋਈ ਸਮਝੌਤਾ ਕਰ ਲੈਣ।

**28 ਅਪਰੈਲ ਤੱਕ ਸਮਝੌਤਾ ਕਰਨ ਲਈ ਕਿਹਾ**

ਇਸ ਤੋਂ ਪਹਿਲਾਂ ਹੋਈਆਂ ਸੁਣਵਾਈਆਂ ਵੇਲੇ ਬਚਾਅ ਧਿਰ ਨੇ ਅਦਾਲਤ ਨੂੰ ਸਾਫ ਤੌਰ 'ਤੇ ਸਮਝੌਤਾ ਨਾ ਕਰਨ ਬਾਰੇ ਕਿਹਾ ਸੀ। ਇਨ੍ਹਾਂ ਦੇ ਵਕੀਲ ਅਤੇ ਭਾਰਤੀ ਦੂਤਘਰ ਦੇ ਨੁਮਾਇੰਦਿਆਂ ਦਾ ਵੀ ਕਹਿਣਾ ਸੀ ਕਿ ਇਹ ਕੇਸ ਉਨ੍ਹਾਂ ਦੇ ਹੱਕ ਵਿਚ ਹੈ। ਨੌਜਵਾਨ ਬਰੀ ਹੋ ਜਾਣਗੇ। ਇਸ ਲਈ ਦੀਆ ਦੇਣ ਦੀ ਕੋਈ ਲੋੜ ਨਹੀਂ ਹੈ।

ਇਸ ਸਾਰੇ ਕੇਸ ਦੀ ਪੈਰਵੀ ਕਰ ਰਹੇ ਦੁਬਈ ਸਥਿਤ ਕਾਰੋਬਾਰੀ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਹੁਣ ਅਦਾਲਤ ਨੇ ਦੋਵਾਂ ਧਿਰਾਂ ਨੂੰ ਕੋਈ ਸਮਝੌਤਾ ਕਰਨ ਲਈ ਆਖਰੀ ਮੌਕਾ ਦਿੱਤਾ ਹੈ। ਪਿਛਲੇ ਸਾਲ ਜਨਵਰੀ ਵਿਚ ਇਨ੍ਹਾਂ 17 ਭਾਰਤੀਆਂ ਨੂੰ ਸਜ਼ਾ-ਇ-ਮੌਤ ਸੁਣਾਈ ਗਈ ਸੀ। ਇਸ ਮਗਰੋਂ ਉਨ੍ਹਾਂ ਵੱਲੋਂ ਉਸੇ ਸਾਲ ਅਪਰੈਲ ਵਿਚ ਅਪੀਲ ਪਾਈ ਗਈ। ਅਪੀਲ ਪਾਏ ਜਾਣ ਮਗਰੋਂ ਸੁਣਵਾਈਆਂ ਦਾ ਦੌਰ ਚੱਲਿਆ। ਇਸ ਦੌਰਾਨ ਦੋਵਾਂ ਧਿਰਾਂ ਵਿਚਾਲੇ ਸਮਝੌਤੇ ਦੀ ਗੱਲ ਚੱਲੀ। ਸਮਝੌਤੇ ਬਾਰੇ ਇਕ ਨੌਜਵਾਨ ਨੇ ਟੈਲੀਫੋਨ 'ਤੇ ਦੱਸਿਆ ਸੀ, "ਅਸੀਂ ਜੇਲ੍ਹ ਵਿੱਚ ਦੋ ਸਾਲ ਤੋਂ ਵੱਧ ਬਤੀਤ ਕਰ ਚੁੱਕੇ ਹਾਂ।" ਉਸ ਨੇ ਆਸ ਪ੍ਰਗਟ ਕੀਤੀ ਕਿ ਹੁਣ ਉਹ ਆਪਣੇ ਵਤਨ ਪਰਤ ਸਕੇਗਾ।

# ਹੁਣ 48 ਘੰਟਿਆਂ 'ਚ ਮਿਲੇਗਾ ਤਤਕਾਲ ਪਾਸਪੋਰਟ

**ਚੰਡੀਗੜ੍ਹ:** ਹੁਣ ਤਤਕਾਲ ਪਾਸਪੋਰਟ ਬਣਾਉਣ ਲਈ 10-15 ਦਿਨਾਂ ਦੀ ਉਡੀਕ ਖਤਮ ਹੋ ਗਈ ਹੈ। ਵਿਦੇਸ਼ ਵਿਭਾਗ ਨੇ ਪੰਜਾਬ ਅਤੇ ਹਰਿਆਣਾ ਦੇ 12-12 ਜ਼ਿਲ੍ਹਿਆਂ ਵਿੱਚ ਤਤਕਾਲ ਪਾਸਪੋਰਟ ਬਣਾਉਣ ਦੀ ਨਵੀਂ ਵਿਧੀ ਸ਼ੁਰੂ ਕਰਦਿਆਂ ਤਤਕਾਲ ਪਾਸਪੋਰਟ ਬਣਾਉਣ ਲਈ ਬਿਨੈਕਾਰਾਂ ਨੂੰ ਪਾਸਪੋਰਟ ਸੇਵਾ ਕੇਂਦਰਾਂ (ਪੀ.ਐਸ.ਕੇ.) ਵਿਚ 48 ਘੰਟਿਆਂ ਦੌਰਾਨ ਹੀ ਸਮਾਂ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ।

ਚੇਤੇ ਰਹੇ ਕਿ ਭਾਰਤ ਸਰਕਾਰ ਵਲੋਂ ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਅਧੀਨ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐਸ.) ਰਾਹੀਂ ਚੰਡੀਗੜ੍ਹ, ਲੁਧਿਆਣਾ ਅਤੇ ਅੰਬਾਲਾ ਵਿਖੇ ਤਿੰਨ ਪੀ.ਐਸ.ਕੇ. ਸਥਾਪਤ ਕੀਤੇ ਗਏ ਹਨ। ਹੁਣ ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਦੇ ਇੰਟਰਨੈੱਟ ਸਿਸਟਮ ਵਿਚ ਤਤਕਾਲ ਪਾਸਪੋਰਟ ਬਣਾਉਣ ਵਾਲਿਆਂ ਲਈ ਵੱਖਰੇ ਤੌਰ 'ਤੇ ਵਿਸ਼ੇਸ਼ ਸਿਸਟਮ ਚਾਲੂ ਕੀਤਾ ਗਿਆ ਹੈ। ਤਤਕਾਲ ਪਾਸਪੋਰਟ ਅਪਲਾਈ ਕਰਨ ਲਈ ਹੁਣ ਆਮ ਪਾਸਪੋਰਟ ਤੋਂ ਹਟ ਕੇ ਵੱਖਰਾ ਸਿਸਟਮ ਬਣਾਇਆ ਹੈ। ਜਿਥੋਂ ਕੇਵਲ ਤਤਕਾਲ ਪਾਸਪੋਰਟ ਬਣਾਉਣ ਲਈ ਹੀ ਪੀ.ਐਸ.ਕੇ. ਤੋਂ ਸਮਾਂ ਹਾਸਲ ਕੀਤਾ ਜਾ ਸਕੇਗਾ। ਦੱਸਣਯੋਗ ਹੈ ਕਿ ਪਹਿਲਾਂ ਪਾਸਪੋਰਟ ਦਫਤਰ ਦੇ ਇੰਟਰਨੈੱਟ ਸਿਸਟਮ ਵਿਚ ਆਮ ਅਤੇ ਤਤਕਾਲ ਪਾਸਪੋਰਟ ਬਣਾਉਣ ਲਈ ਇਕੋ ਸਿਸਟਮ ਤੋਂ ਹੀ ਆਨਲਾਈਨ ਅਪਲਾਈ ਕਰਕੇ ਅਸਲ ਦਸਤਾਵੇਜ਼ ਲੈ ਕੇ ਪੀ.ਐਸ.ਕੇ. ਜਾਣ ਦਾ ਸਮਾਂ ਲਿਆ ਜਾਂਦਾ ਸੀ।

ਇਸ ਸਾਂਝੇ ਸਿਸਟਮ ਨਾਲ ਤਤਕਾਲ ਪਾਸਪੋਰਟ ਬਣਾਉਣ ਦੇ ਅਰਥ ਹੀ ਖਤਮ ਹੁੰਦੇ ਜਾ ਰਹੇ ਸੀ ਕਿਉਂਕਿ ਆਨਲਾਈਨ ਰਾਹੀਂ ਪਾਸਪੋਰਟ ਅਪਲਾਈ ਕਰਨ ਵੇਲੇ ਪੀ.ਐਸ.ਕੇ. ਤੋਂ 10 ਤੋਂ 15 ਦਿਨਾਂ ਤੱਕ ਦਾ ਸਮਾਂ ਮਿਲਦਾ ਸੀ ਜਿਸ ਕਾਰਨ ਤਤਕਾਲ ਪਾਸਪੋਰਟ ਬਣਾਉਣ ਵਾਲੇ ਸਿਸਟਮ ਵਿਚ ਵੱਡਾ ਖਲਾਅ ਪੈਦਾ ਹੋ ਗਿਆ ਸੀ। ਹੁਣ ਖੇਤਰੀ ਪਾਸਪੋਰਟ ਦਫਤਰ ਚੰਡੀਗੜ੍ਹ ਵੱਲੋਂ ਇੰਟਰਨੈੱਟ ਸਿਸਟਮ ਵਿਚ ਨਵਾਂ ਪ੍ਰੋਗਰਾਮ ਤਿਆਰ ਕੀਤਾ ਹੈ ਜੋ ਹਰ ਦੂਸਰੇ ਦਿਨ ਖੁੱਲ੍ਹਿਆ ਕਰੇਗਾ ਅਤੇ ਤਤਕਾਲ ਪਾਸਪੋਰਟ ਬਣਾਉਣ ਦੇ ਚਾਹਵਾਨ ਇਸ ਸਿਸਟਮ 'ਤੇ ਆਨਲਾਈਨ ਅਪਲਾਈ ਕਰਕੇ 48 ਘੰਟਿਆਂ ਵਿਚ ਹੀ ਪੀ.ਐਸ.ਕੇ ਪੇਸ਼ ਹੋਣ ਦਾ ਸਮਾਂ ਹਾਸਲ ਕਰ ਸਕਣਗੇ। ਆਮ ਪਾਸਪੋਰਟ ਬਣਾਉਣ ਦਾ ਆਨਲਾਈਨ ਸਿਸਟਮ ਨਿਰੰਤਰ ਚਾਲੂ ਰਹੇਗਾ ਜਿਸ ਲਈ ਕਿਸੇ ਵੇਲੇ ਵੀ ਅਪਲਾਈ ਕੀਤਾ ਜਾ ਸਕਦਾ ਹੈ। ਤਤਕਾਲ ਪਾਸਪੋਰਟ ਪੁਲੀਸ ਵੇਰੀਫਿਕੇਸ਼ਨ ਹੋਣ ਤੋਂ ਤਿੰਨ ਦਿਨਾਂ ਵਿਚ ਜਾਰੀ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਤਤਕਾਲ ਪਾਸਪੋਰਟ ਅਪਲਾਈ ਕਰਨ ਵੇਲੇ ਸੀਨੀਅਰ ਅਫਸਰਾਂ ਦੀ ਵੇਰੀਫਿਕੇਸ਼ਨ ਨਾਲ ਹੀ ਲੱਗਦੀ ਹੈ ਜਿਨ੍ਹਾਂ ਦੀ ਪੁਸ਼ਟੀ ਪਾਸਪੋਰਟ ਦਫਤਰ ਦੇ ਅਧਿਕਾਰੀ ਸਬੰਧਿਤ ਵੇਰੀਫਿਕੇਸ਼ਨ ਕਰਨ ਵਾਲੇ ਅਫਸਰ ਨਾਲ ਫੋਨ 'ਤੇ ਸੰਪਰਕ ਕਰਕੇ ਕੀਤਾ ਜਾਂਦੀ ਹੈ। ਇਹ ਪੁਸ਼ਟੀ ਹੋਣ ਤੋਂ ਤਿੰਨ ਦਿਨਾਂ ਵਿਚ ਤਤਕਾਲ ਪਾਸਪੋਰਟ ਜਾਰੀ ਕੀਤਾ ਜਾਵੇਗਾ।

ਪਿਛਲੇ ਵਰ੍ਹੇ 17 ਅਗਸਤ ਨੂੰ ਚੰਡੀਗੜ੍ਹ, ਅੰਬਾਲਾ ਅਤੇ ਲੁਧਿਆਣਾ ਵਿਖੇ ਖੁੱਲ੍ਹੇ ਤਿੰਨ ਪੀ.ਐਸ.ਕੇ. ਵਿਚ 31 ਦਸੰਬਰ 2010 ਤੱਕ ਪਾਸਪੋਰਟ ਬਣਾਉਣ ਲਈ 60 000 ਦੇ ਕਰੀਬ ਫਾਰਮ ਜਮ੍ਹਾਂ ਹੋਏ ਸਨ ਜਿਨ੍ਹਾਂ ਵਿਚੋਂ 35000 ਪਾਸਪੋਰਟ ਪਿਛਲੇ ਵਰ੍ਹੇ ਹੀ ਜਾਰੀ ਕਰ ਦਿੱਤੇ ਸਨ। ਪੀ.ਐਸ.ਕੇ. ਵਿਚ ਪਾਸਪੋਰਟ ਪ੍ਰਿੰਟ ਕਰਨ ਦੀ ਪ੍ਰਕਿਰਿਆ ਪਿਛਲੇ ਸਮੇਂ ਢਿੱਲੀ ਰਹਿਣ ਕਾਰਨ ਪਾਸਪੋਰਟ ਪੈਂਡਿੰਗ ਚਲੇ ਆ ਰਹੇ ਸਨ। ਖੇਤਰੀ ਪਾਸਪੋਰਟ ਅਫਸਰ (ਆਰ.ਪੀ.ਓ.) ਵਿਤੁਲ ਕੁਮਾਰ ਨੇ ਦੱਸਿਆ ਕਿ ਤਤਕਾਲ ਪਾਸਪੋਰਟ ਬਣਾਉਣ ਦਾ ਆਨਲਾਈਨ ਰਾਹੀਂ ਵੱਖਰਾ ਸਿਸਟਮ ਅੱਜ ਤੋਂ ਸ਼ੁਰੂ ਕਰ ਦਿੱਤਾ ਹੈ ਅਤੇ ਹੁਣ ਤਤਕਾਲ ਪਾਸਪੋਰਟ ਬਣਾਉਣ ਵਾਲੇ ਹਰ ਵਿਅਕਤੀ ਨੂੰ ਪੀ.ਐਸ.ਕੇ. ਵਿਚ 48 ਘੰਟਿਆਂ ਵਿਚ ਹੀ ਸਮਾਂ ਮਿਲਣ ਦੀ ਸਹੂਲਤ ਸ਼ੁਰੂ ਹੋ ਗਈ ਹੈ। ਅਗਲੇ ਹਫਤੇ ਸਾਰਾ ਬੈਕਲਾਗ ਦੂਰ ਕਰ ਦਿੱਤਾ ਜਾਵੇਗਾ।

# ਸੁਪਰੀਮ ਕੋਰਟ ਵੱਲੋਂ ਸੰਘਰਸ਼ਸ਼ੀਲ ਆਗੂਆਂ ਦੀ ਸਜ਼ਾ-ਮੁਆਫ਼ੀ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਰਾਜਪਾਲ ਵੱਲੋਂ ਕਿਰਨਜੀਤ ਐਕਸ਼ਨ ਕਮੇਟੀ ਦੇ ਆਗੂਆਂ ਦੀ ਸਜ਼ਾ-ਮੁਆਫ਼ੀ ਦਾ ਫੈਸਲਾ ਰੱਦ ਕਰ ਦਿੱਤਾ ਹੈ। ਨਾਲ ਹੀ ਰਾਜਪਾਲ ਨੂੰ ਕਿਹਾ ਗਿਆ ਹੈ ਕਿ ਇਸ ਫੈਸਲੇ 'ਤੇ ਨਜ਼ਰਸਾਨੀ ਕੀਤੀ ਜਾਵੇ।

ਜਸਟਿਸ ਜੀ.ਐਸ. ਸਿੰਘਵੀ ਅਤੇ ਜਸਟਿਸ ਏ.ਕੇ. ਗਾਂਗੁਲੀ 'ਤੇ ਆਦਾਰਿਤ ਬੈਂਚ ਨੇ ਰਾਜਪਾਲ ਵੱਲੋਂ ਸਜ਼ਾ-ਮੁਆਫ਼ੀ ਦੇ ਫੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਬਾਰੇ ਫੈਸਲਾ ਕਾਨੂੰਨ ਮੁਤਾਬਕ ਕੀਤਾ ਜਾਵੇ। ਇਹਦੇ ਨਾਲ ਹੀ ਬੈਂਚ ਨੇ ਕਿਹਾ ਕਿ ਰਾਜਪਾਲ ਨੇ ਸੰਵਿਧਾਨ ਦੀ ਧਾਰਾ 161 ਅਧੀਨ ਆਪਣੀ ਸੰਵਿਧਾਨਕ ਸੀਮਾ ਤੋਂ ਬਾਹਰ ਜਾ ਕੇ ਇਹ ਫੈਸਲਾ ਕੀਤਾ ਹੈ।

ਯਾਦ ਰਹੇ ਕਿ ਸਕੂਲ ਵਿਦਿਆਰਥਣ ਕਿਰਨਜੀਤ ਕੌਰ (ਮਹਿਲ ਕਲਾਂ) ਦਾ 29 ਜੁਲਾਈ 1997 ਨੂੰ ਕਤਲ ਹੋ ਗਿਆ ਸੀ। ਕਤਲ ਤੋਂ ਪਹਿਲਾਂ ਉਸ ਨਾਲ ਜ਼ਬਰਦਸਤੀਵੀ ਕੀਤੀ ਗਈ। ਅਠਾਰਾਂ ਜਥੇਬੰਦੀਆਂ ਨੇ ਰਲ ਕੇ ਬਣਾਈ ਐਕਸ਼ਨ ਕਮੇਟੀ ਨੇ ਲੰਮੇ ਅਤੇ ਤਿੱਖੇ ਸੰਘਰਸ਼ ਪਿੱਛੋਂ ਦੋਸ਼ੀਆਂ ਨੂੰ ਸਜ਼ਾ ਦਿਵਾਈ ਸੀ ਪਰ ਅਦਾਲਤ ਵਿਚ ਹੋਏ ਇਕ ਕਤਲ ਵਿਚ ਇਸ ਕਮੇਟੀ ਦੇ ਤਿੰਨ ਅਹਿਮ ਤਿੰਨਾਂ ਆਗੂਆਂ-ਬਿਜਲੀ ਮੁਲਾਜ਼ਮਾਂ ਦੇ ਆਗੂ ਨਰਾਇਣ ਦੱਤ, ਅਧਿਆਪਕ ਆਗੂ ਪ੍ਰੇਮ ਕੁਮਾਰ ਅਤੇ ਕਿਸਾਨ ਆਗੂ ਮਨਜੀਤ ਸਿੰਘ ਧਨੇਰ, ਨੂੰ ਫਸਾ ਦਿੱਤਾ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਫਿਰ ਇਨ੍ਹਾਂ ਤਿੰਨਾਂ ਆਗੂਆਂ ਨੂੰ ਛੁਡਾਉਣ ਲਈ ਸੰਘਰਸ਼ ਸ਼ੁਰੂ ਹੋਇਆ। ਆਖ਼ਰਕਾਰ ਰਾਜਪਾਲ ਨੇ 25 ਜੁਲਾਈ 2007 ਨੂੰ ਇਨ੍ਹਾਂ ਤਿੰਨਾਂ ਆਗੂਆਂ ਨੂੰ ਦਿੱਤੀ ਉਮਰ ਕੈਦ ਦੀ ਸਜ਼ਾ ਖ਼ਤਮ ਕਰ ਦਿੱਤੀ।



ਸੰਘਰਸ਼ ਕਮੇਟੀ ਦੇ ਆਗੂ ਘੋਲ ਜਾਰੀ ਰੱਖਣ ਦਾ ਐਲਾਨ ਕਰਦੇ ਹੋਏ

ਇਸ ਤੋਂ ਬਾਅਦ ਕਿਰਨਜੀਤ ਕਤਲ ਕੇਸ ਵਿਚ ਸਜ਼ਾਯਾਫਤਾ ਗੁਰਪ੍ਰੀਤ ਚੀਨਾ ਅਤੇ ਜੁਗਰਾਜ ਰਾਜੂ ਦੇ ਭਰਾ ਰਜਿੰਦਰਪਾਲ ਸਿੰਘ ਨੇ ਰਾਜਪਾਲ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਅਤੇ ਹਾਈ ਕੋਰਟ ਨੇ 2008 ਵਿਚ ਪ੍ਰੇਮ ਕੁਮਾਰ ਅਤੇ ਨਰਾਇਣ ਦੱਤ ਨੂੰ ਤਾਂ ਬਰੀ ਕਰ ਦਿੱਤਾ ਪਰ ਮਨਜੀਤ ਸਿੰਘ ਧਨੇਰ ਦੀ ਸਜ਼ਾ ਕਾਇਮ ਰੱਖੀ। ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ ਜਿਸ ਦਾ ਫੈਸਲਾ ਹੁਣ ਸੁਣਾ ਦਿੱਤਾ ਗਿਆ। ਹੁਣ ਸੁਪਰੀਮ ਕੋਰਟ ਦੇ ਫੈਸਲੇ ਦਾ ਭਾਵੇਂ ਨਰਾਇਣ ਦੱਤ ਅਤੇ ਪ੍ਰੇਮ ਕੁਮਾਰ ਉਤੇ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੀ ਤਾਂ ਸਜ਼ਾ ਹਾਈ ਕੋਰਟ ਨੇ ਵੀ ਰੱਦ ਕਰ ਦਿੱਤੀ ਸੀ ਪਰ ਮਨਜੀਤ ਸਿੰਘ ਧਨੇਰ ਦੀ ਸਜ਼ਾ ਬਹਾਲ ਹੋ ਗਈ ਹੈ।

ਬੈਂਚ ਦਾ ਕਹਿਣਾ ਸੀ ਕਿ ਇਹ ਤੱਥ ਸਭ ਨੂੰ ਪਤਾ ਹੈ ਕਿ ਫੌਜਦਾਰੀ ਮਾਮਲੇ ਵਿਚ ਕਿਸੇ ਦੇ ਦੋਸ਼ੀ ਹੋਣ ਜਾਂ ਨਾ ਹੋਣ ਦਾ ਫੈਸਲਾ ਕਰਨਾ ਸਿਰਫ ਅਦਾਲਤਾਂ ਦਾ ਅਧਿਕਾਰ ਖੇਤਰ ਹੈ ਕਿਉਂਕਿ ਇਹ ਕਾਰਜ ਬਿਲਕੁਲ ਜੁਡੀਸ਼ਲ ਹੀ ਹੈ। ਰਾਜਪਾਲ ਵੱਲੋਂ ਧਾਰਾ 161 ਅਧੀਨ ਕਿਸੇ ਨੂੰ ਮੁਆਫ ਕਰਨ ਦੇਣਾ ਕਾਰਜਕਾਰਨੀ ਦਾ ਕੰਮ ਹੈ, ਜੋ ਅਦਾਲਤ ਦੇ ਕਿਸੇ ਨੂੰ ਦੋਸ਼ੀ ਕਰਾਰ ਦੇਣ ਜਾਂ ਉਹਦੇ ਦੋਸ਼ੀ ਨਾ ਹੋਣ ਦੇ ਦਿੱਤੇ ਫੈਸਲੇ ਤੋਂ ਬਿਲਕੁਲ ਆਜ਼ਾਦ ਹੈ। ਇਕ ਅਥਾਰਟੀ ਨੂੰ ਦੂਜੇ ਦੇ ਅਧਿਕਾਰੀ ਖੇਤਰ ਵਿਚ ਦਖਲ ਨਹੀਂ ਦੇਣਾ ਚਾਹੀਦਾ। ਬੈਂਚ ਅਨੁਸਾਰ ਰਾਜਪਾਲ ਦਾ ਦੋਸ਼ੀਆਂ ਨੂੰ ਨਿਰਦੋਸ਼ ਕਰਾਰ ਦੇਣ ਦਾ ਫੈਸਲਾ ਸੰਵਿਧਾਨ ਸੀਮਾ ਤੋਂ ਬਾਹਰ ਜਾ ਕੇ ਕੀਤਾ ਗਿਆ ਫੈਸਲਾ ਸੀ। ਇਸੇ ਕਰਕੇ ਅਦਾਲਤ, ਰਾਜਪਾਲ ਦੇ ਹੁਕਮ ਨੂੰ ਪ੍ਰਵਾਨਗੀ ਨਹੀਂ ਦਿੰਦੀ ਤੇ ਉਸ ਫੈਸਲੇ ਨੂੰ ਲਾਂਭੇ ਕਰਦੀ ਹੈ ਤੇ ਉਨ੍ਹਾਂ ਤਿੰਨਾਂ ਦੀ ਸਜ਼ਾ ਬਹਾਲ ਰੱਖਦੀ ਹੈ।

ਇਸੇ ਦੌਰਾਨ ਜਨਤਕ ਜਥੇਬੰਦੀਆਂ ਦੇ ਆਗਆਂ ਨੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਬਾਰੇ ਜਨਤਕ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਏਕਤਾ) ਦੇ ਸੂਬਾ ਪ੍ਰੈਸ ਸਕੱਤਰ ਦਰਸ਼ਨ ਸਿੰਘ ਰਾਏਸਰ, ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਸੂਬਾ ਸਕੱਤਰ ਡੀ.ਟੀ.ਐਫ. ਹਰਚਰਨ ਸਿੰਘ ਚੰਨਾ, ਸੰਤੋਖ ਸਿੰਘ, ਗੁਰਜੰਟ ਸਿੰਘ ਟੀ.ਐਸ.ਯੂ., ਅਨਿਲ ਕੁਮਾਰ ਪ.ਸ.ਸ.ਫ. ਆਗੂ, ਡਾ. ਰਾਜਿੰਦਰ ਪਾਲ, ਐਂਪਲਾਇਜ਼ ਫੈਡਰੇਸ਼ਨ ਦੇ ਮੇਲਾ ਸਿੰਘ ਕੱਟੂ, ਗੁਰਮੀਤ ਸੁਖਪੁਰ ਤੇ ਰਾਜੀਵ ਕੁਮਾਰ ਨੇ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਸਬੰਧੀ ਜਲਦ ਹੀ ਉਚ ਪੱਧਰੀ ਵਫ਼ਦ ਮੁੱਖ ਮੰਤਰੀ ਅਤੇ ਰਾਜਪਾਲ ਨੂੰ ਮਿਲ ਕੇ ਸਜ਼ਾ ਰੱਦ ਕਰਨ ਦੀ ਮੰਗ ਕਰੇਗਾ।

ਪੰਜਾਬ ਟਾਈਮਜ਼

ਸਨਿਚਰਵਾਰ, 5 ਮਾਰਚ 2011

## ਸੁਖਬੀਰ ਦੀ ਸਿਆਸੀ ਨਾਦਾਨਗੀ

ਪੰਜਾਬ ਦਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਕ ਵਾਰ ਫਿਰ ਚਰਚਾ ਵਿਚ ਹੈ। ਐਤਕੀਂ ਚਰਚਾ ਦਾ ਕਾਰਨ ਇਕ ਨਹੀਂ, ਸਗੋਂ ਅਨੇਕ ਹਨ। ਪਿਛਲੀ ਵਾਰ ਕਬੱਡੀ ਕੱਪ ਵਿਚ ਖੇਡਾਂ ਘੱਟ ਅਤੇ ਸਿਆਸਤ ਵੱਧ ਹੋਣ ਕਰਕੇ ਉਸ ਦੀ ਚਰਚਾ ਹੋਈ ਸੀ। ਹੁਣ ਹੋ ਰਹੀਆਂ ਸ਼ਹੀਦ ਭਗਤ ਸਿੰਘ ਖੇਡਾਂ ਵਿਚ ਵੀ ਸਿਆਸਤ ਹੀ ਭਾਰੂ ਹੈ। ਉਸ ਨੂੰ ਭੁਲੇਖਾ ਹੈ ਕਿ ਇੱਦਾਂ ਦੇ ਮਸਲਿਆਂ ਨਾਲ ਵੀ ਸਿਆਸਤ ਵਿਚ ਪੈਂਠ ਬਣਾਈ ਜਾ ਸਕਦੀ ਹੈ ਪਰ ਮਸਲਾ ਇਹ ਹੈ ਕਿ ਉਸ ਵੱਲੋਂ ਸੁੱਟੀਆਂ ਸਿਆਸੀ ਗੋਟੀਆਂ ਨੇ ਸਦਾ ਉਲਟ ਅਸਰ ਹੀ ਦਿਖਾਏ ਹਨ। ਇਸੇ ਕਰਕੇ ਸਿਆਸੀ ਮਾਹਿਰ ਅਕਸਰ ਰਾਏ ਦਿੰਦੇ ਹਨ ਕਿ ਇਤਨੇ ਸਾਲ ਸਿਆਸਤ ਵਿਚ ਲਾ ਕੇ ਅਤੇ ਇਤਨੇ ਉਚੇ ਅਹੁਦਿਆਂ ਉਤੇ ਬੈਠ ਕੇ ਵੀ ਉਸ ਨੂੰ ਸਿਆਸਤ ਦੀ ਸੋਝੀ ਨਹੀਂ ਆਈ। ਬਾਪੂ ਕੋਲੋਂ ਮੁਫ਼ਤੋ-ਮੁਫ਼ਤੀ ਮਿਲੀ ਸਿਆਸੀ ਵਿਰਾਸਤ ਨੂੰ ਚਲਾਉਣ ਲਈ ਉਸ ਕੋਲ ਉਹ ਦਾਅ-ਪੇਚ ਨਹੀਂ ਜੋ ਸਿਆਸਤ ਦੇ ਕੁਸ਼ਲ ਖਿਡਾਰੀ ਕੋਲ ਹੁੰਦੇ ਹਨ। ਉਸ ਵੱਲੋਂ ਕੀਤੀਆਂ ਗ਼ਲਤੀਆਂ ਨੂੰ ਠੀਕ ਕਰਨ ਹਿਤ ਅਣਗਿਣਤ ਵਾਰ ਬਾਪੂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪ ਦਖ਼ਲ ਦੇਣਾ ਪਿਆ ਹੈ।

ਸੁਖਬੀਰ ਦੀ ਸਿਆਸੀ ਨਾਲਾਇਕੀ ਦੀ ਸਭ ਤੋਂ ਵੱਧ ਚਰਚਾ ਉਦੋਂ ਹੋਈ ਸੀ ਜਦੋਂ ਉਸ ਨੇ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਨਾਲ ਸਿੰਗ ਫਸਾ ਲਏ ਸਨ। ਉਸ ਵੇਲੇ ਬੁਰੀ ਤਰ੍ਹਾਂ ਪਛਾੜ ਖਾ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੂੰ ਜੋ ਸਿਆਸੀ ਫਾਇਦਾ ਹੋਇਆ ਸੀ, ਉਹ ਸੁਖਬੀਰ ਦੀ ਨਾਲਾਇਕੀ ਦਾ ਹੀ ਸਬੂਤ ਸੀ। ਆਖਰਕਾਰ ਪ੍ਰਕਾਸ਼ ਸਿੰਘ ਬਾਦਲ ਨੇ ਪੁੱਤ ਨੂੰ ਸਹੁੰ ਪਵਾਈ ਕਿ ਕੈਪਟਨ ਅਮਰਿੰਦਰ ਸਿੰਘ ਜੋ ਮਰਜ਼ੀ ਬੋਲੇ, ਉਹ (ਸੁਖਬੀਰ) ਆਪ ਕੁਝ ਨਹੀਂ ਬੋਲੇਗਾ। ਸੁਖਬੀਰ ਵਰਗੀ ਹੀ ਸਿਆਸੀ ਕਚਿਆਈ ਹੁਣ ਉਸ ਦੇ ਸਾਲੇ ਅਤੇ ਸਲਾਹਕਾਰ ਬਿਕਰਮ ਸਿੰਘ ਮਜੀਠੀਆ ਨੇ ਦਿਖਾਈ ਹੈ। ਹੋਰ ਗੱਲ ਤੋਰਨ ਤੋਂ ਪਹਿਲਾਂ ਦੱਸਣਾ ਪਵੇਗਾ ਕਿ ਬਿਕਰਮ ਸਿੰਘ ਮਜੀਠੀਆ ਸਿਆਸਤ ਦੀ ਪੌੜੀ ਸੁਖਬੀਰ ਕਰਕੇ ਹੀ ਚੜ੍ਹਿਆ ਹੈ ਅਤੇ ਅੱਜਕੱਲ੍ਹ ਉਹ ਸੁਖਬੀਰ ਦੇ ਖਾਸ ਲਫ਼ਟੈਣਾਂ ਵਿਚ ਸ਼ਾਮਲ ਹੈ। ਇਸੇ ਕਰਕੇ ਸ਼ਾਇਦ ਉਹ ਇੰਨਾ ਭੂਤਰਿਆ ਹੋਇਆ ਹੈ। ਚਿਰਾਂ ਤੋਂ ਉਸ ਨੂੰ ਯੂਥ ਅਕਾਲੀ ਦਲ ਦੀ ਸਰਪ੍ਰਸਤੀ ਲਈ ਸ਼ਿੰਗਾਰਿਆ ਜਾ ਰਿਹਾ ਸੀ। ਟੀਚਾ ਇਹੀ ਸੀ ਕਿ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਟੱਕਰ ਕਿਵੇਂ ਦੇਣੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਉਂਦੇ ਸਾਰ ਹੀ ਬਾਦਲਾਂ ਉਤੇ ਜਿਸ ਢੰਗ ਨਾਲ ਹੱਲਾ ਬੋਲਿਆ ਸੀ, ਉਸ ਨਾਲ ਬਾਦਲ ਕੈਂਪ ਵਿਚ ਤਰਥੱਲੀ ਮੱਚ ਗਈ ਸੀ। ਉਦੋਂ ਸੁਖਬੀਰ ਨੇ ਬਿਕਰਮ ਸਿੰਘ ਮਜੀਠੀਆ ਨੂੰ ਯੂਥ ਅਕਾਲੀ ਦਲ ਦੀ ਸਰਪ੍ਰਸਤੀ ਸੌਂਪ ਕੇ ਸਿਆਸੀ ਪਿੜ ਵਿਚ ਤਵਾਜ਼ਨ ਬਣਾਉਣ ਦਾ ਯਤਨ ਕੀਤਾ ਸੀ ਪਰ ਸੁਖਬੀਰ ਦੀ ਕੋਈ ਵੀ ਚਾਲ ਕੈਪਟਨ ਅਮਰਿੰਦਰ ਸਿੰਘ ਦੀ ਚੜ੍ਹਾਈ ਨੂੰ ਡੱਕ ਨਾ ਸਕੀ। ਹੁਣ ਜਦੋਂ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ ਨਵੰਬਰ 1984 ਦੌਰਾਨ ਸਿੱਖਾਂ ਦੇ ਹੋਏ ਕਤਲੇਆਮ ਦਾ ਮਾਮਲਾ ਸਾਹਮਣੇ ਆਇਆ ਤਾਂ ਅਕਾਲੀ ਦਲ ਲਈ ਤਾਂ ਮਾਨੋ 'ਬਿੱਲੀ ਭਾਣੇ ਛਿੱਕਾ ਟੁੱਟਿਆ' ਵਾਲੀ ਗੱਲ ਹੋ ਗਈ। ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਚੱਲ ਰਹੇ ਸੰਘਰਸ਼ ਨੂੰ ਲਾਂਭੇ ਕਰਨ ਲਈ ਵੀ ਇਹ ਮੁੱਦਾ ਬੜਾ ਜ਼ੋਰਦਾਰ ਸੀ। ਜਦੋਂ ਸਮੁੱਚੀ ਅਕਾਲੀ ਧਿਰ ਇਸ ਮਾਮਲੇ 'ਤੇ ਕਾਂਗਰਸ ਨੂੰ ਘੇਰ ਰਹੀ ਸੀ ਅਤੇ ਕਾਂਗਰਸ ਨੂੰ ਵੀ ਕੁਝ ਨਹੀਂ ਸੀ ਸੁੱਝ ਰਿਹਾ ਕਿ ਇਸ ਮਾਮਲੇ 'ਤੇ ਕੀਤਾ ਕੀ ਜਾਵੇ ਤਾਂ ਬਿਕਰਮ ਸਿੰਘ ਮਜੀਠੀਆ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਜਿਹੜਾ ਬਿਆਨ ਦਾਗਿਆ, ਉਸ ਨੇ ਰਾਤੋ-ਰਾਤ ਪਾਸੇ ਹੀ ਪਲਟ ਦਿੱਤੇ ਅਤੇ ਸਿਆਸੀ ਮਾਹੌਲ ਹੀ ਬਦਲ ਕੇ ਰੱਖ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦਾ ਸਿਰ ਕਲਮ ਕਰਨ ਬਾਰੇ ਦਿੱਤੇ ਬਿਆਨ ਤੋਂ ਬਾਅਦ ਕਾਂਗਰਸੀਆਂ ਨੇ ਪੁਤਲੇ ਫੂਕਣੇ ਅਤੇ ਧਰਨੇ/ਮੁਜ਼ਾਹਰੇ ਸ਼ੁਰੂ ਕਰ ਦਿੱਤੇ ਅਤੇ ਦਿਨਾਂ ਵਿਚ ਹੀ ਸੁਖਬੀਰ ਐਂਡ ਪਾਰਟੀ ਬਚਾਅ ਲਈ ਹੱਥ-ਪੈਰ ਮਾਰਨ ਲੱਗ ਪਈ। ਬਿਕਰਮ ਸਿੰਘ ਮਜੀਠੀਆ ਨੇ ਪਿੱਛੋਂ ਭਾਵੇਂ ਆਪਣੇ ਇਸ ਬਿਆਨ ਬਾਰੇ ਸਫ਼ਾਈਆਂ ਦੇਣ ਲਈ ਲੱਖ ਯਤਨ ਕੀਤੇ ਪਰ ਤੀਰ ਤਾਂ ਕਮਾਨ ਵਿਚੋਂ ਨਿੱਕਲ ਚੁੱਕਾ ਸੀ। ਉਂਜ ਵੀ ਸਫ਼ਾਈ ਦੇਣ ਨਾਲ ਖੁਦ ਉਸ ਦੀ ਅਤੇ ਅਕਾਲੀ ਦਲ ਦੀ ਹੋਰ ਵੀ ਹੇਠੀ ਹੋਈ। ਸੁਖਬੀਰ ਵੀ ਇਸ ਮਾਮਲੇ 'ਤੇ ਬੱਸ ਦੇਖਦਾ ਹੀ ਰਹਿ ਗਿਆ। ਚਤੁਰ ਸਿਆਸੀ ਖਿਡਾਰੀਆਂ ਵਾਂਗ ਉਸ ਕੋਲ ਇਸ ਨੁਕਸਾਨ ਦੀ ਭਰਪਾਈ ਲਈ ਕੋਈ ਤੋੜ ਨਹੀਂ ਸੀ। ਐਤਕੀਂ ਮਾੜੀ ਗੱਲ ਇਹ ਹੋਈ ਕਿ ਬਾਪੂ ਦਾ ਸਹਾਰਾ ਵੀ ਨਾ ਮਿਲਿਆ ਕਿਉਂਕਿ ਉਹ ਅਮਰੀਕਾ ਆਏ ਹੋਏ ਹਨ।

ਦਰਅਸਲ ਇਹ ਗੱਲ ਵਾਰ-ਵਾਰ ਸਾਹਮਣੇ ਆਉਂਦੀ ਰਹੀ ਹੈ ਕਿ ਸਿਆਸਤ ਸੁਖਬੀਰ ਸਿੰਘ ਬਾਦਲ ਦੇ ਵੱਸ ਦਾ ਰੋਗ ਨਹੀਂ। ਅਕਾਲੀ ਦਲ ਦੇ ਅੰਦਰ ਚੱਲ ਰਹੇ ਘਮਸਾਣ ਦੌਰਾਨ ਕੱਦਾਵਰ ਆਗੂ ਕੈਪਟਨ ਕੰਵਲਜੀਤ ਸਿੰਘ ਨਾਲ ਵਿਹਾਰ ਦਾ ਮਾਮਲਾ ਸੀ ਜਾਂ ਕੈਪਟਨ ਅਮਰਿੰਦਰ ਸਿੰਘ ਨਾਲ ਨਜਿੱਠਣ ਦਾ ਜਾਂ ਕੋਈ ਵੀ ਹੋਰ; ਸੁਖਬੀਰ ਨੇ ਕਦੀ ਵੀ ਪੁਖ਼ਤਗੀ ਨਹੀਂ ਦਿਖਾਈ। ਸੀਨੀਅਰ ਅਕਾਲੀ ਆਗੂ ਭਾਵੇਂ ਉਸ ਦੇ ਆਪਹੁਦਰੇਪਣ ਤੋਂ ਡਾਢੇ ਔਖੇ ਹਨ, ਪਰ ਸਿਆਸੀ ਮਜਬੂਰੀਆਂ ਕਾਰਨ ਕੁਸਕਦਾ ਕੋਈ ਵੀ ਨਹੀਂ। ਸਿਆਸੀ ਮਾਹਿਰ ਤਾਂ ਸੁਖਬੀਰ ਦੇ ਮੁਕਾਬਲੇ, ਅਜੇ ਕੱਲ੍ਹ ਹੀ ਸਿਆਸਤ ਵਿਚ ਆਈ ਉਸ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਵੀ ਵੱਧ ਨੰਬਰ ਦਿੰਦੇ ਹਨ। ਤੱਥ ਇਹ ਵੀ ਹਨ ਕਿ ਜਦੋਂ ਸੁਖਬੀਰ ਸੰਸਦ ਮੈਂਬਰ ਅਤੇ ਕੇਂਦਰ ਵਿਚ ਵਾਜਪਾਈ ਸਰਕਾਰ ਵੇਲੇ ਮੰਤਰੀ ਸੀ, ਉਸ ਨੇ ਸੰਸਦ ਵਿਚ ਪੰਜਾਬ ਜਾਂ ਪੰਜਾਬ ਦੀਆਂ ਲੋੜਾਂ-ਥੁੜਾਂ ਜਾਂ ਮੰਗਾਂ ਬਾਰੇ ਇਕ ਵੀ ਸ਼ਬਦ ਨਹੀਂ ਸੀ ਬੋਲਿਆ। ਇਸ ਵੇਲੇ ਭਾਵੇਂ ਅਕਾਲੀ ਦਲ ਅਤੇ ਸਰਕਾਰ ਉਹ ਹੀ ਚਲਾ ਰਿਹਾ ਹੈ ਪਰ ਬਾਪੂ ਦੀ ਬਦੌਲਤ ਉਪ ਮੁੱਖ ਮੰਤਰੀ ਦੀ ਕੁਰਸੀ ਉਤੇ ਪੁੱਜਣ ਅਤੇ ਪਰਿਵਾਰ ਦੇ ਚਾਹੁਣ ਦੇ ਬਾਵਜੂਦ ਉਹ ਮੁੱਖ ਮੰਤਰੀ ਦੀ ਕੁਰਸੀ ਹਾਸਲ ਨਹੀਂ ਕਰ ਸਕਿਆ। ਉਸ ਨੂੰ ਮੁੱਖ ਮੰਤਰੀ ਬਣਾਉਣ ਦਾ ਸਭ ਤੋਂ ਵਧ ਵਿਰੋਧ ਅਕਾਲੀ ਦਲ ਦੀ ਭਾਈਵਾਲ ਭਾਜਪਾ ਹੀ ਕਰ ਰਹੀ ਹੈ ਜਿਸ ਦੇ ਆਗੂਆਂ ਨਾਲ ਸਿਆਸੀ ਤਾਲਮੇਲ ਬਿਠਾਉਣ ਦੇ ਮਾਮਲੇ ਵਿਚ ਵੀ ਉਹ ਫੇਲ੍ਹ ਹੀ ਸਾਬਤ ਹੋਇਆ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸਭ ਦਾ 'ਦੁਸ਼ਮਣ' ਰਾਜਾ!*

ਕਰਨੇ ਵਾਸਤੇ ਨਵਾਂ ਸਟੰਟ ਕੋਈ, ਬਾਪੂ ਕਹਿਣ ਲਈ ਫੇਰ ਨਾ-ਚੀਜਿਆਂ ਨੂੰ।
ਕੀਲਣ ਵਾਸਤੇ ਬੀਨ ਵਜਾਉਣ ਲੱਗ, ਫੋਕੇ ਲਾਰਿਆਂ ਨਾਲ ਪਸੀਜਿਆਂ ਨੂੰ।
ਨਾਲੇ ਮਿੱਠੀਆਂ ਗੋਲੀਆਂ ਦੇਣ ਤੁਰ ਪਏ, ਰੁੱਸੇ ਬੈਠਿਆਂ ਦੂਜਿਆਂ-ਤੀਜਿਆਂ ਨੂੰ।
ਧੱਕੇ ਧੌਂਸ ਦੇ ਨਾਲ ਜੋ ਰਾਜ ਕਰਦੇ, ਪੈਂਦਾ ਭੁਗਤਣਾ ਅੰਤ ਨਤੀਜਿਆਂ ਨੂੰ।
ਲੱਗ ਜਾਣਗੇ ਕਿਸ ਤਰ੍ਹਾਂ ਅੰਬ ਦੱਸੋ, ਹੱਥੀਂ ਅੱਕ ਦੇ ਬੂਟੇ ਬੀਜਿਆਂ ਨੂੰ।
ਦੁਸ਼ਮਣ 'ਰਾਜਾ' ਹੀ ਸਾਹਮਣੇ ਦਿਸੀ ਜਾਂਦਾ, ਸਾਲੇ, ਜੀਜਿਆਂ, ਤਾਏ-ਭਤੀਜਿਆਂ ਨੂੰ।

# ਨਵੰਬਰ 1984 ਦੇ ਰਿਸਦੇ ਜ਼ਖ਼ਮ

ਹਰਿਮੰਦਰ ਦੀ ਹਿੱਕ ਨੂੰ ਵਿੰਨ੍ਹ ਕੇ
ਕਾਲ ਬੀਤ ਗਏ ਨੇ।
ਚੌਕ ਚੁਰਾਹੇ ਰੁਲੀਆਂ ਪੱਗਾਂ
ਹਾਲ ਬੀਤ ਗਏ ਨੇ।
ਇਨਸਾਫ਼ ਦੀ ਕੋਈ ਵੀ ਕਿਰਨ
ਕਿਤੇ ਨਾ ਨਜ਼ਰੀਂ ਪੈਂਦੀ ਏ,
ਸੀਨੇ ਫੱਟ ਲੱਗੇ
26 ਸਾਲ ਬੀਤ ਗਏ ਨੇ।
ਮਿਲੇਗਾ ਇਨਸਾਫ਼ ਕਦੋਂ
ਉਜੜ ਹੋਏ ਮਾਸੂਮਾਂ ਨੂੰ?
ਟੁੱਟੇ ਸਭ ਭਰੋਸੇ
ਸਭ ਖ਼ਿਆਲ ਬੀਤ ਗਏ ਨੇ।

ਕੱਲ੍ਹ ਕੁਝ ਏਦਾਂ ਦਾ ਹੀ ਉਜੜਿਆ ਇਕ ਪਿੰਡ ਦੇਖਿਆ ਜੋ ਨਵੰਬਰ 1984 ਦੀਆਂ ਯਾਦਾਂ ਨੂੰ ਅਜੇ ਤੱਕ ਆਪਣੇ ਕੋਲ ਸੰਭਾਲੀ ਬੈਠਾ ਹੈ; ਜਿਸ ਵਿਚੋਂ 84 ਦੇ ਫੱਟ ਅਜੇ ਤੱਕ ਵੀ ਰਿਸਦੇ ਨੇ। ਓਦਾਂ ਹੀ ਸੁੰਨੀ ਬੇਆਬਾਦ ਬੀਆਬਾਨ ਖ਼ੂਨੀ ਸੜਕ। ਨਾ ਬੰਦਾ,



ਇੰਜ. ਮਨਵਿੰਦਰ ਸਿੰਘ ਗਿਆਸਪੁਰ*

ਨਾ ਬੰਦੇ ਦੀ ਜ਼ਾਤ। ਸ਼ਾਇਦ ਆਦਮ ਜ਼ਾਤ ਦੇ ਪੈਰਾਂ ਨੂੰ ਤਰਸਦੀ ਹੋਵੇ। ਖੰਡਰ ਹੋਈਆਂ ਹਵੇਲੀਆਂ। ਢਹੀਆਂ ਕੰਧਾਂ। ਰਸਤੇ ਦੇ ਦੋਵੇਂ ਪਾਸੀਂ ਉੱਗਿਆ ਸਲਵਾੜ। ਹੈਵਾਨੀਅਤ ਦੇ ਨੰਗੇ ਨਾਚ ਦੀਆਂ ਯਾਦਾਂ ਨੂੰ ਸਮੋਈ ਬੈਠਾ ਇਹ ਪਿੰਡ। ਹੁਣ ਪੂਰੇ ਪਿੰਡ ਵਿਚ ਕੋਈ ਵੀ ਨਹੀਂ ਵੱਸਦਾ। ਬਿਲਕੁਲ ਉਜੜਿਆ ਹੋਇਆ। ਅਗਰ ਅਸੀਂ ਸਾਰੇ ਹੰਭਲਾ ਮਾਰੀਏ ਤਾਂ ਉਹ ਯਾਦਗਾਰ ਸੰਭਾਲੀ ਜਾ ਸਕਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸ ਸਕੀਏ ਕਿ ਕਿਸੇ ਵੀ ਤਰ੍ਹਾਂ ਦੀ ਨਫ਼ਰਤ ਕਿੰਨੀ ਭਿਆਨਕ ਹੁੰਦੀ ਹੈ। ਜੋ ਜ਼ੁਲਮ ਹੋਏ ਨੇ, ਉਨ੍ਹਾਂ ਦੀ ਦਾਸਤਾਂ ਨੂੰ ਹੂ-ਬਹੂ ਵਿਖਾ ਸਕੀਏ।

ਗੁੜਗਾਵਾਂ ਤੋਂ ਉਤਰ ਵੱਲ ਨੈਸ਼ਨਲ ਹਾਈਵੇਅ-8 'ਤੇ ਜੈਪੁਰ ਵੱਲ ਨੂੰ 27 ਕਿਲੋਮੀਟਰ ਦੀ ਦੂਰੀ 'ਤੇ ਬਿਲਾਸਪੁਰ। ਉਸ ਤੋਂ 8 ਕਿਲੋਮੀਟਰ ਨਵਾਬਾਂ ਦੀ ਪਟੌਦੀ। ਪਟੌਦੀ ਤੋਂ ਚੜ੍ਹਦੇ ਪਾਸੇ ਵੱਲ ਤਕਰੀਬਨ 18 ਕਿਲੋਮੀਟਰ ਦੀ ਦੂਰੀ 'ਤੇ ਹੈ ਇਹ ਪਿੰਡ ਹੋਂਦ ਚਿੱਲੜ। ਤਹਿਸੀਲ ਤੇ ਜ਼ਿਲ੍ਹਾ ਰੇਵਾੜੀ ਦੇ ਅਧੀਨ ਆਉਂਦਾ ਹੈ। ਹੁਣ ਪਿੰਡ ਦੇ ਅੰਦਰ ਵੜਦੇ ਹੀ ਧੁਆਂਖੀਆਂ, ਢਹੀਆਂ ਹਵੇਲੀਆਂ ਦਿਸਦੀਆਂ ਨੇ। ਬੱਸ ਓਨੇ ਕੁ ਹੀ ਹੱਡ ਪਏ ਨੇ ਜੋ ਚਬਾਏ ਨਹੀਂ ਜਾ ਸਕੇ। ਬਾਕੀ ਦਾ ਮਾਸ ਤਾਂ ਕਾਂ-ਕੁੱਤੇ ਖਾ ਗਏ। ਕਹਿੰਦੇ ਨੇ, ਪਹਿਲਾਂ ਪਿੰਡ ਵੜਦੇ ਹੀ ਕਹਿੰਦੀ-ਕਹਾਉਂਦੀ ਹਵੇਲੀ ਹੁੰਦੀ ਸੀ। ਇਹ ਸੜੀਆਂ ਕੰਧਾਂ ਆਪਣੀ ਕਹਾਣੀ ਆਪ ਬਿਆਨ ਕਰਦੀਆਂ ਨੇ। ਇਕ ਅਜਿਹੀ ਤਬਾਹੀ ਜੋ ਦਹਾਕਿਆਂ ਤੱਕ ਸਹਿਕਦੀ ਰਹਿੰਦੀ ਹੈ। ਸ਼ਾਇਦ ਸਦੀਆਂ ਤੱਕ ਵੀ। ਅਜਿਹੀ ਪੀੜ ਜੋ ਕਦੇ ਵੀ ਖ਼ਤਮ ਨਾ ਹੋਵੇ। ਮੁਆਵਜ਼ਿਆਂ ਦੇ ਦੋ-ਚਾਰ, ਦਸ-ਵੀਹ ਲੱਖ ਇਸ ਦੇ ਸਾਹਮਣੇ ਕੁਝ ਵੀ ਨਹੀਂ ਹਨ। ਕੀ ਪੈਸੇ ਨਾਲ ਲੁੱਟੀਆਂ ਇੱਜ਼ਤਾਂ, ਸਾੜੇ ਭੈਣ-ਭਰਾ ਵਾਪਸ ਆ ਸਕਦੇ ਹਨ? ਨਹੀਂ, ਕਦੀ ਵੀ ਨਹੀਂ।

ਥੋੜ੍ਹਾ ਅੱਗੇ ਚੱਲ ਕੇ ਗੁਰਦੁਆਰਾ ਸਾਹਿਬ ਹੈ। ਗੁਰਦੁਆਰੇ ਦੇ ਪ੍ਰਵੇਸ਼ ਦੁਆਰ 'ਤੇ ਲਿਖਿਆ ਹੈ 'ਜੀ ਆਇਆਂ ਨੂੰ' ਥੋੜ੍ਹਾ ਉਪਰ ਲਿਖਿਆ ਹੈ 'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰੁ ਨ ਜਾਈ।' ਹੁਣ ਗੁਰਦੁਆਰੇ ਦਾ ਕੋਈ ਵੀ ਦਰਵਾਜ਼ਾ ਨਹੀਂ। ਨਾ ਹੀ ਬਾਰੀਆਂ ਹਨ। ਅੰਦਰ ਕਿਸੇ ਅਗਿਆਤ ਦੀ ਤੂੜੀ ਪਈ ਹੈ। ਠੀਕ ਉਸੇ ਜਗ੍ਹਾ ਜਿਥੇ ਕਦੇ ਜਗਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਸ਼ੋਭਿਤ ਹੁੰਦੇ ਹੋਣਗੇ। ਗੁਰਦੁਆਰੇ ਦੇ ਲਾਗੇ ਖੂਹ ਅਜੇ ਵੀ ਓਵੇਂ ਦਾ ਓਵੇਂ ਮੌਜੂਦ ਹੈ। ਬਹੁਤ ਸਾਰੀਆਂ ਅਜਿਹੀਆਂ ਹਵੇਲੀਆਂ ਵੀ ਹਨ ਜੋ ਬੁਲਡੋਜ਼ਰ ਨਾਲ ਪੱਧਰ ਕਰ ਦਿੱਤੀਆਂ ਗਈਆਂ ਹਨ। ਉਹ ਅੱਜ ਖੇਤਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ।

ਵੱਡਾ ਸਾਰਾ ਬਰੋਟੇ ਦਾ ਦਰੱਖਤ ਅੱਜ ਵੀ ਬੱਚਿਆਂ, ਬੁੱਢਿਆਂ ਨੂੰ ਆਵਾਜ਼ਾਂ ਮਾਰਦਾ ਹੈ। ਉਹ ਆਦਮ ਜਾਤ ਨੂੰ ਦੇਖਣ ਲਈ, ਬੱਚਿਆਂ ਦੀਆਂ ਕਿਲਕਾਰੀਆਂ ਨੂੰ ਅਤੇ ਜਵਾਨਾਂ ਦੇ ਮਖੌਲਾਂ ਨੂੰ ਸੁਣਨ ਲਈ ਤਰਸ ਰਿਹਾ ਹੈ। ਕੁੜੀਆਂ ਦੀਆਂ ਪੀਘਾਂ, ਉਨ੍ਹਾਂ ਦੇ ਹੁਲਾਰਿਆਂ ਨੂੰ ਵੇਖਣਾ ਚਾਹ ਰਿਹਾ ਹੈ। ਪੂਰੇ ਭਾਰਤ ਵਿਚ 31 ਅਕਤੂਬਰ ਤੋਂ 5 ਨਵੰਬਰ ਤੱਕ ਹਜ਼ਾਰਾਂ ਹੀ ਸਿੱਖਾਂ ਨੂੰ ਜਿੰਦਾ ਜਲਾਇਆ ਗਿਆ (ਇਹ ਤਾਂ ਸਿਰਫ ਇਕ ਪਿੰਡ ਦੀ ਹੀ ਕਹਾਣੀ ਹੈ), ਇੱਜ਼ਤਾਂ ਲੁੱਟੀਆਂ ਗਈਆਂ। ਇਸ ਕਾਰੇ ਨੂੰ ਪੂਰੇ 26 ਸਾਲ ਬੀਤ ਗਏ ਨੇ ਪਰ ਅਜੇ ਤੱਕ ਕਿਸੇ ਇਕ ਦੋਸ਼ੀ ਨੂੰ ਵੀ ਕੋਈ ਮਿਸਾਲੀ ਸਜ਼ਾ ਨਹੀਂ ਹੋਈ। '84 ਵਾਲੇ ਘੱਲੂਘਾਰੇ ਤੋਂ ਭਿਆਨਕ ਹੋਰ ਕੋਈ ਵੀ ਘਟਨਾ ਨਹੀਂ ਹੋ ਸਕਦੀ। ਫਿਰ ਵੀ ਅਜਿਹਾ ਵਿਤਕਰਾ ਕਿਉਂ? ਸਿੱਖਾਂ ਦੇ ਮਾਮਲੇ ਵਿਚ ਕਿਸੇ ਜੱਜ ਨੂੰ ਜੇਕਰ ਸੁਪਨਾ ਵੀ ਆ ਜਾਵੇ ਕਿ 'ਫਲਾਣਾ ਸਿੱਖ ਦੋਸ਼ੀ ਹੈ', ਉਸੇ ਨੂੰ ਸੂਲੀ 'ਤੇ ਚਾੜ੍ਹ ਦਿੰਦੇ ਨੇ। ਸ਼ਾਇਦ ਇਹੋ ਇਨ੍ਹਾਂ ਦਾ ਕਾਨੂੰਨ ਹੈ।

ਪਿੰਡ ਚਿੱਲੜ ਕੋਲ ਛੋਟੀ ਢਾਣੀ ਹੋਂਦ 2 ਨਵੰਬਰ 1984 ਤੋਂ ਪਹਿਲਾਂ ਹੱਸਦਾ ਵੱਸਦਾ 25-30 ਘਰਾਂ ਦਾ ਪਿੰਡ ਹੁੰਦਾ ਸੀ। ਇਥੇ ਸਾਰੇ ਹੀ ਸਿੱਖਾਂ ਦੇ ਘਰ ਸਨ। ਇਹ ਸਾਰੇ ਪਾਕਿਸਤਾਨ ਦੇ ਸ਼ਹਿਰ ਮੀਆਂ ਵਾਲੀ ਤੋਂ 1947 ਵਿਚ ਲੁੱਟ-ਪੁੱਟ ਹੋ ਕੇ, ਉਜੜ ਕੇ ਇਧਰ ਆਪਣੇ ਦੇਸ਼ ਆਏ ਸਨ। ਪਾਕਿਸਤਾਨ ਨੂੰ ਬੇਗਾਨਾ ਕਰਕੇ ਇਨ੍ਹਾਂ ਛੱਡ ਦਿੱਤਾ ਸੀ। ਆਪਣਿਆਂ ਦਾ ਮਾਰਿਆ ਫੁੱਲ ਵੀ ਗ਼ੈਰਾਂ ਦਿਆਂ ਪੱਥਰਾਂ ਤੋਂ ਵੱਧ ਦਰਦ ਕਰਦਾ ਹੈ। ਆਪਣਿਆਂ ਨੇ ਤਾਂ ਸਾੜ ਹੀ ਦਿੱਤਾ। ਬੱਚੇ, ਜਵਾਨ, ਬੁੱਢਿਆਂ ਨੂੰ, ਸ਼ਾਇਦ ਇਨ੍ਹਾਂ ਦੀ ਭੁੱਲ ਸੀ, ਆਪਣਾ ਸਮਝਣ ਦੀ। ਭੁੱਲ ਤਾਂ ਭੁਗਤਣੀ ਹੀ ਪੈਂਦੀ ਹੈ, ਕਿਉਂ ਕੀਤੀ ਭੁੱਲ? ਇਨ੍ਹਾਂ ਨੇ ਆਪਣੀ ਤਕਦੀਰ ਆਪਣੇ-ਆਪ ਲਿਖੀ ਸੀ। ਇਹ ਸਵਖਤੇ ਉਠ ਪਾਠ ਪੂਜਾ ਕਰਦੇ, 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਇਨ੍ਹਾਂ ਬਾਬੇ ਨਾਨਕ ਤੋਂ ਸਿੱਖਿਆ ਸੀ। ਚਿੱਲੜ ਦੇ ਨਿਵਾਸੀਆਂ ਨਾਲ ਕੀਤੀ ਗੱਲਬਾਤ ਤੋਂ ਪਤਾ ਲੱਗਿਆ ਕਿ ਇਹ ਦਾਨ ਕਰਨ ਨੂੰ ਵੀ ਹਮੇਸ਼ਾ ਅੱਗੇ ਰਹਿੰਦੇ ਸਨ। ਇਕ ਸਾਬਕਾ ਹੈਡ ਮਾਸਟਰ ਨਾਲ ਗੱਲਬਾਤ ਤੋਂ ਪਤਾ ਲੱਗਿਆ ਕਿ 1978 ਵਿਚ ਚਿੱਲੜ ਵਿਚ ਧਰਮਸ਼ਾਲਾ ਬਣਨੀ ਸੀ। ਹੋਂਦ ਵਾਸੀਆਂ ਨੇ ਉਸ ਲਈ ਖੁੱਲ੍ਹ ਕੇ ਦਾਨ ਦਿੱਤਾ ਸੀ।



*ਪਿੰਡ ਹੋਂਦ ਚਿੱਲੜ ਦੀ ਦਾਸਤਾਨ ਕਹਿੰਦੇ ਖੰਡਰ*

ਪਿੰਡ ਹੋਂਦ ਤੇ ਚਿੱਲੜ ਦੋਵਾਂ ਪਿੰਡਾਂ ਦੀ ਸਾਂਝੀ ਇਕੋ ਹੀ ਪੰਚਾਇਤ ਹੁੰਦੀ ਸੀ। ਚਿੱਲੜ ਬਹੁਤ ਵੱਡਾ ਪਿੰਡ ਹੈ। ਏਥੇ ਜਾਟ, ਗੁੱਜਰ, ਅਹੀਰ ਵੱਸਦੇ ਹਨ। ਐਨੇ ਵੱਡੇ ਚਿੱਲੜ ਪਿੰਡ ਨੂੰ ਛੱਡ ਕੇ ਛੋਟੀ ਢਾਣੀ ਹੋਂਦ ਦੇ ਨਿਵਾਸੀ ਸ. ਸਰੂਪ ਸਿੰਘ ਪੁੱਤਰ ਸ. ਤਿਰਲੋਕ ਸਿੰਘ ਦਾ 1961 ਤੋਂ ਪੰਦਰਾਂ ਸਾਲ ਤੱਕ ਸਰਪੰਚ ਬਣੇ ਰਹਿਣਾ ਇਨ੍ਹਾਂ ਦੇ ਰਸੂਖ ਅਤੇ ਕਿਸੇ ਨਾਲ ਵੀ ਜ਼ਾਤੀ ਦੁਸ਼ਮਣੀ ਦਾ ਨਾ ਹੋਣਾ ਸਿੱਧ ਕਰਦਾ ਹੈ। ਪੂਰੇ ਇਲਾਕੇ ਦੇ ਨਿਵਾਸੀ ਇਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਸਨ। ਫਿਰ ਇਨ੍ਹਾਂ ਨਾਲ ਅਜਿਹਾ ਮਾੜਾ ਵਰਤਾਓ ਕਿਉਂ?

2 ਨਵੰਬਰ 1984 ਦਿਨ ਦੇ ਤਕਰੀਬਨ ਗਿਆਰਾਂ ਵਜੇ, ਨਾਅਰੇ ਲਗਾਉਂਦੀ ਭੀੜ ਨੇ ਪੂਰੇ ਪਿੰਡ ਨੂੰ ਚਾਰੇ ਪਾਸਿਓਂ ਆਪਣੇ ਘੇਰੇ ਵਿਚ ਲੈ ਲਿਆ। ਚਾਰੇ ਪਾਸਿਓਂ ਘੇਰ ਕੇ ਇਨ੍ਹਾਂ ਆਪਣਾ ਤਾਂਡਵ ਨਾਚ ਨੱਚਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕੋਲ ਮਿੱਟੀ ਦੇ ਤੇਲ ਦੇ ਕੈਨ, ਹੱਥਾਂ ਵਿਚ ਬਲਦੀਆਂ ਮਸ਼ਾਲਾਂ, ਕਿਰਪਾਨਾਂ, ਡਾਂਗਾਂ, ਬਰਛੇ ਤੇ ਟਕੂਏ ਸਨ। ਭੀੜ ਨਾਅਰੇ ਲਗਾ ਰਹੀ ਸੀ 'ਮਾਰੋ ਸਰਦਾਰ ਗੱਦਾਰੋਂ ਕੋ', 'ਇੰਦਰਾ ਕੇ ਹਤਿਆਰੋਂ ਕੋ ਮਾਰੋ'। ਉਨ੍ਹਾਂ ਆਉਂਦਿਆਂ ਹੀ ਤੂੜੀ ਦੇ ਕੁੱਪਾਂ ਨੂੰ ਅੱਗ ਲਗਾਉਣੀ ਸ਼ੁਰੂ ਕਰ ਦਿੱਤੀ। ਤੂੜੀ ਦੇ ਕੁੱਪਾਂ ਨੂੰ ਅੱਗ ਨੇ ਧੂੰ-ਧੂੰ ਕਰਕੇ ਜਲਾਉਣਾ ਸ਼ੁਰੂ ਕਰ ਦਿੱਤਾ। ਤੂੜੀ ਦੇ ਕੁੱਪਾਂ ਨੂੰ ਲੱਗੀ ਅੱਗ ਅਤੇ ਭੀੜ ਨੂੰ ਦੇਖ ਬੱਚੇ, ਬੁੱਢੇ, ਜਵਾਨ ਸਭ ਸਹਿਮ ਗਏ। ਸਾਰੇ ਆਪੋ-ਆਪਣੇ ਘਰਾਂ ਵਿਚ ਦੜ ਵੱਟ ਗਏ।

ਭੀੜ ਨੇ ਆਪਣਾ ਤਾਂਡਵ ਨਾਚ ਦਿਖਾਉਣਾ ਸ਼ੁਰੂ ਕੀਤਾ। ਸਰਬੱਤ ਦਾ ਭਲਾ ਮੰਗਣ ਵਾਲਿਆਂ ਨੂੰ ਆਪਣੀ ਹੀ ਭਲਾਈ ਦਾ ਫ਼ਿਕਰ ਹੋਣ ਲੱਗਾ। ਉਨ੍ਹਾਂ ਨੂੰ ਇਹ 25-30 ਘਰ ਸਭ ਤੋਂ ਵੱਡੇ ਦੁਸ਼ਮਣ ਲੱਗ ਰਹੇ ਸਨ। ਅੰਨ੍ਹੇ ਸ਼ਿਕਾਰੀ ਹੱਥ ਬਟੇਰ ਲੱਗ ਗਿਆ। ਘਰਾਂ ਵਿਚ ਛੁਪੇ ਲੋਕਾਂ 'ਤੇ ਇਨ੍ਹਾਂ ਹੱਲਾ ਬੋਲ ਦਿੱਤਾ। ਘਰਾਂ ਦੀਆਂ ਛੱਤਾਂ 'ਤੇ ਮਘੋਰੇ ਕਰਕੇ ਅੰਦਰ ਜਲਦੀਆਂ ਮਸ਼ਾਲਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਜੇਕਰ ਕੋਈ ਬਾਹਰ ਭੱਜਿਆ, ਉਸ 'ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਗਾ ਦਿੱਤੀ ਗਈ। ਜਲਦੇ ਟਾਇਰ ਗਲਾਂ ਵਿਚ ਪਾਏ ਗਏ। ਚਾਰੇ ਪਾਸੇ ਚੀਕਾਂ, ਕੁਰਲਾਹਟਾਂ, ਹਾੜੇ ਹੀ ਸੁਣਾਈ ਦਿੰਦੇ ਸਨ ਪਰ ਇਨ੍ਹਾਂ ਨੂੰ ਕੋਈ ਤਰਸ ਨਾ ਆਇਆ। ਠੀਕ ਇਸੇ ਤਰ੍ਹਾਂ ਇਨ੍ਹਾਂ ਇਕੱਲੇ-ਇਕੱਲੇ ਘਰ ਨੂੰ ਅੱਗ ਦੀ ਭੇਟ ਕੀਤਾ। ਤਕਰੀਬਨ ਪੂਰੇ ਪਿੰਡ ਨੂੰ ਮਾਰ ਕੇ ਇਨ੍ਹਾਂ ਲੁੱਟਣਾ ਸ਼ੁਰੂ ਕੀਤਾ ਜਿਸ ਨੂੰ ਜੋ ਵੀ ਚੀਜ਼ ਹੱਥ ਲੱਗੀ, ਉਹ ਚੁੱਕ ਕੇ ਤੁਰਦਾ ਬਣਿਆ।

ਇਹ ਧਰੋਹਰ ਸੰਭਾਲੀ ਜਾ ਸਕਦੀ ਹੈ। ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਦੱਸਣ ਲਈ ਕਿ ਨਫ਼ਰਤ ਦੇ ਡੰਗੇ ਇਨਸਾਨ ਹੈਵਾਨ ਬਣ ਕੇ ਕਿੱਥੋਂ ਤੱਕ ਜਾ ਸਕਦੇ ਹਨ। ਇਹ ਬਦੀ ਦਾ ਕਾਲਾ ਚਿਹਰਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖ ਸਕਦੇ ਹਾਂ ਜਿਵੇਂ ਜਲ੍ਹਿਆਂਵਾਲਾ ਬਾਗ ਵਿਚ ਅੰਗਰੇਜ਼ੀ ਰਾਜ ਦਾ ਕਾਲਾ ਚਿਹਰਾ ਅਜੇ ਤੱਕ ਸੰਭਾਲਿਆ ਪਿਆ ਹੈ। ਇਨ੍ਹਾਂ ਸੜੀਆ ਹਵੇਲੀਆਂ, ਉਜੜੇ ਘਰ, ਸਲਵਾੜ ਇਕ ਵਾਰੀ ਦੇਖਣ ਨਾਲ ਸਾਰੀ ਕਹਾਣੀ ਫ਼ਿਲਮ ਦੀ ਤਰ੍ਹਾਂ ਅੱਖਾਂ ਮੂਹਰੇ ਘੁੰਮ ਜਾਂਦੀ ਹੈ। ਕਿਸੇ ਤੋਂ ਪੁੱਛਣ ਦੀ ਵੀ ਜ਼ਰੂਰਤ ਨਹੀਂ ਪੈਂਦੀ। ਸਾਨੂੰ ਅਗਰ ਯੂ. ਐਨ. ਓ. ਦੀ ਮਦਦ ਲੈਣ ਦੀ ਜ਼ਰੂਰਤ ਹੋਵੇ ਤਾਂ ਲੈ ਲੈਣੀ ਚਾਹੀਦੀ ਹੈ। ਇਹ 'ਜਿਵੇਂ ਹੈ, ਜਿਥੇ ਹੈ, ਜਿੰਦਾਂ ਹੈ' ਓਵੇਂ ਹੀ ਚਾਰ-ਦੀਵਾਰੀ ਕਰਕੇ ਇਕੱਲੀ-ਇਕੱਲੀ ਇਮਾਰਤ ਨੂੰ ਸ਼ੀਸ਼ੇ ਵਿਚ ਜੜ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਲੈਣਾ ਚਾਹੀਦਾ ਹੈ। ਇਹੋ ਜਿਹਾ ਭਿਆਨਕ ਕਾਰਾ ਕਿਸੇ ਵੀ ਭਾਈਚਾਰੇ ਨਾਲ ਵਾਪਰ ਸਕਦਾ ਹੈ। ਕੁਦਰਤ ਕਦੋਂ ਪੁੱਠਾ ਗੇੜਾ ਦੇ ਦੇਵੇ ਪਤਾ ਨਹੀਂ ਲੱਗਦਾ। ਬਚਾ ਲਵੋ ਜੇ ਭਾਰਤ ਨੂੰ ਟੁੱਟਣ ਤੋਂ ਬਚਾਉਣਾ ਚਾਹੁੰਦੇ ਹੋ। ਨਹੀਂ ਤਾਂ ਹੋਰ ਰਿਆਸਤਾਂ ਬਣਨ ਨੂੰ ਤਿਆਰ ਖੜ੍ਹੀਆਂ ਨੇ।

ਇਸ ਕੰਮ ਲਈ ਬਹੁਤ ਸਾਧਨਾਂ ਤੇ ਦ੍ਰਿੜ੍ਹ ਇਰਾਦੇ ਦੀ ਜ਼ਰੂਰਤ ਹੈ। ਇਹ ਕਿਸੇ ਇਕੱਲੇ ਆਦਮੀ ਦੇ ਵੱਸ ਦੀ ਗੱਲ ਨਹੀਂ। ਕਿਸੇ ਸੁਹਿਰਦ ਸੰਸਥਾ ਨੂੰ ਅੱਗੇ ਆ ਕੇ ਇਹ ਕੰਮ ਸੰਭਾਲਣਾ ਪਵੇਗਾ। ਨਹੀਂ ਤਾਂ ਕੁਝ ਸਾਲਾਂ ਤੱਕ ਇਹ ਧਰੋਹਰ ਮਿੱਟੀ ਵਿਚ ਮਿਲ ਜਾਵੇਗੀ ਜਾਂ ਮਿਲਾ ਦਿੱਤੀ ਜਾਵੇਗੀ। ਬਾਅਦ ਵਿਚ ਅਸੀਂ ਸਾਰੇ ਹੱਥ ਮਲਦੇ ਹੀ ਰਹਿ ਜਾਵਾਂਗੇ।

---

***ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਉਹ ਸ਼ਖ਼ਸ ਹੈ ਜਿਸ ਦੀ ਬਦੌਲਤ ਪਿੰਡ ਹੋਂਦ ਚਿੱਲੜ ਦਾ ਖ਼ੂਨੀ ਸਾਕਾ ਸਾਹਮਣੇ ਆਇਆ ਹੈ।***

# ਕੁਝ ਵੀ ਕਿਉਂ ਨਾ ਕਰ ਸਕੇ ਮਨਮੋਹਨ ਸਿੰਘ?

**ਦੇਸ਼ ਦਰਪਣ**

**ਏ. ਐਨ. ਦਰ**

ਦੁਨੀਆਂ ਭਰ ਵਿਚ ਸ਼ਕਤੀਸ਼ਾਲੀ ਲੋਕ ਪ੍ਰੇਸ਼ਾਨ ਹਨ। ਕੀ ਆਪਣੇ ਪ੍ਰਭਾਵ ਅਤੇ ਸ਼ਕਤੀ ਦੀ ਵਰਤੋਂ ਦਾ ਆਨੰਦ ਮਾਨਣ ਦੀ ਲੋੜ ਹੈ ਜਾਂ ਸਿਰਫ਼ ਲੰਮੇ ਸਮੇਂ ਤੋਂ ਕਲਪੀਆਂ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਜਾਂ ਆਪਣੇ ਪ੍ਰਭਾਵ ਦੀ ਇਸ ਤਰ੍ਹਾਂ ਵਰਤੋਂ ਕਰਨੀ ਚਾਹੀਦੀ ਹੈ ਜਿਸ ਨਾਲ ਲੋਕਾਂ ਵਿਚ ਇਸ ਤਰ੍ਹਾਂ ਦੀ ਹਾਲਤ ਪੈਦਾ ਹੋ ਜਾਵੇ ਕਿ ਉਹ ਉਸ ਚੀਜ਼ ਨੂੰ ਫੜੀ ਰੱਖਣ ਲਈ ਮਜਬੂਰ ਹੋ ਜਾਣ ਜੋ ਉਨ੍ਹਾਂ ਤੋਂ ਕੋਈ ਖੋਹ ਸਕਦਾ ਹੋਵੇ। ਕਿਸੇ ਨੇ ਆਪਣੀਆਂ ਪ੍ਰਾਪਤੀਆਂ ਨਾਲ ਅਸਲ ਵਿਚ ਕੀ ਕੁਝ ਹਾਸਲ ਕੀਤਾ ਹੈ, ਕੋਈ ਨਹੀਂ ਕਹਿ ਸਕਦਾ? ਸਿਆਸਤਦਾਨਾਂ ਅਤੇ ਉਦਯੋਗਾਂ ਵਿਚ ਇਹ ਰੁਝਾਨ ਜ਼ਿਆਦਾ ਹੈ। ਕੰਮ-ਕਾਜੀ ਵਰਗਾਂ ਦੇ ਮਾਮਲਿਆਂ ਵਿਚ ਇਹ ਏਨਾ ਵਿਆਪਕ ਨਹੀਂ ਹੈ। ਕੋਈ ਕਿਸਾਨ ਆਪਣਾ ਕੰਮ ਕਰਨ ਤੋਂ ਬਾਅਦ ਇਸ ਨੂੰ ਚੰਗਾ ਦਿਨ ਕਹਿੰਦਾ ਹੈ। ਉਹ ਅਕਸਰ ਸਖਤ ਕੰਮ ਤੋਂ ਛੁੱਟੀ ਕਰਕੇ ਆਪਣੇ ਪਰਿਵਾਰ ਅਤੇ ਮਿੱਤਰਾਂ ਨਾਲ ਸਮਾਂ ਬਿਤਾਉਂਦਾ ਹੈ ਤੇ ਉਨ੍ਹਾਂ ਦਾ ਧਿਆਨ ਰੱਖਦਾ ਹੈ ਅਤੇ ਜੋ ਉਸ ਨੇ ਗ਼ਲਤ ਕੀਤਾ ਹੁੰਦਾ ਹੈ, ਉਸ ਦਾ ਵਿਸ਼ਲੇਸ਼ਣ ਕਰਨ ਲਈ ਵੀ ਉਹ ਹਲਕੀ ਛੁੱਟੀ ਭਾਲਦਾ ਹੈ ਅਤੇ ਆਪਣੀ ਮਾਨਸਿਕ ਹਾਲਤ ਸੁਧਾਰਨ ਤੋਂ ਬਾਅਦ ਉਹ ਜ਼ਿਆਦਾ ਰੋਚਿਕ ਤੇ ਉਪਯੋਗੀ ਕੰਮ ਕਰਦਾ ਹੈ।

ਸੰਸਾਰ ਬਥੇਰੇ ਸਾਲਾਂ ਤੋਂ ਇਸ ਤਰ੍ਹਾਂ ਦੀਆਂ ਇੱਛਾਵਾਂ ਤੋਂ ਪੈਦਾ ਹੋਣ ਵਾਲੇ ਦਬਾਅ ਅੱਗੇ ਝੁਕਣਾ ਜਾਣਦਾ ਹੈ। ਕਦੇ ਕੋਈ ਇਸ ਵਿਰੁਧ ਬਗ਼ਾਵਤ ਕਰਦਾ ਹੈ ਜਿਵੇਂ ਹਾਲ ਹੀ ਵਿਚ ਮਿਸਰ ਵਿਚ ਹੋਇਆ ਜਿਥੇ 30 ਸਾਲਾਂ ਤੋਂ ਰਾਸ਼ਟਰਪਤੀ ਹੋਸਨੀ ਮੁਬਾਰਕ ਸੱਤਾ 'ਤੇ ਕਾਬਜ਼ ਸੀ। ਤਬਦੀਲੀ ਦਾ ਥੋੜ੍ਹਾ ਜਿਹਾ ਸੰਕੇਤ ਮਿਲਣ 'ਤੇ ਲੋਕਾਂ ਨੇ ਬਗ਼ਾਵਤ ਕਰ ਦਿੱਤੀ ਅਤੇ ਤਹਿਰੀਰ ਚੌਕ ਵਿਚ ਇਕੱਠੇ ਹੋ ਕੇ ਇਸ਼ਤਿਹਾਰਾਂ ਅਤੇ ਬੋਰਡਾਂ ਰਾਹੀਂ ਰਾਸ਼ਟਰਪਤੀ ਨੂੰ ਤੁਰੰਤ ਅਹੁਦਾ ਛੱਡਣ ਲਈ ਕਿਹਾ। ਲੀਬੀਆ ਵਿਚ ਨਾਗਰਿਕ ਸ਼ਾਸਨ ਦੀ ਬਹਾਲੀ ਦਾ ਅੰਦੋਲਨ ਸ਼ੁਰੂ ਹੋਣ ਤੋਂ ਬਾਅਦ ਅਰਬ ਦੁਨੀਆ ਵਿਚ ਜੋਸ਼ ਪੈਦਾ ਹੋ ਗਿਆ। ਇਸ ਨੂੰ ਮਿਸਰ ਵਿਚ ਫੈਲਣ ਵਿਚ ਜ਼ਿਆਦਾ ਸਮਾਂ ਨਹੀਂ ਲੱਗਾ। ਮਿਸਰ ਸਾਲਾਂ ਤੋਂ ਚੱਲੇ ਆ ਰਹੇ ਅਬਦਲ ਨਾਸਰ ਅਤੇ ਅਨਵਰ ਸਦਾਤ ਦੇ ਤਾਨਾਸ਼ਾਹੀ ਰਾਜ ਤੋਂ ਬਾਅਦ ਬਦਲਾਅ ਲਈ ਤਿਆਰ ਹੋ ਗਿਆ ਸੀ। ਸਦਾਤ ਨੇ ਇਜ਼ਰਾਈਲ ਨਾਲ ਮਿੱਤਰਤਾ ਬਣਾਈ ਸੀ ਜੋ ਸ਼ਾਇਦ ਉਸ ਦੇ ਕਤਲ ਦਾ ਕਾਰਨ ਬਣੀ ਅਤੇ ਹੋਸਨੀ ਮੁਬਾਰਕ ਨੇ ਨਾਗਰਿਕ ਸ਼ਾਸਨ ਨੂੰ ਮਾਨਵੀ ਰੂਪ ਦਿੱਤੇ ਬਿਨਾਂ ਹੀ ਸਾਲਾਂ ਤੱਕ ਸ਼ਾਸਨ ਕੀਤਾ। ਆਪਣੇ ਸ਼ਾਸਨ ਦੇ ਆਖਰੀ ਦਿਨ ਉਸ ਨੇ ਇਹ ਐਲਾਨ ਕਰਕੇ ਉਮੀਦਾਂ ਵਧਾਈਆਂ ਸਨ ਕਿ ਉਹ ਟੈਲੀਵਿਜ਼ਨ 'ਤੇ ਆ ਕੇ ਆਪਣੇ ਲੋਕਾਂ ਨੂੰ ਸੰਬੋਧਨ ਕਰੇਗਾ। ਇਸ ਨਾਲ ਦੁਨੀਆਂ ਵਿਚ ਹਲਚਲ ਪੈਦਾ ਹੋ ਗਈ ਅਤੇ ਆਲੋਚਕਾਂ ਨੇ ਅੰਦਾਜ਼ਾ ਲਾਇਆ ਕਿ ਹੋ ਸਕਦਾ ਹੈ ਕਿ ਮੁਬਾਰਕ ਖ਼ੁਦ ਸੇਵਾਮੁਕਤ ਹੋਣਾ ਚਾਹੁੰਦੇ ਹੋਣ ਪਰ ਇਹ ਨਹੀਂ ਵਾਪਰਿਆ। ਉਸ ਨੇ ਐਲਾਨ ਕੀਤਾ ਕਿ ਉਹ ਸਤੰਬਰ ਤੱਕ ਜਦੋਂ ਚੋਣਾਂ ਕਰਾਉਣ ਦਾ ਪ੍ਰੋਗਰਾਮ ਹੈ, ਉਦੋਂ ਤੱਕ ਅਹੁਦੇ 'ਤੇ ਰਹਿਣਗੇ ਪਰ ਅਗਲੇ ਦਿਨ ਉਹ ਝੁਕ ਗਏ ਅਤੇ ਸੱਤਾ ਛਡ ਗਏ।

ਇਸ ਸਮੇਂ ਤੱਕ ਭਾਰਤ ਵਿਚ ਵੀ ਵੱਖ-ਵੱਖ ਵਿਚਾਰ ਉਭਰੇ ਜਿਥੇ ਨਿਯਮਿਤ ਤੌਰ 'ਤੇ ਚੋਣਾਂ ਹੁੰਦੀਆਂ ਹਨ ਅਤੇ ਰਾਜਨੀਤਕ ਦਲਾਂ ਦਾ ਸੱਤਾ ਵਿਚ ਆਉਣਾ-ਜਾਣਾ ਇਕ ਰਾਜਨੀਤਕ ਅਮਲ ਹੈ ਜਿਸ ਨੇ ਭਾਰਤ ਵਿਚ ਲੋਕਤੰਤਰ ਨੂੰ ਗਤੀਸ਼ੀਲ ਰੱਖਿਆ ਹੈ। ਭਾਰਤ ਵਿਚ ਲੋਕਤੰਤਰ ਦੇ ਹਿਤ ਵਿਚ ਜੋ ਚੰਗੀ ਗੱਲ ਹੈ, ਉਹ ਸੱਤਾਧਾਰੀ ਪਾਰਟੀਆਂ ਦਾ ਆਉਣਾ-ਜਾਣਾ ਹੈ। ਮਿਸਰ ਵਿਚਲੇ ਬਦਲਾਅ ਨੇ ਭਾਰਤ ਵਿਚ ਵੀ ਹਲਚਲ ਪੈਦਾ ਕੀਤੀ ਹੈ। ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਨੇ ਮਾਇਆਵਤੀ ਵਿਰੋਧੀ ਅੰਦੋਲਨ ਸ਼ੁਰੂ ਕੀਤਾ ਹੈ ਤਾਂ ਜੋ ਮਾਇਆਵਤੀ ਨੂੰ ਸੱਤਾ ਛੱਡਣ ਲਈ ਮਜਬੂਰ ਕੀਤਾ ਜਾ ਸਕੇ। ਸਮਾਜਵਾਦੀ ਪਾਰਟੀ ਦੇ ਸੰਮੇਲਨ ਵਿਚ ਉਸ ਨੇ ਭ੍ਰਿਸ਼ਟਾਚਾਰ ਅਤੇ ਨਿਰੰਕੁਸ਼ਤਾ ਦੇ ਮੁੱਦੇ ਉਠਾਏ। ਕਸ਼ਮੀਰ ਵਿਚ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਮਿਸਰ ਅਤੇ ਕਸ਼ਮੀਰ ਵਿਚਲੇ ਵਿਰੋਧ ਪ੍ਰਦਰਸ਼ਨਾਂ ਵਿਚਕਾਰ ਸਮਾਨਤਾਵਾਂ ਲੱਭੀਆਂ ਪਰ ਉਸ ਦੇ ਮੁੱਖ ਵਿਰੋਧੀ, ਮੁੱਖ ਮੰਤਰੀ ਉਮਰ ਅਬਦੁੱਲਾ ਨੇ ਤਾਅਨਾ ਦਿੰਦੇ ਹੋਏ ਕਿਹਾ ਕਿ ਉਹ ਕਸ਼ਮੀਰ ਵਿਚ ਵੀ ਫ਼ੌਜੀ ਸ਼ਾਸਨ ਚਾਹੁੰਦੀ ਹੈ ਕਿਉਂਕਿ ਉਸ ਦੀ ਪਾਰਟੀ ਵਿਰੋਧੀ ਧਿਰ ਵਿਚ ਹੈ। ਇਸ ਤੋਂ ਜ਼ਿਆਦਾ ਕੁਝ ਨਹੀਂ ਹੋਇਆ। ਕਈ ਲੋਕ ਜੋ ਕੁਝ ਮਿਸਰ ਵਿਚ ਵਾਪਰਿਆ, ਉਹੋ ਜਿਹਾ ਬਾਕੀ ਦੇਸ਼ਾਂ ਵਿਚ ਵੀ ਚਾਹੁੰਦੇ ਹਨ ਪਰ ਇਹ ਜ਼ਿਆਦਾਤਰ ਅਰਬ ਧਰਤੀ ਤੱਕ ਹੀ ਸੀਮਤ ਹੈ। ਸਾਰੇ ਸਹਿਮਤ ਹਨ ਕਿ ਤਾਨਾਸ਼ਾਹੀ ਦਾ ਸਭ ਤੋਂ ਵਧੀਆ ਜਵਾਬ ਲੋਕਤੰਤਰ ਹੈ।

ਵਿਅਕਤੀਗਤ ਤੌਰ 'ਤੇ ਬਦਲਾਅ ਦੀ ਫੜਫੜਾਹਟ ਪੈਦਾ ਕਰਨ ਦੇ ਵਿਚਾਰ ਨੂੰ ਹਾਲ ਹੀ ਵਿਚ ਸੋਨੀਆ ਗਾਂਧੀ ਨੇ ਨਵੀਂ ਗਤੀ ਦਿੱਤੀ ਹੈ। ਨਵੀਂ ਦਿੱਲੀ ਵਿਚ ਇਕ ਯਾਦਗਾਰੀ ਮੀਟਿੰਗ ਦੌਰਾਨ ਉਸ ਨੇ ਕਿਹਾ ਕਿ ਲੋਕ ਧਨ ਅਤੇ ਅਹੁਦੇ ਨਾਲ ਚਿੰਬੜੇ ਰਹਿੰਦੇ ਹਨ। ਉਸ ਨੇ ਇਸ ਬਾਰੇ ਇਥੋਂ



ਤੱਕ ਵੀ ਕਿਹਾ ਦਿੱਤਾ ਕਿ ਸੱਤਾ ਅਤੇ ਖੁਸ਼ਹਾਲੀ ਸਾਰਾ ਕੁਝ ਨਹੀਂ ਹੁੰਦੀ। ਇਹ ਸਖ਼ਤ ਟਿੱਪਣੀਆਂ ਹਨ। ਨਾਲ ਹੀ ਉਸ ਨੇ ਇਹ ਵੀ ਕਿਹਾ ਕਿ ਸੱਤਾ ਦੇ ਸੁੱਖ ਦੀਆਂ ਵੀ ਆਪਣੀਆਂ ਠੋਸ ਸੀਮਾਵਾਂ ਹਨ, ਇਕ ਬਿੰਦੂ ਤੋਂ ਬਾਅਦ ਇਹ ਭ੍ਰਿਸ਼ਟ ਲਾਲਚ ਵਿਚ ਬਦਲ ਜਾਂਦਾ ਹੈ ਅਤੇ ਦੁਨੀਆ ਇਸ ਮਾਇਆ ਜਾਲ ਪਿੱਛੇ ਭੱਜ ਰਹੀ ਹੈ। ਇਸ ਤਰ੍ਹਾਂ ਦੀ ਗੱਲ ਕਿਸੇ ਦਲ ਦੇ ਮੁਖੀ ਦੁਆਰਾ ਆਪਣੇ ਸਮਰਥਕਾਂ ਨੂੰ ਕਦੇ ਵੀ ਨਹੀਂ ਕਹੀ ਜਾਂਦੀ। ਇਹ ਸ਼ਬਦ ਹਰਿਆਣੇ ਦੇ ਇਕ ਸਵਰਗੀ ਨੇਤਾ ਦੀ ਯਾਦ ਵਿਚ ਹੋਏ ਸੰਮੇਲਨ ਵਿਚ ਕਹੇ ਗਏ ਸਨ ਜਿਨ੍ਹਾਂ ਵੱਲ ਘੱਟ ਹੀ ਧਿਆਨ ਦਿੱਤਾ ਗਿਆ ਪਰ ਇਹ ਦੋਸ਼ਾਂ ਅਤੇ ਘਪਲਿਆਂ ਨਾਲ ਘਿਰੇ ਦੇਸ਼ ਵਿਚ ਪ੍ਰਸੰਗਿਕ ਹਨ।

ਇਹ ਅਹਿਮ ਸ਼ਬਦ ਇਕ ਸ਼ਕਤੀਸ਼ਾਲੀ ਸ਼ਖ਼ਸੀਅਤ ਵੱਲੋਂ ਬੋਲੇ ਗਏ ਹਨ। ਇਸ 'ਤੇ ਵੀ ਸੋਨੀਆ ਗਾਂਧੀ ਦੀ ਉਨ੍ਹਾਂ ਲੋਕਾਂ ਵੱਲੋਂ ਨਿੰਦਾ ਕੀਤੀ ਜਾਏਗੀ ਜਿਹੜੇ ਉਨ੍ਹਾਂ ਦਾ ਵਿਰੋਧ ਕਰਨਾ ਚਾਹੁੰਦੇ ਹਨ। ਖਾਸ ਤੌਰ 'ਤੇ ਭਾਜਪਾ ਅਤੇ ਖੱਬੇ ਪੱਖੀਆਂ ਵਿਚੋਂ ਬਹੁਤ ਸਾਰੇ ਲੋਕਾਂ ਨੇ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਪਹਿਲਾਂ ਰਾਜਾਂ ਵਿਚ ਅਤੇ ਬਾਅਦ ਵਿਚ ਕੇਂਦਰ ਵਿਚ ਹੋਣ ਵਾਲੀਆਂ ਚੋਣਾਂ ਨੂੰ ਮੁੱਖ ਰੱਖ ਕੇ ਆਪਣਾ ਨਿਸ਼ਾਨਾ ਬਣਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ। ਬਹੁਤ ਸਾਰੇ ਰਾਜਾਂ ਜਿਵੇਂ ਤਾਮਿਲਨਾਡੂ ਅਤੇ ਉਤਰ ਪ੍ਰਦੇਸ਼ ਵਿਚ ਚੋਣਾਂ ਹੋਣ ਵਾਲੀਆਂ ਹਨ ਅਤੇ ਬਾਅਦ ਵਿਚ ਕੁਝ ਸਾਲਾਂ ਤੱਕ ਦੇਸ਼ ਵਿਚ ਆਮ ਚੋਣਾਂ ਹੋਣਗੀਆਂ। ਇਸ ਲਈ ਵਿਰੋਧੀ ਪਾਰਟੀਆਂ ਆਪਣੀ ਕਾਂਗਰਸ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਸੋਨੀਆ ਗਾਂਧੀ ਅਤੇ ਮਨਮੋਹਨ ਸਿੰਘ ਨੂੰ ਨਿਸ਼ਾਨਾ ਬਣਾ ਕੇ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਨੇ ਇਸ ਸਬੰਧੀ ਕੋਈ ਪਰਦਾ ਨਹੀਂ ਰੱਖਿਆ। ਉਹ ਸੋਚਦੇ ਹਨ ਕਿ ਅਜਿਹੀ ਮੁਹਿੰਮ ਚਲਾਉਣ ਲਈ ਇਹ ਢੁਕਵਾਂ ਸਮਾਂ ਹੈ।

ਵਾਕਈ ਇਸ ਸਾਲ ਇਕ ਤੋਂ ਬਾਅਦ ਇਕ ਸਾਹਮਣੇ ਆਏ ਘਪਲਿਆਂ ਨੇ ਉਨ੍ਹਾਂ ਨੂੰ ਅਜਿਹੀ ਮੁਹਿੰਮ ਚਲਾਉਣ ਲਈ ਉਤਸ਼ਾਹਿਤ ਕੀਤਾ ਹੈ। ਇਨ੍ਹਾਂ ਘਪਲਿਆਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਪਾਰਟੀਆਂ ਸ਼ਾਮਿਲ ਹਨ ਪਰ ਇਨ੍ਹਾਂ ਨਾਲ ਕਾਂਗਰਸ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਿਆ ਹੈ। ਭਾਜਪਾ ਵਿਰੁਧ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ। ਖੱਬੇ ਪੱਖੀ ਵੀ ਇਸ ਸਬੰਧੀ ਰੱਖਿਆਤਮਿਕ ਹਾਲਤ ਵਿਚ ਹਨ। ਇਹ ਸਾਰਾ ਕੁਝ ਉਸ ਸਮੇਂ ਵਾਪਰ ਰਿਹਾ ਹੈ ਜਦੋਂ ਦੇਸ਼ ਆਰਥਿਕ ਪੁਨਰਬਹਾਲੀ ਅਤੇ ਵਧੇਰੇ ਨੌਕਰੀਆਂ ਦੇ ਮੌਕੇ ਪੈਦਾ ਕਰਨ ਲਈ ਯਤਨਸ਼ੀਲ ਹੈ।

ਇਸ ਆਲੋਚਨਾ ਨਾਲ ਲਾਜ਼ਮੀ ਤੌਰ 'ਤੇ ਸੱਤਾਧਾਰੀ ਪਾਰਟੀ ਨੂੰ ਨੁਕਸਾਨ ਪਹੁੰਚੇਗਾ ਪਰ ਓਨਾ ਨਹੀਂ ਜਿੰਨਾ ਵਿਰੋਧੀ ਧਿਰ ਚਾਹੁੰਦੀ ਹੈ। ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਚੰਗੇ ਅਕਸ ਵਾਲੇ ਬੰਦੇ ਹਨ। ਇਥੋਂ ਤੱਕ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੀ ਇਹ ਕਹਿੰਦੇ ਹਨ ਕਿ ਜਦੋਂ ਡਾ: ਮਨਮੋਹਨ ਸਿੰਘ ਬੋਲਦੇ ਹਨ ਤਾਂ ਪੂਰਾ ਸੰਸਾਰ ਸੁਣਦਾ ਹੈ। ਇਹ ਬਹੁਤ ਹੀ ਉੱਚੇ ਪੱਧਰ ਦੀ ਪ੍ਰਸ਼ੰਸਾ ਹੈ। ਫਿਰ ਵੀ ਆਲੋਚਨਾ ਇਹ ਹੋ ਰਹੀ ਹੈ ਕਿ ਜੇਕਰ ਉਹ ਇੰਨੇ ਸ਼ਰੀਫ ਅਤੇ ਖਿਮ੍ਹਾਂ ਕਰ ਦੇਣ ਵਾਲੇ ਨਾ ਹੁੰਦੇ ਜਿਵੇਂ ਉਹ ਅਕਸਰ ਹੁੰਦੇ ਹਨ ਤਾਂ ਇਸ ਤਰ੍ਹਾਂ ਦੇ ਘਪਲੇ ਨਾ ਵਾਪਰਦੇ। ਜਦੋਂ ਇਸ ਤਰ੍ਹਾਂ ਦੀ ਬਿਆਨਬਾਜ਼ੀ ਹੋ ਰਹੀ ਸੀ ਤਾਂ ਮਨਮੋਹਨ ਸਿੰਘ ਨੇ ਇਹ ਆਖਿਆ ਸੀ ਕਿ ਉਹ ਆਉਣ ਵਾਲੇ ਸਮੇਂ ਵਿਚ ਉਹ ਆਪਣੇ ਮੰਤਰੀ ਮੰਡਲ ਦਾ ਪੁਨਰਗਠਨ ਕਰਨਗੇ। ਜਦੋਂ ਇਹ ਤਬਦੀਲੀ ਅਮਲ ਵਿਚ ਲਿਆਂਦੀ ਗਈ ਤਾਂ ਇਹ ਫ਼ਜ਼ੂਲ ਦੀ ਕਵਾਇਦ ਹੀ ਸਾਬਤ ਹੋਈ। ਮੰਤਰੀ ਮੰਡਲ ਵਿਚ ਸ਼ਾਮਿਲ ਮੰਤਰੀਆਂ ਦੇ ਨਾਵਾਂ ਨੂੰ ਹੀ ਕੁਝ ਹੱਦ ਤੱਕ ਉਪਰ ਹੇਠਾਂ ਕਰ ਦਿੱਤਾ ਗਿਆ। ਇਹ ਅਜਿਹਾ ਫੇਰਬਦਲ ਨਹੀਂ ਸੀ ਜਿਸ ਨੂੰ ਫੇਰਬਦਲ ਆਖਿਆ ਜਾਂਦਾ। ਇਹ ਪੁੱਛਿਆ ਜਾ ਰਿਹਾ ਹੈ ਕਿ ਮੰਤਰੀ ਮੰਡਲ ਵਿਚ ਨੌਜਵਾਨ ਅਤੇ ਪ੍ਰਤਿਭਾਸ਼ਾਲੀ ਲੋਕ ਕਿੱਥੇ ਹਨ? ਕੁਝ ਲੋਕ ਇਸ ਗੱਲ 'ਤੇ ਵੀ ਹੈਰਾਨ ਹਨ ਕਿ ਇਹ ਫੇਰਬਦਲ ਕਿਉਂ ਕੀਤਾ ਗਿਆ?

ਸੋਨੀਆ ਗਾਂਧੀ ਦੀ ਆਲੋਚਨਾ ਘੱਟ ਹੋ ਰਹੀ ਹੈ। ਉਹ ਸੱਤਾ ਤੋਂ ਦੂਰ ਰਹਿ ਕੇ ਆਲੋਚਨਾ ਤੋਂ ਬਚਣ ਵਿਚ ਸਫਲ ਰਹੀ ਹੈ ਕਿਉਂਕਿ ਪਿਛਲੀਆਂ ਚੋਣਾਂ ਤੋਂ ਬਾਅਦ ਵੀ ਉਸ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਲੈਣਾ ਸਵੀਕਾਰ ਨਹੀਂ ਸੀ ਕੀਤਾ। ਅਜਿਹੇ ਬਹੁਤੇ ਸਿਆਸਤਦਾਨ ਨਹੀਂ ਹਨ ਜੋ ਇਸ ਤਰ੍ਹਾਂ ਦੀ ਕੁਰਬਾਨੀ ਕਰ ਸਕਦੇ ਹੋਣ। ਫਿਰ ਵੀ ਲੋਕ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਉਹ ਆਪਣੀ ਪਾਰਟੀ ਦਾ ਕੀ ਕਰੇਗੀ? ਹੋਰ ਪਾਰਟੀਆਂ ਨੂੰ ਵੀ ਨਵੇਂ ਖ਼ੂਨ ਦੀ ਇੰਤਜ਼ਾਰ ਹੈ।

ਜਦੋਂ ਵਿਰੋਧੀ ਧਿਰ ਵੀ ਕੁਝ ਨਵਾਂ ਸੋਚਦੀ ਹੈ ਤਾਂ ਉਸ ਦੀ ਸੋਚ ਅਟਲ ਬਿਹਾਰੀ ਵਾਜਪਾਈ ਤੋਂ ਅੱਗੇ ਨਹੀਂ ਜਾਂਦੀ ਜਿਹੜੇ ਰਾਜਨੀਤਕ ਤੌਰ 'ਤੇ ਸੇਵਾ ਮੁਕਤ ਹੋਣ ਤੋਂ ਬਾਅਦ ਅਲੱਗ ਰਹਿ ਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਦੀ ਵੱਡੀ ਪ੍ਰਾਪਤੀ ਇਹ ਸੀ ਕਿ ਉਨ੍ਹਾਂ ਨੇ ਆਪਣੀ ਅਗਵਾਈ ਵਾਲੀ ਗਠਜੋੜ ਦੀ ਸਰਕਾਰ ਨੂੰ ਬਿਹਤਰ ਢੰਗ ਨਾਲ ਚਲਾਇਆ। ਡਾ. ਮਨਮੋਹਨ ਸਿੰਘ ਉਨ੍ਹਾਂ ਤੋਂ ਘੱਟ ਕਿਸਮਤ ਵਾਲੇ ਸਾਬਤ ਹੋਏ ਹਨ। ਪਹਿਲੀ ਗੱਲ ਇਹ ਕਿ ਉਹ ਬਹੁਤ ਜ਼ਿਆਦਾ ਸ਼ਰੀਫ ਹਨ। ਦੂਜੀ ਗੱਲ ਇਹ ਕਿ ਉਨ੍ਹਾਂ ਨੂੰ ਬਹੁਤ ਹੀ ਖਾਹਿਸ਼ਾਂ ਵਾਲੇ ਬੰਦਿਆਂ ਸ਼ਰਦ ਪਵਾਰ, ਕਰੁਣਾਨਿਧੀ ਅਤੇ ਮਮਤਾ ਬੈਨਰਜੀ ਆਦਿ ਨਾਲ ਨਜਿੱਠਣਾ ਪੈ ਰਿਹਾ ਹੈ ਜਿਹੜੇ ਆਪਣੀਆਂ ਪਾਰਟੀਆਂ ਲਈ ਵਧੇਰੇ ਕੁਝ ਹਾਸਲ ਕਰਨਾ ਚਾਹੁੰਦੇ ਹਨ। ਗਠਜੋੜ ਸਰਕਾਰਾਂ ਨੂੰ ਚਲਾਉਣਾ ਹਮੇਸ਼ਾ ਹੀ ਸੌਖਾ ਨਹੀਂ ਹੁੰਦਾ। ਅਗਲੀਆਂ ਚੋਣਾਂ ਤੋਂ ਬਾਅਦ ਵੀ ਗਠਜੋੜ ਸਰਕਾਰ ਹੀ ਬਣਨ ਦੀ ਸੰਭਾਵਨਾ ਹੈ ਪਰ ਸਵਾਲ ਇਹ ਪੁੱਛਿਆ ਜਾ ਰਿਹਾ ਹੈ ਕਿ ਅਗਲੀ ਗਠਜੋੜ ਸਰਕਾਰ ਬਣਾਏਗਾ ਕੌਣ?

# ਫ਼ੌਜੀ ਅਦਾਲਤਾਂ ਦੀ ਤਰਜ਼ 'ਤੇ ਹੋਣ ਭ੍ਰਿਸ਼ਟ ਨੇਤਾਵਾਂ ਬਾਰੇ ਫ਼ੈਸਲੇ

**ਕੁਲਦੀਪ ਸਿੰਘ ਕਾਹਲੋਂ***

ਪਿਛਲੇ ਕੁਝ ਸਮੇਂ ਤੋਂ ਜਿਸ ਤਰੀਕੇ ਨਾਲ ਫ਼ੌਜ ਅੰਦਰ ਭ੍ਰਿਸ਼ਟਾਚਾਰ ਦੇ ਰੁਝਾਨ ਸਾਹਮਣੇ ਆਏ, ਉਸ ਨੇ ਫ਼ੌਜ ਦੇ ਅਕਸ ਨੂੰ ਠੇਸ ਪਹੁੰਚਾਈ ਹੈ ਪਰ ਜਿਸ ਤੇਜ਼ੀ, ਨਿਪੁੰਨਤਾ, ਬਗੈਰ ਪੱਖਪਾਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦੋਸ਼ੀ ਸਾਬਤ ਹੋਏ ਫ਼ੌਜੀ ਅਫ਼ਸਰਾਂ ਖ਼ਿਲਾਫ਼ ਸਮਾਂਬੱਧ ਤਰੀਕੇ ਨਾਲ ਫ਼ੌਜ ਦੀਆਂ ਉਚ ਅਦਾਲਤਾਂ ਵੱਲੋਂ ਕੇਸਾਂ ਦਾ ਨਿਬੇੜਾ ਕੀਤਾ ਜਾ ਰਿਹਾ ਹੈ, ਉਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਫ਼ੌਜ ਅੰਦਰ ਕੁਤਾਹੀ ਕਰਨ ਵਾਲਿਆਂ ਨੂੰ ਹਰਗਿਜ਼ ਬਖਸ਼ਿਆ ਨਹੀਂ ਜਾਂਦਾ, ਭਾਵੇਂ ਉਹ ਕਿਸੇ ਵੀ ਰੈਂਕ ਦੇ ਕਿਉਂ ਨਾ ਹੋਣ।

ਇਕ ਮਹੀਨੇ ਅੰਦਰ ਦੋ ਲੈਫਟੀਨੈਂਟ ਜਨਰਲਾਂ ਦਾ ਕੋਰਟ ਮਾਰਸ਼ਲ ਕਰਨਾ, ਦੇਸ਼ ਦੇ ਇਤਿਹਾਸ ਵਿਚ ਇਸ ਕਿਸਮ ਦੀ ਪਹਿਲੀ ਮਿਸਾਲ ਹੋਵੇਗੀ। ਲੈਫਟੀਨੈਂਟ ਜਨਰਲ ਪੀ.ਕੇ. ਰੱਥ ਦਾ ਸੁਖਨਾ ਜ਼ਮੀਨੀ ਘਪਲੇ ਦੇ ਦੋਸ਼ ਵਿਚ ਕੋਰਟ ਮਾਰਸ਼ਲ ਕਰਕੇ ਦੋ ਸਾਲ ਦੀ ਸੀਨੀਆਰਤਾ ਨੂੰ ਘੱਟ ਕਰਨ ਦੇ ਨਾਲ ਉਸ ਦੀ 15 ਸਾਲ ਦੀ ਸੇਵਾ ਵਾਲੇ ਪੈਨਸ਼ਨ ਲਾਭ ਨੂੰ ਖ਼ਤਮ ਕਰਨ ਦਾ ਹੁਕਮ ਫ਼ੌਜੀ ਉਚ ਅਦਾਲਤ ਨੇ ਸੁਣਾਇਆ ਹੈ। ਇਸੇ ਤਰੀਕੇ ਨਾਲ "ਰਾਸ਼ਨ ਸਕੈਮ" ਵਿਚ ਘਿਰੇ ਲੈਫਟੀਨੈਂਟ ਜਨਰਲ ਐਸ. ਕੇ. ਸਾਹਨੀ, ਜਿਸ ਨੂੰ 31 ਜੁਲਾਈ 2010 ਨੂੰ ਮਿਲਟਰੀ ਹਿਰਾਸਤ ਵਿਚ ਲਿਆ ਗਿਆ ਸੀ, ਦੇ ਖ਼ਿਲਾਫ਼ ਕੋਰਟ ਮਾਰਸ਼ਲ ਦੀ ਕਾਰਵਾਈ ਪਿਛਲੇ ਸਾਲ ਅਗਸਤ ਵਿਚ ਆਰੰਭੀ ਗਈ ਸੀ। ਤਕਰੀਬਨ 6 ਮਹੀਨਿਆਂ ਦੀ ਕਾਨੂੰਨੀ ਕਾਰਵਾਈ ਮਗਰੋਂ 18 ਫਰਵਰੀ 2011 ਨੂੰ ਕੋਰਟ ਮਾਰਸ਼ਲ ਕਰਕੇ ਫ਼ੌਜ ਦੀ ਉਚ ਅਦਾਲਤ ਵੱਲੋਂ ਲੈ. ਜਨਰਲ ਸਾਹਨੀ ਨੂੰ ਬਰਖ਼ਾਸਤ ਕਰਕੇ ਤਿੰਨ ਸਾਲ ਦੀ ਬਾ-ਮੁਸ਼ੱਕਤ ਕੈਦ ਸੁਣਾਈ ਗਈ। ਕੀ ਭਾਰਤ ਸਰਕਾਰ/ਸੂਬਾ ਸਰਕਾਰਾਂ ਨੂੰ ਇਸ ਤੋਂ ਸਬਕ ਨਹੀਂ ਸਿੱਖਣਾ ਚਾਹੀਦਾ? ਦੇਸ਼ ਦੀ ਕਾਨੂੰਨ ਪ੍ਰਣਾਲੀ ਵਿਚ ਸੋਧ ਕਰਕੇ ਅਰਬਾਂ-ਖਰਬਾਂ ਦੇ ਘੁਟਾਲਿਆਂ ਵਿਚ ਸ਼ਾਮਲ ਨੇਤਾਵਾਂ ਅਤੇ ਅਫ਼ਸਰਸ਼ਾਹੀ ਨੂੰ ਕਾਲ-ਕੋਠੜੀਆਂ ਵਿਚ ਬੰਦ ਕਿਉਂ ਨਹੀਂ ਕੀਤਾ ਜਾ ਸਕਦਾ?

ਵਿਚਾਰਨ ਦੀ ਗੱਲ ਤਾਂ ਇਹ ਵੀ ਹੈ ਕਿ ਜਿਸ ਰਫ਼ਤਾਰ ਨਾਲ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਬੇਈਮਾਨੀ, ਚੋਰ ਬਾਜ਼ਾਰੀ, ਲੁੱਟ-ਖਸੁੱਟ, ਸਮਗਲਿੰਗ, ਬਦਲਾਖੋਰੀ, ਕਤਲ ਅਤੇ ਬਲਾਤਕਾਰ ਵਰਗੇ ਨਿੱਤ ਨਵੇਂ ਕੁਕਰਮ ਦੇਸ਼ ਭਰ ਵਿਚ ਦੇਖਣ-ਸੁਣਨ ਨੂੰ ਮਿਲ ਰਹੇ ਹਨ, ਉਹ ਲੋਕਤੰਤਰੀ ਪ੍ਰਣਾਲੀ ਅੰਦਰ ਕਿਸੇ ਖਤਰੇ ਤੋਂ ਘੱਟ ਨਹੀਂ ਸਮਝੇ ਜਾ ਸਕਦੇ। ਆਮ ਤੌਰ 'ਤੇ ਮਹਿਸੂਸ ਕੀਤਾ ਜਾਂਦਾ ਰਿਹਾ ਹੈ ਕਿ ਇਸ ਕਿਸਮ ਦੇ ਕਾਂਡ ਰਾਜਸੀ ਨੇਤਾਵਾਂ, ਅਫ਼ਸਰਸ਼ਾਹੀ, ਪੁਲਿਸ ਅਤੇ ਭੂ-ਮਾਫੀਏ ਆਦਿ ਦੀ ਮਿਲੀ-ਭੁਗਤ ਦਾ ਹੀ ਸਿੱਟਾ ਹਨ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਦੇਸ਼ ਦੇ ਹਾਕਮਾਂ ਨੇ ਹੁਣ ਨਿਆਂਪਾਲਿਕਾ ਅਤੇ ਫ਼ੌਜ ਨੂੰ ਵੀ ਆਪਣੀ ਭ੍ਰਿਸ਼ਟ ਰਾਜਨੀਤੀ ਵਿਚ ਭਾਈਵਾਲ ਬਣਾ ਲਿਆ ਹੈ। ਸਾਬਕਾ ਕੇਂਦਰੀ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਨ ਦੇ ਹਲਫੀਆ ਬਿਆਨ ਮੁਤਾਬਿਕ ਸੁਪਰੀਮ ਕੋਰਟ ਦੇ ਤਕਰੀਬਨ ਅੱਧੇ ਮੁੱਖ ਜੱਜ (ਚੀਫ਼ ਜਸਟਿਸ) ਭ੍ਰਿਸ਼ਟਾਚਾਰੀ ਸਨ ਅਤੇ ਹੁਣ ਫ਼ੌਜ ਦੇ ਕੁਝ ਅਧਿਕਾਰੀ ਵੀ ਕਈ ਘਪਲਿਆਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ ਜੋ ਦੇਸ਼ ਲਈ ਘਾਤਕ ਹੈ।

ਨਿਰਸੰਦੇਹ, ਇੰਦਰਾ ਗਾਂਧੀ ਦੇ ਰਾਜ ਵਿਚ ਭ੍ਰਿਸ਼ਟਾਚਾਰ ਵਧਿਆ ਫੁੱਲਿਆ ਅਤੇ ਕਾਂਗਰਸ ਦੇ ਚੋਣ ਫੰਡ ਲਈ ਵਿਦੇਸ਼ੀ ਕੰਪਨੀਆਂ ਤੋਂ ਦਰਾਮਦ ਸੌਦਿਆਂ ਤਹਿਤ ਧਨ ਲਿਆ ਜਾਂਦਾ ਰਿਹਾ। ਰਾਜੀਵ ਗਾਂਧੀ ਦੇ ਸਮੇਂ ਦੌਰਾਨ ਵੀ ਬੋਫੋਰਜ਼ ਤੋਪਾਂ ਖਰੀਦਣ ਸਮੇਂ 60 ਕਰੋੜ ਦੀ ਰਿਸ਼ਵਤ ਵਾਲਾ ਮਾਮਲਾ ਸਾਹਮਣੇ ਆਇਆ। ਹਰਸ਼ਦ ਮਹਿਤਾ ਦੇ ਸ਼ੇਅਰ ਮਾਰਕੀਟ ਵਾਲੇ ਕਾਂਡ ਨੇ ਲੱਖਾਂ ਘਰ ਉਜਾੜੇ, ਚਾਰਾ ਘੁਟਾਲਾ, ਯੂਰੀਆ ਘਪਲਾ, 2-ਜੀ ਸਪੈਕਟ੍ਰਮ ਆਦਿ ਅਰਬਾਂ/ਖਰਬਾਂ ਰੁਪਏ ਦੇ ਘਪਲੇ ਸਾਹਮਣੇ ਆਏ। ਰਾਸ਼ਟਰਮੰਡਲ ਖੇਡਾਂ ਵਿਚ ਹੋਈ ਘਪਲੇਬਾਜ਼ੀ ਨੂੰ ਅੰਤਰ-ਰਾਸ਼ਟਰੀ ਪੱਧਰ ਤਕ ਪਹੁੰਚਾ ਦਿੱਤਾ ਗਿਆ। ਇਸ ਕਿਸਮ ਦੇ ਅਣਗਿਣਤ ਘੁਟਾਲੇ ਹਰ ਦਿਨ ਸਾਹਮਣੇ ਆ ਰਹੇ ਹਨ। ਸਵਾਲ ਹੈ ਕਿ ਕੀ ਇਨ੍ਹਾਂ ਘੁਟਾਲਿਆਂ 'ਚ ਸ਼ਾਮਲ ਰਾਜਸੀ ਨੇਤਾਵਾਂ ਤੇ ਅਫ਼ਸਰਾਂ ਖ਼ਿਲਾਫ਼ ਕੋਈ ਕਾਰਵਾਈ ਹੋਈ? ਇਨ੍ਹਾਂ ਨੂੰ ਜੇਲ੍ਹ ਕੌਣ ਭੇਜੇਗਾ? ਜਦੋਂ ਆਵਾ ਹੀ ਊਤ ਚੁੱਕਿਆ ਹੋਵੇ ਤਾਂ ਅਸਰ ਫ਼ੌਜ 'ਤੇ ਵੀ ਪੈਣਾ ਸੁਭਾਵਕ ਹੋ ਜਾਂਦਾ ਹੈ। ਫਿਰ ਵੀ ਅਵਾਮ ਫ਼ੌਜ ਤੋਂ ਐਸੀ ਉਮੀਦ ਨਹੀਂ ਰੱਖਦਾ।

ਫ਼ੌਜ ਦੇ ਕਮਾਂਡਰਾਂ ਨੂੰ ਤਾਂ ਆਪਣੇ ਹੇਠਲੇ ਰੈਂਕਾਂ ਵਾਸਤੇ ਇਕ ਆਦਰਸ਼ ਵਿਅਕਤੀ ਵਾਲੀ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਜੇ ਦਿਸ਼ਾ-ਨਿਰਦੇਸ਼ ਦੇਣ ਵਾਲ ਉਚ ਅਧਿਕਾਰੀ ਹੀ ਆਦਰਸ਼ ਹਾਊਸਿੰਗ ਸੁਸਾਇਟੀ, ਫਿਰ ਸੁਖਨਾ ਜ਼ਮੀਨੀ ਵਾਦ-ਵਿਵਾਦ ਜਾਂ ਹੁਣ ਕਾਨਦੀਵਿਲੀ (ਮੁੰਬਈ) ਪਲਾਟ ਵਰਗੇ ਘਪਲਿਆਂ ਦਾ ਸ਼ਿਕਾਰ ਹੋ ਜਾਣ ਤਾਂ ਇਸ ਦਾ ਪ੍ਰਭਾਵ ਸਿਪਾਹੀ ਤੋਂ ਲੈ ਕੇ ਦੇਸ਼ ਦੀਆਂ ਸਰਹੱਦਾਂ ਤਕ ਪੈਣਾ ਲਾਜ਼ਮੀ ਹੈ। ਫਿਰ ਇਹ ਭ੍ਰਿਸ਼ਟ ਸਿਆਸੀ ਨੇਤਾ ਅਤੇ ਮਿਲਟਰੀ ਲੀਡਰ ਵਿਚ ਫਰਕ ਕੀ ਰਿਹਾ? ਇਨ੍ਹਾਂ ਹਾਲਾਤ ਵਿਚ ਕੀ ਭ੍ਰਿਸ਼ਟ ਫ਼ੌਜੀ ਅਫ਼ਸਰ ਆਪਣੀ ਕਮਾਂਡ ਦਾ ਮਨੋਬਲ ਉਚਾ ਕਰ ਸਕਣਗੇ? ਕੀ ਇਸ ਦਾ ਅਸਰ ਲੜਾਈ ਦੇ ਮੈਦਾਨ ਜਾਂ ਅੰਦਰੂਨੀ ਸੁਰੱਖਿਅਕ ਚੁਣੌਤੀਆਂ ਨੂੰ ਨਜਿੱਠਣ ਸਮੇਂ ਨਹੀਂ ਪਵੇਗਾ? ਦੂਸਰਾ ਪਹਿਲੂ ਇਹ ਵੀ ਹੈ ਕਿ ਕਈ ਵਾਰੀ ਆਮ ਵਿਅਕਤੀ ਵੀ ਇਹ ਮਹਿਸੂਸ ਕਰਦਾ ਹੈ ਕਿ ਫ਼ੌਜਾਂ ਵਾਸਤੇ ਜੋ ਰਾਕਟ, ਤੋਪਾਂ, ਹੈਲੀਕਾਪਟਰ, ਪਣ-ਡੁੱਬੀਆਂ, ਗੋਲਾ ਬਾਰੂਦ, ਸਾਜ਼ੋ ਸਾਮਾਨ, ਤਾਬੂਤ ਅਤੇ ਮਿਜ਼ਾਈਲਾਂ ਆਦਿ ਹਥਿਆਰਾਂ ਦੀ ਖਰੀਦਦਾਰੀ ਦੀ ਵੱਡੀ ਜ਼ਿੰਮੇਵਾਰੀ ਫ਼ੌਜ ਦੀ ਹੀ ਹੈ ਪਰ ਅਜਿਹਾ ਨਹੀਂ ਹੁੰਦਾ। ਇਸ ਖਰੀਦੋ-ਫਰੋਖ਼ਤ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੁੰਦੀ ਹੈ। ਕਈ ਵਾਰੀ ਤਾਂ ਫੈਸਲਾ ਪ੍ਰਧਾਨ ਮੰਤਰੀ ਪੱਧਰ 'ਤੇ ਵੀ ਹੁੰਦਾ ਹੈ ਜਿਵੇਂ ਬੋਫੋਰਜ਼ ਤੋਪਾਂ ਖਰੀਦਣ ਸਮੇਂ ਵਾਪਰਿਆ। ਫਿਰ ਵੀ ਅਖ਼ਤਿਆਰ ਮੁਤਾਬਕ ਇਕ ਕਮਾਂਡਿੰਗ ਅਫ਼ਸਰ ਤੋਂ ਲੈ ਕੇ ਸੈਨਾ, ਨੇਵੀ ਤੇ ਹਵਾਈ ਫ਼ੌਜ ਦੇ ਮੁਖੀ ਦੀ ਪੱਧਰ ਤਕ ਵੀ ਰਾਸ਼ਨ ਪਾਣੀ, ਤੇਲ, ਵਰਦੀਆਂ ਅਤੇ ਹੋਰ ਅਨੇਕਾਂ ਵਸਤੂਆਂ ਖਰੀਦਣ ਸਮੇਂ ਘਪਲੇਬਾਜ਼ੀ ਵਾਲੇ ਕਿੱਸੇ ਸਾਹਮਣੇ ਆਉਂਦੇ ਹਨ।

ਸਾਡੇ ਰਾਜਸੀ ਨੇਤਾਵਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਭ੍ਰਿਸ਼ਟਾਚਾਰ, ਅਤਿਵਾਦੀਆਂ, ਨਕਸਲਬਾੜੀਆਂ, ਵੱਖਵਾਦੀਆਂ ਨੂੰ ਸਰਹੱਦੋਂ ਪਾਰ ਲਾਂਘਾ ਦੇਣ ਵਿਚ ਸਹਾਈ ਹੁੰਦਾ ਹੈ ਅਤੇ ਇਸ ਦੇ ਨਾਲ ਹੀ ਗੁਆਂਢੀ ਮੁਲਕਾਂ ਵੱਲੋਂ ਸਮੁੰਦਰੀ ਤੱਟਾਂ ਉਪਰ ਹਮਲਾਵਰਾਂ ਨੂੰ ਧਕੇਲਣ ਅਤੇ ਗੋਲਾ-ਬਾਰੂਦ ਪਹੁੰਚਾਉਣ ਵਿਚ ਮਦਦ ਮਿਲਦੀ ਹੈ। ਭ੍ਰਿਸ਼ਟਾਚਾਰ, ਜਿੱਥੇ ਮਾਲੀ ਵਿਕਾਸ 'ਚ ਰੁਕਾਵਟ ਬਣਦਾ ਹੈ, ਉਥੇ ਫ਼ੌਜਾਂ ਦੇ ਆਧੁਨਿਕੀਕਰਨ ਵਿਚ ਦੇਰੀ ਦਾ ਅਹਿਮ ਕਾਰਨ ਬਣਦਾ ਹੈ।

ਲੋੜ ਹੈ ਕਿ ਸੰਸਦ ਵਲੋਂ ਸਰਬਸੰਮਤੀ ਨਾਲ ਭ੍ਰਿਸ਼ਟਾਚਾਰ ਵਿਰੁਧ ਵਿਸ਼ੇਸ਼ ਕਾਨੂੰਨ ਬਣਾ ਕੇ ਇਕ ਸੁਤੰਤਰ ਕਮਿਸ਼ਨ ਕਾਇਮ ਕੀਤਾ ਜਾਵੇ ਜਿਸ ਵਿਚ ਇਮਾਨਦਾਰ, ਨਿਰਪੱਖ ਤੇ ਨਿੰਡਰ ਮੈਂਬਰ ਨਿਯੁਕਤ ਕੀਤੇ ਜਾਣ ਜੋ ਸਮਾਂਬੱਧ ਤਰੀਕੇ ਨਾਲ ਭ੍ਰਿਸ਼ਟ ਵਿਅਕਤੀ ਦੇ ਕੇਸਾਂ ਦਾ ਨਿਬੇੜਾ ਕਰ ਸਕਣ। ਕੁਝ ਸਾਲ ਪਹਿਲਾਂ 'ਤਹਿਲਕਾ ਕਾਂਡ' ਸਮੇਂ ਰਿਸ਼ਵਤਖੋਰੀ ਦੇ ਮਸਲੇ ਵਿਚ ਬ੍ਰਿਗੇਡੀਅਰ ਤਕ ਦੇ ਰੈਂਕਾਂ ਵਾਲੇ ਅਧਿਕਾਰੀਆਂ ਦਾ ਕੋਰਟ ਮਾਰਸ਼ਲ ਕਰ ਦਿੱਤਾ ਗਿਆ ਸੀ। ਕਈਆਂ ਨੂੰ ਤਾਂ ਜੇਲ੍ਹ ਦੀ ਹਵਾ ਖਾਣੀ ਪਈ ਸੀ। ਲੋੜ ਇਸ ਗੱਲ ਦੀ ਹੈ ਕਿ ਆਰਮੀ ਐਕਟ ਵਾਂਗ ਦੇਸ਼ ਵਿਚ ਵੱਖਰਾ ਸਖ਼ਤ ਕਾਨੂੰਨ ਬਣਾ ਕੇ ਬਿਨਾ ਪੱਖਪਾਤ ਅਪਰਾਧੀ ਰਾਜਸੀ ਨੇਤਾਵਾਂ/ਭ੍ਰਿਸ਼ਟਾਚਾਰੀਆਂ ਨੂੰ ਸਜ਼ਾ ਦਿੱਤੀ ਜਾਵੇ।

ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਘੁਟਾਲਿਆਂ ਦੇ ਸੰਦਰਭ ਵਿਚ ਕਿਹਾ ਸੀ, "ਛੋਟੀਆਂ ਮੱਛੀਆਂ ਤਾਂ ਜਾਲ ਵਿਚ ਕਾਬੂ ਆ ਜਾਂਦੀਆਂ ਹਨ ਪਰ ਵੱਡੀਆਂ ਮੱਛੀਆਂ ਤਾਂ ਫਸਦੀਆਂ ਹੀ ਨਹੀਂ।" ਅਗਰ ਇਰਾਦੇ ਨੇਕ ਹੋਣ ਤਾਂ ਮਗਰਮੱਛ ਵੀ ਕਾਬੂ ਕੀਤੇ ਜਾ ਸਕਦੇ ਹਨ। ਸਾਫ਼ ਸੁਥਰੇ ਅਕਸ ਵਾਲੇ ਜਾਣੇ ਜਾਂਦੇ ਡਾ. ਮਨਮੋਹਨ ਸਿੰਘ ਤਾਂ ਸ਼ਾਇਰੀ ਦੇ ਬਹੁਤ ਸ਼ੌਕੀਨ ਹਨ। ਇੱਥੇ ਇਕ ਉਰਦੂ ਸ਼ਿਅਰ ਢੁੱਕਵਾਂ ਹੋਵੇਗਾ:

"ਤੂੰ ਇਧਰ-ਉਧਰ ਕੀ ਨਾ ਬਾਤ ਕਰ
ਯਿਹ ਬਤਾ ਕਿ ਕਾਰਵਾਂ ਕਿਉਂ ਲੁਟਾ?
ਹਮੇਂ ਰਾਹਜਨੋਂ ਸੇ ਗਰਜ ਨਹੀਂ
ਤੇਰੀ ਰਾਹਬਰੀ ਕਾ ਸਵਾਲ ਹੈ।

*ਬ੍ਰਿਗੇਡੀਅਰ (ਰਿਟਾ.)

# ਪਾਲ ਸਿੰਘ ਤੇ ਪਾਲਾ ਸਿੰਘ ਦੇ ਪੱਲੇ ਪਏ ਪਛਤਾਵੇ?

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪੰਥਕ ਲੀਡਰਸ਼ਿਪ ਦੇ ਅਵੈੜੇ ਸੁਭਾਅ ਬਾਰੇ ਇਹ ਕੁਸੈਲੀ ਜਿਹੀ ਵਿਅੰਗ-ਟਿੱਪਣੀ ਸੁਣੀ ਤਾਂ ਮੈਂ ਪਹਿਲਾਂ ਵੀ ਹੋਈ ਸੀ ਪਰ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਮੈਨੂੰ ਕਿਤਾਬ ਖੋਲ੍ਹੀ ਬੈਠਾ ਦੇਖ ਕੇ ਜਿਸ ਨਾਟਕੀ-ਅੰਦਾਜ਼ ਨਾਲ ਇਹ ਫਿਰ ਦੁਹਰਾਈ, ਮੇਰੀ ਸਿਮ੍ਰਤੀ ਵਿਚ ਇਹ ਚਿੱਟੇ ਕਾਗਜ਼ 'ਤੇ ਗੂੜ੍ਹੇ ਕਾਲੇ ਅੱਖਰਾਂ ਵਾਂਗ ਉਕਰੀ ਗਈ। ਜਦੋਂ ਵੀ ਕਿਸੇ ਭਲੇਮਾਣਸ ਬੁੱਧੀਜੀਵੀ ਨਾਲ ਇਹ 'ਭਾਣਾ' ਵਾਪਰਦਾ ਦੇਖਦਾ ਹਾਂ ਤਾਂ ਮੇਰੀਆਂ ਅੱਖਾਂ ਅੱਗੇ ਉਹੀ ਦ੍ਰਿਸ਼ ਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਸ਼ਾਮਲ ਹੋਣ ਲਈ ਮੈਂ ਸ੍ਰੀ ਅੰਮ੍ਰਿਤਸਰ ਪਹੁੰਚਿਆ ਹੋਇਆ ਸਾਂ। ਰਾਤ ਦਾ ਪ੍ਰਸ਼ਾਦਾ-ਪਾਣੀ ਛਕਣ ਉਪਰੰਤ, ਗੁਰੂ ਹਰਗੋਬਿੰਦ ਨਿਵਾਸ ਵਿਚ ਆਪਣੀ ਰਿਹਾਇਸ਼ ਵਾਲੇ ਕਮਰੇ ਅੰਦਰ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਸਾਂ। ਲਾਂਗਰੀ ਨੇ ਚਾਹ ਲੈ ਕੇ ਆਉਣਾ ਸੀ, ਇਸ ਲਈ ਕਮਰੇ ਦਾ ਦਰਵਾਜ਼ਾ ਖੁੱਲਾ ਹੀ ਰੱਖਿਆ ਹੋਇਆ ਸੀ। ਮੈਂਬਰਾਂ ਦੀ ਰਿਹਾਇਸ਼ ਆਦਿ ਦਾ ਬੰਦੋਬਸਤ ਕਰਦੇ ਫਿਰਦੇ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ (ਜੋ ਉਨ੍ਹੀਂ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ) ਕਈ ਵਾਰ ਇੱਧਰ-ਉਧਰ ਨੂੰ ਲੰਘੇ। ਹੱਥ ਵਿਚ ਤਿੰਨ ਫੁੱਟੀ ਸ੍ਰੀ ਸਾਹਿਬ ਫੜੀ 'ਚਾਣਚੱਕ ਉਹ ਮੇਰੇ ਕਮਰੇ ਵਿਚ ਆ ਵੜੇ। ਆਉਂਦਿਆਂ ਹੀ ਉਨ੍ਹਾਂ ਨੇ ਝੁਟਕੀ ਮਾਰ ਕੇ ਮੇਰੇ ਹੱਥੋਂ ਕਿਤਾਬ ਫੜ ਲਈ। ਮੁਸਕ੍ਰਾਉਂਦਿਆਂ ਵਿਅੰਗਾਤਮਕ ਲਹਿਜ਼ੇ 'ਚ ਬੋਲੇ, ''ਸਿੰਘਾ, ਕਿਤਾਬਾਂ ਪੜ੍ਹਨ ਦਾ ਕੰਮ ਛੱਡ ਦੇਵੇਂ ਤਾਂ ਚੰਗਾ ਰਹੇਂਗਾ। ਆਪਣੇ 'ਪੰਥ' ਵਿਚ (ਭਾਵ ਅਕਾਲੀ ਦਲ 'ਚ) ਪੜ੍ਹਨ-ਪੁੜ੍ਹਨ ਵਾਲਿਆਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਜਿਹੜਾ ਬੁੱਧੀਜੀਵੀ ਬਣਨ ਦੀ ਕੋਸ਼ਿਸ਼ ਕਰੇ, ਉਸ ਨੂੰ ਝੱਟ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਂਦਾ ਹੈ। ...ਇਸ ਕਰਕੇ ਇਹ 'ਪੁੱਠਾ ਕੰਮ' ਨਾ ਹੀ ਕਰਿਆ ਕਰ। ਜੇ ਅਕਾਲੀ ਸਿਆਸਤ ਵਿਚ ਚਾਰ ਦਿਨ ਰਹਿਣਾ ਐ ਤਾਂ!''

ਮਨੋਵਿਗਿਆਨੀ ਦੱਸਦੇ ਹਨ ਕਿ ਮਜ਼ਾਕ ਦੀ ਚਾਸ਼ਣੀ ਵਿਚ ਲਪੇਟ ਕੇ ਕਹੀ ਗਈ ਗੱਲ ਵਿਚ ਦਰਅਸਲ ਐਨਾ ਕੌੜਾ ਸੱਚ ਛੁਪਿਆ ਹੁੰਦਾ ਹੈ ਕਿ ਜਿਸ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਿਆ ਹੀ ਨਹੀਂ ਜਾ ਸਕਦਾ। ਅਜਿਹੀ ਗੱਲ ਸੁਣਨ ਵਾਲਾ ਜੇਕਰ ਸਹਿ ਗਿਆ ਤਾਂ ਸਹਿ ਗਿਆ। ਅਗਰ ਉਹ ਅਗਲੇ ਦੇ ਗਲ ਪੈ ਜਾਏ ਤਾਂ 'ਹਾਸੇ ਦਾ ਮੜ੍ਹਾਸਾ' ਬਣ ਗਿਆ ਕਹਿ ਦਿੱਤਾ ਜਾਂਦਾ ਹੈ। ਪ੍ਰੋ. ਬਡੂੰਗਰ ਦਾ ਉਕਤ ਤਨਜ਼ੀਆ ਬਿਆਨ ਇਸੇ ਪਰਿਪੇਖ ਵਿਚ ਪੜ੍ਹਿਆ ਸੁਣਿਆ ਜਾਣ ਵਾਲਾ ਹੈ।

ਸਿੱਖ ਸਿਆਸਤ ਦੇ ਇਤਿਹਾਸ ਵੱਲ ਨਜ਼ਰ ਮਾਰਿਆਂ ਇਹ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਦਿਸਦੀ ਹੈ ਕਿ ਇਸ ਪਿੜ ਵਿਚ ਸਿਰਫ ਉਨ੍ਹਾਂ ਬੁੱਧੀਜੀਵੀਆਂ ਦੇ ਹੀ 'ਪੈਰ ਲੱਗੇ' ਜਿਹੜੇ ਸਥਾਪਤੀ ਦੀ ਸੁਰ ਵਿਚ ਸੁਰ ਮਿਲਾਉਂਦੇ ਰਹੇ। ਜਿਸ ਕਿਸੇ ਨੇ ਵੀ ਸਥਾਪਤੀ ਦੀ ਬਜਾਏ ਪੰਥਕ ਹਿੱਤਾਂ ਵੱਲ ਮੂੰਹ ਕਰਿਆ, ਉਸ ਦਾ ਜਲਦੀ ਹੀ ਬਿਸਤਰਾ ਗੋਲ ਕਰ ਦਿੱਤਾ ਜਾਂਦਾ ਰਿਹਾ। ਜੇ ਕਿਸੇ ਨੂੰ ਮਜ਼ਬੂਰੀਵਸ ਦਲ ਵਿਚ 'ਰੱਖਣਾ' ਵੀ ਪਿਆ ਤਾਂ ਉਸ ਨੂੰ ਫੁੱਟ-ਨੋਟਾਂ ਵਿਚ ਹੀ ਥਾਂ ਦਿੱਤੀ ਗਈ। ਇਸ ਛੋਟੇ ਜਿਹੇ ਲੇਖ ਵਿਚ ਸਥਾਪਤੀ ਦੇ ਧੁੱਸ-ਮਾਰ ਰਵੱਈਏ ਦਾ ਸ਼ਿਕਾਰ ਹੋਣ ਵਾਲਿਆਂ ਦਾ ਵੇਰਵਾ ਨਹੀਂ ਦਿੱਤਾ ਜਾ ਰਿਹਾ। ਸਿਰਦਾਰ ਕਪੂਰ ਸਿੰਘ, ਸ. ਗੁਰਤੇਜ ਸਿੰਘ ਆਈ.ਏ.ਐਸ., ਡਾ. ਗੁਰਬਚਨ ਸਿੰਘ 'ਬਚਨ', ਸ. ਹਰਿੰਦਰ ਸਿੰਘ ਨਾਰਵੇ ਜਾਂ ਪ੍ਰੋਫੈਸਰ ਦਰਸ਼ਨ ਸਿੰਘ ਹੋਰਾਂ ਨਾਲ ਕਿੰਜ ਬੀਤੀ? ਇਹਦੇ ਬਾਰੇ ਸਾਰਿਆਂ ਨੂੰ ਹੀ ਪਤਾ ਹੈ।



ਪਾਲ ਸਿੰਘ ਪੁਰੇਵਾਲ



ਪਾਲਾ ਸਿੰਘ ਫਰਾਂਸ

ਇਥੇ ਤਾਂ ਉਕਤ ਬੁਧੀਜੀਵੀਆਂ ਦੀ ਲੜੀ ਵਿਚ ਆਪਣੇ ਨਾਮ ਜੋੜਨ ਜਾ ਰਹੇ ਮੌਜੂਦਾ ਦੌਰ ਦੇ ਦੋ ਬੁਧੀਵਾਨਾਂ ਦਾ ਜ਼ਿਕਰ ਕਰਨ ਲੱਗਾ ਹਾਂ। ਪਹਿਲੇ ਦਾ ਨਾਂ ਹੈ ਸ. ਪਾਲ ਸਿੰਘ ਪੁਰੇਵਾਲ, ਜੋ ਕੈਨੇਡੀਅਨ ਸਿੱਖ ਹਨ। ਸ. ਪੁਰੇਵਾਲ ਦੇ ਦਿਲ ਵਿਚ ਚਾਅ ਉਠਿਆ ਕਿ ਮੈਂ ਆਪਣੀ ਸੇਵਾ-ਮੁਕਤੀ ਕੌਮ ਦੇ ਲੇਖੇ ਲਾ ਦਿਆਂ। ਇਤਿਹਾਸ, ਮਿਥਿਹਾਸ, ਖਗੋਲ ਤੇ ਭੂਗੋਲ ਵਿਸ਼ਿਆਂ ਦਾ ਗਹਿਰ-ਗੰਭੀਰ ਮੁਤਾਲਿਆ ਕਰ ਚੁਕੇ ਸ. ਪੁਰੇਵਾਲ ਨੇ ਸਿੱਖ ਕੌਮ ਦਾ ਆਪਣਾ ਕੈਲੰਡਰ ਬਣਾਉਣ ਦਾ ਬੀੜਾ ਚੁੱਕਿਆ। ਵਰ੍ਹਿਆਂ ਦੀ ਮਿਹਨਤ ਨਾਲ ਉਨ੍ਹਾਂ ਨਾਨਕਸ਼ਾਹੀ ਕੈਲੰਡਰ ਤਿਆਰ ਕਰਕੇ ਕੌਮ ਦੀ ਝੋਲੀ ਪਾਇਆ।

ਪੰਥਕ ਰਵਾਇਤਾਂ ਅਤੇ ਪਰੰਪਰਾਵਾਂ ਦਾ ਪਾਲਣ ਕਰਦਿਆਂ ਇਸ ਦੀ ਧਰਮ-ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਾਹਿਬਾਨ ਅਤੇ ਸਿੱਖ ਵਿਦਵਾਨਾਂ ਦੀ ਗਿਆਰਾਂ ਮੈਂਬਰੀ ਕਮੇਟੀ ਵਲੋਂ ਗੰਭੀਰਤਾ ਨਾਲ ਪਰਖ-ਪੜਚੋਲ ਕੀਤੀ ਗਈ। ਰਾਵਾਂ ਤੇ ਸੁਝਾਅ ਵੀ ਮੰਗੇ ਗਏ। ਆਖਰ ਸੰਨ 2003 ਵਿਚ ਪੰਥਕ-ਜੁਗਤਿ ਮੁਤਾਬਿਕ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕਰ ਦਿੱਤਾ ਗਿਆ। ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਵਲੋਂ ਵੀ ਇਸ ਕੈਲੰਡਰ ਨੂੰ ਮਾਨਤਾ ਮਿਲ ਗਈ। ਸਿੱਖਾਂ ਦੀ ਚਿਰੋਕਣੀ ਮੰਗ ਭਾਈ ਪੁਰੇਵਾਲ ਜਿਹੇ ਵਿਦਵਾਨ ਦੀ ਘਾਲਣਾ ਨੇ ਪੂਰੀ ਕਰ ਦਿੱਤੀ।

ਸਿੱਖ ਸਫਾਂ ਵਿਚ ਇਸ ਬੁੱਧੀਵਾਨ ਦਾ ਹੋ ਰਿਹਾ ਮਾਣ ਸਤਿਕਾਰ, ਉਨ੍ਹਾਂ ਲੋਕਾਂ ਕੋਲੋਂ ਬਰਦਾਸ਼ਤ ਨਾ ਹੋਇਆ, ਜਿਹੜੇ ਸਿੱਖੀ ਨੂੰ ਮਿਲਗੋਭਾ ਜਿਹਾ ਰੂਪ ਦੇਈ ਰੱਖਣਾ ਚਾਹੁੰਦੇ ਨੇ। ਸੱਤਾਂ ਸਾਲਾਂ ਬਾਅਦ 2010 ਵਿਚ ਆ ਕੇ ਉਨ੍ਹਾਂ ਤਾਕਤਾਂ ਨੇ ਸਥਾਪਤੀ ਨੂੰ ਆਪਣੇ ਲੱਖਾਂ ਸ਼ਰਧਾਲੂਆਂ ਦੀਆਂ ਵੋਟਾਂ ਦਾ ਨੱਕੋ-ਨੱਕ ਭਰਿਆ ਝੋਲਾ ਦਿਖਾ ਕੇ, ਕੈਲੰਡਰ ਦੀ ਰੂਹ ਦਾ ਹੀ ਕਤਲ ਕਰਵਾ ਦਿੱਤਾ! ਮੁਮਕਿਨ ਹੈ ਕਿ ਇਸ ਘਿਨਾਉਣੀ ਹਰਕਤ ਦਾ ਸਭ ਤੋਂ ਵੱਧ ਦੁੱਖ ਭਾਈ ਪਾਲ ਸਿੰਘ ਨੂੰ ਹੀ ਹੋਣਾ ਸੀ। ਸੋ ਉਹ ਕੈਨੇਡਾ ਤੋਂ ਉਚੇਚੇ ਪੰਜਾਬ ਪਹੁੰਚੇ ਤਾਂ ਕਿ ਕੈਲੰਡਰ ਦੀਆਂ ਕਥਿਤ ਸੋਧਾਂ ਨਾਲ ਭਵਿੱਖ ਵਿਚ ਪੈਦਾ ਹੋਣ ਵਾਲੇ ਰੌਲ-ਘਚੌਲੇ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾ ਸਕੇ ਪਰ ਉਨ੍ਹਾਂ ਨੂੰ ਉਡੀਕੇ ਬਿਨਾ ਹੀ 'ਗੁਲਾਮਾਂ' ਦਿਆਂ ਦਾਸਾਂ' ਨੇ ਨਵੇਂ ਸਾਲ ਦਾ ਭਗਵਾਂ ਕੈਲੰਡਰ ਜਾਰੀ ਕਰ ਦਿੱਤਾ!

ਯਾਦ ਰਹੇ, ਇਸੇ ਸਿੱਖ ਸਕਾਲਰ ਵਲੋਂ ਤਿਆਰ ਕੀਤਾ ਗਿਆ ਹਿਜ਼ਰੀ ਕੈਲੰਡਰ ਇਸਲਾਮੀ ਜਗਤ ਨੇ ਖੁਸ਼ੀ ਖੁਸ਼ੀ ਪ੍ਰਵਾਨ ਕਰ ਲਿਆ ਹੈ ਪਰ ਉਸ (ਸ. ਪੁਰੇਵਾਲ) ਦੀ ਆਪਣੀ ਕੌਮ ਦੇ ਘੜੰਮ ਚੌਧਰੀ, ਉਹਦੇ ਪੱਲੇ ਪਛਤਾਵੇ ਪਾਉਣ 'ਤੇ ਤੁਲੇ ਪਏ ਹਨ।

ਕੈਨੇਡੀਅਨ ਸਿੱਖ ਪਾਲ ਸਿੰਘ ਤੋਂ ਬਾਅਦ ਅਗਲੀ ਦਾਸਤਾਂ ਹੈ ਇੱਕ ਫਰਾਂਸੀਸੀ ਸਿੱਖ ਭਾਈ ਪਾਲਾ ਸਿੰਘ ਦੀ ਜੋ ਸੱਠ ਸਾਲ ਦੀ ਬਜ਼ੁਰਗ ਉਮਰੇ ਆਪਣਿਆਂ ਦੀ ਸਰਕਾਰ ਦੇ ਜ਼ੁਲਮੋ-ਸਿਤਮ ਸਹਿ ਰਿਹਾ ਹੈ। ਇੰਗਲੈਂਡ ਦੇ ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਫਰਾਂਸ ਦੇ ਨਾਗਰਿਕ ਭਾਈ ਪਾਲਾ ਸਿੰਘ ਨੇ ਤੀਹ-ਪੈਂਤੀ ਸਾਲ ਵਿਦੇਸ਼ਾਂ ਵਿਚ ਕਿਰਤ-ਵਿਰਤ ਕਰਦਿਆਂ ਨਾਲੋਂ ਨਾਲ ਗੁਰਮਤਿ ਪ੍ਰਚਾਰ ਦੀ ਸੇਵਾ ਕੀਤੀ। ਅਮਰੀਕਾ, ਕੈਨੇਡਾ, ਯੂ.ਕੇ., ਫਰਾਂਸ, ਜਰਮਨੀ, ਨਾਰਵੇ ਅਤੇ ਇਟਲੀ ਆਦਿ ਪੰਦਰਾਂ-ਵੀਹ ਮੁਲਕਾਂ ਵਿਚ ਉਨ੍ਹਾਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਅਣਥਕ ਘਾਲਣਾ ਘਾਲੀ। ਸਿੱਖ ਯੂਥ ਕੈਂਪਾਂ ਰਾਹੀਂ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਿਆ। ਛੋਟੇ ਬੱਚਿਆਂ ਨੂੰ ਗੁਰਬਾਣੀ ਕੀਰਤਨ ਅਤੇ ਗਤਕੇ ਦੀ ਸਿਖਲਾਈ ਦਿੱਤੀ। ਵਿਦੇਸ਼ਾਂ ਵਿਚ ਚਲਦੇ ਰੇਡੀਓ, ਟੀ.ਵੀ. ਸਟੇਸ਼ਨਾਂ, ਅਖਬਾਰਾਂ ਅਤੇ ਰਸਾਲਿਆਂ ਰਾਹੀਂ ਸਿੱਖ ਵਿਰਸੇ ਬਾਰੇ ਚੇਤੰਨਤਾ ਜਗਾਈ।

ਉਮਰ ਦੇ ਇਸ ਆਖਰੀ ਪੜਾਅ ਵਿਚ ਪਹੁੰਚ ਕੇ ਉਨ੍ਹਾਂ ਤੋਂ ਇੱਕ 'ਵੱਡੀ ਗਲਤੀ' ਇਹ ਹੋ ਗਈ ਕਿ ਫਰਾਂਸ ਦਾ ਨਾਗਰਿਕ ਹੁੰਦਿਆਂ, ਉਨ੍ਹਾਂ ਆਪਣੀ ਜ਼ਿੰਦਗੀ ਦੀਆਂ ਆਖਰੀ ਸ਼ਾਮਾਂ ਮਾਦਰੇ-ਵਤਨ ਪੰਜਾਬ ਵਿਚ ਬਿਤਾਉਣ ਦੀ ਯੋਜਨਾ ਬਣਾ ਲਈ। ਇਹ ਯੋਜਨਾ ਬਣਾਉਣ ਲਈ ਉਨ੍ਹਾਂ ਦੇ ਦਿਲੋ-ਦਿਮਾਗ ਉਪਰ ਪੰਜਾਬ ਤੋਂ ਆਉਂਦੀਆਂ ਕੁਲਹਿਣੀਆਂ ਖ਼ਬਰਾਂ ਨੇ ਵਧੇਰੇ ਜੋਰ ਪਾਇਆ। ਸੋ, ਭਾਈ ਪਾਲਾ ਸਿੰਘ ਜਾ ਪਹੁੰਚੇ ਆਪਣੇ ਪੁਸ਼ਤੈਨੀ ਪਿੰਡ ਢੰਡੋ ਵਾਲ (ਨੇੜੇ ਸ਼ਾਹ ਕੋਟ), ਜਿਲ੍ਹਾ ਜਲੰਧਰ। ਪਿੰਡ ਪਹੁੰਚ ਕੇ ਵੀ ਉਨ੍ਹਾਂ ਆਸ-ਪਾਸ ਦੇ ਇਲਾਕਿਆਂ ਵਿਚ ਗੁਰਮਤਿ ਪ੍ਰਚਾਰ ਦੀ ਲਹਿਰ ਚਲਾ ਦਿੱਤੀ। ਗੁਰਮਤਿ ਟ੍ਰੇਨਿੰਗ ਕੈਂਪ, ਗਤਕਾ ਮੁਕਾਬਲੇ ਅਤੇ ਦਸਤਾਰ ਮੁਕਾਬਲੇ ਸ਼ੁਰੂ ਕਰਵਾ ਕੇ ਪਤਿਤਪੁਣੇ ਨੂੰ ਠੱਲ੍ਹ ਪਾਈ। ਲੋੜਵੰਦ ਗਰੀਬ ਬੱਚਿਆਂ ਦੀਆਂ ਫੀਸਾਂ ਅਤੇ ਹੋਰ ਸਕੂਲੀ ਖਰਚੇ ਵੀ ਦੇਣੇ ਸ਼ੁਰੂ ਕਰ ਦਿੱਤੇ। ਗੱਲ ਕੀ, ਥੋੜੇ ਸਮੇਂ ਵਿਚ ਹੀ ਉਹ ਆਪਣੇ ਇਲਾਕੇ ਵਿਚ 'ਸੇਵਾਦਾਰ ਬਾਬਾ ਜੀ' ਵਜੋਂ ਪ੍ਰਸਿੱਧ ਹੋ ਗਏ।

ਜਾਗਦੀ ਜ਼ਮੀਰ ਵਾਲਾ ਚੇਤੰਨ ਸਿੱਖ ਹੋਣ ਨਾਤੇ ਉਨ੍ਹਾਂ ਕੌਮ ਦੀਆਂ ਕੇਂਦਰੀ ਸੰਸਥਾਵਾਂ ਦੀ ਸਿੱਖ ਸਿਆਸਤਦਾਨਾਂ ਹੱਥੋਂ ਹੋ ਰਹੀ ਦੁਰਵਰਤੋਂ ਦਾ ਨੋਟਿਸ ਲਿਆ। ਇਸ ਮੰਦਭਾਗੇ ਰੁਝਾਨ ਨੂੰ ਰੋਕਣ ਹਿੱਤ ਪ੍ਰਚਾਰ ਅਰੰਭਿਆ। ਇੰਨੇ ਨਾਲ ਉਹ 'ਸਥਾਪਤੀ' ਦੀਆਂ ਅੱਖਾਂ 'ਚ ਰੜਕਣ ਲੱਗ ਪਏ। ਆਪਣੇ ਪਿੰਡ ਲਾਗੇ ਉਨ੍ਹਾਂ ਨੇ ਕੁਝ ਜ਼ਮੀਨ ਖਰੀਦੀ। ਇਸੇ ਟੁਕੜੇ ਨੂੰ ਇੱਕ ਸਥਾਨਕ ਅਕਾਲੀ ਜਥੇਦਾਰ ਖਰੀਦਣਾ ਚਾਹੁੰਦਾ ਸੀ। ਰਹਿਣਾ ਦਰਿਆ ਵਿਚ ਪਰ ਮਗਰਮੱਛ ਨਾਲ ਵੈਰ? ਉਸ ਅਕਾਲੀ ਆਗੂ ਨੇ ਭਾਈ ਸਾਹਿਬ ਵਲੋਂ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਦੀ ਪ੍ਰਵਾਹ ਨਾ ਕਰਦਿਆਂ, ਉਨ੍ਹਾਂ ਵਿਰੁਧ ਝੂਠੇ ਮੁਕੱਦਮੇ ਦਰਜ ਕਰਵਾ ਦਿੱਤੇ। ਉਨ੍ਹਾਂ 'ਤੇ ਜਿਸਮਾਨੀ ਤਸ਼ੱਦਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਜ਼ਲੀਲ ਕਰਨ ਲਈ ਕੋਈ ਕਸਰ ਬਾਕੀ ਨਾ ਛੱਡੀ। ਉਹ ਚਿੱਟੀ ਦਾਹੜੀ ਲੈ ਕੇ ਪੰਜਾਬ ਦੇ ਠਾਣਿਆਂ ਤੇ ਜੇਲ੍ਹਾਂ ਵਿਚ ਰੁਲ ਰਹੇ ਨੇ!

ਦੱਸਿਆ ਜਾਂਦਾ ਹੈ ਕਿ ਪਿੰਡ ਢੰਡੋ ਵਾਲ ਦੇ ਸੌ ਤੋਂ ਵੱਧ ਗਵਾਹ ਉਨ੍ਹਾਂ ਦੇ ਹੱਕ ਵਿਚ ਖੜ੍ਹੇ ਹਨ ਤੇ ਭਾਈ ਸਾਹਿਬ ਨੂੰ ਨਿਰੋਲ ਧਾਰਮਿਕ ਪ੍ਰਚਾਰਕ ਦੱਸ ਰਹੇ ਹਨ ਪਰ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਹੋ ਰਹੀ। ਨਾ ਕਿਸੇ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਨਾ ਹੀ ਕਿਸੇ ਸੰਤ ਬਾਬੇ ਨੇ ਉਨ੍ਹਾਂ ਦੀ ਰਿਹਾਈ ਲਈ ਅਵਾਜ਼ ਬੁਲੰਦ ਕੀਤੀ। ਹੋਰ ਤਾਂ ਹੋਰ ਵਿਦੇਸ਼ਾਂ ਵਿਚ ਆਏ ਦਿਨ ਨਵੇਂ ਨਵੇਂ ਅਹੁਦੇਦਾਰ ਥਾਪਣ ਵਾਲੀਆਂ ਐਨ.ਆਈ.ਆਰ. ਸਭਾਵਾਂ ਨੇ ਵੀ ਭਾਈ ਪਾਲਾ ਸਿੰਘ ਨਾਲ ਹੋ ਰਹੀ ਧੱਕੇ ਸ਼ਾਹੀ ਵਿਰੁਧ ਕੋਈ ਚਾਰਾਜੋਈ ਨਹੀਂ ਕੀਤੀ। ਕੀ ਭਾਈ ਸਾਹਿਬ ਐਨ.ਆਰ.ਆਈ. ਨਹੀਂ ਹਨ? ਹਾਂ, ਉਨ੍ਹਾਂ ਦੀਆਂ ਧੀਆਂ 'ਤੇ ਰਿਸ਼ਤੇਦਾਰ ਪੁਕਾਰਾਂ ਕਰ ਰਹੇ ਹਨ। ਵਿਦੇਸ਼ਾਂ ਦੀਆਂ ਪੰਜਾਬੀ ਅਖਬਾਰਾਂ ਵਿਚ ਉਹ ਇਹ ਮਸਲਾ ਉਠਾ ਰਹੇ ਹਨ।

ਪਾਲ ਸਿੰਘ ਤੇ ਪਾਲਾ ਸਿੰਘ ਦੋਵੇਂ ਪੁਰਾਤਨ ਸਿੰਘਾਂ ਵਾਂਗ ਬੁਲੰਦ ਹੌਂਸਲੇ ਵਾਲੇ ਹਨ। ਉਹ ਕੌਮ ਦੇ ਭਵਿੱਖ ਨੂੰ ਸਮਰਪਿਤ ਹੋ ਕੇ ਸੇਵਾ ਵਿਚ ਜੁਟੇ ਹੋਏ ਹਨ। ਇਸੇ ਕਾਰਨ ਕੌਮ ਦੀ ਕੇਂਦਰੀ ਕਮਾਂਡ 'ਤੇ ਕਾਬਜ ਧਿਰਾਂ, ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕ ਰਹੀਆਂ ਹਨ। ਇਹ ਦੋਵੇਂ ਸੂਰਮੇ, ਡਰਨ, ਝਿਜਕਣ ਜਾਂ ਹੰਭਣ ਵਾਲੇ ਤਾਂ ਨਹੀਂ ਜਾਪਦੇ ਪਰ ਆਪਣਿਆਂ ਹੱਥੋਂ ਦੁਰਗਤ ਹੁੰਦੀ ਦੇਖ ਕੇ, ਕਦੇ ਨਾ ਕਦੇ ਕਿਸੇ ਘੜੀ ਉਹ ਸੋਚਦੇ ਜਰੂਰ ਹੋਣਗੇ ਕਿ ਹੇ ਕਲਗੀ ਵਾਲਿਆ! ਆਪਣੀ ਕੌਮ ਦੀ ਸੇਵਾ ਬਦਲੇ ਸਾਡੇ ਪੱਲੇ ਪਛਤਾਵੇ ਕਿਉਂ ਪੈ ਰਹੇ ਹਨ?

# ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ ਦਾ ਇਸ਼ਕ

**ਖੁਸ਼ਵੰਤ ਸਿੰਘ**

ਕੋਈ ਸਮਾਂ ਸੀ ਜਦੋਂ ਮੈਂ ਅੰਮ੍ਰਿਤਾ ਪ੍ਰੀਤਮ ਤੋਂ ਬਹੁਤ ਪ੍ਰਭਾਵਿਤ ਹੋਇਆ ਸਾਂ। ਉਹ ਮਧਰੇ ਕੱਦ ਦੀ ਗੋਰੀ ਅਤੇ ਸੋਹਣੀ ਜ਼ਨਾਨੀ ਹੋਣ ਦੇ ਨਾਲ-ਨਾਲ ਵਰੋਸਾਈ ਕਵਿਤਰੀ ਸੀ ਪਰ ਕਹਾਣੀਕਾਰ ਮਾੜੀ ਸੀ। ਉਹ ਸਿਰਫ਼ ਪੰਜਾਬੀ ਵਿਚ ਲਿਖਦੀ ਸੀ ਜਿਸ ਕਰਕੇ ਪੰਜਾਬ ਤੋਂ ਬਾਹਰ ਉਸ ਨੂੰ ਘੱਟ ਲੋਕ ਹੀ ਜਾਣਦੇ ਸਨ। ਮੈਂ ਉਸ ਦੀਆਂ ਲਿਖਤਾਂ ਦਾ ਅੰਗਰੇਜ਼ੀ ਵਿਚ ਤਰਜਮਾ ਕਰਨ ਦੀ ਜ਼ਿੰਮੇਵਾਰੀ ਓਟ ਲਈ ਤਾਂ ਜੋ ਉਸ ਦੇ ਪਾਠਕਾਂ ਦਾ ਘੇਰਾ ਅੰਗਰੇਜ਼ੀ ਬੋਲਣ ਵਾਲਿਆਂ ਤੱਕ ਵਸੀਹ ਹੋ ਸਕੇ। ਸਭ ਤੋਂ ਪਹਿਲਾਂ ਮੈਂ ਉਸ ਦੇ ਨਾਵਲ 'ਪਿੰਜਰ' ਦਾ ਤਰਜਮਾ ਕੀਤਾ। ਇਸ ਦੀਆਂ ਕਈ ਜਿਲਦਾਂ ਛਪੀਆਂ। ਇਸ ਤੋਂ ਬਾਅਦ ਮੈਂ ਉਸ ਦੀਆਂ ਕਈ ਕਵਿਤਾਵਾਂ ਦਾ ਤਰਜਮਾ ਕੀਤਾ।

ਜਦੋਂ ਉਸ ਨੂੰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੇ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਕੀਤਾ ਤਾਂ ਕਿਤਾਬਚੇ ਵਿਚ ਇਹ ਕਵਿਤਾਵਾਂ ਵੀ ਛਾਪੀਆਂ ਗਈਆਂ। ਮੈਂ ਇਨ੍ਹਾਂ ਕਿਤਾਬਾਂ ਦੀ ਕਮਾਈ ਵਿਚੋਂ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਦੇ ਇਵਜ਼ ਵਿਚ ਮੈਂ ਉਸ ਤੋਂ ਮੰਗ ਕੀਤੀ ਕਿ ਉਹ ਆਪਣੀ ਇਸ਼ਕੀਆ ਜ਼ਿੰਦਗੀ ਬਾਬਤ ਮੈਨੂੰ ਸੱਚ ਸੱਚ ਦੱਸੇ ਕਿਉਂਕਿ ਉਸ ਨਾਲ ਕਈ ਨਾਮ ਜੁੜਦੇ ਰਹੇ ਸਨ। ਉਸ ਨੇ ਮੇਰੇ ਸਵਾਲਾਂ ਦੇ ਜਵਾਬ ਵਿਚ ਇਕੋ ਨਾਮ ਦੱਸਿਆ-ਸਾਹਿਰ ਲੁਧਿਆਣਵੀ। ਇਹ ਜਾਣਕਾਰੀ ਵੀ ਉਸ ਨੇ ਖ਼ਤੋ-ਕਿਤਾਬਤ ਰਾਹੀਂ ਹੀ ਦਿੱਤੀ। ਉਨ੍ਹਾਂ ਦੋਵਾਂ ਨੇ ਆਪਣੇ ਰਿਸ਼ਤੇ ਨੂੰ ਪੂਰਨਤਾ ਦੇਣ ਦਾ ਫ਼ੈਸਲਾ ਕੀਤਾ। ਇਸੇ ਮਕਸਦ ਨਾਲ ਸਾਹਿਰ ਬੰਬਈ ਤੋਂ ਦਿੱਲੀ ਆਇਆ ਅਤੇ ਹੋਟਲ ਕਲਾਰਿਜ਼ਸ ਵਿਚ ਠਹਿਰਿਆ। ਅੰਮ੍ਰਿਤਾ ਆਪਣਾ-ਆਪ ਸਮਰਪਣ ਕਰਨ ਦੇ ਇਰਾਦੇ ਨਾਲ ਗਈ। ਉਹ ਕੁਝ ਸਮਾਂ ਇਕੱਠੇ ਰਹੇ ਪਰ ਉਨ੍ਹਾਂ ਵਿਚ ਜਿਸਮਾਨੀ ਸਾਂਝ ਨਹੀਂ ਹੋਈ। ਮੈਂ ਉਸ ਦੀ ਗੱਲ ਤੋਂ ਨਿਰਾਸ਼ ਹੋਇਆ ਅਤੇ ਟਿੱਪਣੀ ਕੀਤੀ, "ਜੇ ਸਭ ਕੁਝ ਇੰਨਾ ਹੀ ਹੈ ਤਾਂ ਮੈਂ ਤੇਰੀ ਇਸ਼ਕੀਆ ਜ਼ਿੰਦਗੀ ਬਾਬਤ ਡਾਕ ਟਿਕਟ ਦੇ ਪਿੱਛੇ ਹੀ ਲਿਖ ਸਕਦਾ ਹਾਂ।'' ਉਸ ਨੂੰ ਮੇਰਾ ਨਿਚੋੜ ਪਸੰਦ ਆਇਆ। ਉਸ ਨੇ ਆਪਣੀ ਸਵੈ ਜੀਵਨੀ ਦਾ ਨਾਮ 'ਰਸੀਦੀ ਟਿਕਟ' ਰੱਖਿਆ।

ਹੁਣ ਅਨੂਪ ਸੰਧੂ ਨੇ ਸਾਹਿਰ ਦੀ ਜੀਵਨੀ ਲਿਖੀ ਹੈ ਜਿਸ ਨੂੰ ਚੇਤਨਾ ਪ੍ਰਕਾਸ਼ਨ, ਲੁਧਿਆਣਾ ਨੇ 'ਲਾਈਫ਼ ਐਂਡ ਲਵ ਆਫ਼ ਸਾਹਿਰ ਲੁਧਿਆਣਵੀ' ਦੇ ਸਿਰਲੇਖ ਹੇਠ ਛਾਪਿਆ ਹੈ। ਇਸ ਕਿਤਾਬ ਵਿਚ ਅੰਮ੍ਰਿਤਾ ਨਾਲ ਉਸ ਦੇ ਇਸ਼ਕ ਦਾ ਕਿੱਸਾ ਵੱਖਰੇ ਢੰਗ ਨਾਲ ਪੇਸ਼ ਹੋਇਆ ਹੈ। ਸੰਧੂ ਨੇ ਕਿਤਾਬ ਉਤੇ ਚੰਗੀ ਮਿਹਨਤ ਕੀਤੀ ਹੈ ਅਤੇ ਸਾਹਿਰ ਦੀ ਜ਼ਿੰਦਗੀ ਤੇ ਕੰਮ ਦਾ ਫ਼ੈਸਲਾਕੁਨ ਬਿਰਤਾਂਤ ਲਿਖਿਆ ਹੈ। ਕਿਤਾਬ ਵਿਚ ਰੋਮਨ ਉਰਦੂ ਵਿਚ ਸਾਹਿਰ ਦੀ ਸ਼ਾਇਰੀ ਦੇ ਬਹੁਤ ਸਾਰੇ ਹਵਾਲੇ ਦਿੱਤੇ ਗਏ ਹਨ। ਇਹ ਕਿਤਾਬ 8 ਮਾਰਚ 2011 ਨੂੰ ਸਾਹਿਰ ਦੇ 90ਵੇਂ ਜਨਮ ਦਿਨ ਮੌਕੇ ਰਿਲੀਜ਼ ਕੀਤੀ ਜਾਵੇਗੀ।

ਸਾਹਿਰ (ਜਾਦੂਗਰ) ਲੁਧਿਆਣੇ ਦੇ ਅਮੀਰ ਜਗੀਰਦਾਰ ਦਾ ਗਿਆਰਵੀਂ ਘਰਵਾਲੀ ਸਰਦਾਰ ਬੇਗਮ ਤੋਂ ਇਕਲੌਤਾ ਪੁੱਤਰ ਸੀ। ਉਸ ਦੇ ਮਾਪਿਆਂ ਦਾ ਤਲਾਕ ਹੋ ਗਿਆ। ਸਾਹਿਰ ਨੇ ਆਪਣੀ ਮਾਂ ਨਾਲ ਰਹਿਣ ਦਾ ਫ਼ੈਸਲਾ ਕੀਤਾ। ਮੈਂ ਰਫ਼ੀਕ ਅਤੇ ਫਾਤਿਮਾ ਜ਼ਕਰੀਆ ਦੇ ਘਰ ਸਾਹਿਰ ਨੂੰ ਪਹਿਲੀ ਵਾਰ ਮਿਲਿਆ। ਉਸ ਵੇਲੇ ਤੱਕ ਉਹ ਹਿੰਦੀ ਫਿਲਮਾਂ ਦਾ ਨਾਮੀ ਸ਼ਾਇਰ ਬਣ ਚੁੱਕਿਆ ਸੀ ਅਤੇ ਜੁਹੂ ਵਿਚ ਵੱਡੇ ਬੰਗਲੇ ਵਿਚ ਰਹਿੰਦਾ ਸੀ। ਮੈਨੂੰ ਮਹਿਸੂਸ ਹੋਇਆ ਕਿ ਉਹ ਤੁਣਕਮਿਜ਼ਾਜ ਬੰਦਾ ਹੈ ਜੋ ਕਦੇ ਰੁੱਖਾ ਵੀ ਹੋ ਸਕਦਾ ਹੈ। ਉਸ ਨੇ ਸਾਨੂੰ ਆਪਣੇ ਘਰ ਰਾਤ ਦੇ ਖਾਣੇ ਲਈ ਸੱਦਾ ਦਿੱਤਾ। ਉਥੇ ਮੇਰੀ ਮੁਲਾਕਾਤ ਉਸ ਦੀ ਮਾਂ ਅਤੇ ਇਕ ਹੋਰ ਜਵਾਨ ਔਰਤ ਨਾਲ ਹੋਈ। ਮੈਂ ਅੰਦਾਜ਼ਾ ਲਗਾਇਆ ਕਿ ਦੂਜੀ ਔਰਤ ਉਸ ਦੀ ਮਾਂ ਦੀ ਭਤੀਜੀ ਜਾਂ ਭਾਣਜੀ ਸੀ। ਉਸ ਦੀ ਮਾਂ ਨੇ ਮੈਨੂੰ ਕਿਹਾ ਕਿ ਮੈਂ ਸਾਹਿਰ ਨੂੰ ਜ਼ਿਆਦਾ ਸ਼ਰਾਬ ਪੀਣ ਤੋਂ ਰੋਕਾਂ। ਮੈਂ ਅਜਿਹਾ ਕਰਨ ਦਾ ਜ਼ੋਖ਼ਮ ਨਹੀਂ ਉਠਾਇਆ। ਮੈਨੂੰ ਲੱਗਦਾ ਸੀ ਕਿ ਸਾਹਿਰ ਮੈਨੂੰ ਜਵਾਬ ਦੇਵੇਗਾ ਕਿ ਮੈਂ ਆਪਣੇ ਕੰਮ ਨਾਲ ਕੰਮ ਰੱਖਾਂ। ਇਹ ਵੀ ਹੋ ਸਕਦਾ ਸੀ ਕਿ ਉਹ ਮੈਨੂੰ ਘਰੋਂ ਬਾਹਰ ਕੱਢ ਦਿੰਦਾ।

# ਰਾਖਿ ਲੀਏ ਸਤਿਗੁਰ ਕੀ ਸਰਣ...

ੴ ਸਤਿਗੁਰ ਪ੍ਰਸਾਦਿ॥
ਬਿਲਾਵਲ ਮਹਲਾ 5
ਰਾਖਿ ਲੀਏ ਸਤਿਗੁਰ ਕੀ ਸਰਣ॥
ਜੈ ਜੈਕਾਰ ਹੋਆ ਜਗ ਅੰਤਰਿ ਪਾਰਬ੍ਰਹਮ ਮੇਰੋ ਤਾਰਣ ਤਰਣ॥ ਰਹਾਉ॥
ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥
ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਈ ਹਰਿ ਕੇ ਚਰਣ॥
ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥
ਆਦਿ ਜੁਗਾਦਿ ਪ੍ਰਭ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਅੰਦਰ ਉਸ ਮਾਲਿਕ ਦੀ ਸਿਫ਼ਤ-ਸਲਾਹ ਕਰਦੇ ਹਨ ਕਿ ਪੂਰੇ ਗੁਰੂ ਦੀ ਮਿਹਰ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਅਸੰਭਵ ਹੈ। ਹੇ ਭਾਈ, ਇਹ ਸੰਸਾਰ ਇਕ ਸਮੁੰਦਰ ਦੀ ਨਿਆਈਂ ਹੈ ਜਿਸ ਵਿਚੋਂ ਪਾਰ ਉਤਰਨਾ ਬਹੁਤ ਮੁਸ਼ਕਲ ਹੈ ਪਰ ਜਿਨ੍ਹਾਂ ਜੀਵਾਂ 'ਤੇ ਉਸ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਨ੍ਹਾਂ ਨੂੰ ਪ੍ਰਭੂ ਆਪ ਹੀ ਪੂਰੇ ਗੁਰੂ ਦੀ ਸ਼ਰਣ ਵਿਚ ਲੈ ਜਾਂਦਾ ਹੈ ਅਤੇ ਗੁਰੂ ਦੀ ਮਿਹਰ ਸਦਕਾ ਜਦ ਜੀਵ ਸਿਮਰਨ ਕਰਦਾ ਹੈ ਤਾਂ ਪ੍ਰਭੂ ਉਸ ਨੂੰ ਸੰਸਾਰ ਸਮੁੰਦਰ ਵਿਚ ਡੁੱਬਣ ਤੋਂ ਬਚਾ ਲੈਂਦੇ ਹਨ। ਇਸੇ ਲਈ ਜਗਤ ਵਿਚ ਪ੍ਰਭੂ ਦੀ ਜੈ-ਜੈਕਾਰ ਵੀ ਹੋ ਰਹੀ ਹੈ।

ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ॥
ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਈ ਹਰਿ ਕੇ ਚਰਣ॥

ਹੇ ਭਾਈ, ਸਾਰੇ ਜਗਤ ਦਾ ਪਾਲਣਹਾਰ

## ਗੁਰਬਾਣੀ ਗਿਆਨ

ਪ੍ਰਭੂ ਸਰਬ ਵਿਆਪਕ ਹੈ ਅਤੇ ਸੁੱਖਾਂ ਦਾ ਦਾਤਾ ਹੈ। ਇਸ ਸੰਸਾਰ ਦੀ ਪ੍ਰਿਤਪਾਲਨਾ ਕਰਨ ਵਾਲੇ ਸਾਰੇ ਪਦਾਰਥ ਵੀ ਉਸੇ ਦੇ ਹੱਥ ਵਿਚ ਹਨ। ਉਹ ਪ੍ਰਮੇਸ਼ਵਰ ਪ੍ਰਭੂ ਹਰ ਥਾਂ ਅਤੇ ਸਭਨਾਂ ਜੀਵਾਂ ਵਿਚ ਇਕ ਰਸ ਵੱਸ ਰਿਹਾ ਹੈ। ਇਸੇ ਲਈ ਹੇ ਭਾਈ, ਉਸ ਸੋਹਣੇ ਪਾਲਣਹਾਰ ਪ੍ਰਭੂ ਦੇ ਸੋਹਣੇ ਚਰਨਾਂ ਤੋਂ ਬਲਿਹਾਰ ਅਤੇ ਸਦਕੇ ਜਾਣਾ ਚਾਹੀਦਾ ਹੈ। ਗੁਰੂ ਜੀ ਦਾ ਫੁਰਮਾਨ ਹੈ:

ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ॥
ਆਦਿ ਜੁਗਾਦਿ ਪ੍ਰਭ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ॥

ਹੇ ਮੇਰੇ ਪ੍ਰਭੂ ਜੀਓ, ਇਸ ਸੰਸਾਰ ਦੇ ਜੀਵਾਂ ਦੀ ਜੀਵਨ ਜੁਗਤਿ ਵੀ ਤੇਰੇ ਹੀ ਵੱਸ ਵਿਚ ਹੈ। ਸਾਰੀਆਂ ਤਾਕਤਾਂ ਵੀ ਤੇਰੇ ਹੀ ਕੋਲ ਹਨ ਅਤੇ ਤੂੰ ਹੀ ਇਸ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ। ਹੇ ਨਾਨਕ, ਉਹ ਸਰਬਵਿਆਪਕ ਪ੍ਰਭੂ ਸ਼ੁਰੂ ਤੋਂ ਹੀ ਆਪਣੀ ਸ਼ਰਣ ਪਿਆਂ ਦੀ ਲਾਜ ਰੱਖਦਾ ਆਇਆ ਹੈ ਅਤੇ ਉਸ ਦਾ ਨਾਮ ਜਪ ਕੇ ਕੋਈ ਵੀ ਡਰ ਨਹੀਂ ਰਹਿੰਦਾ! ਤਾਂ ਤੇ ਉਹਦੀ ਸ਼ਰਣ ਵਿਚ ਹੀ ਰਹਿਣਾ ਚਾਹੀਦਾ ਹੈ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*
*ਫੋਨ:916-687-3536*

# ਮਹਾਸ਼ਕਤੀ ਹੋਣ ਦਾ ਅਮਰੀਕੀ ਫਤੂਰ

ਸਿਆਸਤ ਦਾ ਪਿੜ

**ਜਤਿੰਦਰ ਪਨੂੰ**

**ਦੁਨੀਆਂ ਜਾਣਦੀ ਹੈ ਕਿ ਇੱਕ ਮੌਕੇ ਸੀਨੀਅਰ ਜਾਰਜ ਬੁੱਸ਼ ਦੇ ਵਕਤ ਅਮਰੀਕਾ ਨੇ ਖਾੜੀ ਦੇਸ਼ਾਂ ਵਿਚਲੇ ਤੇਲ ਦੇ ਭੰਡਾਰਾਂ ਉਤੇ ਅੱਖ ਰੱਖ ਕੇ ਪਹਿਲਾਂ ਸੱਦਾਮ ਹੁਸੈਨ ਨੂੰ ਕੁਵੈਤ ਉਤੇ ਹਮਲੇ ਲਈ ਆਪ ਉਕਸਾਇਆ ਅਤੇ ਫਿਰ ਕੁਵੈਤ ਦਾ ਰਾਖਾ ਬਣ ਕੇ ਸੱਦਾਮ ਨੂੰ ਕੁੱਟਣ ਲਈ ਇਰਾਕ ਉਤੇ ਫੌਜ ਚਾੜ੍ਹ ਦਿੱਤੀ ਸੀ। ਓਦੋਂ ਹਾਲੇ ਸੋਵੀਅਤ ਯੂਨੀਅਨ ਦੇ ਟੁੱਟਣ ਦੀ ਕਿਰਿਆ ਪੂਰੀ ਨਹੀਂ ਸੀ ਹੋਈ, ਇਸ ਲਈ ਸੰਸਾਰ ਦਾ ਰੰਗ ਹੋਰ ਸੀ ਤੇ ਉਸ ਰੰਗ ਕਾਰਨ ਅਮਰੀਕਾ ਨੂੰ ਸੰਸਾਰ ਰਾਏ ਦੇ ਦਬਾਅ ਹੇਠ ਇਰਾਕ ਤੋਂ ਪਿੱਛੇ ਹਟਣਾ ਪਿਆ ਸੀ ਪਰ ਉਸ ਦਾ ਅੱਧਾ ਮਕਸਦ ਪੂਰਾ ਹੋ ਗਿਆ ਸੀ, ਕਿਉਂਕਿ ਇਸ ਬਹਾਨੇ ਉਹ ਖਾੜੀ ਵਿਚ ਪੱਕਾ ਅੱਡਾ ਜਮਾਉਣ ਵਿਚ ਕਾਮਯਾਬ ਰਿਹਾ ਸੀ।**

ਅਮਰੀਕਾ ਇੱਕ ਮਹਾਸ਼ਕਤੀ ਹੈ, ਇਸ 'ਤੇ ਕਿਸੇ ਨੂੰ ਮੱਤਭੇਦ ਨਹੀਂ। ਕਦੇ ਦੋ ਬਰਾਬਰ ਦੀਆਂ ਮਹਾਸ਼ਕਤੀਆਂ ਹੁੰਦੀਆਂ ਸਨ-ਅਮਰੀਕਾ ਤੇ ਸੋਵੀਅਤ ਯੂਨੀਅਨ। ਫਿਰ ਸੋਵੀਅਤ ਯੂਨੀਅਨ ਦਾ ਭੋਗ ਪੈ ਗਿਆ, ਜਾਂ ਅਮਰੀਕੀ ਮਹਾਸ਼ਕਤੀ ਨੇ ਆਪਣੇ ਏਜੰਟਾਂ ਰਾਹੀਂ ਪਵਾ ਦਿੱਤਾ ਤੇ ਬਾਕੀ ਇੱਕੋ ਮਹਾਸ਼ਕਤੀ ਅਮਰੀਕਾ ਰਹਿ ਗਿਆ। ਧਰਤੀ ਦੋ ਸਿਰਿਆਂ ਵੱਲੋਂ ਦੋ ਵੱਖ-ਵੱਖ ਅੱਡਿਆਂ ਦਾ ਆਸਰਾ ਲੈਣ ਦੀ ਥਾਂ ਇੱਕਲੌਤੇ ਬਲਦ ਨੂੰ ਆਪਣੇ ਸਿੰਗਾਂ ਉਤੇ ਟਿਕ ਗਈ ਜਾਪੀ। ਅੱਜ ਵੀ ਦੁਨੀਆਂ ਵਿਚ ਬਥੇਰੇ ਲੋਕ ਇਸ ਸੋਚ ਵਾਲੇ ਹਨ, ਜਿਹੜੇ ਆਖਦੇ ਹਨ ਕਿ ਧਰਤੀ ਧੌਲੇ ਬਲਦ ਦੇ ਸਿੰਗ ਉਤੇ ਟਿਕੀ ਹੋਈ ਹੈ ਤੇ ਜਦੋਂ ਉਹ ਸਿੰਗ ਬਦਲਦਾ ਹੈ ਤਾਂ ਉਸ ਦੇ ਹਿੱਲਣ ਕਾਰਨ ਭੁਚਾਲ ਆਉਂਦਾ ਹੈ। ਉਹ ਇਹ ਗੱਲ ਨਹੀਂ ਸਮਝ ਸਕਦੇ ਕਿ ਜੇ ਸਿੰਗ ਬਦਲਣ ਨਾਲ ਹੀ ਧਰਤੀ ਹਿੱਲਦੀ ਹੈ ਤਾਂ ਸਾਰੀ ਧਰਤੀ ਨੂੰ ਹਲੂਣਾ ਕਿਉਂ ਨਹੀਂ ਵੱਜਦਾ, ਕਿਸੇ ਇੱਕੋ ਖੇਤਰ ਵਿਚ ਭੂਚਾਲ ਆ ਕੇ ਤਬਾਹੀ ਕਿਉਂ ਕਰਦਾ ਹੈ? ਜਿਵੇਂ ਉਨ੍ਹਾਂ ਨੂੰ ਇਹ ਭਰਮ ਹੈ ਕਿ ਧਰਤੀ ਧੌਲੇ ਬਲਦ ਦੇ ਸਿੰਗ ਉਤੇ ਟਿਕੀ ਹੋਈ ਹੈ, ਉਵੇਂ ਹੀ ਅਮਰੀਕੀ ਹਕੂਮਤ ਨੂੰ ਭਰਮ ਹੈ ਕਿ ਧਰਤੀ ਉਸ ਦੀ ਮੁੱਠੀ ਵਿਚ ਹੈ। ਅਮਰੀਕਾ ਮਹਾਸ਼ਕਤੀ ਹੈ ਪਰ ਇਸ ਸੱਚ ਨੂੰ ਪ੍ਰਵਾਨ ਕਰ ਕੇ ਵੀ ਇਹ ਗੱਲ ਆਖੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਹੋਵੇਗਾ ਉਹ ਮਹਾਸ਼ਕਤੀ, ਧਰਤੀ ਫਿਰ ਵੀ ਉਸ ਦੀ ਮਾਲਕੀ ਨਹੀਂ, ਸਮੁੱਚੀ ਮਨੁੱਖਤਾ ਦੀ ਮਲਕੀਅਤ ਹੈ।

ਕਿਉਂਕਿ ਇਹ ਧਰਤੀ ਅਤੇ ਇਹ ਸੰਸਾਰ ਸਮੁੱਚੀ ਮਨੁੱਖਤਾ ਦੀ ਮਲਕੀਅਤ ਹੈ, ਇਸ ਲਈ ਦੁਨੀਆਂ ਭਰ ਦੇ ਮਨੁੱਖਾਂ ਨੂੰ ਇਹ ਹੱਕ ਹੈ ਕਿ ਕਿਸੇ ਦੂਜੇ ਦਾ ਪੈਰ ਮਿੱਧੇ ਬਿਨਾਂ ਉਹ ਆਪੋ ਆਪਣੇ ਢੰਗ ਨਾਲ ਜਿਉਂ ਸਕਣ। ਉਨ੍ਹਾਂ ਵਿਚੋਂ ਕਿਸੇ ਦੇਸ਼ ਵਿਚ ਕੀ ਪ੍ਰਬੰਧ ਹੋਵੇ, ਇਹ ਉਨ੍ਹਾਂ ਦਾ ਅਧਿਕਾਰ ਹੈ, ਕਿਸੇ ਦੂਜੇ ਦਾ ਨਹੀਂ। ਇਸ ਦੇ ਬਾਵਜੂਦ ਮਹਾਸ਼ਕਤੀ ਹੋਣ ਦਾ ਖੁਮਾਰ ਅਮਰੀਕਾ ਨੂੰ ਸਿਰਫ ਦੋ ਮੁਲਕਾਂ ਦੇ ਝਗੜੇ ਵੇਲੇ ਹੀ ਨਹੀਂ, ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਵੱਲ ਵੀ ਤੋਰ ਦਿੰਦਾ ਹੈ। ਉਸ ਦੀ ਇਸ ਸੋਚਣੀ ਕਾਰਨ ਪਹਿਲੇ ਪਏ ਪੁਆੜੇ ਅਜੇ ਨਜਿੱਠੇ ਨਹੀਂ ਜਾਂਦੇ ਤੇ ਉਹ ਨਵੇਂ ਸਹੇੜਨ ਲੱਗ ਜਾਂਦਾ ਹੈ ਤੇ ਫਿਰ ਆਪਣੀ ਇਸ ਖੇਡ ਨੂੰ ਸਹੀ ਸਾਬਤ ਕਰਨ ਲਈ ਸਬੂਤਾਂ ਦਾ ਸਹਾਰਾ ਨਹੀਂ ਲੈਂਦਾ, ਸਬੂਤ ਵੀ ਘੜਨ ਲੱਗ ਜਾਂਦਾ ਹੈ। ਪਿਛਲੇ ਕੁਝ ਸਮੇਂ ਵਿਚ ਉਸ ਨੇ ਜਿਹੜੀਆਂ ਖੇਡਾਂ ਖੇਡੀਆਂ, ਉਨ੍ਹਾਂ ਵਿਚੋਂ ਕੁਝ ਤਾਂ ਬਹੁਤ ਹੀ ਕੋਝੀਆਂ ਹਨ।

ਦੁਨੀਆਂ ਜਾਣਦੀ ਹੈ ਕਿ ਇੱਕ ਮੌਕੇ ਸੀਨੀਅਰ ਜਾਰਜ ਬੁੱਸ਼ ਦੇ ਵਕਤ ਅਮਰੀਕਾ ਨੇ ਖਾੜੀ ਦੇਸ਼ਾਂ ਵਿਚਲੇ ਤੇਲ ਦੇ ਭੰਡਾਰਾਂ ਉਤੇ ਅੱਖ ਰੱਖ ਕੇ ਪਹਿਲਾਂ ਸੱਦਾਮ ਹੁਸੈਨ ਨੂੰ ਕੁਵੈਤ ਉਤੇ ਹਮਲੇ ਲਈ ਆਪ ਉਕਸਾਇਆ ਅਤੇ ਫਿਰ ਕੁਵੈਤ ਦਾ ਰਾਖਾ ਬਣ ਕੇ ਸੱਦਾਮ ਨੂੰ ਕੁੱਟਣ ਲਈ ਇਰਾਕ ਉਤੇ ਫੌਜ ਚਾੜ੍ਹ ਦਿੱਤੀ ਸੀ। ਓਦੋਂ ਹਾਲੇ ਸੋਵੀਅਤ ਯੂਨੀਅਨ ਦੇ ਟੁੱਟਣ ਦੀ ਕਿਰਿਆ ਪੂਰੀ ਨਹੀਂ ਸੀ ਹੋਈ, ਇਸ ਲਈ ਸੰਸਾਰ ਦਾ ਰੰਗ ਹੋਰ ਸੀ ਤੇ ਉਸ ਰੰਗ ਕਾਰਨ ਅਮਰੀਕਾ ਨੂੰ ਸੰਸਾਰ ਰਾਏ ਦੇ ਦਬਾਅ ਹੇਠ ਇਰਾਕ ਤੋਂ ਪਿੱਛੇ ਹਟਣਾ ਪਿਆ ਸੀ ਪਰ ਉਸ ਦਾ ਅੱਧਾ ਮਕਸਦ ਪੂਰਾ ਹੋ ਗਿਆ ਸੀ, ਕਿਉਂਕਿ ਇਸ ਬਹਾਨੇ ਉਹ ਖਾੜੀ ਵਿਚ ਪੱਕਾ ਅੱਡਾ ਜਮਾਉਣ ਵਿਚ ਕਾਮਯਾਬ ਰਿਹਾ ਸੀ। ਜਿਹੜੀ ਖੇਡ ਬਾਪ ਬੁੱਸ਼ ਤੋਂ ਪੂਰੀ ਨਾ ਹੋ ਸਕੀ, ਉਹ ਉਸ ਦੇ ਪੁੱਤਰ ਬੁੱਸ਼ ਨੇ ਰਾਸ਼ਟਰਪਤੀ ਬਣ ਕੇ ਪੂਰੀ ਕਰ ਦਿੱਤੀ ਅਤੇ ਇਰਾਕ ਉਤੇ ਜਾ ਕਬਜ਼ਾ ਕੀਤਾ। ਇਹ ਕਹਿਣਾ ਇੱਕ ਝੂਠ ਸੀ ਕਿ ਇਰਾਕ ਵਿਚ ਜਨਤਕ ਤਬਾਹੀ ਦੇ ਹਥਿਆਰ ਬਣਾਏ ਜਾ ਰਹੇ ਸਨ, ਅਸਲ ਸੋਚ ਤਾਂ ਇਹ ਸੀ ਕਿ ਅਮਰੀਕੀ ਕੰਪਨੀਆਂ ਨੂੰ ਮੁਨਾਫੇ ਵਾਲੇ ਪ੍ਰਾਜੈਕਟ ਦਿਵਾਉਣੇ ਸਨ। ਜਦੋਂ ਹਾਲੇ ਜੰਗ ਸ਼ੁਰੂ ਨਹੀਂ ਸੀ ਹੋਈ, ਇੰਟਰਨੈਟ ਉਤੇ ਇਹ ਚਰਚਾ ਓਦੋਂ ਹੀ ਚੱਲ ਪਈ ਸੀ ਕਿ ਜੰਗ ਮੁੱਕਣ ਤੋਂ ਬਾਅਦ ਤਬਾਹ ਹੋਏ ਇਰਾਕ ਵਿਚ ਫਲਾਣਾ ਪ੍ਰਾਜੈਕਟ ਫਲਾਣੀ ਕਾਰਪੋਰੇਸ਼ਨ ਨੂੰ ਦਿੱਤਾ ਜਾਵੇਗਾ ਤੇ ਜੰਗ ਸਮੇਟੀ ਜਾਣ ਪਿੱਛੋਂ ਹੋਇਆ ਵੀ ਇੰਜ ਹੀ ਸੀ, ਬਾਕੀ ਗੱਲਾਂ ਤਾਂ ਐਵੇਂ ਦੀਆਂ ਸਨ।

ਹੋਵੇਗਾ ਅਮਰੀਕਾ ਬਹੁਤ ਵੱਡੀ ਮਹਾਸ਼ਕਤੀ ਪਰ ਇਸ ਮਹਾਸ਼ਕਤੀ ਦਾ ਦਾਬਾ ਦੁਨੀਆਂ ਨੇ ਕੀ ਮੰਨਣਾ ਹੈ, ਕਈ ਤਿੱਖੀ ਸੋਚ ਵਾਲੇ ਲੋਕ ਨਿੱਜੀ ਪੱਧਰ ਉਤੇ ਵੀ ਇਸ ਦੀਆਂ ਅੱਖਾਂ ਵਿਚ ਘੱਟੇ ਦੀ ਮੁੱਠ ਪਾ ਜਾਂਦੇ ਹਨ। ਪਿਛਲੇ ਸਾਲਾਂ ਵਿਚ ਇਸ ਦੀਆਂ ਚੁਸਤੀਆਂ ਦਾ ਜਿਵੇਂ ਕਈ ਵਾਰੀ ਜਲੂਸ ਨਿਕਲਦਾ ਵੇਖਿਆ ਗਿਆ ਅਤੇ ਇਸ ਦੇ ਅਧਿਕਾਰੀਆਂ ਨੂੰ ਖੁਦ ਇਹ ਕਬੂਲ ਕਰਨਾ ਪਿਆ ਹੈ, ਉਸ ਦੀ ਦਾਸਤਾਨ ਕੋਈ ਘੱਟ ਦਿਲਚਸਪ ਨਹੀਂ ਹੈ।

ਇੱਕ ਮਾਮਲਾ ਇਰਾਕ ਦੀ ਜੰਗ ਦਾ ਹੀ ਹੈ। ਜਦੋਂ ਉਹ ਜੰਗ ਲੜੀ ਜਾਣੀ ਸੀ, ਉਸ ਤੋਂ ਪਹਿਲਾਂ ਇਹ ਕਿਹਾ ਗਿਆ ਕਿ ਸੱਦਾਮ ਹੁਸੈਨ ਦੀ ਅਗਵਾਈ ਹੇਠ ਇਰਾਕ ਵਿਚ ਐਟਮੀ ਅਤੇ ਰਸਾਇਣਕ ਹਥਿਆਰ ਬਣਾਏ ਜਾਂਦੇ ਹਨ। ਇਸ ਦੀ ਚਰਚਾ ਸੰਸਾਰ ਦੀ ਸੱਥ ਵਜੋਂ ਜਾਣੀ ਜਾਂਦੀ ਯੂ.ਐਨ.ਓ. ਦੇ ਅਖਾੜੇ ਵਿਚ ਵੀ ਜਾ ਕੇ ਕੀਤੀ ਗਈ। ਅਮਰੀਕਾ ਵਾਲਿਆਂ ਨੇ ਏਥੋਂ ਤੱਕ ਦਾਅਵਾ ਕਰ ਦਿੱਤਾ ਕਿ ਇਰਾਕ ਬਾਰੇ ਉਨ੍ਹਾਂ ਦੀਆਂ ਸੂਚਨਾਵਾਂ ਏਨੀਆਂ ਪੁਖਤਾ ਹਨ ਕਿ ਉਹ ਸੱਦਾਮ ਹੁਸੈਨ ਦੇ ਫੌਜੀ ਸੂਟ ਦੇ ਹੇਠਾਂ ਪਾਏ ਅੰਦਰੂਨੀ ਅੰਗ-ਵਸਤਰਾਂ ਦਾ ਰੰਗ ਵੀ ਦੱਸ ਸਕਦੇ ਹਨ।

ਜਦੋਂ ਜੰਗ ਲਾ ਕੇ ਅਮਰੀਕਾ ਨੇ ਸਾਰੇ ਮੁਲਕ ਉਤੇ ਕਬਜ਼ਾ ਕਰ ਲਿਆ, ਅੰਦਰੂਨੀ ਅੰਗ-ਵਸਤਰਾਂ ਦਾ ਰੰਗ ਦੱਸ ਸਕਣ ਦੇ ਦਾਅਵੇ ਕਰਨ ਵਾਲੇ ਅਮਰੀਕਾ ਨੂੰ ਆਪਣੇ ਇਹ ਦਾਅਵੇ ਸਾਬਤ ਕਰਨੇ ਔਖੇ ਹੋ ਗਏ ਕਿ ਇਰਾਕ ਵਿਚ ਜਨਤਕ ਤਬਾਹੀ ਦੇ ਹਥਿਆਰਾਂ ਦਾ ਭੰਡਾਰ ਸੀ। ਫਿਰ ਇਹ ਮੰਨਣਾ ਪੈ ਗਿਆ ਕਿ ਉਸ ਦੀ ਇਹ ਸੂਚਨਾ ਗਲਤ ਸੀ। ਇਹ ਸੂਚਨਾ ਗਲਤ ਕਿਉਂ ਸੀ, ਇਸ ਦਾ ਉਹ ਆਪ ਤਾਂ ਓਹਲਾ ਰੱਖਦੇ ਰਹੇ ਪਰ ਇਹ ਗਲਤ ਸੂਚਨਾ ਦੇ ਕੇ ਅਮਰੀਕੀ ਹਕੂਮਤ ਨੂੰ ਕਸੂਤਾ ਫਸਾ ਦੇਣ ਵਾਲੇ ਏਜੰਟਾਂ ਨੇ ਪਿਛਲੇ ਹਫਤੇ ਖੁਦ ਹੀ ਇਸ ਦਾ ਭੇਦ ਖੋਲ੍ਹ ਦਿੱਤਾ ਹੈ।

ਪਿਛਲੇ ਹਫਤੇ ਦੇ ਲੰਡਨ ਦੇ ਗਾਰਡੀਅਨ ਅਖਬਾਰ ਨੇ ਇਹ ਖੁਲਾਸਾ ਕਰ ਦਿੱਤਾ ਹੈ ਕਿ ਸਾਰੀ ਸੂਚਨਾ ਅਸਲ ਵਿਚ ਰਫੀਦ ਅਹਿਮਦ ਅਲਵਾਨ ਅਲ ਜਨਾਬੀ ਨਾਂ ਦੇ ਇੱਕ ਬੰਦੇ ਦੀ ਘਾੜਤ ਸੀ, ਜਿਹੜਾ ਸੱਦਾਮ ਹੁਸੈਨ ਦੀ ਹਕੂਮਤ ਤੋਂ ਸਤਿਆ ਹੋਇਆ ਸੀ। ਉਹ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਲਈ ਕੰਮ ਕਰਦਾ ਸੀ ਤੇ ਏਨਾ ਸਿੱਕੇਬੰਦ ਮੁਖਬਰ ਸਮਝਿਆ ਜਾਂਦਾ ਸੀ ਕਿ ਉਸ ਦੀਆਂ ਕਹੀਆਂ ਗੱਲਾਂ ਨੂੰ ਹੋਰ ਵਸੀਲਿਆਂ ਤੋਂ ਚੈਕ ਕਰਨ ਦੀ ਲੋੜ ਵੀ ਨਹੀਂ ਸੀ ਸਮਝੀ ਜਾਂਦੀ। ਗਾਰਡੀਅਨ ਨੇ ਹੁਣ ਉਸ ਦੀ ਇੰਟਰਵਿਊ ਛਾਪੀ ਹੈ, ਜਿਸ ਵਿਚ ਉਹ ਸਾਫ ਕਹਿ ਰਿਹਾ ਹੈ ਕਿ ਹਥਿਆਰ ਤਾਂ ਓਥੇ ਕੋਈ ਹੈ ਹੀ ਨਹੀਂ ਸਨ, ਉਂਜ ਅਮਰੀਕਾ ਨੇ ਹਮਲਾ ਨਹੀਂ ਸੀ ਕਰਨਾ, ਇਸ ਲਈ ਇਹੋ ਜਿਹੀ ਸੂਚਨਾ ਅਸੀਂ ਉਸ ਨੂੰ ਪੇਸ਼ ਕੀਤੀ ਕਿ ਉਹ ਯਕੀਨ ਕਰ ਲਵੇ। ਅਮਰੀਕਾ ਉਸ ਉਤੇ ਏਨਾ ਯਕੀਨ ਕਰ ਬੈਠਾ ਕਿ ਸੰਯੁਕਤ ਰਾਸ਼ਟਰ ਦੇ ਅਜਲਾਸ ਵਿਚ ਜਾ ਕੇ ਹਿੱਕ ਠੋਕ ਕੇ ਇਹੋ ਦਾਅਵਾ ਦੁਹਰਾਈ ਗਿਆ। ਦੁਨੀਆਂ ਨੂੰ ਬੇਵਕੂਫ ਬਣਾਉਣ ਵਿਚ ਆਪਣੇ ਆਪ ਨੂੰ ਮਾਹਰ ਸਮਝਦੀ ਅਮਰੀਕੀ ਹਕੂਮਤ ਤਾਂ ਇਸ ਨਾਲ ਬੇਵਕੂਫ ਬਣੀ ਹੀ, ਉਸ ਦੇ ਪਿੱਛੇ ਲੱਗ ਕੇ ਬਰਤਾਨੀਆ ਦੇ ਟੋਨੀ ਬਲੇਅਰ ਹੁਰੀਂ ਵੀ ਆਪਣੇ ਮੁਲਕ ਵਿਚ ਬੋਲਣ ਜੋਗੇ ਨਾ ਰਹੇ।

ਇੱਕ ਹੋਰ ਮਾਮਲਾ ਹੈ ਅਫਗਾਨਿਸਤਾਨ ਦੇ ਬਦਲੇ ਹੋਏ ਹਾਲਾਤ ਵਿਚ ਅਮਰੀਕਾ ਦੀ ਓਥੋਂ ਖਿਸਕਣ ਦੀ ਨਾਕਾਮ ਕੋਸ਼ਿਸ਼ ਦਾ। 'ਮੈਂ ਤਾਂ ਕੰਬਲ ਨੂੰ ਛੱਡਦਾ ਹਾਂ, ਕੰਬਲ ਮੈਨੂੰ ਨਹੀਂ ਛੱਡਦਾ' ਦੇ ਮੁਹਾਵਰੇ ਵਾਂਗ ਅਮਰੀਕਾ ਵਾਲੇ ਓਥੋਂ ਨਿਕਲਣਾ ਚਾਹੁੰਦੇ ਹਨ ਪਰ ਨਿਕਲਣ ਦਾ ਰਾਹ ਨਹੀਂ ਲੱਭਦਾ। ਡੇਢ ਸਾਲ ਪਹਿਲਾਂ ਉਨ੍ਹਾਂ ਨੇ ਕੁਝ ਪਿਆਦਿਆਂ ਰਾਹੀਂ ਤਾਲਿਬਾਨ ਨਾਲ ਗੱਲਬਾਤ ਦਾ ਰਾਹ ਕੱਢਣ ਲਈ ਉਨ੍ਹਾਂ ਦੀ ਨਰਮ ਅਤੇ ਗਰਮ ਤਾਲਿਬਾਨ ਵਜੋਂ ਵੰਡ ਕਰਨੀ ਸ਼ੁਰੂ ਕਰ ਦਿੱਤੀ। ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਜਦੋਂ ਇਹ ਰੋਸ ਕੀਤਾ ਕਿ ਉਸ ਨੂੰ ਫਸਾ ਕੇ ਅਮਰੀਕੀ ਆਪ ਦੌੜ ਜਾਣਾ ਚਾਹੁੰਦੇ ਹਨ ਤਾਂ ਉਸ ਨੂੰ ਪਤਿਆ ਕੇ ਇਸ ਰਾਜਨੀਤੀ ਨੂੰ ਅੱਗੇ ਤੋਰਨ ਲਈ ਮਨਾ ਲਿਆ। 'ਨਰਮ ਤਾਲਿਬਾਨ' ਦੇ ਇੱਕ ਗਰੁਪ ਨਾਲ ਗੱਲਬਾਤ ਸ਼ੁਰੂ ਕੀਤੀ ਗਈ। ਇਸ ਨੂੰ ਪਹਿਲੀ ਠਿੱਬੀ ਅਮਰੀਕਾ ਦੀ ਪੱਕੀ ਸੇਵਾਦਾਰ ਪਾਕਿਸਤਾਨ ਦੀ ਹਕੂਮਤ ਨੇ ਲਾ ਦਿੱਤੀ ਜਿਸ ਨੇ ਚੁੱਪ-ਚੁਪੀਤੇ ਮੁੱਲਾ ਬਿਰਾਦਰ ਨੂੰ ਗ੍ਰਿਫਤਾਰ ਕਰ ਲਿਆ, ਜਿਹੜਾ ਗੱਲਬਾਤ ਵਿਚ ਸਰਗਰਮ ਸੀ ਤੇ ਕਿਹਾ ਇਹ ਕਿ ਉਸ ਨੂੰ ਪਤਾ ਨਹੀਂ ਸੀ। ਫਿਰ ਵੀ ਗੱਲਬਾਤ ਅੱਗੇ ਚੱਲਦੀ ਰਹੀ ਤੇ ਅਮਰੀਕੀ ਹਕੂਮਤ ਇਸ ਤੋਂ ਏਨੀ ਆਸਵੰਦ ਵੀ ਹੋ ਬੈਠੀ ਕਿ ਆਪਣੇ ਦੇਸ਼ ਦੇ ਲੋਕਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਫਗਾਨਿਸਤਾਨ ਦੇ ਮੋਰਚੇ ਉਤੇ ਗਏ ਉਨ੍ਹਾਂ ਦੇ ਪੁੱਤਰ ਛੇਤੀ ਹੀ ਘਰੀਂ ਆ ਜਾਣਗੇ। ਕੁਝ ਚਿਰ ਬਾਅਦ ਅਸਲੀਅਤ ਸਾਹਮਣੇ ਆ ਗਈ ਕਿ ਅਮਰੀਕੀ ਹਕੂਮਤ ਨਾਲ ਤਾਲਿਬਾਨ ਦੇ ਦੂਤ ਬਣ ਕੇ ਜਿਹੜੇ ਲੋਕ ਗੱਲਬਾਤ ਕਰਦੇ ਰਹੇ ਸਨ, ਉਨ੍ਹਾਂ ਦਾ ਤਾਲਿਬਾਨ ਨਾਲ ਕੋਈ ਵਾਸਤਾ ਹੀ ਨਹੀਂ ਸੀ, ਉਹ ਤਾਂ ਇਸ ਬਹਾਨੇ ਕੁਝ ਮਾਇਆ ਝਪਟਣ ਦੀ ਫਿਰਾਕ ਵਿਚ ਫਿਰਦੇ ਤਸਕਰ ਗਰੋਹਾਂ ਦੇ ਬੰਦੇ ਸਨ। ਇਸ ਨਾਲ ਏਨੀ ਨਮੋਸ਼ੀ ਪੱਲੈ ਪੈ ਗਈ ਕਿ ਅਮਰੀਕਾ ਦੀ ਸਰਕਾਰ ਨੇ ਕਈ ਮਹੀਨੇ ਇਸ ਸੱਚ ਦੀ ਸੂੰਧਕ ਹੀ ਬਾਹਰ ਨਾ ਨਿਕਲਣ ਦਿੱਤੀ ਪਰ ਜਦੋਂ ਗੱਲ ਬਾਹਰ ਆ ਗਈ ਤਾਂ ਇਹ ਕਿਹਾ ਕਿ ਗਲਤੀ ਅਫਗਾਨਿਸਤਾਨ ਦੀ ਹਕੂਮਤ ਤੋਂ ਹੋਈ ਹੈ।



ਜਾਰਜ ਡਬਲਿਊ ਬੁਸ਼

ਅਜੇ ਉਸ ਝਟਕੇ ਤੋਂ ਅਮਰੀਕੀ ਹਕੂਮਤ ਬਾਹਰ ਨਹੀਂ ਸੀ ਆਈ ਕਿ ਵਿਕੀਲੀਕਸ ਦੇ ਖੁਲਾਸਿਆਂ ਨੇ ਉਸ ਦੀ ਨੀਂਦ ਉਡਾ ਦਿੱਤੀ। ਉਹ ਤਾਂ ਸਿਰਫ ਕਹਿੰਦੇ ਸਨ ਕਿ ਸੱਦਾਮ ਹੁਸੈਨ ਦੇ ਕੱਛੇ-ਬੁਨੈਣ ਦੇ ਰੰਗ ਬਾਰੇ ਵੀ ਉਨ੍ਹਾਂ ਨੂੰ ਪਤਾ ਹੈ, ਵਿਕੀਲੀਕਸ ਨੇ ਅਮਰੀਕੀ ਰਾਜ-ਕਰਤਿਆਂ ਅਤੇ ਦੂਤਾਂ ਦੀ ਆਪਸੀ ਗੱਲਬਾਤ ਦੌਰਾਨ ਉਨ੍ਹਾਂ ਦੇ ਮਿੱਤਰ ਗਿਣੇ ਜਾਂਦੇ ਸੰਸਾਰ ਪੱਧਰ ਦੇ ਆਗੂਆਂ ਬਾਰੇ ਰੱਖੇ ਹੋਏ ਪੁੱਠੇ-ਸਿੱਧੇ ਨਾਂ ਵੀ ਦੁਨੀਆਂ ਦੇ ਲੋਕਾਂ ਨੂੰ ਦੱਸ ਦਿੱਤੇ। ਅਮਰੀਕਾ ਦੇ ਅੰਦਰ ਦੀ ਕੋਈ ਗੱਲ ਲੁਕੀ ਹੀ ਨਹੀਂ ਸੀ ਰਹੀ ਜਾਪਦੀ।

ਆਸਟਰੇਲੀਆ ਦੇ ਇੱਕ ਸਧਾਰਨ ਹੈਕਰ ਮੰਨੇ ਜਾਂਦੇ ਅਸਾਂਜ ਨਾਂ ਦੇ ਬੰਦੇ ਤੋਂ ਅਮਰੀਕੀ ਹਕੂਮਤ ਏਨੀ ਘਬਰਾ ਗਈ ਕਿ ਉਸ ਦਾ ਸ਼ਿਕਾਰ ਕਰਨ ਦੇ ਰਾਹ ਪੈ ਗਈ। ਸਵੀਡਨ ਵਿਚ ਉਸ ਦੇ ਵਿਰੁਧ ਇੱਕ ਔਰਤ ਨਾਲ ਬਲਾਤਕਾਰ ਦਾ ਮੁਕੱਦਮਾ ਬਣਵਾ ਦਿੱਤਾ ਗਿਆ। ਹੋ ਸਕਦਾ ਹੈ ਕਿ ਉਸ ਨੇ ਇਹ ਗੁਨਾਹ ਕੀਤਾ ਵੀ ਹੋਵੇ ਪਰ ਇਸ ਮੁਕੱਦਮੇ ਦੇ ਆਧਾਰ ਉਤੇ ਉਸ ਨੂੰ ਬਰਤਾਨੀਆ ਵਿਚੋਂ ਬਾਹਰ ਕਢਵਾਉਣ ਦੀ ਚਾਲ ਚੱਲਣ ਵਾਲੇ ਅਮਰੀਕਾ ਨੇ ਆਪ ਵੀ ਇਹੋ ਜਿਹੇ ਕਈ ਲੋਕਾਂ ਨੂੰ ਰਾਜਸੀ ਸ਼ਰਣ ਦਿੱਤੀ ਹੋਈ ਹੈ ਜਿਹੜੇ ਦੂਜੇ ਦੇਸ਼ਾਂ ਨੂੰ ਲੋੜੀਂਦੇ ਹਨ, ਉਨ੍ਹਾਂ ਨੂੰ ਉਹ ਬਾਹਰ ਕਦੇ ਨਹੀਂ ਕੱਢੇਗਾ। ਗੱਲ ਬਲਾਤਕਾਰ ਦੇ ਗੁਨਾਹ ਨਾਲੋਂ ਵੱਧ ਉਸ ਦੇ ਇਸ 'ਗੁਨਾਹ' ਦੀ ਹੈ ਕਿ ਉਸ ਨੇ 'ਇਕਲੌਤੀ ਮਹਾਸ਼ਕਤੀ' ਦੇ ਪੈਰਾਂ ਹੇਠ ਜ਼ਮੀਨ ਕੰਬਣ ਲਾ ਦਿੱਤੀ ਸੀ ਤੇ ਇਹ ਨਮੋਸ਼ੀ ਅਮਰੀਕੀ ਹਕੂਮਤ ਤੋਂ ਸਹਾਰੀ ਨਹੀਂ ਜਾ ਰਹੀ।

ਹੁਣ ਤੀਜੀ ਗੱਲ ਇਹ ਸਾਹਮਣੇ ਆ ਗਈ ਹੈ ਕਿ ਸਾਰੀ ਦੁਨੀਆਂ ਦੀਆਂ ਚਾਬੀਆਂ ਘੁੰਮਾਉਣ ਲੱਗੀ ਹੋਈ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਦੀਆਂ ਚਾਬੀਆਂ ਵੀ ਕੋਈ ਤੇਜ਼ ਦਿਮਾਗ ਵਾਲਾ ਬੰਦਾ ਘੁੰਮਾ ਗਿਆ ਹੈ। ਉਸ ਨੇ ਸੀ ਆਈ ਏ ਨੂੰ ਇਹ ਝਾਂਸਾ ਦਿੱਤਾ ਕਿ ਅਲ ਕਾਇਦਾ ਨਾਲ ਨਜਿੱਠਣ ਲਈ ਉਸ ਨੇ ਇੱਕ ਨਵਾਂ ਕੰਪਿਊਟਰ ਸਾਫਟਵੇਅਰ ਬਣਾਇਆ ਹੈ। ਸੀ ਆਈ ਏ ਇਸ ਗਿੱਦੜ-ਸਿੰਗੀ ਨੂੰ ਬੋਚਣ ਲਈ ਧਮਕੜੇ ਹੋ ਤੁਰੀ। ਪੱਕਾ ਭਰੋਸਾ ਜਮਾਉਣ ਲਈ ਉਸ ਨੇ ਇਹ ਵੀ ਕਹਿ ਦਿੱਤਾ ਕਿ ਇੱਕ ਵਾਰ ਲੰਡਨ ਤੋਂ ਉਡਾਰੀ ਭਰਨ ਵਾਲੇ ਮੁਸਾਫਰ ਜਹਾਜ਼ ਨੂੰ, ਅਗਵਾ ਕਰਨ ਦੀ ਸਾਜ਼ਿਸ਼ ਦੇ ਸ਼ੱਕ ਕਾਰਨ, ਵਾਪਸ ਮੁੜਨ ਦਾ ਜਾਰਜ ਬੁੱਸ਼ ਨੇ ਜਦੋਂ ਹੁਕਮ ਦਿੱਤਾ ਸੀ, ਉਸ ਦੀ ਸੂਚਨਾ ਵੀ ਜਾਰਜ ਬੁੱਸ਼ ਨੂੰ ਓਸੇ ਨੇ ਦਿੱਤੀ ਸੀ। ਖੁਫੀਆ ਏਜੰਸੀ ਨੇ ਬੁੱਸ਼ ਨੂੰ ਨਹੀਂ ਪੁੱਛਿਆ ਤੇ ਉਸ ਬੰਦੇ ਦੇ ਕਹੇ ਉਤੇ ਯਕੀਨ ਕਰ ਲਿਆ। ਨਤੀਜੇ ਵਜੋਂ ਉਹ ਦੋ ਕਰੋੜ ਦਸ ਲੱਖ ਡਾਲਰ ਦਾ ਚੂਨਾ ਇਸ ਏਜੰਸੀ ਨੂੰ ਲਾ ਗਿਆ।

ਇਹ ਸਾਰੀਆਂ ਗੱਲਾਂ ਅਸੀਂ ਇਸ ਕਰ ਕੇ ਲਿਖੀਆਂ ਹਨ ਕਿ 'ਇਕਲੌਤੀ ਮਹਾਸ਼ਕਤੀ' ਦੇ ਭਰਮ ਵਿਚ ਫਸੇ ਹੋਏ ਅਮਰੀਕੀ ਹੁਕਮਰਾਨ ਅਜੇ ਵੀ ਆਪਣੀਆਂ ਕੁਚਾਲਾਂ ਚੱਲਣ ਤੋਂ ਬਾਜ਼ ਨਹੀਂ ਆ ਰਹੇ। ਪਿਛਲੇ ਮਹੀਨੇ ਜਦੋਂ ਮਿਸਰ ਵਿਚ ਲੋਕ ਭੜਕੇ, ਉਹ ਉਨ੍ਹਾਂ ਦਾ ਉਸ ਦੇਸ਼ ਵਿਚ ਤੀਹ ਸਾਲਾਂ ਤੋਂ ਤਾਕਤ ਸੰਭਾਲੀ ਬੈਠੇ ਹੋਸਨੀ ਮੁਬਾਰਕ ਵਿਰੁਧ ਜਾਇਜ਼ ਗੁੱਸਾ ਸੀ ਤੇ ਓਥੋਂ ਦੀ ਫੌਜ ਵੀ ਉਨ੍ਹਾਂ ਦਾ ਸਾਥ ਦੇਣ ਲੱਗ ਪਈ ਸੀ। ਉਹ ਮਾਮਲਾ ਮੁੱਕਣ ਦੀ ਦੇਰ ਸੀ ਕਿ ਲੀਬੀਆ ਦੇ ਲੋਕ ਮੈਦਾਨ ਵਿਚ ਆ ਗਏ ਤੇ ਫਿਰ ਬਹਿਰੀਨ ਸਮੇਤ ਕਈ ਹੋਰਨਾਂ ਦੇਸ਼ਾਂ ਅੰਦਰ ਵੀ ਮੁਜ਼ਾਹਰੇ ਸ਼ੁਰੂ ਹੋ ਗਏ। ਅਮਰੀਕਾ ਪਹਿਲਾਂ ਬੜੇ ਸੰਕੋਚਵੇਂ ਢੰਗ ਨਾਲ ਪਰਦੇ ਪਿੱਛੋਂ ਚਾਬੀਆਂ ਘੁੰਮਾ ਕੇ ਖੇਡਦਾ ਰਿਹਾ ਤੇ ਫਿਰ ਉਸ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਸਿੱਧਾ ਬਿਆਨ ਆ ਗਿਆ ਕਿ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੂੰ ਲੋਕ-ਰਾਏ ਦੀ ਕਦਰ ਕਰਨੀ ਚਾਹੀਦੀ ਹੈ। ਜਿਹੜੇ ਲੋਕ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਦੇ ਤਰਫਦਾਰ ਨਹੀਂ, ਉਹ ਵੀ ਇਹ ਸੋਚ ਕੇ ਹੈਰਾਨ ਹਨ ਕਿ ਜਦੋਂ ਪਾਕਿਸਤਾਨ ਵਿਚ ਲੋਕ-ਰਾਏ ਨਾਲ ਚੁਣੇ ਹੋਏ ਆਗੂਆਂ ਦੀਆਂ ਸਰਕਾਰਾਂ ਪਲਟੀਆਂ ਜਾਂਦੀਆਂ ਰਹੀਆਂ, ਓਦੋਂ ਅਮਰੀਕਾ ਨੂੰ ਕੋਈ ਫਰਕ ਹੀ ਨਹੀਂ ਸੀ ਪਿਆ ਤੇ ਫਿਰ ਉਹ ਚੁਣੇ ਹੋਏ ਲੀਡਰ ਫਾਹੇ ਲਾਏ ਜਾਂਦੇ ਵੀ ਅਮਰੀਕਾ ਨੇ ਨਹੀਂ ਸਨ ਰੋਕੇ। ਜ਼ੁਲਫਕਾਰ ਅਲੀ ਭੁੱਟੋ ਲੋਕਾਂ ਦਾ ਚੁਣਿਆ ਪ੍ਰਤੀਨਿਧ ਸੀ ਤੇ ਅਮਰੀਕਾ ਨਾਲ ਸਾਂਝ ਤੋਂ ਵੀ ਕਦੇ ਨਹੀਂ ਸੀ ਭੱਜਿਆ ਪਰ ਜਿਸ ਜ਼ਿਆ ਉਲ ਹੱਕ ਨੇ ਉਸ ਨੂੰ ਫਾਂਸੀ ਟੰਗ ਦਿੱਤਾ, ਉਸ ਨਾਲ ਅਮਰੀਕੀ ਹਕੂਮਤ ਨੇ ਨਵੀਂ ਅਤੇ ਭੁੱਟੋ ਤੋਂ ਵੱਧ ਗੂੜ੍ਹੀ ਰਿਸ਼ਤੇਦਾਰੀ ਗੰਢ ਲਈ ਸੀ।

ਲੋਕ-ਰਾਏ ਦਾ ਅਮਰੀਕਾ ਦਾ ਪੈਮਾਨਾ ਤਾਂ ਇਹ ਹੈ ਕਿ ਜਿਹੜਾ ਲੀਡਰ ਉਸ ਦੀ ਫਰਮਾ-ਬਰਦਾਰੀ ਕਰਦਾ ਰਹੇ, ਉਹ ਟਿਕਿਆ ਰਹਿਣਾ ਚਾਹੀਦਾ ਹੈ ਪਰ ਜਿਸ ਨੇ ਉਸ ਦੀ ਈਨ ਨਹੀਂ ਮੰਨਣੀ, ਉਸ ਨੂੰ ਪਲਟ ਦੇਣਾ ਚਾਹੀਦਾ ਹੈ, ਭਾਵੇਂ ਉਹ ਲੀਬੀਆ ਦਾ ਗੱਦਾਫੀ ਹੋਵੇ, ਇਰਾਕ ਦਾ ਸੱਦਾਮ ਜਾਂ ਵੈਨਜ਼ੂਏਲਾ ਦਾ ਚਾਵੇਜ਼ ਜਾਂ ਕੋਈ ਹੋਰ ਹੋਵੇ।

ਕਦੇ ਫਲਸਤੀਨੀਆਂ ਨੂੰ ਪਾੜਨ ਲਈ ਅਮਰੀਕਾ ਅਤੇ ਇਸਰਾਈਲ ਨੇ ਹਮਾਸ ਨੂੰ ਆਪ ਤਿਆਰ ਕੀਤਾ ਤੇ ਪਲੋਸਿਆ ਸੀ। ਅੱਜ ਹਮਾਸ ਓਨੀ ਫਲਸਤੀਨੀਆਂ ਲਈ ਨਹੀਂ, ਜਿੰਨੀ ਇਨ੍ਹਾਂ ਦੋਵਾਂ ਲਈ ਮਾਰੂ ਸਾਬਤ ਹੋਈ ਜਾਂਦੀ ਹੈ। ਤਾਲਿਬਾਨ ਵੀ ਕਦੇ ਅਮਰੀਕਾ ਨੇ ਤਿਆਰ ਕੀਤੇ ਸਨ ਤੇ ਹੁਣ ਉਹ ਅਮਰੀਕਾ ਨੂੰ ਅੱਗੇ ਲਾਈ ਫਿਰਦੇ ਹਨ। ਜਿਨ੍ਹਾਂ ਨੂੰ ਉਹ ਅੱਜ ਪਲੋਸ ਰਹੇ ਹਨ, ਕੱਲ੍ਹ ਨੂੰ ਉਹ ਵੀ ਨਵੀਂ ਸਿਰਦਰਦ ਬਣ ਸਕਦੇ ਹਨ ਪਰ ਅਮਰੀਕਾ ਨੂੰ ਕੱਲ੍ਹ ਦੀ ਨਹੀਂ, ਅੱਜ ਦੀ ਖੇਡ ਨਾਲ ਮਤਲਬ ਹੈ। ਏਸੇ ਲਈ ਉਹ ਹੁਣ ਚੀਨ ਨੂੰ ਪੈਰੋਂ ਕੱਢਣ ਵਾਲੀ ਮੁਹਿੰਮ ਨੂੰ ਵੀ ਚਾਬੀ ਦੇਣ ਤੁਰ ਪਿਆ ਹੈ। ਪਿਛਲੇ ਦਿਨੀਂ ਜਦੋਂ ਓਥੇ 'ਜੈਸਲੀਨ ਰੈਵੋਲਿਊਸ਼ਨ' ਦੇ ਨਾਂ ਹੇਠ ਨਵੇਂ ਮੁਜ਼ਾਹਰੇ ਹੋਏ ਤਾਂ ਇਹ ਗੱਲ ਲੁਕੀ ਨਹੀਂ ਰਹਿ ਸਕੀ ਕਿ ਲੋਕਾਂ ਨੂੰ ਉਕਸਾਉਣ ਵਿਚ ਵੱਡਾ ਹੱਥ ਅਮਰੀਕੀ ਰਾਜਦੂਤ ਜਾਨ ਹਿੰਟਸਮੈਨ ਦਾ ਸੀ। ਜਿਵੇਂ ਮਿਸਰ ਵਿਚ ਇੰਟਰਨੈਟ ਦੀ ਵਰਤੋਂ ਕਰ ਕੇ ਹੋਸਨੀ ਮੁਬਾਰਕ ਦੇ ਵਿਰੁਧ ਮੁਹਿੰਮ ਚਲਾਈ ਗਈ ਸੀ, ਓਦਾਂ ਦੀ ਮੁਹਿੰਮ ਚੀਨ ਵਿਚ ਵੀ ਚਲਾਈ ਗਈ ਤੇ ਜਦੋਂ ਇਨ੍ਹਾਂ ਸੁਨੇਹਿਆਂ ਦੇ ਲੈਣ-ਦੇਣ ਵਿਚ ਅਮਰੀਕੀ ਰਾਜਦੂਤ ਦੀ ਪਛਾਣ ਜ਼ਾਹਰ ਹੋਣ ਲੱਗ ਪਈ, ਉਹ ਇੰਟਰਨੈਟ ਉਤੇ ਆਉਣ ਤੋਂ ਹਟ ਗਿਆ। ਖੇਡ ਇਹ ਲੋਕ-ਰਾਏ ਦੀ ਨਹੀਂ, ਸਗੋਂ ਆਰਥਿਕ ਖੇਤਰ ਵਿਚ ਅੱਗੇ ਵਧ ਰਹੇ ਚੀਨ ਨੂੰ ਠਿੱਬੀ ਲਾਉਣ ਅਤੇ ਉਸ ਦੇ ਟੋਟੇ ਕਰਵਾਉਣ ਲਈ ਓਦੋਂ ਵਿੱਢੀ ਗਈ ਹੈ, ਜਦੋਂ ਇਹ ਖਬਰ ਆ ਗਈ ਸੀ ਕਿ ਉਹ ਪਹਿਲੀ ਵਾਰੀ ਜਪਾਨ ਨੂੰ ਪਛਾੜ ਕੇ ਅਮਰੀਕਾ ਤੋਂ ਬਾਅਦ ਦੂਜੇ ਨੰਬਰ ਦਾ ਆਰਥਿਕ ਖਿਡਾਰੀ ਬਣ ਗਿਆ ਤੇ ਦਸਾਂ ਸਾਲਾਂ ਤੱਕ ਅਮਰੀਕਾ ਨੂੰ ਪਛਾੜ ਸਕਦਾ ਹੈ। ਉਸ ਦੀ ਇਹ ਅਗੇਤ ਅਮਰੀਕਾ ਤੋਂ ਜਰੀ ਨਹੀਂ ਗਈ ਤੇ 'ਲੋਕਤੰਤਰ' ਦੇ ਨਾਂ ਹੇਠ ਰੌਲਾ ਪਵਾਉਣ ਤੁਰ ਪਿਆ ਹੈ।

ਅਮਰੀਕਾ ਇੱਕ ਮਹਾਸ਼ਕਤੀ ਹੈ ਪਰ ਮਹਾਸ਼ਕਤੀ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਦੂਜੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦਿੰਦਾ ਫਿਰੇ। ਠੀਕ ਚੁਣਨ ਜਾਂ ਗਲਤ, ਕਿਸੇ ਦੇਸ਼ ਵਿਚ ਰਾਜ ਦੀ ਕਮਾਨ ਕਿਸ ਦੇ ਹੱਥ ਸੌਂਪਣੀ ਹੈ, ਇਹ ਉਸ ਦੇਸ਼ ਦੇ ਲੋਕਾਂ ਉਤੇ ਰਹਿਣ ਦੇਣਾ ਚਾਹੀਦਾ ਹੈ। ਅਮਰੀਕਾ ਤਾਂ ਅਜੇ ਤੱਕ ਪਹਿਲਾਂ ਦੇ ਪਾਏ ਪੁਆੜਿਆਂ ਵਿਚੋਂ ਨਹੀਂ ਨਿਕਲ ਸਕਿਆ ਅਤੇ ਆਪਣੇ ਨਾਗਰਿਕਾਂ ਨੂੰ ਬੇਗਾਨੇ ਦੇਸ਼ਾਂ ਵਿਚ ਭੇਜ ਕੇ ਮੌਤ ਦੇ ਮੂੰਹ ਪਾ ਰਿਹਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਦੇ ਸਮੇਂ ਵਿਚ ਜਿੱਥੇ ਵੀ ਜਾ ਕੇ ਉਸ ਨੇ ਸਿੰਗ ਫਸਾਏ, ਕਿਸੇ ਥਾਂ ਤੋਂ ਅੱਜ ਤੱਕ ਜੇਤੂ ਹੋ ਕੇ ਨਹੀਂ ਨਿਕਲਿਆ, ਵੀਅਤਨਾਮ ਦੀ ਜੰਗ ਤੋਂ ਲੈ ਕੇ ਅਫਗਾਨਿਸਤਾਨ ਅਤੇ ਇਰਾਕ ਤੱਕ ਹਰ ਥਾਂ ਨੁਕਸਾਨ ਹੀ ਉਠਾਇਆ ਹੈ। ਇਸ ਦੇ ਬਾਵਜੂਦ ਉਸ ਨੂੰ ਅਕਲ ਨਹੀਂ ਆ ਰਹੀ। ਜੇ ਅਜੇ ਵੀ ਉਸ ਦੀ ਹਕੂਮਤ ਹੁਣ ਤੱਕ ਵਾਂਗ ਭਸਮਾਸੁਰ ਵਰਗੇ 'ਸਿਆਣੇ' ਹੱਥਾਂ ਵਿਚ ਹੀ ਰਹੀ, ਉਸ ਦੀਆਂ ਖੁਫੀਆ ਏਜੰਸੀਆਂ ਵੀ ਹੁਣ ਵਾਂਗ ਹੀ ਚਾਲਾਂ ਚੱਲਣ ਲੱਗੀਆਂ ਰਹੀਆਂ ਤਾਂ ਲੱਗਦਾ ਹੈ ਕਿ ਸੰਸਾਰ ਦੀ ਸੁੱਖ-ਸਾਂਦ ਇਨ੍ਹਾਂ ਨੇ ਨਹੀਂ ਰਹਿਣ ਦੇਣੀ ਤੇ ਇਨ੍ਹਾਂ ਦੇ ਆਪਣੇ ਘਰ ਵਿਚ ਸੁੱਖ-ਸਾਂਦ ਨਿੱਤ ਦਿਨ ਮਰ ਰਹੇ ਫੌਜੀ ਜਵਾਨਾਂ ਦੇ ਪਰਿਵਾਰਾਂ ਦੇ ਕੀਰਨੇ ਨਹੀਂ ਰਹਿਣ ਦੇਣਗੇ।

## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਮਨਪ੍ਰੀਤ ਵੱਲੋਂ ਸਾਰੇ ਹਲਕਿਆਂ 'ਚ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ



**ਰਾਮਪੁਰਾ ਫੂਲ:** 23 ਮਾਰਚ ਨੂੰ ਆਪਣੀ ਵੱਖਰੀ ਪਾਰਟੀ ਬਣਾਉਣ ਜਾ ਰਹੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਲਈ ਉਹ ਅਗਸਤ ਤੱਕ ਸੂਬੇ ਦੇ ਸਾਰੇ 117 ਹਲਕਿਆਂ ਤੋਂ ਆਪਣੇ ਉਮੀਦਵਾਰ ਐਲਾਨ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕਿਸੇ ਵੀ ਹਮਖਿਆਲੀ ਪਾਰਟੀ ਨਾਲ ਚੋਣਾਂ ਲੜਨ ਲਈ ਗਠਜੋੜ ਵੀ ਕਰ ਸਕਦੇ ਹਨ ਪਰ ਉਹ ਆਪਣੀਆਂ ਨੀਤੀਆਂ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕਰਨਗੇ। ਰਾਮਪੁਰਾ ਫੂਲ 'ਚ ਰੈਲੀ ਦੌਰਾਨ ਮਨਪ੍ਰੀਤ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਉਮੀਦਵਾਰ ਬਣਾਉਣ ਤੋਂ ਪਹਿਲਾਂ ਉਸ ਵਿਅਕਤੀ ਦੇ ਕਿਰਦਾਰ ਬਾਰੇ ਪੂਰੀ ਬਾਰੀਕੀ ਨਾਲ ਪੜਤਾਲ ਕਰਨ ਉਪਰੰਤ ਹੀ ਫੈਸਲਾ ਲੈਣਗੇ।

ਪਾਰਟੀ ਦੇ ਗਠਨ ਬਾਰੇ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਇਹ ਐਲਾਨ 23 ਮਾਰਚ ਨੂੰ ਹੀ ਸ਼ਹੀਦ ਭਗਤ ਸਿੰਘ ਦੀ ਜਨਮ ਭੂਮੀ ਖਟਕੜ ਕਲਾਂ ਤੋਂ ਹੀ ਕਰਨਗੇ। ਮਨਪ੍ਰੀਤ ਨੇ ਕਿਹਾ ਕਿ ਜੇ ਲੋਕਾਂ ਨੇ ਸਾਥ ਦਿੱਤਾ ਤਾਂ 11 ਮਹੀਨਿਆਂ ਬਾਅਦ ਪੰਜਾਬ ਵਿਚ ਕਿਸੇ ਵਿਅਕਤੀ ਦਾ ਰਾਜ ਨਹੀਂ ਬਲਕਿ ਕਾਨੂੰਨ ਦਾ ਰਾਜ ਹੋਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ 95 ਫੀਸਦੀ ਲੋਕਾਂ 'ਤੇ 5 ਫੀਸਦੀ ਭ੍ਰਿਸ਼ਟ ਲੋਕ ਭਾਰੂ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਜਾਗ ਚੁੱਕਾ ਹੈ, ਹਰਿਆਣਾ ਦੇ ਲੋਕ ਜਾਗ ਪਏ ਹਨ, ਬਿਹਾਰ ਵਿਚ ਲੋਕ ਜਾਗ ਚੁੱਕੇ ਹਨ ਤੇ ਹੁਣ ਪੰਜਾਬ ਦੇ ਜਾਗਣ ਦੀ ਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਉਹ ਹਿੰਦੋਸਤਾਨ ਦੇ ਮੱਥੇ ਦਾ ਚੰਨ੍ਹ ਬਣਾ ਕੇ ਛੱਡਣਗੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਪੰਜਾਬ 'ਚੋਂ ਰਿਸ਼ਵਖੋਰੀ, ਨਸ਼ਾਖੋਰੀ, ਅਨਪੜ੍ਹਤਾ ਤੇ ਵਤਨ ਦੁਸ਼ਮਣੀ ਵਾਲੀ ਕਾਰਗੁਜ਼ਾਰੀ ਖ਼ਤਮ ਕਰਨਾ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸਿਆਸਤ ਇਥੋਂ ਤੱਕ ਗੰਦਲੀ ਹੋ ਚੁੱਕੀ ਹੈ ਕਿ ਸਿਆਸਤਦਾਨ ਰੈਲੀਆਂ ਦੇ ਵੱਡੇ ਇਕੱਠਾਂ ਵਿਚ ਅਸਭਿੱਅਕ ਭਾਸ਼ਾ ਬੋਲਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਕੋਈ ਪੁੱਠੇ ਟੰਗਣ ਦੀ ਗੱਲ ਆਖਦਾ ਹੈ ਤੇ ਕੋਈ ਗਲ ਲਾਹੁਣ ਦੀ ਗੱਲ ਆਖਦਾ ਹੈ ਪਰ ਪੰਜਾਬ ਨੂੰ ਬਚਾਉਣ ਦੀ ਕੋਈ ਗੱਲ ਨਹੀਂ ਕਰਦਾ।

# ਦੋਹਰੇ ਕਤਲ ਕਾਂਡ 'ਚ ਨੌਜਵਾਨ ਨੂੰ ਫਾਂਸੀ ਦੀ ਸਜ਼ਾ

**ਸਿਰਸਾ:** ਇਥੋਂ ਦੀ ਅਦਾਲਤ ਨੇ ਦੋਹਰੇ ਕਤਲ ਕਾਂਡ ਦੇ ਮਾਮਲੇ ਵਿਚ ਨੌਜਵਾਨ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਮਾਮਲੇ ਅਨੁਸਾਰ 28 ਫਰਵਰੀ 2009 ਦੀ ਰਾਤ ਰੋੜੀ ਨਿਵਾਸੀ ਵਿਜੇ ਜੈਨ ਦੇ ਘਰ ਲੁੱਟ ਹੋਈ ਸੀ। ਲੁੱਟ ਦੌਰਾਨ ਵਿਜੇ ਜੈਨ ਦੀ ਪਤਨੀ ਤ੍ਰਿਸ਼ਨਾ ਤੇ ਉਸ ਦੀ ਨੂੰਹ ਮਮਤਾ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਲੁੱਟ ਦੌਰਾਨ ਭੂਸ਼ਨ ਦਾ ਪੁੱਤਰ ਰਕਸ਼ਿਤ ਦੇ ਦੀਪਾਂਸ਼ੂ ਵੀ ਜ਼ਖ਼ਮੀ ਹੋ ਗਏ ਸਨ। ਸਵੇਰੇ ਘਟਨਾ ਦਾ ਪਤਾ ਲੱਗਣ 'ਤੇ ਲੋਕਾਂ ਦਾ ਗੁੱਸਾ ਵਧ ਗਿਆ ਤੇ ਉਨ੍ਹਾਂ ਨੇ ਥਾਣੇ ਦਾ ਘਿਰਾਓ ਕਰ ਲਿਆ ਤੇ ਥਾਣਾ ਇੰਚਾਰਜ 'ਤੇ ਕਾਰਵਾਈ ਨਾ ਕੀਤੇ ਜਾਣ ਦੇ ਦੋਸ਼ ਲਾਏ।

ਉਸ ਸਮੇਂ ਦੇ ਐਸ.ਪੀ. ਸੁਭਾਸ਼ ਯਾਦਵ ਨੇ ਲੋਕਾਂ ਦੇ ਗੁੱਸੇ ਨੂੰ ਦੇਖਦਿਆਂ ਇਹ ਮਾਮਲੇ ਸੀ.ਆਈ. ਏ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਤਕਰੀਬਨ ਇਕ ਮਹੀਨੇ ਤੱਕ ਦੋਸ਼ੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਪਰ 3 ਅਪਰੈਲ 2009 ਨੂੰ ਇਕ ਵਿਅਕਤੀ ਪੁਲਿਸ ਨੇ ਫੜਨ ਵਿਚ ਸਫਲਤਾ ਪ੍ਰਾਪਤ ਕਰ ਲਈ ਜਿਸ ਦੀ ਸ਼ਨਾਖ਼ਤ ਪੀੜਤ ਵਿਜੇ ਜੈਨ ਦੇ ਨਜ਼ਦੀਕੀ ਰਿਸ਼ਤੇਦਾਰ ਕ੍ਰਿਸ਼ਨ ਉਰਫ਼ ਪਾਲੀ ਨਿਵਾਸੀ ਰਾਣੀਆਂ ਦੇ ਰੂਪ ਵਿਚ ਕੀਤੀ ਗਈ। ਪੁਲਿਸ ਨੇ ਕ੍ਰਿਸ਼ਨ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕੀਤਾ। ਕਰੀਬ ਦੋ ਸਾਲ ਤੱਕ ਚਲੀ ਅਦਾਲਤੀ ਕਾਰਵਾਈ ਤੋਂ ਬਾਅਦ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ ਕ੍ਰਿਸ਼ਨ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ।

# ਸੀਟਾਂ ਦੀ ਵੰਡ ਬਾਰੇ ਭਾਜਪਾ ਵੱਲੋਂ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ

**ਲੁਧਿਆਣਾ:** ਪੰਜਾਬ 'ਚ ਭਾਵੇਂ ਭਾਜਪਾ ਦਾ ਆਪਣਾ ਕੋਈ ਅਧਾਰ ਨਹੀਂ ਪਰ ਅਕਾਲੀਆਂ ਨਾਲ ਗੱਠਜੋੜ ਦਾ ਸਹਾਰਾ ਲੈ ਕੇ ਪਿਛਲੇ ਵਾਰ ਕਈ ਸੀਟਾਂ ਜਿੱਤਣ ਤੋਂ ਬਾਅਦ ਇਸ ਵਾਰ ਭਾਜਪਾ 'ਚ ਹੋਰ ਸੀਟਾਂ ਹਾਸਲ ਕਰਨ ਦੀ ਲਾਲਸਾ ਵਧ ਗਈ ਹੈ। ਭਾਜਪਾ ਆਗੂਆਂ ਨੇ ਭਾਜਪਾ ਦੇ ਸੂਬਾਈ ਸੰਮੇਲਨ ਦੌਰਾਨ ਪੰਜਾਬ ਇੰਚਾਰਜ ਸ਼ਾਂਤਾ ਕੁਮਾਰ ਤੇ ਸਹਿ-ਇੰਚਾਰਜ ਕੈਪਟਨ ਅਭਿਮਨਿਊ ਅੱਗੇ ਸ਼੍ਰੋਮਣੀ ਅਕਾਲੀ ਦਲ ਨਾਲ ਕੀਤੇ ਹੋਏ 1997 ਦੇ 'ਸੀਟ-ਸਰਕਾਰੀ ਅਹੁਦੇ ਵੰਡਣ ਦੇ ਫਾਰਮੂਲੇ' ਨੂੰ ਨਵੇਂ ਸਿਰਿਓਂ ਨਿਰਧਾਰਤ ਕਰਨ 'ਤੇ ਜ਼ੋਰ ਦਿੱਤਾ ਹੈ। ਪਾਰਟੀ ਵੱਲੋਂ ਸੰਮੇਲਨ ਦੇ ਪਹਿਲੇ ਦਿਨ ਸਾਰੇ ਸਾਬਕਾ ਜ਼ਿਲ੍ਹਾ ਪ੍ਰਧਾਨਾਂ ਤੇ ਜਨਰਲ ਸਕੱਤਰਾਂ ਤੋਂ ਇਲਾਵਾ ਸ਼ਾਮ ਨੂੰ ਮੌਜੂਦਾ ਅਹੁਦੇਦਾਰਾਂ ਦੀ ਮੀਟਿੰਗ ਸੱਦੀ ਹੋਈ ਸੀ। ਮੀਟਿੰਗ ਵਿਚ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸਥਾਨਕ ਸਰਕਾਰ ਮੰਤਰੀ ਮਨੋਰੰਜਨ ਕਾਲੀਆ ਤੋਂ ਇਲਾਵਾ ਸੰਗਠਨ ਸਕੱਤਰ ਅਜੇ ਜਮਵਾਲ ਤੇ ਜਨਰਲ ਸਕੱਤਰ ਕਮਲ ਸ਼ਰਮਾ ਵੀ ਮੌਜੂਦ ਸਨ।

ਪਾਰਟੀ ਆਗੂਆਂ ਵੱਲੋਂ ਸੀਟ ਵੰਡ ਸਮਝੌਤੇ ਨੂੰ ਨਵੇਂ ਸਿਰਿਓਂ ਵਿਚਾਰਨ ਪਿੱਛੇ ਦਲੀਲ ਦਿੱਤੀ ਗਈ ਕਿ ਉਸ ਵੇਲੇ ਪੰਜਾਬ ਦੇ ਹਾਲਾਤ ਹੋਰ ਸਨ ਤੇ ਭਾਜਪਾ ਦਾ ਅਸਰ ਰਸੂਖ ਅੱਜ ਜਿੰਨਾ ਨਹੀਂ ਸੀ। ਹੁਣ ਭਾਜਪਾ ਨੇ ਚੰਗਾ ਜਨ ਆਧਾਰ ਬਣਾ ਲਿਆ ਹੈ, ਇਸ ਲਈ ਭਵਿੱਖ ਦੀ ਵਿਧਾਨ ਸਭਾ ਚੋਣ ਲਈ ਗੱਠਜੋੜ ਨਵੇਂ ਫਾਰਮੂਲੇ ਨਾਲ ਕਰਨਾ ਚਾਹੀਦਾ ਹੈ। ਇਸ ਮੌਕੇ ਮਾਲਵੇ ਦੇ ਜ਼ਿਲ੍ਹਿਆਂ ਤੋਂ ਆਏ ਆਗੂਆਂ ਨੇ ਬੜੇ ਜ਼ੋਰ-ਸ਼ੋਰ ਨਾਲ ਇਹ ਮੰਗ ਰੱਖੀ ਕਿ ਮਾਲਵੇ ਵਿਚ ਭਾਜਪਾ ਦਾ ਆਧਾਰ ਬਹੁਤ ਠੋਸ ਹੋ ਚੁੱਕਾ ਹੈ ਤੇ ਪਾਰਟੀ ਹਾਈ ਕਮਾਂਡ ਨੂੰ ਮਾਲਵੇ ਵਾਸਤੇ ਘੱਟੋ ਘੱਟ ਇਕ ਵਿਧਾਨ ਸਭਾ ਸੀਟ ਦੀ ਮੰਗ ਰੱਖਣੀ ਚਾਹੀਦੀ ਹੈ। ਇਸ ਮੌਕੇ ਬਹੁਤ ਸਾਰੇ ਆਗੂਆਂ ਨੇ ਉਨ੍ਹਾਂ ਨੂੰ ਹੁਣ ਤੱਕ ਅਣਗੌਲੇ ਕਰੀ ਰੱਖਣ ਤੇ ਅਕਾਲੀ ਦਲ ਦੇ ਬਹੁਮਤ ਵਾਲੇ ਹਲਕਿਆਂ ਵਿਚ ਬਿਲਕੁਲ ਹੀ ਪੁੱਛ-ਪਰਤੀਤ ਨਾ ਕਰਨ ਦਾ ਮੁੱਦਾ ਵੀ ਰੱਖਿਆ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਇਕ ਪਾਸੇ ਤਾਂ ਭਾਜਪਾ ਆਪਣਾ ਲੋਕ ਆਧਾਰ ਮਜ਼ਬੂਤ ਕਰਨਾ ਚਾਹੁੰਦੀ ਹੈ, ਦੂਜੇ ਪਾਸੇ ਉਨ੍ਹਾਂ ਨੂੰ ਅਕਾਲੀ ਵਿਧਾਇਕਾਂ ਦੇ ਹਲਕਿਆਂ ਵਿਚ ਪੁੱਛਿਆ ਤੱਕ ਨਹੀਂ ਜਾ ਰਿਹਾ। ਇਨ੍ਹਾਂ ਆਗੂਆਂ ਨੇ ਹਾਲੇ ਤੱਕ ਬਹੁਤ ਸਾਰੇ ਬੋਰਡ/ਸਰਕਾਰੀ ਅਦਾਰਿਆਂ ਦੇ ਖਾਲੀ ਪਏ ਅਹੁਦਿਆਂ 'ਤੇ ਭਾਜਪਾ ਆਗੂਆਂ ਨੂੰ ਬਿਨਾਂ ਦੇਰੀ ਨਾਮਜ਼ਦ ਕਰਵਾਉਣ ਦੀ ਮੰਗ ਵੀ ਰੱਖੀ।

ਪੰਜਾਬ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਇਸ ਮੌਕੇ ਭਾਜਪਾ ਦੇ ਸਭ ਤੋਂ ਸੀਨੀਅਰ ਮੰਤਰੀ ਮਨੋਰੰਜਨ ਕਾਲੀਆ ਨੂੰ ਹਦਾਇਤ ਕੀਤੀ ਕਿ ਉਹ ਚੇਅਰਮੈਨੀਆਂ-ਅਹੁਦੇਦਾਰੀਆਂ ਦੇ ਬਕਾਇਆ ਪਏ ਕੇਸਾਂ ਨੂੰ ਮੁੱਖ ਮੰਤਰੀ ਨਾਲ ਵਿਚਾਰ ਕੇ ਇਨ੍ਹਾਂ ਦਾ ਤੁਰੰਤ ਐਲਾਨ ਕਰਵਾਉਣ। ਉਂਝ ਸ਼ਾਂਤਾ ਕੁਮਾਰ ਵੱਲੋਂ ਇਨ੍ਹਾਂ ਆਗੂਆਂ ਨੂੰ ਇਹ ਹਦਾਇਤ ਵੀ ਕੀਤੀ ਗਈ ਕਿ ਉਹ ਵਿਧਾਨ ਸਭਾ ਚੋਣਾਂ ਨੇੜੇ ਆਉਣ ਕਾਰਨ ਸਰਕਾਰ ਤੇ ਭਾਈਵਾਲ ਧਿਰ ਦੀ ਨੁਕਤਾਚੀਨੀ 'ਤੇ ਘੱਟ ਜ਼ੋਰ ਦੇਣ ਤੇ ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਤੇ ਮਹਿੰਗਾਈ ਦੇ ਮੁੱਦੇ ਜਿਸ ਦਾ ਵਿਧਾਨ ਸਭਾ ਚੋਣ 'ਤੇ ਬਹੁਤ ਅਸਰ ਪਵੇਗਾ, ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਜ਼ੋਰ ਲਾਉਣ।

## ਡਿਊਟੀ 'ਤੇ ਤਾਇਨਾਤ ਡਾਕਟਰ ਉਤੇ ਹਮਲਾ

**ਦੀਨਾਨਗਰ:** ਡਿਊਟੀ 'ਤੇ ਤਾਇਨਾਤ ਫਾਰਮਾਸਿਸਟ ਨੇ ਸਰਕਾਰੀ ਡਾਕਟਰ 'ਤੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਕਮਿਊਨਿਟੀ ਹੈਲਥ ਸੈਂਟਰ ਸਿੰਘੋਵਾਲ (ਦੀਨਾਨਗਰ) ਵਿਖੇ ਤਾਇਨਾਤ ਹੋਮਿਓਪੈਥੀ ਵਿਭਾਗ ਦੇ ਮੈਡੀਕਲ ਅਫ਼ਸਰ ਡਾ. ਇੰਦਰਜੀਤ ਰਾਣਾ ਹੈਲਥ ਸੈਂਟਰ ਦੇ ਐਮਰਜੈਂਸੀ ਵਿਭਾਗ ਵਿਚ ਜ਼ੇਰੇ ਇਲਾਜ ਹਨ।

ਉਨ੍ਹਾਂ ਦੱਸਿਆ ਕਿ ਉਹ ਆਪਣੇ ਕਮਰੇ 'ਚੋਂ ਉਠ ਕੇ ਐਮਰਜੈਂਸੀ ਵਿਭਾਗ ਵਾਲੇ ਪਾਸੇ ਹੋਮਿਓਪੈਥਿਕ ਡਿਸਪੈਂਸਰੀ 'ਚ ਗਏ ਤਾਂ ਬਾਹਰ ਨਿਕਲਦਿਆਂ ਹੀ ਉਹ ਇਕ ਮਰੀਜ਼ ਦੀ ਗੱਲ ਸੁਣਨ ਲੱਗ ਪਏ। ਇਸ ਦੌਰਾਨ ਰਜਿਸਟਰੇਸ਼ਨ ਤੇ ਪੁੱਛਗਿੱਛ ਕਾਊਂਟਰ 'ਤੇ ਡਿਊਟੀ ਦੇ ਰਿਹਾ ਫਾਰਮਾਸਿਸਟ ਜਤਿੰਦਰ ਕੁਮਾਰ ਪਹਿਲਾਂ ਇਕ ਮਰੀਜ਼ ਨਾਲ ਉਲਝਿਆ ਅਤੇ ਉਸ 'ਤੇ ਹਮਲਾ ਕਰ ਦਿੱਤਾ।

# ਬਾਦਲਾਂ ਨੇ 1500 ਕਰੋੜ ਨਾਲ ਉਸਾਰਿਆ ਫਾਈਵ ਸਟਾਰ ਹੋਟਲ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਆਉਣ ਤੋਂ ਬਾਅਦ ਭਾਵੇਂ ਪੂਰੇ ਚਾਰ ਵਰ੍ਹੇ ਸਰਕਾਰੀ ਖਜ਼ਾਨਾ ਤਕਰੀਬਨ ਖਾਲੀ ਰਿਹਾ ਪਰ ਸੱਤਾ 'ਤੇ ਕਾਬਜ਼ ਬਾਦਲ ਪਰਿਵਾਰ ਦਾ ਖਜ਼ਾਨਾ ਭਰਪੂਰ ਰਿਹਾ ਹੈ। ਇਸ ਗੱਲ ਦਾ ਖੁਲਾਸਾ ਇਸ ਤੋਂ ਹੁੰਦਾ ਹੈ ਕਿ ਬਾਦਲਾਂ ਨੇ ਗੁੜਗਾਓਂ ਨੇੜੇ 1500 ਕੋਰੜ ਰੁਪਏ ਖਰਚ ਕੇ ਇਕ ਹੋਰ 'ਫਾਈਵ ਸਟਾਰ' ਹੋਟਲ ਬਣਾਇਆ ਹੈ।



ਇਸ ਬਾਰੇ ਕਿਲਾ ਰਾਏਪੁਰ ਦੇ ਵਿਧਾਇਕ ਜੱਸੀ ਖੰਗੂੜਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੰਸਦ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਪੱਤਰ ਭੇਜ ਕੇ ਪੁੱਛਿਆ ਹੈ ਕਿ ਉਨ੍ਹਾਂ ਨੇ ਗੁੜਗਾਉਂ 'ਚ 1500 ਕਰੋੜ ਰੁਪਏ ਨਾਲ ਜੋ 'ਫਾਈਵ ਸਟਾਰ' ਨਵਾਂ ਹੋਟਲ ਖੜ੍ਹਾ ਕੀਤਾ ਹੈ, ਉਸ ਲਈ ਐਨਾ ਪੈਸਾ ਕਿੱਥੋਂ ਆਇਆ।

ਸ੍ਰੀ ਖੰਗੂੜਾ ਨੇ ਦੋਸ਼ ਲਗਾਇਆ ਹੈ ਕਿ ਓਬਰਾਏ ਗਰੁੱਪ ਨਾਲ ਰਲ ਕੇ ਸ਼ੁਰੂ ਕੀਤੇ ਇਸ ਹੋਟਲ ਦਾ ਉਦਘਾਟਨ ਪਹਿਲੀ ਮਾਰਚ ਨੂੰ ਹੋ ਰਿਹਾ ਹੈ। ਕਾਂਗਰਸੀ ਵਿਧਾਇਕ ਨੇ ਦਾਅਵਾ ਕੀਤਾ ਹੈ ਕਿ ਇਹ ਹੋਟਲ ਉਸ ਜ਼ਮੀਨ 'ਤੇ ਖੜ੍ਹਾ ਕੀਤਾ ਗਿਆ ਹੈ ਜਿਹੜੀ ਬਾਦਲਾਂ ਨੂੰ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਮਰਹੂਮ ਦੇਵੀ ਲਾਲ ਨੇ ਅਲਾਟ ਕੀਤੀ ਸੀ। ਪਹਿਲਾਂ ਨੌਂ ਏਕੜ ਇਸ ਜ਼ਮੀਨ ਦੇ ਇਕ ਹਿੱਸੇ 'ਤੇ ਰਿਜ਼ੌਰਟ ਉਸਾਰਿਆ ਗਿਆ ਸੀ ਤੇ ਹੁਣ ਉਸ ਉਪਰ 202 ਕਮਰਿਆਂ ਦਾ ਹੋਟਲ ਬਣਾ ਦਿੱਤਾ ਗਿਆ।

ਇਸ ਹੋਟਲ ਦੀ ਕੀਮਤ 1500 ਕਰੋੜ ਰੁਪਏ ਹੈ ਤੇ ਸੂਬੇ ਦੀ ਜਨਤਾ ਜਾਨਣਾ ਚਾਹੁੰਦੀ ਹੈ ਕਿ ਇਹ ਪੈਸਾ ਕਿੱਥੋਂ ਆਇਆ। ਸ੍ਰੀ ਖੰਗੂੜਾ ਨੇ ਦੋਸ਼ ਲਗਾਇਆ ਕਿ ਭਾਵੇਂ ਇਹ ਹੋਟਲ ਬਾਦਲਾਂ ਨੇ ਬਣਵਾਇਆ ਹੈ ਪਰ ਇਸ ਨੂੰ ਚਲਾਏਗਾ ਓਬਰਾਏ ਗਰੁੱਪ ਜਿਵੇਂ ਬਾਦਲਾਂ ਦੇ ਹੋਰ ਹੋਟਲ ਟਰਾਈਡੈਂਟ ਗਰੁੱਪ ਚਲਾ ਰਿਹਾ ਹੈ।

# ਬਜਟ ਇਜਲਾਸ 'ਚ 'ਸ਼ਬਦੀ ਜੰਗ' ਦੇ ਆਸਾਰ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦਾ ਚੋਣਾਂ ਤੋਂ ਪਹਿਲਾਂ ਇਹ ਆਖਰੀ ਬਜਟ ਹੋਣ ਕਾਰਨ







ਹੁਕਮਰਾਨ ਪਾਰਟੀ ਤੇ ਵਿਰੋਧੀ ਧਿਰ ਦੋਵਾਂ ਵੱਲੋਂ ਹੀ ਇਸ ਬਜਟ ਸਮਾਗਮ ਨੂੰ ਕਾਫੀ ਮਹੱਤਤਾ ਦਿੱਤੀ ਜਾ ਰਹੀ ਹੈ।

ਇਸ ਵਾਰ ਬਜਟ ਇਜਲਾਸ 'ਚ ਤਿੱਖੀ 'ਸ਼ਬਦੀ ਜੰਗ' ਹੋਣ ਦੇ ਆਸਾਰ ਹਨ। ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਿਨ੍ਹਾਂ ਨੂੰ ਸਦਨ ਦੀ ਮਗਰਲੀ ਬੈਠਕ ਤੋਂ ਬਾਅਦ ਅਕਾਲੀ ਦਲ ਤੋਂ ਬਰਤਰਫ ਕਰ ਦਿੱਤਾ ਗਿਆ ਸੀ, ਨੂੰ ਸਦਨ ਵਿਚ ਅਕਾਲੀ ਦਲ ਤੋਂ ਵੱਖਰੀ ਸੀਟ ਦੇਣੀ ਪਵੇਗੀ। ਇਸ ਵਾਰ ਲੰਮੇ ਸਮੇਂ ਤੋਂ ਬਾਅਦ ਜਿੱਥੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਦਨ 'ਚ ਸੱਤਾਧਾਰੀ ਪਾਰਟੀ ਨੂੰ ਰਗੜੇ ਲਾਉਣ ਦੀ ਤਿਆਰੀ ਹੈ ਉਥੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਵੀ ਸਰਕਾਰ ਦੀਆਂ ਪੋਲਾਂ ਖੋਲ੍ਹਣਗੇ। ਕਾਂਗਰਸ ਵੱਲੋਂ ਰਾਜ ਦੇ ਭੱਖਦੇ ਮਸਲਿਆਂ 'ਤੇ ਬਹਿਸ ਲਈ ਸਮਾਂ ਮੰਗੇ ਜਾਣ ਦੀ ਵਾਰ-ਵਾਰ ਉਠ ਰਹੀ ਮੰਗ ਨੂੰ ਮੁੱਖ ਰੱਖ ਕੇ ਸਰਕਾਰ ਵੱਲੋਂ ਰਾਜਪਾਲ ਦੇ ਭਾਸ਼ਣ ਤੇ ਬਜਟ ਤਜਵੀਜ਼ਾਂ ਬਾਰੇ ਬਹਿਸ ਲਈ 3-3 ਬੈਠਕਾਂ ਰੱਖਣ ਦਾ ਫੈਸਲਾ ਲਿਆ ਹੈ।

ਪੰਜਾਬ ਮੰਤਰੀ ਮੰਡਲ ਵੱਲੋਂ ਪੰਜਾਬ ਵਿਧਾਨ ਸਭਾ ਦੇ ਬਜਟ ਸਮਾਗਮ ਲਈ ਪ੍ਰਵਾਨ ਕੀਤੇ ਗਏ ਪ੍ਰੋਗਰਾਮ ਅਨੁਸਾਰ ਰਾਜਪਾਲ ਸ਼ਿਵਰਾਜ ਪਾਟਿਲ ਬਜਟ ਸਮਾਗਮ ਦੀ ਪਲੇਠੀ ਬੈਠਕ ਦੌਰਾਨ 4 ਮਾਰਚ ਨੂੰ ਆਪਣਾ ਭਾਸ਼ਣ ਪੜ੍ਹਨਗੇ, ਜਦੋਂਕਿ 7 ਮਾਰਚ ਨੂੰ ਸ਼ੋਕ ਮਤੇ ਪਾਸ ਕਰਨ ਤੋਂ ਬਾਅਦ ਰਾਜਪਾਲ ਦੇ ਭਾਸ਼ਣ ਸਬੰਧੀ ਧੰਨਵਾਦ ਦੇ ਮਤੇ 'ਤੇ 8 ਤੇ 10 ਮਾਰਚ ਨੂੰ ਬਹਿਸ ਹੋਵੇਗੀ ਤੇ ਇਹ 2 ਦਿਨ ਸਵੇਰ ਸ਼ਾਮ ਦੋਹਰੀਆਂ ਬੈਠਕਾਂ ਰੱਖੇ ਜਾਣ ਦਾ ਪ੍ਰੋਗਰਾਮ ਹੈ। 10 ਮਾਰਚ ਨੂੰ ਰਾਜਪਾਲ ਦੇ ਭਾਸ਼ਣ 'ਤੇ ਧੰਨਵਾਦ ਦਾ ਮਤਾ ਪਾਸ ਕਰਨ ਤੋਂ ਬਾਅਦ 11 ਮਾਰਚ ਗੈਰ ਸਰਕਾਰੀ ਕੰਮਕਾਜ ਦਾ ਦਿਨ ਹੋਵੇਗਾ ਜਦੋਂਕਿ 14 ਮਾਰਚ ਨੂੰ ਬਾਅਦ ਦੁਪਹਿਰ ਦੀ ਬੈਠਕ ਵਿਚ ਰਾਜ ਦਾ 2011-12 ਲਈ ਸਾਲਾਨਾ ਬਜਟ ਪੇਸ਼ ਕੀਤਾ ਜਾਵੇਗਾ। ਬਜਟ 'ਤੇ ਬਹਿਸ 15, 16 ਤੇ 17 ਮਾਰਚ ਨੂੰ ਹੋਵੇਗੀ ਜਦੋਂਕਿ 18 ਮਾਰਚ ਨੂੰ ਮਾਲੀ ਮੰਗਾਂ ਤੇ ਬਜਟ ਨੂੰ ਪਾਸ ਕੀਤਾ ਜਾਣਾ ਹੈ। ਇਸ ਤੋਂ ਬਾਅਦ 24 ਮਾਰਚ ਗੈਰ ਸਰਕਾਰੀ ਕੰਮਕਾਜ ਦਾ ਦਿਨ ਹੋਵੇਗਾ ਜਦੋਂਕਿ 25 ਮਾਰਚ ਦੀ ਆਖਰੀ ਬੈਠਕ ਦੌਰਾਨ ਸਦਨ ਵੱਲੋਂ ਵਿਧਾਨਕ ਕੰਮਕਾਜ ਕੀਤਾ ਜਾਣਾ ਹੈ।

# ਹਾਈ ਕੋਰਟ ਦੇ ਹੁਕਮਾਂ 'ਤੇ ਪੰਜ 'ਦਾਗੀ ਪੁਲਿਸ ਅਫ਼ਸਰਾਂ' ਦੀ ਛੁੱਟੀ

## ਦੋ ਡੀ.ਐਸ.ਪੀ., ਇਕ ਥਾਣੇਦਾਰ ਤੇ ਦੋ ਸਿਪਾਹੀ ਹਟਾਏ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਦੋ ਉਪ ਪੁਲਿਸ ਕਪਤਾਨਾਂ (ਡੀ.ਐਸ.ਪੀਜ਼.) ਰਾਜਿੰਦਰਪਾਲ ਸਿੰਘ ਆਨੰਦ ਤੇ ਰਾਵਿੰਦਰ ਕੁਮਾਰ, ਏ.ਐਸ.ਆਈ. ਮਲਵਿੰਦਰ ਸਿੰਘ ਤੇ ਦੋ ਸਿਪਾਹੀਆਂ ਮਨਜੀਤ ਸਿੰਘ ਤੇ ਗੁਰਚਰਨ ਸਿੰਘ ਨੂੰ ਨੌਕਰੀਆਂ ਤੋਂ ਹਟਾ ਦਿੱਤਾ ਹੈ।

ਹਾਈ ਕੋਰਟ ਨੇ ਜਿਨ੍ਹਾਂ ਪੁਲਿਸ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਹਟਾਉਣ ਦੇ ਹੁਕਮ ਦਿੱਤੇ ਹਨ, ਇਨ੍ਹਾਂ ਚੋਂ ਜ਼ਿਆਦਾਤਰ ਨੂੰ ਖਾੜਕੂਵਾਦ ਦੌਰਾਨ ਦਰਜ ਹੋਏ ਕਤਲ ਦੇ ਮਾਮਲਿਆਂ ਵਿਚ ਹੇਠਲੀਆਂ ਅਦਾਲਤਾਂ ਨੇ ਉਮਰ ਕੈਦ ਦੀਆਂ ਸਜ਼ਾਵਾਂ ਸੁਣਾਈਆਂ ਹਨ।

ਖਾੜਕੂਵਾਦ ਨਾਲ ਜੁੜੇ ਕੇਸਾਂ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਬਾਰੇ ਪੰਜਾਬ ਸਰਕਾਰ ਤੇ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦਾ ਰਵੱਈਆ ਨਰਮ ਰਿਹਾ ਹੈ। ਪਿਛਲੇ ਦਿਨਾਂ ਦੌਰਾਨ ਹੀ ਰਾਜ ਸਰਕਾਰ ਵੱਲੋਂ 'ਦਾਗੀ ਪੁਲਿਸ ਅਫਸਰਾਂ' ਦੀਆਂ ਨਿਯੁਕਤੀਆਂ ਬਾਰੇ ਨੀਤੀ ਹਾਈ ਕੋਰਟ ਵਿਚ ਪੇਸ਼ ਕੀਤੀ ਗਈ ਸੀ। ਇਸ ਨੀਤੀ 'ਚ ਵੀ ਸਰਕਾਰ ਨੇ ਅਜਿਹੇ ਪੁਲਿਸ ਅਧਿਕਾਰੀਆਂ ਦੀ ਤਾਇਨਾਤੀ ਬਾਰੇ ਉਦਾਰਵਾਦੀ ਪਹੁੰਚ ਦਾ ਪ੍ਰਗਟਾਵਾ ਕੀਤਾ ਸੀ।

ਉੱਚ ਅਦਾਲਤ ਵੱਲੋਂ 17 ਫਰਵਰੀ ਨੂੰ ਸੁਣਾਏ ਫੈਸਲੇ ਰਾਹੀਂ ਕਤਲ ਦੇ ਕੇਸਾਂ ਵਿਚ ਸਖ਼ਤ ਸਜ਼ਾਵਾਂ ਹੋਣ ਤੋਂ ਬਾਅਦ ਵੀ ਪੰਜਾਬ ਪੁਲਿਸ ਵਿਚ ਨੌਕਰੀਆਂ 'ਤੇ ਬਰਕਰਾਰ ਚੱਲੇ ਆ ਰਹੇ ਦੋ ਉਪ ਪੁਲਿਸ ਕਪਤਾਨਾਂ, ਇਕ ਥਾਣੇਦਾਰ ਤੇ ਹੋਰਾਂ ਪੁਲਿਸ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਹਟਾਉਣ ਦੇ ਆਦੇਸ਼ ਦਿੱਤੇ ਸਨ।

ਬੈਂਚ ਨੇ ਆਪਣੇ ਇਸ ਹੁਕਮ ਵਿਚ ਸਰਕਾਰ ਨੂੰ ਇਹ ਵੀ ਨਿਰਦੇਸ਼ ਦਿੱਤੇ ਸਨ ਕਿ ਇਸ ਹੁਕਮ ਨੂੰ ਲਾਗੂ ਕਰਨ ਤੋਂ ਬਾਅਦ ਰਿਪੋਰਟ 21 ਫਰਵਰੀ ਤੱਕ ਅਦਾਲਤ ਨੂੰ ਦਿੱਤੀ ਜਾਵੇ। ਪੰਜਾਬ ਸਰਕਾਰ ਨੇ 21 ਫਰਵਰੀ ਨੂੰ ਸੁਣਵਾਈ ਮੌਕੇ ਇਕ ਦਿਨ ਦੀ ਹੋਰ ਮੋਹਲਤ ਮੰਗੀ ਸੀ ਤੇ ਅਦਾਲਤ ਨੇ ਪਟੀਸ਼ਨ 'ਤੇ ਸੁਣਵਾਈ 23 ਫਰਵਰੀ ਤੱਕ ਮੁਲਤਵੀ ਕਰ ਦਿੱਤੀ। ਪਟੀਸ਼ਨਰ ਨੇ ਹਾਈ ਕੋਰਟ ਵਿਚ ਦਾਖ਼ਲ ਪਟੀਸ਼ਨ ਰਾਹੀਂ ਕਿਹਾ ਹੈ ਕਿ ਰਾਜਿੰਦਰਪਾਲ ਸਿੰਘ ਆਨੰਦ ਨਾਮੀ ਡੀ.ਐਸ.ਪੀ. ਨੂੰ ਹੇਠਲੀ ਅਦਾਲਤ ਨੇ 16 ਦਸੰਬਰ 2007 ਨੂੰ ਧਾਰਾ 302 (ਕਤਲ) ਅਧੀਨ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਪਰ ਉਹ ਇਸ ਸਮੇਂ ਤੱਕ ਵੀ ਨੌਕਰੀ 'ਤੇ ਬਰਕਰਾਰ ਹੈ।

ਇਸੇ ਤਰ੍ਹਾਂ ਰਾਵਿੰਦਰ ਕੁਮਾਰ ਨਾਮੀ ਡੀ.ਐਸ.ਪੀ. ਨੂੰ ਵੀ 2003 ਵਿਚ ਕਤਲ ਦਾ ਦੋਸ਼ੀ ਮੰਨਦਿਆਂ ਹੇਠਲੀ ਅਦਾਲਤ ਨੇ ਸਜ਼ਾ ਸੁਣਾਈ ਸੀ ਪਰ ਪੁਲਿਸ ਨੇ ਇਸ ਅਧਿਕਾਰੀ ਨੂੰ ਕੁਝ ਸਮਾਂ ਮੁਅੱਤਲ ਰੱਖਣ ਤੋਂ ਬਾਅਦ ਨੌਕਰੀ 'ਤੇ ਬਹਾਲ ਕਰ ਦਿੱਤਾ ਸੀ।

ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਸੀ ਕਿ ਕਤਲ ਜਿਹੇ ਸੰਗੀਨ ਕੇਸਾਂ 'ਚ ਜਿਨ੍ਹਾਂ ਪੁਲਿਸ ਅਧਿਕਾਰੀਆਂ ਜਾਂ ਕਰਮਚਾਰੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ ਹਨ, ਉਨ੍ਹਾਂ ਦਾ ਨੌਕਰੀ 'ਤੇ ਕਾਇਮ ਰਹਿਣਾ ਨਹੀਂ ਬਣਦਾ।

ਅਦਾਲਤ ਮੁਤਾਬਕ ਹੇਠਲੀਆਂ ਅਦਾਲਤਾਂ ਦੇ ਫੈਸਲੇ ਨੂੰ ਚੁਣੌਤੀ ਦੇਣ ਲਈ ਸਜ਼ਾ ਯਾਫਤਾ ਵਿਅਕਤੀਆਂ ਨੇ ਜੋ ਅਪੀਲਾਂ ਦਾਇਰ ਕੀਤੀਆਂ ਹੋਈਆਂ ਹਨ, ਉਨ੍ਹਾਂ ਅਪੀਲਾਂ ਦਾ ਨਿਬੇੜਾ ਹੋਣ ਤੱਕ ਉਮਰ ਕੈਦ ਦੀਆਂ ਸਜ਼ਾਵਾਂ ਦਾ ਸਾਹਮਣਾ ਕਰ ਰਹੇ ਪੁਲਿਸ ਅਧਿਕਾਰੀਆਂ ਨੂੰ ਨੌਕਰੀਆਂ 'ਤੇ ਬਹਾਲ ਨਾ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਦਾ ਬਜਟ 24 ਮਾਰਚ ਨੂੰ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਅਧੀਨ ਆਉਂਦੇ ਸਮੂਹ ਗੁਰਦੁਆਰਾ ਸਹਿਬਾਨ, ਸਕੂਲਾਂ, ਕਾਲਜਾਂ, ਪ੍ਰਿੰਟਿੰਗ ਪ੍ਰੈਸਾਂ ਤੇ ਧਰਮ ਪ੍ਰਚਾਰ ਕਮੇਟੀ ਦੇ ਸਾਲ 2011-2012 ਦੇ ਬਜਟ ਨੂੰ ਪ੍ਰਵਾਨਗੀ ਦੇਣ ਲਈ ਬਜਟ ਇਜਲਾਸ 24 ਮਾਰਚ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਹੋਣ ਦੀ ਪੁਸ਼ਟੀ ਕੀਤੀ ਹੈ। ਇਕ ਵਿਸ਼ੇਸ਼ ਮੀਟਿੰਗ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਕਮੇਟੀ ਦੇ ਪ੍ਰਬੰਧਾਂ ਅਧੀਨ ਆਉਂਦੇ ਸਾਰੇ ਮੁਲਾਜ਼ਮਾਂ ਨੂੰ ਅੱਠ ਫੀਸਦੀ ਮਹਿੰਗਾਈ ਭੱਤਾ ਦਿੱਤਾ ਜਾਵੇਗਾ।

ਜਥੇਦਾਰ ਮੱਕੜ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਦੀ ਘੋਖ ਕਰ ਲਈ ਗਈ ਹੈ ਤੇ ਇਸ ਬਜਟ ਦੀ ਅੰਤਿਮ ਪ੍ਰਵਾਨਗੀ 24 ਮਾਰਚ ਨੂੰ ਹੋਣ ਵਾਲੇ ਇਜਲਾਸ ਵਿਚ ਲਈ ਜਾਵੇਗੀ। ਉਨ੍ਹਾਂ ਦੱਸਿਆ ਕਿ ਹੋਂਦ ਚਿੱਲੜ ਕਾਂਡ ਨਾਲ ਸਬੰਧਤ ਹਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਤੇ ਇਸ ਲਈ 50 ਲੱਖ ਰੁਪਏ ਰੱਖੇ ਗਏ ਹਨ। 26 ਸਾਲ ਪਹਿਲਾਂ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਇਕ ਕਰੋੜ ਰੁਪਏ ਸ਼੍ਰੋਮਣੀ ਕਮੇਟੀ ਦੇ ਬਜਟ 'ਚ ਰੱਖੇ ਗਏ ਹਨ ਤੇ ਪੀੜਤ ਪਰਿਵਾਰਾਂ ਦੇ ਜੋ ਬੱਚੇ ਵਿਦਿਅਕ ਯੋਗਤਾ ਪੂਰੀ ਕਰਦੇ ਹੋਣਗੇ, ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ 'ਚ ਨੌਕਰੀ ਵੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਦੀ ਤਰੀਕ ਪੇਸ਼ੀ ਸਮੇਂ ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਦੇ ਬਾਹਰ ਨਾਅਰੇ ਲਾ ਕੇ ਭੜਕਾਹਟ ਪੈਦਾ ਕਰਨ ਤੇ ਅਦਾਲਤ ਦੀ ਤੋਹੀਨ ਕਰਨ ਵਾਲੇ ਅਨਸਰਾਂ ਵਿਰੁਧ ਮਾਨਹਾਨੀ ਦਾ ਪਰਚਾ ਦਰਜ ਕਰਾਉਣ ਤੇ ਬੀਤੇ ਦਿਨੀਂ ਫਿਰੋਜ਼ਪੁਰ ਵਿਖੇ ਕੁਝ ਡਰਾਈਵਰਾਂ ਵੱਲੋਂ ਝਗੜੇ ਦੌਰਾਨ ਇਕ ਸਿੱਖ ਡਰਾਈਵਰ ਦੀ ਦਸਤਾਰ ਉਤਾਰ ਕੇ ਸਾੜਨ ਦੇ ਦੋਸ਼ੀਆਂ ਵਿਰੁਧ ਧਾਰਾ 295 ਏ ਦਾ ਪਰਚਾ ਦਰਜ ਕੀਤੇ ਜਾਣ ਦੀ ਮੰਗ ਦਾ ਮਤਾ ਪਾਸ ਕੀਤਾ ਹੈ।

ਇਸ ਤੋਂ ਇਲਾਵਾ ਕਮੇਟੀ ਨੇ ਵਿਦਿਆ ਦੇ ਪਸਾਰ ਲਈ ਪੰਥ ਦੇ ਮਹਾਨ ਜਰਨੈਲ ਅਕਾਲੀ ਫੂਲਾ ਸਿੰਘ ਦੀ ਯਾਦ ਨੂੰ ਸਮਰਪਿਤ ਸੰਗਰੂਰ ਜ਼ਿਲ੍ਹੇ ਵਿਚ ਉਨ੍ਹਾਂ ਦੇ ਜੱਦੀ ਪਿੰਡ ਡੇਹਲਾ ਵਿਖੇ ਪਬਲਿਕ ਸਕੂਲ, ਲੁਧਿਆਣਾ ਜ਼ਿਲ੍ਹੇ ਦੇ ਕੜਿਆਣ ਪਿੰਡ ਵਿਖੇ ਭਾਈ ਮਨੀ ਸਿੰਘ ਖਾਲਸਾ ਕਾਲਜ, ਜਗਰਾਓਂ ਵਿਖੇ ਪੋਲੀਟੈਕਨੀਕਲ ਕਾਲਜ ਤੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਗਾਗਾ ਵਿਖੇ ਕਾਲਜ ਖੋਲ੍ਹਣ ਦਾ ਫੈਸਲਾ ਕੀਤਾ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਤੇ ਗੁਰਦੁਆਰਾ ਬੀੜ ਸਾਹਿਬ ਵਿਖੇ ਕੜਾਹ ਪ੍ਰਸਾਦਿ ਦੇ ਕਾਊਂਟਰਾਂ ਲਈ 13 ਕੰਪਿਊਟਰ, ਬਾਬਾ ਬੁੱਢਾ ਜੀ ਪਬਲਿਕ ਸਕੂਲ ਲਈ ਦੋ ਬੱਸਾਂ, ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ 'ਚ ਸਿੱਖ ਮਿਸ਼ਨ ਸਥਾਪਤ ਕਰਨ, ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਗੁਰਦੁਆਰਾ ਸਾਹਿਬ ਦੇ ਨਾਲ ਲਗਦੀ 36 ਵਿਸਵੇ ਜ਼ਮੀਨ ਖ਼ਰੀਦੇ ਜਾਣ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਰਯਾਦਾ ਨੂੰ ਮੁੱਖ ਰੱਖਦਿਆਂ ਮੋਬਾਈਲ ਜੈਮਰ ਲਗਵਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਹੈ।

# ਸਾਇੰਸ ਮੁਕਾਬਲੇ ਵਿਚ ਭਾਰਤੀ ਵਿਦਿਆਰਥੀ ਅੱਗੇ

**ਹਿਊਸਟਨ:** ਅਮਰੀਕਾ ਦੇ ਸਿੱਖਿਆ ਖੇਤਰ 'ਚ ਅਹਿਮ ਪ੍ਰੀ ਕਾਲਜ ਸਾਇੰਸ ਮੁਕਾਬਲੇ ਇਨਟੈਲ ਸਾਇੰਸ ਟੇਲੈਂਟ ਸਾਇੰਸ ਖੋਜ ਲਈ ਚੁਣੇ 40 ਵਿਦਿਆਰਥੀਆਂ ਵਿਚੋਂ 9 ਭਾਰਤੀ ਮੂਲ ਦੇ ਅਮਰੀਕਨ ਹਨ। ਇਸ ਮੁਕਾਬਲੇ ਲਈ ਚੁਣੇ ਇਹ ਵਿਦਿਆਰਥੀ ਵਾਸ਼ਿੰਗਟਨ ਡੀ.ਸੀ. 'ਚ 10 ਤੋਂ 15 ਮਾਰਚ ਤੱਕ ਇਕੱਠੇ ਹੋ ਰਹੇ ਹਨ ਤੇ ਇਨ੍ਹਾਂ ਵਿਚ 630,000 ਹਜ਼ਾਰ ਅਮਰੀਕਨ ਡਾਲਰ ਦੇ ਇਨਾਮ ਲਈ ਮੁਕਾਬਲਾ ਹੋਵੇਗਾ। ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ 100,000 ਡਾਲਰ ਦਾ ਇਨਾਮ ਇਨਟੈਲ ਫਾਊਂਡੇਸ਼ਨ ਵੱਲੋਂ ਮਿਲੇਗਾ। ਇਹ ਪ੍ਰੋਗਰਾਮ ਸੁਸਾਇਟੀ ਫਾਰ ਸਾਇੰਸ ਐਂਡ ਦਿ ਪਬਲਿਕ (ਐਸ.ਐਸ.ਪੀ.) ਵੱਲੋਂ ਕਰਵਾਇਆ ਜਾਂਦਾ ਹੈ ਤੇ ਇਸ ਨੂੰ ਸਾਇੰਸ ਤੇ ਹਿਸਾਬ ਦਾ ਬੇਹੱਦ ਵਕਾਰੀ ਪ੍ਰਤਿਭਾ ਖੋਜ ਮੁਕਾਬਲਾ ਮੰਨਿਆ ਹੈ।





To Advertise with Punjab Times Call: 847-359-0746






# ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦੇ ਛੇਵੇਂ ਸਮਾਗਮ ਨੂੰ ਚੰਗਾ ਹੁੰਗਾਰਾ

**ਹੇਵਰਡ:** ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦੇ ਲੰਘੀ 20 ਫਰਵਰੀ ਨੂੰ ਹੋਏ 6ਵੇਂ ਸਾਲਾਨਾ ਸਮਾਗਮ ਨੂੰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਟਰਸਟ ਦੀ ਸਥਾਪਨਾ ਸਵਰਗਵਾਸੀ ਸ. ਜੰਗ ਸਿੰਘ ਗਿਆਨੀ ਅਤੇ ਸ਼ਾਇਰ ਆਜ਼ਾਦ ਜਾਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਹੋਈ ਸੀ। ਟਰਸਟ ਦਾ ਮੂਲ ਮਨੋਰਥ ਹਰ ਸਾਲ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਸਾਹਿਤ ਛਾਪ ਕੇ ਪਾਠਕਾਂ ਨੂੰ ਭੇਟ ਕਰਨਾ ਹੈ ਅਤੇ ਕਵੀ ਦਰਬਾਰਾਂ ਰਾਹੀਂ ਪਾਠਕਾਂ ਨੂੰ ਪੰਜਾਬੀ ਸਾਹਿਤ ਨਾਲ ਜੋੜਨਾ ਹੈ। ਨਵੀਆਂ ਪੁਸਤਕਾਂ ਦੀ ਚੋਣ ਅਤੇ ਛਪਵਾਉਣ ਦਾ ਜ਼ਿੰਮਾ ਡਾ. ਗੁਰੂਮੇਲ ਸਿੱਧੂ ਹੋਰਾਂ ਦਾ ਹੈ ਜੋ ਟਰਸਟ ਦੇ ਮੁੱਖ ਸੰਪਾਦਕ ਹਨ।

ਸਮਾਗਮ ਦਾ ਅਰੰਭ ਟਰਸਟ ਦੇ ਪ੍ਰਧਾਨ ਕੁਲਜੀਤ ਰਾਏ ਨੇ ਕਰਦਿਆਂ ਸ਼ਾਇਰ ਆਜ਼ਾਦ ਜਾਲੰਧਰੀ ਹੋਰਾਂ ਦੀ ਸ਼ਖਸੀਅਤ ਅਤੇ ਸਾਹਿਤ ਵਿਚ ਪਾਏ ਯੋਗਦਾਨ ਬਾਰੇ ਦੱਸਿਆ। ਉਪਰੰਤ ਆਜ਼ਾਦ ਜਾਲੰਧਰੀ ਨੇ ਸਵਰਗੀ ਜੰਗ ਸਿੰਘ ਗਿਆਨੀ ਹੋਰਾਂ ਦੀ ਸ਼ਖਸੀਅਤ, ਉਨ੍ਹਾਂ ਵਲੋਂ




ਗੁਰਬਾਣੀ ਦੇ ਪ੍ਰਚਾਰ ਲਈ ਕੀਤੇ ਕੰਮ ਅਤੇ ਉਨ੍ਹਾਂ ਦੀ ਸਾਹਿਤ ਰਚਨਾ ਉਤੇ ਚਾਨਣਾ ਪਾਇਆ।

ਇਸ ਉਪਰੰਤ ਡਾ. ਗੁਰੂਮੇਲ ਸਿੱਧੂ ਨੇ ਟਰਸਟ ਵਲੋਂ ਹੁਣ ਤੱਕ ਛਾਪੀਆਂ ਗਈਆਂ ਪੁਸਤਕਾਂ ਬਾਰੇ ਵੇਰਵਾ ਦਿੰਦਿਆ ਦੱਸਿਆ ਕਿ ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ:ਪਿਛੋਕੜ ਅਤੇ ਮਨੋਰਥ (2005), ਰੁਹਾਨੀ ਗ਼ਜ਼ਲਾਂ (ਜੰਗ ਸਿੰਘ ਗਿਆਨੀ, 2006), ਆਇਨਾ (ਡੀ.ਆਰ. ਧਵਨ, 2007), ਧਾਰਮਿਕ ਅਤੇ ਇਤਿਹਾਸਕ ਕਵਿਤਾਵਾਂ (ਜੰਗ ਸਿੰਘ ਗਿਆਨੀ ਅਤੇ ਆਜ਼ਾਦ ਜਾਲੰਧਰੀ, 2008), ਗ਼ਮ-ਏ-ਹਯਾਤ (ਆਜ਼ਾਦ ਜਾਲੰਧਰੀ, 2008), ਮਹਿਕ ਜਹੀ ਮੁਸਕਾਨ (ਹਰਭਜਨ ਸਿੰਘ ਬੈਂਸ, 2009), ਬਿਰਹੜੇ (ਸੰਤੋਖ ਸਿੰਘ ਧੀਰ, 2009) ਨਾਂ ਦੀਆਂ ਸੱਤ ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਜਾ ਚੁਕੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਦੋ ਨਵੀਆਂ ਪੁਸਤਕਾਂ ਪਾਠਕਾਂ ਦੀ ਨਜ਼ਰ ਕੀਤੀਆਂ ਗਈਆਂ। ਪਹਿਲੀ ਪੁਸਤਕ ਇੰਗਲੈਂਡ ਦੇ ਵਿਦਵਾਨ ਸ. ਗੁਰਬਚਨ ਸਿੰਘ ਸਿੱਧੂ ਦੀ ਲਿਖੀ ਹੋਈ "ਪੰਜਾਬ ਅਤੇ ਪੰਜਾਬੀਅਤ" (ਅੰਗ੍ਰੇਜ਼ੀ ਵਿਚ) ਦੀ ਮੂੰਹ ਦਿਖਾਈ ਡਾ. ਮਹਿੰਦਰ ਸਿੰਘ ਮਦਾਨ ਨੇ ਕੀਤੀ। ਦੂਜੀ ਪੁਸਤਕ ਡਾ. ਗੁਰੂਮੇਲ ਸਿੰਘ ਸਿੱਧੂ ਦੀ ਲਿਖੀ "ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ:ਅਕਾਦਮਿਕ ਵਿਸ਼ਲੇਸ਼ਣ" ਰਿਲੀਜ਼ ਕਰਨ ਦੀ ਰਸਮ ਡਾ. ਜਨਮੇਜਾ ਸਿੰਘ ਨੇ ਨਿਭਾਈ। ਇਹ ਪੁਸਤਕਾਂ ਆਏ ਸਜਣਾਂ ਵਿਚ ਕੁਲਜੀਤ ਰਾਏ ਨੇ ਵੰਡੀਆਂ ਅਤੇ ਉਸ ਦੀ ਮਦਦ ਗੁਰਦਾਵਰ ਸਿੰਘ ਮਾਨ ਅਤੇ ਪਾਲ ਰਾਏ ਨੇ ਕੀਤੀ। ਤੀਸਰੀ ਪੁਸਤਕ "ਫਲਾਈ ਓਵਰ" ਕਹਾਣੀਕਾਰ ਕਰਮ ਸਿੰਘ ਮਾਨ ਦੀ ਸੀ ਜਿਸ ਦੀ ਮੂੰਹ ਦਿਖਾਈ ਗੁਰਚਰਨ ਸਿੰਘ ਫਲਕ ਨੇ ਕੀਤੀ।




ਇਸ ਮੌਕੇ ਪਿਛਲੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਤਿੰਨ ਸਾਹਿਤਕਾਰਾਂ- ਪ੍ਰੋ. ਆਤਮਜੀਤ ਸਿੰਘ, ਅਜਾਇਬ ਕਮਲ ਅਤੇ ਡਾ. ਸੁਤਿੰਦਰ ਸਿੰਘ ਨੂਰ ਨੂੰ ਸ਼ਰਧਾਂਜਲੀ ਪੇਸ਼ ਕੀਤੀ ਗਈ। ਡਾ. ਆਤਮਜੀਤ ਸਿੰਘ ਬਾਰੇ ਚਾਰ ਸ਼ਬਦ ਡਾ. ਮਹਿੰਦਰ ਸਿੰਘ ਮਦਾਨ ਨੇ ਕਹੇ ਅਤੇ ਕਮਲ ਤੇ ਡਾ. ਨੂਰ ਦੀ ਸਾਹਿਤਕ ਦੇਣ ਬਾਰੇ ਕੁਝ ਸ਼ਬਦ ਡਾ. ਗੁਰੂਮੇਲ ਸਿੱਧੂ ਨੇ ਕਹੇ। ਗੀਤ ਸੰਗੀਤ ਅਤੇ ਕਵੀ ਦਰਬਾਰ ਦੇ ਪ੍ਰੋਗਰਾਮ



ਦਾ ਸੰਚਾਲਨ ਹਰਜਿੰਦਰ ਕੰਗ ਨੇ ਕੀਤਾ। ਗਾਇਕ ਤਰਲੋਕ ਸਿੰਘ, ਭਜਨ ਸਿੰਘ ਭਜਨ, ਸੁਖਦੇਵ ਸਾਹਿਲ ਅਤੇ ਸੁਲਤਾਨ ਅਖਤਰ ਨੇ ਆਪਣੀ ਸੁਰੀਲੀ ਆਵਾਜ਼ ਵਿਚ ਕੁਝ ਗੀਤ ਅਤੇ ਗਜ਼ਲਾਂ ਆਖ ਕੇ ਮਹਿਫਲ ਨੂੰ ਸੁਰਮਈ ਬਣਾਇਆ। ਮਿਊਜ਼ਿਕ ਦਾ ਪ੍ਰਬੰਧ ਬਲਬੀਰ ਥਿੰਦ ਅਤੇ ਵਿਜੇ ਕੁਮਾਰ ਨੇ ਕੀਤਾ। ਕਵੀ ਦਰਬਾਰ ਵਿਚ ਡਾ. ਗੁਰੂਮੇਲ ਸਿੱਧੂ, ਹਰਜਿੰਦਰ ਸਿੰਘ ਕੰਗ, ਕੁਲਵਿੰਦਰ, ਸੁਰਿੰਦਰ ਸੀਰਤ, ਜਗਜੀਤ ਨੌਸ਼ਹਿਰਵੀ, ਈਸ਼ਰ ਸਿੰਘ ਮੋਮਨ, ਨੀਲਮ ਸੈਣੀ, ਨਵਨੀਤ ਪੰਨੂੰ, ਕਮਲ ਬੰਗਾ, ਸੁਰਜੀਤ ਕੌਰ ਸੁਰਜੀਤ, ਗੁਰਚਰਨ ਸਿੰਘ ਫਲਕ, ਗੁਰਦੇਵ ਸਿੰਘ ਘਣਗਸ, ਕੁਲਦੀਪ ਸਿੰਘ ਢੀਂਡਸਾ, ਪ੍ਰਮਿੰਦਰ ਸਿੰਘ ਪ੍ਰਵਾਨਾ, ਦਿਲ ਨਿੱਝਰ ਆਦਿ ਨੇ ਸ਼ਿਰਕਤ ਕੀਤੀ। ਆਜ਼ਾਦ ਜਾਲੰਧਰੀ ਦੀ ਅਚਾਨਕ ਤਬੀਅਤ ਖਰਾਬ ਹੋਣ ਕਰਕੇ ਉਹ ਕਵੀ ਦਰਬਾਰ ਵਿਚ ਭਾਗ ਨਾ ਲੈ ਸਕੇ। ਗੀਤ-ਸੰਗੀਤ ਅਤੇ ਕਵੀ ਦਰਬਾਰ ਦਾ ਸਿੱਧਾ ਪ੍ਰਸਾਰਨ ਮਾਨ ਬ੍ਰਦਰਜ਼ ਵਲੋਂ ਚਲਾਏ ਜਾ ਰਹੇ ਰੇਡੀਓ 'ਚੜ੍ਹਦੀ ਕਲਾ' ਨੇ ਕੀਤਾ।

ਪ੍ਰੋਗਰਾਮ ਦੇ ਅਖੀਰ ਵਿਚ ਟਰਸਟ ਦੀ ਤਰਫੋਂ ਸ੍ਰੀ ਕੁਲਜੀਤ ਰਾਏ ਨੇ ਆਏ ਸਮੂਹ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

# ਜੱਗ ਵਿਚ ਰੱਬ ਨੇ ਬਣਾਏ ਬੰਦੇ ਇਕੋ ਜਿਹੇ...

**ਫਰਿਜ਼ਨੋ (ਐਸ. ਅਸ਼ੋਕ ਭੌਰਾ):** "ਆਪਣੇ ਅੰਤਰ ਵਿਰੋਧੀ ਦੁਸ਼ਟਾਂ-ਕਾਮ, ਕ੍ਰੋਧ,





ਲੋਭ, ਮੋਹ, ਹੰਕਾਰ ਨੂੰ ਕਾਬੂ ਕਰ ਕੇ ਹੀ ਮਨੁੱਖ, ਮਨੁੱਖ ਬਣਨ ਦਾ ਸੰਕਲਪ ਪੈਦਾ ਕਰ ਸਕਦਾ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ ਇਨ੍ਹਾਂ ਨੂੰ ਕਾਬੂ ਕਰਨ ਦਾ ਤਰੀਕਾ ਨਹੀਂ ਲੱਭ ਰਿਹਾ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੋਂ ਨਜ਼ਦੀਕ ਸ਼ੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਸਾਹਿਬ ਗੁਰਦੁਆਰਾ ਵਿਖੇ ਗੁਰੂ ਰਵਿਦਾਸ ਜੀ ਦੇ 634ਵੇਂ ਪ੍ਰਕਾਸ਼ ਦਿਵਸ 'ਤੇ ਲੰਘੇ ਐਤਵਾਰ ਹੋਏ ਸਮਾਗਮ ਦੌਰਾਨ ਗਿਆਨੀ ਬਲਵੀਰ ਸਿੰਘ ਸੰਧੂ (ਸਿਖਿਆਰਥੀ ਬ੍ਰਹਮ ਗਿਆਨ ਯੂਨੀਵਰਸਿਟੀ 'ਪ੍ਰਭੁ ਮਿਲਣੇ ਕੋ ਚਾਓ' ਮੋਗਾ) ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਵਾਹਿਗੁਰੂ, ਪਰਮਾਤਮਾ ਜਾਂ ਈਸ਼ਵਰ ਨੂੰ ਮਿਲਣ ਦੀ ਵਿਧੀ ਗੁਰਬਾਣੀ ਦੇ ਮਾਧਿਅਮ ਰਾਹੀਂ ਸੰਗਤਾਂ ਨੂੰ ਵਿਸਥਾਰ ਸਹਿਤ ਸਮਝਾਈ। ਅਸਲ ਵਿਚ ਇਹ ਨਿਵੇਕਲਾ ਪ੍ਰੋਗਰਾਮ ਸਮੂਹ ਸਾਧ-ਸੰਗਤ ਵੱਲੋਂ ਬਹੁਤ ਇਕਾਗਰਤਾ ਨਾਲ ਸੁਣਿਆ ਅਤੇ ਸਲਾਹਿਆ ਗਿਆ।

ਦੀਵਾਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਗੁਰੂਘਰ ਦੇ ਹੈਡ ਗ੍ਰੰਥੀ ਭਾਈ ਗੁਰਮੇਲ ਸਿੰਘ ਨੇ ਅਰਦਾਸ ਕਰ ਕੇ ਹੁਕਮਨਾਮਾ ਲਿਆ ਅਤੇ ਭਾਈ ਬਲਵੀਰ ਸਿੰਘ ਸੰਧੂ ਦੇ ਪ੍ਰੋਗਰਾਮ ਮਗਰੋਂ ਬਜ਼ੁਰਗ ਢਾਡੀ ਗਿਆਨੀ ਮੋਹਨ ਸਿੰਘ ਕੰਗਰੌੜ ਦੇ ਜਥੇ ਨੇ ਗੁਰੂ ਜੀ ਦੇ ਜੀਵਨ ਪ੍ਰਥਾਏ ਵਾਰਾਂ ਪੇਸ਼ ਕਰ ਕੇ ਸੰਗਤ ਨੂੰ ਦੱਸਿਆ ਕਿ ਕਿਵੇਂ ਗੁਰੂ ਰਵਿਦਾਸ ਜੀ ਨੇ ਬਾਣੀ ਤੇ ਗੁਰਬਾਣੀ ਰਾਹੀਂ ਸਮਝਾਇਆ ਕਿ ਜਾਤ-ਪਾਤ ਦੀ ਕਾਣੀ ਵੰਡ ਵਿਚ ਲਤਾੜੀ ਮਨੁੱਖਤਾ ਨੂੰ ਗਲ ਲਾ ਕੇ ਵੱਡੇ-ਵੱਡੇ ਰਾਜੇ-ਮਹਾਰਜਿਆਂ ਦਾ ਹੰਕਾਰ ਦੂਰ ਕਰ ਕੇ 'ਛੋਟ ਵੱਡੇ ਸਭ ਸਾਰ ਵਸੇਂ ਰਵਿਦਾਸ ਰਹੇ ਪ੍ਰਸੰਨ' ਦਾ ਉਪਦੇਸ਼ ਦਿੱਤਾ। ਜਥੇ ਦੇ ਬੁਲਾਰੇ ਸੁਖਵਿੰਦਰ ਸਿੰਘ ਗਿੱਲ ਨੇ ਗੁਰੂ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਆਖ਼ਰ ਵਿਚ ਪੰਜਾਬੀ ਗਾਇਕ ਸੁਖਵਿੰਦਰ ਪੰਛੀ ਨੇ ਅੱਧੀ ਦਰਜਨ ਤੋਂ ਵੱਧ ਗੀਤਾਂ ਨਾਲ ਗੁਰੂ ਜੀ ਦੇ ਸੰਘਰਸ਼ਮਈ ਜੀਵਨ 'ਤੇ ਪ੍ਰਸੰਗਨੁਮਾ ਪ੍ਰੋਗਰਾਮ ਪੇਸ਼ ਕੀਤਾ। ਪੰਛੀ ਦੀਆਂ ਇਹ ਸਤਰਾਂ:

ਜੱਗ ਵਿਚ ਰੱਬ ਨੇ ਬਣਾਏ ਬੰਦੇ ਇਕੋ ਜਿਹੇ  
ਨੱਕ, ਕੰਨ, ਅੱਖ, ਮੁੱਖ ਇਕ ਪ੍ਰਕਾਰ ਦਾ।  
ਸੂਰਜ ਨ੍ਹੀਂ ਕਹਿੰਦਾ  
ਧੁੱਪੇ ਬੈਠੇ ਨਾ ਚਮਾਰ ਕੋਈ  
ਚੰਦ ਵੀ ਨਹੀਂ 'ਕੱਲਿਆਂ  
ਬ੍ਰਾਹਮਣਾਂ ਨੂੰ ਠਾਰਦਾ।  
ਇਹ ਅੱਗ, ਪੌਣ, ਪਾਣੀ  
ਸੁੱਖ ਦਿੰਦੇ ਸਾਰੇ ਇਕੋ ਜਿਹਾ  
ਇਹ ਧਰਤੀ ਨਹੀਂ ਕਹਿੰਦੀ  
ਭਾਰ ਲੱਗੇ ਚਮਿਆਰ ਦਾ।  
ਫੇਰ ਕਿਉਂ ਹਨ੍ਹੇਰ ਇੰਨਾ  
ਆਇਆ ਸੀ ਜਹਾਨ ਉਤੇ  
ਬੰਦੇ ਤਾਈਂ ਬੰਦਾ  
ਕੁੱਤੇ ਵਾਂਗੂੰ ਦੁਤਕਾਰਦਾ।

ਕੌਮੀ ਸੰਦੇਸ਼ ਦੇ ਰੂਪ ਵਿਚ ਬੇਹੱਦ ਪ੍ਰਸੰਦ ਕੀਤੀਆਂ ਗਈਆਂ। ਇਸ ਮੌਕੇ ਟਰਾਂਸਪੋਰਟਰ ਪਾਲ ਸਹੋਤਾ, ਗਿੱਲ ਇੰਸ਼ੋਰੈਂਸ ਦੇ ਹੈਰੀ ਗਿੱਲ ਅਤੇ ਸੈਂਟਰਲ ਵੈਲੀ ਇੰਜੀਨੀਅਰਿੰਗ ਦੇ ਨਰਿੰਦਰ ਸਿੰਘ ਸਹੋਤਾ ਨੂੰ ਸਭਾ ਵੱਲੋਂ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ। ਮਾਸਟਰ ਗੁਰਬਖ਼ਸ਼ ਸਿੰਘ ਤੇ ਗਿਆਨੀ ਦੇਵ ਰਾਜ ਨੇ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਪੂਰੀ ਭੱਜ-ਨੱਠ ਕੀਤੀ। ਸਭਾ ਦੇ ਪ੍ਰਧਾਨ ਰਾਮ ਲੋਕ, ਮੀਤ ਪ੍ਰਧਾਨ ਬਲਵੰਤ ਸਿੰਘ, ਖ਼ਜ਼ਾਨਚੀ ਲਖਵਿੰਦਰ ਸਿੰਘ ਸੰਧੂ ਲਾਲੀ, ਚੇਅਰਮੈਨ ਗੁਰਬਚਨ ਸਿੰਘ, ਉਪ ਚੇਅਰਮੈਨ ਰਾਜਿੰਦਰ ਸਿੰਘ ਗਾਂਧੀ ਤੋਂ ਇਲਾਵਾ ਮੱਖਣ ਸਿੰਘ, ਵਿਜੈ ਕੁਮਾਰ ਪੋਟਰਵੈਲ, ਗੀਤਕਾਰ ਪੀਟਾ ਚੰਦੇਲੀਵਾਲਾ, ਪੱਪੀ ਭਦੌੜ, ਚੰਚਲ ਸਿੰਘ ਤੇ ਮਰਹੂਮ ਸੰਤ ਰਾਮ ਨਰ ਦਾ ਸਾਰਾ ਪਰਿਵਾਰ ਜਿਸ ਵੱਲੋਂ ਇਸ ਦਿਹਾੜੇ ਦੀ ਸਾਰੀ ਸੇਵਾ ਨਿਭਾਈ ਗਈ, ਹਾਜ਼ਰ ਸੀ। ਅੰਤ ਵਿਚ ਗਿਆਨੀ ਦੇਵ ਰਾਜ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਗੁਰੂਘਰ ਦੇ ਕਰੀਬ ਸੱਤ ਏਕੜ ਰਕਬੇ ਵਿਚ ਫਲਦਾਰ ਬੂਟੇ ਲਗਾਉਣ ਤੇ ਅਗਲੇ ਪ੍ਰੋਗਰਾਮਾਂ ਲਈ ਸਹਿਯੋਗ ਦੇਣ ਦੀ ਬੇਨਤੀ ਕੀਤੀ।








# ਪੰਜਾਬ ਪੁਲਿਸ ਦਾ ਜਾਂਬਾਜ਼ ਅਤੇ ਇਮਾਨਦਾਰ ਅਫ਼ਸਰ ਆਈ.ਜੀ. ਸੰਜੀਵ ਕਾਲੜਾ

ਚਲਦੇ-ਫਿਰਦੇ



ਮਨਦੀਪ ਮਾਨ
ਫੋਨ:661-889-1927

ਆਈ.ਜੀ. ਸੰਜੀਵ ਕਾਲੜਾ ਪੰਜਾਬ ਪੁਲਿਸ ਦੇ ਉਨ੍ਹਾਂ ਚੰਦ ਕੁ ਪੁਲਿਸ ਅਫ਼ਸਰਾਂ ਵਿਚੋਂ ਇਕ ਹੈ ਜੋ ਆਪਣੀ ਡਿਊਟੀ, ਆਪਣਾ ਧਰਮ ਅਤੇ ਫ਼ਰਜ਼ ਸਮਝ ਕੇ ਲੋਕਾਂ ਦੀ ਸੇਵਾ ਕਰਦੇ ਹਨ। ਪੰਜਾਬ ਪੁਲਿਸ ਬਾਰੇ ਜਾਣਕਾਰੀ ਰੱਖਣ ਵਾਲੇ ਲੋਕ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਸੰਜੀਵ ਕਾਲੜਾ ਆਪਣੀ ਕਹਿਣੀ ਤੇ ਕਰਨੀ ਦੇ ਬੜੇ ਪੱਕੇ ਹਨ। ਅੱਜ ਜਦ ਹਰ ਮਹਿਕਮੇ ਵਿਚ ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ, ਉਚ ਅਫ਼ਸਰ ਹੁੰਦਿਆਂ ਵੀ ਸ੍ਰੀ ਕਾਲੜਾ ਉਤੇ ਅੱਜ ਤਕ ਇਕ ਵੀ ਪੈਸਾ ਕਿਸੇ ਤੋਂ ਲੈਣ ਦਾ ਇਲਜ਼ਾਮ ਨਹੀਂ ਲੱਗਿਆ। ਇਸ ਬਾਰੇ ਉਹ ਖੁੱਲ੍ਹ ਕੇ ਕਹਿੰਦੇ ਹਨ ਕਿ ਅਫ਼ਸਰ ਵਜੋਂ ਉਨ੍ਹਾਂ ਨੂੰ ਜੋ ਤਨਖ਼ਾਹ ਮਿਲਦੀ ਹੈ, ਉਸ ਨਾਲ ਉਨ੍ਹਾਂ ਦੇ ਜੀਵਨ ਦਾ ਗੁਜ਼ਾਰਾ ਬਹੁਤ ਚੰਗੀ ਤਰ੍ਹਾਂ ਹੁੰਦਾ ਹੈ, ਤੇ ਸਭ ਤੋਂ ਵੱਡੀ ਗੱਲ ਤਾਂ ਸਬਰ-ਸੰਤੋਖ ਦੀ ਹੈ।

28 ਫ਼ਰਵਰੀ 1966 ਨੂੰ ਸ੍ਰੀ ਚਾਨਣ ਦਾਸ ਅਤੇ ਸ੍ਰੀਮਤੀ ਸੁਦੇਸ਼ ਰਾਣੀ ਦੇ ਘਰ ਫ਼ਿਰੋਜ਼ਪੁਰ ਵਿਚ ਜਨਮੇ ਸ੍ਰੀ ਕਾਲੜਾ ਦਾ ਬਚਪਨ ਤੋਂ ਹੀ ਸੁਫ਼ਨਾ ਪੁਲਿਸ ਅਫ਼ਸਰ ਬਣਨ ਦਾ ਸੀ ਜਿਸ ਲਈ ਉਨ੍ਹਾਂ ਖ਼ੂਬ ਮਿਹਨਤ ਕੀਤੀ। ਆਪਣੀ ਮੁੱਢਲੀ ਵਿਦਿਆ ਉਨ੍ਹਾਂ ਫ਼ਿਰੋਜ਼ਪੁਰ ਤੋਂ ਪੂਰੀ ਕੀਤੀ ਅਤੇ ਉਸ ਤੋਂ ਬਾਅਦ ਪੰਜਾਬ ਇੰਜੀਨੀਅਰਿੰਗ ਕਾਲਜ, ਚੰਡੀਗੜ੍ਹ ਤੋਂ ਇੰਜੀਨੀਅਰਿੰਗ ਦੀ ਡਿਗਰੀ 1986 ਵਿਚ ਹਾਸਲ ਕੀਤੀ। ਉਸ ਤੋਂ ਬਾਅਦ ਆਈ ਪੀ ਐਸ ਦਾ ਇਮਤਿਹਾਨ ਪਾਸ ਕਰ ਕੇ



*ਆਈ.ਜੀ. ਸੰਜੀਵ ਕਾਲੜਾ*

ਉਹ 1989 ਵਿਚ ਭਾਰਤੀ ਪੁਲਿਸ ਸੇਵਾਵਾਂ (ਆਈ.ਪੀ.ਐਸ.) ਲਈ ਚੁਣੇ ਗਏ। ਆਪਣੀ ਮੁੱਢਲੀ ਪੁਲਿਸ ਟਰੇਨਿੰਗ ਹੈਦਰਾਬਾਦ ਨੈਸ਼ਨਲ ਪੁਲਿਸ ਅਕੈਡਮੀ ਵਿਚ ਕਰਨ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਪੋਸਟਿੰਗ 1991 ਵਿਚ ਤਰਨਤਾਰਨ ਏ.ਐਸ.ਪੀ. ਦੇ ਤੌਰ 'ਤੇ ਹੋਈ। ਬਾਅਦ ਵਿਚ ਉਹ ਐਸ.ਪੀ. ਫਗਵਾੜਾ ਬਣ ਗਏ, ਤੇ ਉਸ ਪਿੱਛੋਂ ਪੁਲਿਸ ਵਿਭਾਗ ਦੀਆਂ ਨੀਤੀਆਂ ਮੁਤਾਬਕ ਤਰੱਕੀ ਕਰਦੇ ਪਹਿਲਾਂ ਐਸ.ਐਸ.ਪੀ., ਫਿਰ ਡੀ.ਆਈ.ਜੀ. ਅਤੇ ਹੁਣ ਬਤੌਰ ਆਈ.ਜੀ. ਕੰਮ ਕਰ ਰਹੇ ਹਨ।

ਐਸ.ਐਸ.ਪੀ. ਦੇ ਤੌਰ 'ਤੇ ਉਹ ਮੋਗਾ, ਹੁਸ਼ਿਆਰਪੁਰ, ਨਵਾਂ ਸ਼ਹਿਰ ਆਦਿ ਜ਼ਿਲ੍ਹਿਆਂ ਵਿਚ ਤਾਇਨਾਤ ਰਹੇ। ਉਨ੍ਹਾਂ ਦਾ ਕੰਮ ਕਰਨ ਦਾ ਢੰਗ ਵੀ ਵਿਲੱਖਣ ਹੈ। ਉਹ ਥਾਣਿਆਂ ਦੀ ਚੈਕਿੰਗ ਕਰਨ ਵੇਲੇ ਵੱਖ-ਵੱਖ ਤਰ੍ਹਾਂ ਦੇ ਭੇਸ ਧਾਰਨ ਕਰ ਲੈਂਦੇ ਹਨ। ਕਦੇ ਦੋਧੀ ਬਣ ਕੇ, ਕਦੇ ਸਬਜ਼ੀ ਵਾਲਾ ਬਣ ਕੇ ਅਤੇ ਕਦੇ ਕੋਈ ਗ਼ਰੀਬ ਫ਼ਰਿਆਦੀ ਬਣ ਕੇ; ਕਿਉਂਕਿ ਉਹ ਦੇਖਣਾ ਚਾਹੁੰਦੇ ਸਨ ਕਿ ਥਾਣਿਆਂ ਵਿਚ ਆਮ ਲੋਕਾਂ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੈ। ਜਿਸ ਮੁਲਾਜ਼ਮ ਨੇ ਬੇਰੁਖ਼ੀ ਨਾਲ ਪੇਸ਼ ਆਉਣਾ, ਉਸ ਦੀ ਉਹ ਤੁਰੰਤ ਮੁਅੱਤਲੀ ਕਰ ਦਿੰਦੇ ਜਿਸ ਕਾਰਨ ਜਿਸ ਜ਼ਿਲ੍ਹੇ ਵਿਚ ਵੀ ਉਹ ਐਸ.ਐਸ.ਪੀ. ਰਹੇ, ਉਥੇ ਦੇ ਥਾਣਿਆਂ ਵਿਚ ਲੋਕਾਂ ਦੀ ਸੁਣਵਾਈ ਬੜੇ ਵਧੀਆ ਢੰਗ ਨਾਲ ਹੁੰਦੀ ਕਿਉਂਕਿ ਮੁਲਾਜ਼ਮਾਂ ਅੰਦਰ ਖ਼ੌਫ਼ ਹੁੰਦਾ ਸੀ ਕਿ ਕਾਲੜਾ ਸਾਹਿਬ ਕਿਸੇ ਵੀ ਭੇਸ ਵਿਚ ਆ ਸਕਦੇ ਹਨ। ਉਸ ਤੋਂ ਬਾਅਦ ਉਨ੍ਹਾਂ ਦੀ ਤਰੱਕੀ ਡੀ.ਆਈ.ਜੀ. ਵਜੋਂ ਹੋ ਗਈ ਅਤੇ ਉਹ ਪਹਿਲਾਂ ਡੀ.ਆਈ.ਜੀ. ਫ਼ਰੀਦਕੋਟ ਅਤੇ ਡੀ ਆਈ ਜੀ ਪ੍ਰਸਾਸ਼ਨ ਰਹੇ, ਫਿਰ ਪੁਲਿਸ ਦੇ ਐਨ.ਆਰ. ਆਈ. ਮਹਿਕਮੇ ਦੇ ਇੰਚਾਰਜ ਰਹੇ।

ਇਸ ਤੋਂ ਬਾਅਦ ਉਨ੍ਹਾਂ ਦੀ ਤਰੱਕੀ ਆਈ.ਜੀ. ਵਜੋਂ ਹੋ ਗਈ ਅਤੇ ਉਹ ਮਾਰਚ 2007 ਵਿਚ ਆਈ.ਜੀ. ਜ਼ੋਨਲ ਇੰਚਾਰਜ ਬਣੇ। ਜਲੰਧਰ ਅਤੇ ਲੁਧਿਆਣਾ ਦੋਵੇਂ ਜ਼ਿਲ੍ਹੇ ਉਨ੍ਹਾਂ ਦੇ ਕੰਟਰੋਲ ਹੇਠ ਸਨ। ਉਹ ਇਸ ਅਹੁਦੇ ਉਪਰ ਪੂਰੇ ਤਿੰਨ ਸਾਲ ਚਾਰ ਮਹੀਨੇ ਰਹੇ ਅਤੇ ਆਈ.ਜੀ. ਦੇ ਤੌਰ 'ਤੇ ਇੰਨਾ ਲੰਮਾ ਸਮਾਂ ਰਹਿਣ ਵਾਲੇ ਉਹ ਪੰਜਾਬ ਦੇ ਪਹਿਲੇ ਆਈ.ਜੀ. ਹਨ।

ਸ੍ਰੀ ਕਾਲੜਾ ਰੱਬ ਦਾ ਭੈਅ ਮੰਨਣ ਵਾਲੇ ਇਨਸਾਨ ਹਨ ਜਿਹੜੇ ਖੁੱਲ੍ਹ ਕੇ ਕਹਿੰਦੇ ਹਨ ਕਿ ਕਿਸੇ ਨਾਲ ਨਾਜਾਇਜ਼ ਧੱਕਾ ਨਹੀਂ ਹੋਣ ਦੇਣਾ; ਗ਼ਲਤ ਨੂੰ ਗ਼ਲਤ ਅਤੇ ਸਹੀ ਨੂੰ ਸਹੀ ਕਹਿਣਾ ਹੈ। ਉਨ੍ਹਾਂ ਦਾ ਕੰਮ ਕਰਨ ਦਾ ਢੰਗ ਵੀ ਬੜਾ ਪਾਰਦਰਸ਼ੀ ਹੈ ਅਤੇ ਆਪਣੇ ਨਾਲ ਕੰਮ ਕਰਨ ਵਾਲੇ ਅਫ਼ਸਰਾਂ ਨਾਲ ਵੀ ਉਹ ਬੜੀ ਲਿਆਕਤ ਨਾਲ ਪੇਸ਼ ਆਉਂਦੇ ਹਨ।

ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਦੌਰਾਨ ਉਨ੍ਹਾਂ ਦੇ ਪੈਰ ਵਿਚ ਗੋਲੀ ਲੱਗ ਗਈ ਸੀ ਪਰ ਉਹ ਆਪਣੀ ਡਿਊਟੀ ਪ੍ਰਤੀ ਹਮੇਸ਼ਾ ਨਿਸ਼ਠਾਵਾਨ ਰਹੇ। ਉਨ੍ਹਾਂ ਕਦੇ ਵੀ ਕਿਸੇ ਨੌਜਵਾਨ ਨੂੰ ਨਾਜਾਇਜ਼ ਹਿਰਾਸਤ ਵਿਚ ਨਹੀਂ ਲਿਆ। ਨਾ ਹੀ ਉਹ ਤਸ਼ੱਦਦ ਕਰਨ ਵਿਚ ਯਕੀਨ ਰੱਖਦੇ ਹਨ। ਉਹ ਕਹਿੰਦੇ ਹਨ ਕਿ ਵਿਅਕਤੀ ਨੂੰ ਅਪਰਾਧੀ ਬਣਨ ਤੋਂ ਰੋਕਣ ਲਈ ਉਸ ਦੀ ਮਨੋਦਸ਼ਾ ਠੀਕ ਕੀਤੀ ਜਾਣੀ ਚਾਹੀਦੀ ਹੈ, ਨਾ ਕਿ ਕੁਟਾਪਾ ਚਾੜ੍ਹ ਕੇ ਉਸ ਨੂੰ ਜੇਲ੍ਹ ਭੇਜ ਦੇਣਾ ਚਾਹੀਦਾ ਹੈ ਜਿਥੋਂ ਅਕਸਰ ਲੋਕ ਅਪਰਾਧੀ ਬਣ ਕੇ ਹੀ ਬਾਹਰ ਨਿਕਲਦੇ ਹਨ।

ਆਪਣੀ ਪੁਲਿਸ ਸੇਵਾ ਦੌਰਾਨ ਉਨ੍ਹਾਂ ਨੂੰ ਗੈਲੰਟਰੀ ਐਵਾਰਡ ਅਤੇ ਪ੍ਰਾਕਰਮ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ।

ਪੁਲਿਸ ਅਫ਼ਸਰ ਉਪਰ ਪੈਂਦੇ ਸਿਆਸੀ ਦਬਾਅ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਿਸੇ ਅਫ਼ਸਰ ਉਪਰ ਨਿਰਭਰ ਕਰਦਾ ਹੈ ਕਿ ਉਹ ਸਿਆਸੀ ਦਬਾਅ ਨੂੰ ਕਿਸ ਤਰੀਕੇ ਨਾਲ ਲੈਂਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਉਪਰ ਕਦੇ ਵੀ ਕਿਸੇ ਨੇ ਸਿਆਸੀ ਦਬਾਅ ਨਹੀਂ ਪਾਇਆ। ਆਪਣੇ ਵਿਹਲ ਦੇ ਸਮੇਂ ਅਤੇ ਸ਼ੌਕ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਬਾਗ਼ਬਾਨੀ ਉਨ੍ਹਾਂ ਦਾ ਮੁੱਖ ਸ਼ੌਕ ਹੈ। ਇਸ ਤੋਂ ਇਲਾਵਾ ਉਹ ਪੰਜਾਬੀ ਦੇ ਭੰਗੜੇ ਦੇ ਗੀਤ ਅਤੇ ਪੁਰਾਣੇ ਹਿੰਦੀ ਗਾਣੇ, ਖ਼ਾਸ ਤੌਰ 'ਤੇ ਕਿਸ਼ੋਰ ਕੁਮਾਰ ਦੇ ਗਾਏ ਹੋਏ ਗਾਣੇ, ਸੁਣਨਾ ਪਸੰਦ ਕਰਦੇ ਹਨ।

ਅੱਜ ਕੱਲ੍ਹ ਸ੍ਰੀ ਕਾਲੜਾ ਪੰਜਾਬ ਦੇ ਮੁੱਖ ਮੰਤਰੀ ਅਤੇ ਗਵਰਨਰ ਦੀ ਸਕਿਉਰਟੀ ਦੇ ਇੰਚਾਰਜ ਹਨ ਅਤੇ ਆਪਣੀ ਪਤਨੀ ਸ੍ਰੀਮਤੀ ਗੀਤਾਂਜਲੀ ਕਾਲੜਾ, ਬੇਟੇ ਮਾਨਕ ਅਤੇ ਬੇਟੀ ਗੁਲ ਨਾਲ ਆਪਣੀ ਖ਼ੁਬਸੂਰਤ ਜ਼ਿੰਦਗੀ ਜਿਉ ਰਹੇ ਹਨ। ਰੱਬ ਇਸ ਰੱਜੀ ਰੂਹ ਵਾਲੇ ਇਨਸਾਨ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਵੇ ਅਤੇ ਇਸੇ ਤਰ੍ਹਾਂ ਹੀ ਉਹ ਲੋਕ-ਸੇਵਾ ਵਿਚ ਲੱਗੇ ਰਹਿਣ, ਤੇ ਜ਼ਿੰਦਗੀ ਵਿਚ ਆਉਣ ਵਾਲੀ ਹਰ ਮੁਸ਼ਕਲ ਦੀ ਘੜੀ ਵਿਚ ਚੱਟਾਨ ਦੀ ਤਰ੍ਹਾਂ ਅਡੋਲ ਰਹਿਣ!









# ਹਰਦੇਵ ਸਿੰਘ ਆਰਟਿਸਟ ਦੀਆਂ ਗੱਲਾਂ



ਗੱਲ ਸ਼ੁਰੂ ਕਰਦਾ ਉਹ ਕਹਿੰਦਾ ਹੈ, "ਮੇਰਾ ਨਾਮ ਹਰਦੇਵ ਸਿੰਘ ਹੈ। ਪੰਜਾਬ ਦੇ ਸਿੱਖ ਪਰਿਵਾਰ ਵਿਚ ਜੰਮਿਆ। ਕੰਕਰ, ਠੀਕਰੀਆਂ ਇਕੱਠੀਆਂ ਕਰਨ ਲਈ ਸੰਸਾਰ ਘੁੰਮਿਆ। ਮੇਰੇ ਕੰਮਾਂ ਦੀਆਂ ਨੁਮਾਇਸ਼ਾਂ ਲੱਗੀਆਂ, ਛਪੀਆਂ, ਫਿਲਮਾਂ ਬਣੀਆਂ, ਦਾਦ ਮਿਲੀ, ਨਿਖੇਧੀ ਹੋਈ ਤੇ ਨਜ਼ਰ-ਅੰਦਾਜ਼ ਹੋਇਆ। ਮੈਨੂੰ ਪ੍ਰਸਿਧੀ ਦੀ ਤਲਾਸ਼ ਨਹੀਂ ਰਹੀ। ਰਚਨਾ ਕਰਨ ਤੋਂ ਮਹੀਨ ਤੇ ਵਿਸ਼ਾਲ ਅਨੁਭਵ ਹੋਰ ਕੋਈ ਨਹੀਂ। ਇਸੇ ਕਰਕੇ ਹੁਣ ਤੱਕ ਪੇਂਟਿੰਗ ਕਰ ਰਿਹਾ ਹਾਂ, ਇਹ ਮੈਨੂੰ ਚੰਗੀ ਲਗਦੀ ਹੈ। ਜਦੋਂ ਮੈਂ ਗੁਰੂ ਜੀ ਦੀ ਪੰਕਤੀ 'ਮੇਰੀ ਸੇਜੜੀਐ ਆਡੰਬਰ ਬਣਿਆ। ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ।' ਪੜ੍ਹੀ, ਮੈਂ ਹੈਰਾਨ ਰਹਿ ਗਿਆ ਕਿ ਕਿਵੇਂ ਲਕੀਰਾਂ ਨਾਲ ਇਕ ਅੱਖਰ ਬਣ ਜਾਂਦਾ ਹੈ, ਇਕ ਵਿਅਰਥ ਜਿਹੀ ਨਿਸ਼ਾਨੀ ਹੁੰਦੀ ਹੈ ਅੱਖਰ। ਇਸ ਵਿਚੋਂ ਕਿਵੇਂ

ਹਰਪਾਲ ਸਿੰਘ ਪੰਨੂ

ਅਚਾਨਕ ਆਵਾਜ਼ ਪੈਦਾ ਹੋ ਜਾਂਦੀ ਹੈ ਤੇ ਹੋਰ ਅੱਖਰ ਨਾਲ ਜੁੜਕੇ ਸ਼ਬਦ ਬਣਕੇ, ਅੱਖਰ ਅਰਥ ਦੇ ਦਿੰਦੇ ਹਨ। ਖੂਬਸੂਰਤ ਸ਼ਾਇਰੀ ਦਾ ਪ੍ਰਕਾਸ਼ ਹੋ ਜਾਂਦਾ ਹੈ। ਕੀ ਇਹ ਕਰਾਮਾਤ ਨਹੀਂ? ਇਸ ਪੰਕਤੀ ਦੇ ਦਸ ਸ਼ਬਦ ਹਨ, ਹਰੇਕ ਸ਼ਬਦ ਆਪਣੇ ਆਪ ਵਿਚ ਸੰਪੂਰਨ ਹੈ, ਯਾਨੀ ਕਿ ਇਕ ਧੁਨ ਹੈ, ਸਾਰੇ ਮਿਲਕੇ ਰਾਗ ਹੋ ਜਾਂਦੇ ਹਨ। ਇਸ ਪੰਕਤੀ ਦੇ ਆਧਾਰ 'ਤੇ ਮੈਂ ਦਸ ਪੇਂਟਿੰਗਜ਼ ਬਣਾਈਆਂ, ਹਰੇਕ ਪੇਂਟਿੰਗ ਆਪਣੇ ਆਪ ਵਿਚ ਸੰਪੂਰਨ ਹੈ ਪਰ ਸਾਰੀਆਂ ਦਾ ਇਕ ਦੂਜੀ ਨਾਲ ਸਬੰਧ ਹੈ।

ਮੈਂ ਗੱਲਾਂ ਕੀਤੀਆਂ, ਵਿਚਾਰ ਵਟਾਂਦਰੇ ਕੀਤੇ, ਖਾਮੋਸ਼ ਰਿਹਾ। ਬਹੁਤ ਸਾਰੇ ਦੋਸਤ ਬਣੇ।

ਮੇਰਾ ਕਰਤਾਰੀ ਕਾਰਜ ਤਬਦੀਲ ਹੋਣ ਦਾ ਇੱਛੁਕ ਹੈ ਪਰ ਇਹ ਕਿਸ ਨਵੀਂ ਦਿਸ਼ਾ ਵਿਚ ਜਾਏਗਾ, ਦੱਸਣੋ ਇਨਕਾਰੀ ਹੈ। ਇਹ ਦਵੰਧ ਹੈ। ਮੈਂ ਅਬੋਧ ਛੋਕਰਾ ਹਾਂ ਜਿਹੜਾ ਦਿਲ ਦੇ ਆਖੇ ਲੱਗ ਕੇ ਘਰੋਂ ਦੌੜ ਜਾਏ। ਇਹ ਨਹੀਂ ਪਤਾ, ਕਿਥੇ ਜਾ ਰਿਹਾਂ। ਏਨਾ ਪੱਕਾ ਪਤਾ ਹੈ, ਜਿਥੇ ਜਾਵਾਂਗਾ ਉਥੇ ਕੋਈ ਮੇਰਾ ਉਡੀਕਵਾਨ ਹੈ। ਇਸ ਨੂੰ ਪਿਆਰ ਕਹੋ, ਮੌਤ, ਆਰਟ, ਸੱਚ, ਆਪੇ ਦੀ ਪਛਾਣ, ਅਨੰਦ ਨਾਲ ਇਕਸੁਰਤਾ, ਬਗਾਵਤ, ਜੋ ਮਰਜ਼ੀ ਕਹੋ, ਇਹ ਸਾਰੇ ਉਸੇ ਦੇ ਨਾਮ ਹਨ ਜਿਸ ਦਾ ਕੋਈ ਨਾਂ ਨਹੀਂ। ਮੈਨੂੰ ਆਵਾਜ਼ ਸੁਣਾਈ ਦਿੰਦੀ ਹੈ, ਮੈਂ ਪਰਿਵਾਰ, ਰੱਬ, ਪਿੰਡ ਛੱਡ ਕੇ ਬਿਨਾਂ ਪਿੱਛੇ ਦੇਖਿਆਂ ਉਸ ਆਵਾਜ਼ ਨਾਲ ਟਕਰਾਉਣ ਵਾਸਤੇ ਤੁਰ ਪੈਂਦਾ ਹਾਂ। ਜਦੋਂ ਮੈਂ ਪੂਰੇ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਮੈਨੂੰ ਮੇਰੀ ਮੰਜ਼ਲ ਦਾ ਪਤਾ ਨਹੀਂ ਤਾਂ ਇਹ ਮੇਰੀ ਨਿਰਛਲਤਾ ਦਾ ਸਬੂਤ ਹੈ। ਜੋ ਮੈਂ ਨਹੀਂ ਜਾਣਦਾ, ਕੀ ਪੁਜਾਰੀ, ਨੀਤੀ-ਸ਼ਾਸਤਰੀ ਜਾਂ ਦਾਰਸ਼ਨਿਕ ਉਸ ਬਾਰੇ ਕੁਝ ਜਾਣਦੇ ਹਨ?"

ਦਸਵੀਂ ਵਿਚ ਪੜ੍ਹਦਿਆਂ ਉਸ ਨਾਲ ਇਕ ਘਟਨਾ ਘਟੀ। ਸੁਲਤਾਨਪੁਰ ਦੇ ਨੰਦ ਲਾਲ ਹਾਂਡਾ ਹੈਡਮਾਸਟਰ, ਪੜ੍ਹਾਉਣ ਆ ਗਏ। ਹਰਦੇਵ ਸਿੰਘ ਨੇ ਦੱਸਿਆ, 'ਉਹ ਲੰਮਾ, ਸੁਨੱਖਾ ਤੇ ਗੋਰੇ ਰੰਗ ਦਾ ਜੁਆਨ ਸੀ। ਸਾਨੂੰ ਕੋਈ ਪਤਾ ਨੀ ਸੀ ਹਾਂਡੇ ਕੌਣ ਹੁੰਦੇ ਹਨ, ਉਹਦਾ ਸੁਨਹਿਰੀ ਰੰਗ ਦੇਖ ਕੇ ਅਸੀਂ ਅੰਦਾਜ਼ਾ ਲਾਇਆ ਕਿ ਉਹ ਸੁਨਿਆਰਾ ਹੋਵੇਗਾ। ਅੰਗਰੇਜ਼ੀ ਪੜ੍ਹਾਉਂਦਾ ਸੀ। ਉਸ ਨੇ ਕਲਾਸ ਵਿਚ ਕਿਹਾ ਕਿ ਸੋਮਵਾਰ ਨੂੰ ਫਲਾਣੀ ਕਿਤਾਬ ਅਤੇ ਫਲਾਣੀ ਕਾਪੀ ਲੈ ਕੇ ਆਇਓ। ਬਹੁਤੇ ਬੱਚੇ ਸੋਮਵਾਰ ਨੂੰ ਇਹ ਕਿਤਾਬ ਕਾਪੀ ਨਾ ਲਿਆਏ। ਹੁਸ਼ਿਆਰਪੁਰੋਂ ਮਿਲਣੀ ਸੀ, ਘਰ ਦਾ ਕੋਈ ਜੀਅ ਜਾਏਗਾ ਤੇ ਲਿਆਏਗਾ ਤਾਂ ਬਸਤੇ ਵਿਚ ਪਾ ਲਵਾਂਗੇ, ਨਹੀਂ ਫਿਰ ਕੀ ਚਾਰਾ ਹੈ? ਜਿਨ੍ਹਾਂ ਕੋਲ ਕਾਪੀਆਂ ਕਿਤਾਬਾਂ ਨਹੀਂ ਸਨ, ਉਹ ਖੜ੍ਹੇ ਕਰ ਲਏ। ਹੱਥਾਂ 'ਤੇ ਬੈਂਤ ਵੱਜਣ ਲੱਗੇ। ਮੈਨੂੰ ਕਿਹਾ ਗਿਆ ਕਿ ਹੱਥ ਅੱਗੇ ਕਰ। ਮੈਂ ਹੱਥ ਅੱਗੇ ਕਰਕੇ ਉਸ ਤੋਂ ਬੈਂਤ ਖੋਹ ਲਿਆ ਤੇ ਕਿਹਾ, 'ਮਾਰ ਕੇ ਵਖਾ।' ਹਾਂਡਾ ਗੁੱਸੇ ਵਿਚ ਤਾਂ ਸੀ ਹੀ, ਹੁਣ ਬੌਖਲਾਹਟ ਵਿਚ ਆ ਗਿਆ। ਡੰਡਾ ਉਥੇ ਛੱਡ ਕੇ ਕਿਹਾ, 'ਬਾਪੂ ਨੂੰ ਬੁਲਾ ਕੇ ਲਿਆ।' ਬਾਪੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ। ਉਹ ਹੈਡਮਾਸਟਰ ਨੂੰ ਮਿਲੇ। ਹੈਡਮਾਸਟਰ ਨੇ ਕਿਹਾ, 'ਤੁਹਾਡਾ ਮੁੰਡਾ ਪੜ੍ਹਨ ਨੂੰ ਮਿਹਨਤੀ ਹੈ, ਇਹ ਮੈਰਿਟ ਵਿਚ ਆਵੇਗਾ। ਇਸ ਕਰਕੇ ਰਿਆਇਤ ਕਰਦੇ ਹਾਂ ਕਿ ਜੇ ਇਹ ਮਾਫੀ ਮੰਗ ਲਵੇ ਤਾਂ ਠੀਕ, ਨਹੀਂ ਤਾਂ ਸਕੂਲੋਂ ਕੱਢ ਦਿਆਂਗੇ।' ਸਾਰੇ ਮਨਾਉਣ ਲਗੇ। ਝਿੜਕਾਂ ਤੇ ਮਿੰਨਤਾਂ ਦੋਵੇਂ ਹਥਿਆਰ ਚੱਲੇ ਤਾਂ ਮੰਨ ਗਿਆ।

ਕਿਹਾ ਸਵੇਰ ਦੀ ਪ੍ਰਾਰਥਨਾ ਸਭਾ ਵਕਤ ਸਕੂਲ ਦੇ ਸਾਹਮਣੇ ਹੈਡਮਾਸਟਰ ਹਾਂਡਾ ਤੋਂ ਮੁਆਫੀ ਮੰਗ ਲਏ ਤਾਂ ਮਾਫ ਕਰ ਦਿਆਂਗੇ।

ਅਗਲੇ ਦਿਨ ਸਵੇਰੇ ਹਰਦੇਵ ਨੂੰ ਪੇਸ਼ ਕੀਤਾ ਗਿਆ। ਉਹ ਹਾਂਡਾ ਦੇ ਨਜ਼ਦੀਕ ਗਿਆ ਤੇ ਉਚੀ ਆਵਾਜ਼ ਵਿਚ ਕਿਹਾ, 'ਮੈਂ ਮਾਫੀ ਨਹੀਂ ਮੰਗਣੀ ਕਿਉਂਕਿ ਮੇਰੀ ਕੋਈ ਗਲਤੀ ਨਹੀਂ।' ਸਕੂਲ ਸੁੰਨ ਹੋ ਗਿਆ। ਇੱਕੋ ਵਿਦਿਆਰਥੀ ਮੈਰਿਟ ਵਿਚ ਆਉਣ ਦੇ ਕਾਬਲ, ਉਹੋ ਕੱਢਣਾ ਪੈ ਰਿਹਾ ਸੀ। ਮੈਨੇਜਮੈਂਟ ਨੇ ਫੈਸਲਾ ਕੀਤਾ ਕਿ ਇਸ ਸਕੂਲ ਵਿਚ ਤਾਂ ਇਹਨੂੰ ਰਹਿਣ ਨਹੀਂ ਦੇਣਾ, ਲਾਗਲੇ ਪਿੰਡ ਇਸੇ ਸਕੂਲ ਦੀ ਬ੍ਰਾਂਚ ਹੈ, ਉਥੇ ਬਦਲ ਦਿੰਦੇ ਹਾਂ। ਸਾਲ 1950 ਵਿਚ ਉਥੋਂ ਸ਼ਾਨਦਾਰ ਨੰਬਰ ਲੈ ਕੇ ਦਸਵੀਂ ਕੀਤੀ ਤੇ ਮੈਰਿਟ ਵਿਚ ਆਇਆ।

ਫਾਈਨ ਆਰਟਸ ਕਾਲਜ ਦਿੱਲੀ ਵਿਚ ਦਾਖਲ ਹੋਇਆ ਜਿਥੋਂ 1955 ਵਿਚ ਨੈਸ਼ਨਲ ਡਿਪਲੋਮਾ ਪ੍ਰਾਪਤ ਕੀਤਾ। ਫਿਰ ਸ਼ਾਂਤੀ ਨਿਕੇਤਨ ਡਿਗਰੀ ਕਰਨ ਵਾਸਤੇ ਚਲਾ ਗਿਆ। ਉਨ੍ਹੀਂ ਦਿਨੀਂ ਸ਼ਾਂਤੀ ਨਿਕੇਤਨ ਕਲਾ-ਪ੍ਰੇਮੀਆਂ ਦਾ ਮੱਕਾ ਸੀ। ਉਥੇ ਮਹਾਨ ਬੁੱਤ-ਤਰਾਸ਼ ਰਾਮ ਕਿੰਕਰ ਅਤੇ ਹਰਦੇਉ ਨੂੰ ਮਿਲਿਆ। ਇਸ ਨਵੇਂ ਕਲਾਕਾਰ ਨੂੰ ਸ਼ਾਂਤੀ-ਨਿਕੇਤਨ ਪਸੰਦ ਨਹੀਂ ਆਇਆ। ਬੰਗਾਲੀਆਂ ਦੀਆਂ ਗੱਲਾਂ, ਖਾਣਾ-ਪੀਣਾ, ਚਾਲ-ਢਾਲ, ਕੁਝ ਵੀ ਠੀਕ ਨਾ ਲੱਗਾ। ਹਰਦੇਉ ਨੇ ਕਿਹਾ, 'ਤੇਰੀ ਉਦਾਸੀ ਸਮਝ ਵਿਚ ਆਉਂਦੀ ਹੈ ਜੁਆਨ, ਤੇਰੇ ਵਾਸਤੇ ਇਥੇ ਕੁਝ ਨਹੀਂ, ਲਾਹੌਰ ਦਾ ਸਕੂਲ ਆਫ ਆਰਟ ਦਿੱਲੀ ਆ ਗਿਆ ਹੈ, ਡੂੰਘੇ ਹਿਰਦੇ ਵਾਲਾ ਕਲਾਕਾਰ ਧਨਰਾਜ ਭਗਤ ਉਥੇ ਹੈ, ਮੈਂ ਤੈਨੂੰ ਉਸ ਦੇ ਨਾਮ ਚਿੱਠੀ ਦਿੰਦਾ ਹਾਂ, ਉਥੇ ਤੇਰਾ ਕਲਿਆਣ ਹੋਏਗਾ।' ਦਿੱਲੀ ਆ ਗਿਆ। ਧਨਰਾਜ ਤੋਂ ਇਲਾਵਾ ਜਿਹੜੇ ਹੋਰ ਕਲਾਕਾਰ ਇਥੇ ਅਧਿਆਪਕ ਸਨ ਉਨ੍ਹਾਂ ਵਿਚ ਮਹਾਂਰਾਸ਼ਟਰ ਦੇ ਦਿਨਕਰ ਕੌਸਰ, ਬੰਗਾਲ ਦੇ ਸੇਲੋਜ ਮੁਕਰਜੀ, ਭਾਬੇਸ਼ ਸਾਨਿਆਲ ਤੇ ਪੰਜਾਬ ਦੇ ਹਰਕਿਸ਼ਨ ਲਾਲ ਸਨ।

ਆਰਟ ਹਿਸਟਰੀ ਦਾ ਹੰਗੇਰੀਅਨ ਪ੍ਰੋਫੈਸਰ ਡਾ. ਚਾਰਲਸ ਫੈਬਰੀ, ਜੀਨੀਅਸ ਸੀ। ਜੈਪੁਰ ਦੇ ਮਹਾਰਾਜੇ ਨੇ ਦਿੱਲੀ ਸਥਿਤ ਆਪਣਾ ਮਹਿਲ ਪੰਡਤ ਜਵਾਹਰ ਲਾਲ ਨਹਿਰੂ ਨੂੰ ਦੇ ਦਿੱਤਾ ਤਾਂ ਕਿ ਇਸ ਵਿਚ ਨੈਸ਼ਨਲ ਗੈਲਰੀ ਆਫ ਮਾਡਰਨ ਆਰਟਸ ਵਿਕਸਿਤ ਕੀਤੀ ਜਾਏ। ਮਹਿੰਦਰ ਸਿੰਘ ਰੰਧਾਵਾ ਉਦੋਂ ਦਿੱਲੀ ਦੇ ਡਿਪਟੀ ਕਮਿਸ਼ਨਰ, ਉਤਮ ਕਲਾ ਪਾਰਖੂ ਸਨ। ਹਰਦੇਵ ਸਿੰਘ, ਰੰਧਾਵਾ ਸਾਹਿਬ ਨੂੰ ਮਿਲਿਆ ਤੇ ਬੇਨਤੀ ਕੀਤੀ, 'ਨੈਸ਼ਨਲ ਆਰਟ ਗੈਲਰੀ ਮੈਂ ਸਥਾਪਤ ਕਰਾਂਗਾ।' ਪਰਖਦਿਆਂ ਕਿ ਇਸ ਜੁਆਨ ਨੂੰ ਵਿਸ਼ਵ ਦੀਆਂ ਆਰਟ ਸ਼ੈਲੀਆਂ ਦੀ ਚੰਗੀ ਵਾਕਫੀ ਹੈ, ਇਹ ਜ਼ਿੰਮੇਦਾਰੀ ਸੌਂਪ ਦਿੱਤੀ। ਮਹਿਲ ਵਿਚ ਰਿਹਾਇਸ਼ ਕਰਨ ਦੀ ਮਨਾਹੀ ਸੀ, ਅਰਜ਼ ਕੀਤੀ, 'ਇਹ ਗੁਸਲਖਾਨਾ ਕਿੰਨਾ ਵੱਡਾ ਹੈ, ਪੱਖਾ ਵੀ ਲੱਗਾ ਹੋਇਆ ਹੈ, ਇਸੇ ਵਿਚ ਰਹਿ ਲਵਾਂਗਾ', ਆਗਿਆ ਮਿਲ ਗਈ।

ਪਿੰਡੋਂ ਮਿਸਤਰੀਆਂ ਦਾ ਟੋਲਾ ਲੈ ਗਿਆ। ਦੀਵਾਰਾਂ ਦੇ ਨਾਲ-ਨਾਲ ਇਕ ਕੰਧ ਤੋਂ ਦੂਜੀ ਤੱਕ, ਪਾਈਪ ਉਪਰ ਦੋ-ਦੋ ਹੁੱਕਾਂ ਨਾਲ ਲਟਕਾਉਣ ਵਾਲੇ ਲੱਕੜੀ ਦੇ ਫੱਟਿਆਂ ਦੇ ਫਰੇਮ ਬਣਵਾਏ ਜਿਨ੍ਹਾਂ ਉਪਰ ਪੇਂਟਿੰਗਜ਼ ਟੰਗਣੀਆਂ ਸਨ। ਪੇਂਟਿੰਗਜ਼ ਟੰਗਣ ਲਈ ਇਹ ਪੋਰਟੇਬਲ ਤਰੀਕਾ ਬਾਦ ਵਿਚ ਕਈ ਆਰਟ ਗੈਲਰੀਆਂ ਵਿਚ ਇਸਤੇਮਾਲ ਕੀਤਾ ਗਿਆ। ਸਾਲ 1956 ਨੂੰ ਸ਼ੁਰੂ ਕਰਕੇ 1959 ਵਿਚ ਆਰਟ ਗੈਲਰੀ ਮੁਕੰਮਲ ਕਰ ਦਿੱਤੀ। ਡਾ. ਰਾਧਾ ਕ੍ਰਿਸ਼ਨਨ ਉਪ ਰਾਸ਼ਟਰਪਤੀ ਸਨ। ਉਨ੍ਹਾਂ ਨੂੰ ਮਿਲ ਕੇ ਅਰਜ਼ ਕੀਤੀ ਕਿ ਗੈਲਰੀ ਦਾ ਉਦਘਾਟਨ ਕਰਨ ਆਓ। ਪ੍ਰਵਾਨਗੀ ਮਿਲ ਗਈ, ਦਿਨ ਨਿਸ਼ਚਿਤ ਹੋ ਗਿਆ। ਸ਼ਾਨਦਾਰ ਉਦਘਾਟਨੀ ਸਮਾਰੋਹ ਹੋਇਆ। ਐਜੂਕੇਸ਼ਨ ਮੰਤਰੀ ਹਮਾਯੂੰ ਕਬੀਰ ਆਏ। ਆਰਟ ਕਰਿਟਿਕ ਮੁਲਕ ਰਾਜ ਅਨੰਦ ਆਏ। ਸਾਰੀ ਵਿਉਂਤਬੰਦੀ ਮਹਿੰਦਰ ਸਿੰਘ ਰੰਧਾਵਾ ਦੀ ਨਿਗਰਾਨੀ ਵਿਚ ਹੋਈ।

ਸਾਲ 1959 ਵਿਚ ਰੋਮ ਜਾਣ ਵਾਸਤੇ ਅਰਜ਼ੀ ਪਾਈ, ਜਵਾਬ ਆਇਆ, 'ਤੁਹਾਨੂੰ ਫੈਲੋਸ਼ਿਪ ਲਈ ਚੁਣਿਆ ਗਿਆ ਹੈ। ਹਾਜ਼ਰ ਹੋਵੋ।' ਉਦੋਂ ਆਮ ਲੋਕ ਹਵਾਈ ਜਹਾਜ਼ ਵਿਚ ਸਫਰ ਨਹੀਂ ਕਰਦੇ ਸਨ। ਬੰਬੇ ਤੋਂ ਨੇਪਲਜ਼ ਤੱਕ ਸਮੁੰਦਰੀ ਜਹਾਜ਼ ਰਾਹੀਂ ਸਫਰ ਕਰਨਾ ਸੀ। ਸਾਰਾ ਪਰਿਵਾਰ ਪਿੰਡੋਂ ਦਿੱਲੀ ਵਿਦਾ ਕਰਨ ਵਾਸਤੇ ਆ ਗਿਆ। ਰੇਲਵੇ ਸਟੇਸ਼ਨ 'ਤੇ ਖਲੋਤੇ ਸਨ। ਟਰੇਨ ਆ ਲੱਗੀ। ਸਾਮਾਨ ਟਿਕਾਇਆ, ਸਭ ਨੂੰ ਮਿਲਿਆ। ਗੱਡੀ ਚੱਲ ਪਈ। ਪੰਜ ਸੱਤ ਮਿੰਟ ਬਾਅਦ ਕੀ ਦੇਖਿਆ ਕਿ ਮਾਂ ਇਕ ਸੀਟ ਉਪਰ ਛਿਪੀ ਬੈਠੀ ਸੀ, ਉਠ ਕੇ ਹਰਦੇਵ ਨਜ਼ਦੀਕ ਜਾ ਬੈਠੀ। ਹਰਦੇਵ ਨੇ ਕਿਹਾ, 'ਇਹ ਤੂੰ ਕੀ ਕੀਤਾ ਮਾਂ? ਗੱਡੀ ਵਿਚ ਕਿਉਂ ਚੜ੍ਹ ਆਈ?' ਮਾਂ ਨੇ ਡੁਬਡੁਬਾਈਆਂ ਅੱਖਾਂ ਨਾਲ ਕਿਹਾ, 'ਤੈਨੂੰ ਭੇਜਣ ਨੂੰ ਦਿਲ ਨਹੀਂ ਕਰਦਾ ਹਰਦੇਵ। ਚਲ ਇਉਂ ਕਰਦੇ ਆਂ, ਮੈਂ ਬੰਬਈ ਤੋਂ ਵਾਪਸ ਆ ਜਾਊਂਗੀ। ਨਾਲੇ ਉਹ ਸੀਟ ਦੇਖ ਲਊਂਗੀ ਜਿਸ 'ਤੇ ਬੈਠ ਕੇ ਤੂੰ ਪਰਦੇਸ ਜਾਏਂਗਾ।' ਟੀ ਟੀ ਨਾਲ ਗੱਲ ਕੀਤੀ।

ਉਸ ਨੇ ਕਿਹਾ, 'ਕੋਈ ਗੱਲ ਨੀਂ। ਸੀਟ ਹੈਗੀ। ਮੈਂ ਟਿਕਟ ਬਣਾ ਦਿੰਨਾਂ।' ਮਾਂ ਪੁੱਤ ਗੱਲਾਂ ਕਰਦੇ ਬੰਬੇ ਪੁੱਜ ਗਏ। ਆਗਿਆ ਲੈ ਕੇ ਕਿ ਮਾਂ ਨੂੰ ਜਹਾਜ਼ ਦਿਖਾਉਣਾ ਹੈ, ਦੋਵੇਂ ਜਹਾਜ਼ ਅੰਦਰ ਲੰਘ ਗਏ। ਗੱਲਾਂ ਕਰਦੇ ਰਹੇ। ਏਨੇ ਨੂੰ ਸੀਟੀ ਵੱਜੀ। ਘੜਿਆਲ ਖੜਕੇ। ਐਲਾਨ ਹੋਇਆ ਕਿ ਯਾਤਰੂਆਂ ਨੂੰ ਛੱਡਣ ਆਏ ਬੰਦੇ ਉਤਰ ਜਾਣ, ਤੁਰਨ ਦਾ ਵਕਤ ਹੋ ਗਿਐ। ਮਾਂ ਉਠੀ, ਕਿਹਾ, 'ਹਰਦੇਵ, ਇਹ ਤੇਰੇ ਕੇਸ ਬੜੇ ਪਿਆਰੇ ਨੇ। ਦੁੱਧ ਦਹੀਂ ਨਾਲ ਧੋ-ਧੋ ਸ਼ਿੰਗਾਰਦੀ ਸੀ। ਇਨ੍ਹਾਂ ਦੀ ਬੇਅਦਬੀ ਨਾ ਕਰੀਂ। ਤੂੰ ਪਰਦੇਸ ਚੱਲਿਐਂ। ਪਤਾ ਨਹੀਂ ਉਥੇ ਕਿਹੋ ਜਿਹੀ ਜ਼ਿੰਦਗੀ ਐ। ਮਜਬੂਰੀ ਵਸ ਜੇ ਕਦੀ ਕੇਸ ਕਟਾਉਣੇ ਪੈ ਜਾਣ, ਫੇਰ ਮੈਨੂੰ ਆਪਣਾ ਮੂੰਹ ਨਾ ਦਿਖਾਈਂ।'

ਇਹ ਆਖ ਕੇ ਉਹ ਤੇਜ਼ ਕਦਮੀਂ ਜਹਾਜ਼ ਤੋਂ ਉਤਰੀ ਤੇ ਤੁਰ ਪਈ। ਹਰਦੇਵ ਨੇ ਵਾਜ਼ਾਂ ਮਾਰੀਆਂ, ਇਹੀ ਕਹਿਣਾ ਸੀ ਕਿ ਹਾਂ ਮਾਂ, ਇਵੇਂ ਹੀ ਕਰੂੰਗਾ, ਪਰ ਉਹ ਰੁਕੀ ਨਹੀਂ, ਪਿੱਛੇ ਮੁੜ ਕੇ ਨਹੀਂ ਦੇਖਿਆ। ਇਸ ਆਖਰੀ ਵਾਕ ਤੋਂ ਬਾਅਦ ਉਸ ਨੇ ਨਾ ਕੁਝ ਸੁਣਨਾ ਸੀ, ਨਾ ਸੁਣਾਉਣਾ ਸੀ। ਹਰਦੇਵ ਸਿੰਘ ਨੇ ਮੈਨੂੰ ਦੱਸਿਆ, 'ਜਦੋਂ ਕੋਈ ਮੈਨੂੰ ਪੁੱਛਦੈ ਕਿ ਤੈਂ ਵਾਲ ਕਿਉਂ ਨੀ ਕਟਾਏ, ਉਥੇ ਸਾਰੇ ਈ ਕਟਾ ਦਿੰਦੇ ਨੇ। ਮੈਂ ਚੁਪ ਕਰ ਜਾਨਾਂ। ਕੌਣ ਮਗਜ਼ ਖਪਾਈ ਕਰੇ। ਮੈਂ ਆਰਟਿਸਟ ਆਂ। ਇਹੋ ਜਿਹੀ ਸਬਲ ਮੂਰਤ ਹੋਰ ਕੋਈ ਨਹੀਂ, ਮੂਰਤ ਜਿਹੜੀ ਹੁਕਮ ਦੇ ਕੇ ਪਿੱਠ ਕਰ ਲਵੇ। ਮੂਰਤ ਜੋ ਆਪਣੇ ਹੁਕਮ ਤੋਂ ਬਾਅਦ ਕਿਸੇ ਟਿੱਪਣੀ ਦੀ ਜ਼ਰੂਰਤ ਨਾ ਸਮਝੇ ਅਤੇ ਚਲੀ ਜਾਵੇ। ਮੇਰੀ ਪੋਲਿਸ਼ ਪਤਨੀ ਮਾਰੀਆ, ਮਾਂ ਦੀ ਇਸ ਗੱਲ 'ਤੇ ਫਖਰ ਕਰਦੀ ਹੈ।



ਏਸ਼ੀਅਨ ਮਾਂ ਅਨੰਤ ਪਿਆਰ ਕਰਦੀ ਹੈ, ਉਸ ਦਾ ਤਿਆਗ ਵੀ ਅਨੰਤ ਹੈ, ਉਸ ਦਾ ਆਦਰਸ਼ ਗੁਜਰੀ ਮਾਂ ਹੈ।

ਇਕ ਵਾਰ ਹਰਦੇਵ ਸਿੰਘ ਰੋਮ ਤੋਂ ਕਾਰ ਰਾਹੀਂ ਘੁੰਮਦਾ-ਘੁੰਮਦਾ ਭਾਰਤ ਆਇਆ। ਵਾਹਗਾ ਪਾਰ ਕਰਕੇ ਅਟਾਰੀ ਤੋਂ ਸੁਲਤਾਨਪੁਰ ਲੋਧੀ ਹੁੰਦਿਆਂ ਆਪਣੇ ਪਿੰਡ ਪੁੱਜਣਾ ਸੀ। ਸੁਲਤਾਨਪੁਰ ਜਾ ਕੇ ਖਿਆਲ ਆਇਆ ਕਿ ਮਾਸਟਰ ਹਾਂਡਾ ਸੁਲਤਾਨਪੁਰ ਦੇ ਸਨ। ਦੇਖੀਏ ਭਲਾ ਹੈਣ ਕਿ ਨਹੀਂ। ਕਈਆਂ ਨੂੰ ਪੁੱਛਿਆ, ਇਕ ਨੇ ਦੱਸਿਆ, ਉਸ ਕਿਤਾਬਾਂ ਕਾਪੀਆਂ ਵਾਲੀ ਦੁਕਾਨ ਤੋਂ ਪੁੱਛ। ਦੁਕਾਨਦਾਰ ਨੇ ਘਰ ਦਾ ਰਸਤਾ ਦੱਸ ਦਿੱਤਾ, ਕਿਹਾ ਕਿ ਲੋਹੇ ਦਾ ਕਾਲਾ ਵੱਡਾ ਗੇਟ ਹੈ। ਗੇਟ 'ਤੇ ਪੁੱਜ ਕੇ ਦਰਵਾਜ਼ਾ ਖੜਕਾਇਆ। ਲੰਮੇ ਕੱਦ, ਸੁਨਹਿਰੀ ਰੰਗ ਵਾਲਾ ਮਾਸਟਰ ਬਿਰਧ ਹੋ ਗਿਆ ਸੀ। ਹੱਥ ਵਿਚ ਖੂੰਡੀ ਫੜੀ ਸਹਿਜੇ-ਸਹਿਜੇ ਦਰਵਾਜ਼ਾ ਖੋਲ੍ਹਣ ਆਇਆ। ਜਾਣ ਕੇ ਹਰਦੇਵ ਨੇ ਆਪਣਾ ਨਾਮ ਨਹੀਂ ਦੱਸਿਆ, ਕੁਝ ਦੇਰ ਦੇਖਣ ਤੋਂ ਬਾਅਦ ਕਹਿਣ ਲੱਗਾ, 'ਹਰਦੇਵ?' ਹਰਦੇਵ ਸਿੰਘ ਨੇ ਉਸ ਦੇ ਚਰਨ ਛੂਹੇ। ਛਲਕਦੀਆਂ ਅੱਖਾਂ ਨਾਲ ਮਾਸਟਰ ਹਾਂਡਾ ਨੇ ਹਰਦੇਵ ਨੂੰ ਜੱਫੀ ਵਿਚ ਲੈ ਕੇ ਕਿਹਾ, 'ਮੈਂ ਕਈਆਂ ਨੂੰ ਪੁੱਛਦਾ ਰਿਹਾ ਤੂੰ ਕਿਥੇ ਐਂ। ਪਤਾ ਲਗਦਾ ਪਰਦੇਸੀ ਹੋ ਗਿਐਂ। ਤੈਨੂੰ ਮਿਲ ਕੇ ਤੇਰੇ ਤੋਂ ਮਾਫੀ ਮੰਗਣੀ ਸੀ ਮੈਂ। ਭਲਾ ਹੋਇਆ ਤੂੰ ਆਪੇ ਆ ਗਿਆ। ਮੈਂ ਕਿੱਥੋਂ ਲੱਭ ਸਕਦਾ ਸਾਂ ਤੈਨੂੰ?' ਹਰਦੇਵ ਨੇ ਕਿਹਾ, 'ਜੀ ਮਾਫੀ ਤਾਂ ਮੈਂ ਮੰਗਣ ਆਇਆਂ ਤੁਹਾਥੋਂ। ਇਸ ਕਰਕੇ ਰੱਬ ਨੇ ਕਿਹਾ ਕਿ ਸਮੁੰਦਰ ਰਾਹੀਂ ਨਹੀਂ ਐਤਕੀ ਜ਼ਮੀਨ ਰਾਹੀਂ ਸਫਰ ਤੈਅ ਕਰ। ਦੁਨੀਆਂ ਦੇਖਦਾ-ਦੇਖਦਾ ਸੁਲਤਾਨਪੁਰ ਪੁੱਜਿਆਂ। ਖਿਮਾ ਮੰਗਣ ਆਇਆ ਹਾਂ। ਮੈਂ ਗੁਸਤਾਖੀ ਕੀਤੀ ਸੀ ਪਰ ਖਿਮਾ ਮੰਗਣ ਤੋਂ ਮੁਨਕਰ ਸਾਂ।' ਮਾਸਟਰ ਜੀ ਨੇ ਬਾਰ ਬਾਰ ਕਿਹਾ, 'ਅੱਜ ਇਥੇ ਰਹਿ।' ਖਾਣ ਪੀਣ ਤੋਂ ਬਾਅਦ ਹਰਦੇਵ ਸਿੰਘ ਨੇ ਘਰ ਦਾ ਰਸਤਾ ਫੜਿਆ। ਘਰ ਪੁੱਜਣ ਤੋਂ ਤਿੰਨ ਦਿਨ ਪਿਛੋਂ ਖ਼ਬਰ ਮਿਲੀ ਕਿ ਮਾਸਟਰ ਹਾਂਡਾ ਇਸ ਜਹਾਨ ਤੋਂ ਕੂਚ ਕਰ ਗਏ ਹਨ।





*ਹਰਦੇਵ ਸਿੰਘ ਆਰਟਿਸਟ ਦੀਆਂ ਕੁਝ ਕਲਾ ਕ੍ਰਿਤਾਂ*

# ਖੱਟੇ ਵਾਲਾ ਪੋਣਾ ਤੇ ਕੰਪਿਊਟਰ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਪੋਣਾ ਵਿਚਾਰਾ ਸਦੀਆਂ ਤੋਂ ਸਾਡੀਆਂ ਰੋਟੀਆਂ ਸਾਂਭਦਾ ਆ ਰਿਹਾ ਹੈ। ਚਲੋ ਅੱਜ ਇਸ ਦੀ ਹੀ ਸਾਰ ਲੈਂਦੇ ਹਾਂ। ਥੋੜਾ ਜਿਹਾ ਗਹੁ ਨਾਲ ਵਿਚਾਰਨ 'ਤੇ ਪਤਾ ਲਗਦਾ ਹੈ ਕਿ ਰੋਟੀਆਂ ਨੂੰ ਲਪੇਟਾ ਮਾਰਨ ਵਾਲਾ ਕੰਮ ਤਾਂ ਇਸ ਦੀ ਵਗਾਰ ਹੈ, ਇਸ ਦਾ ਅਸਲ ਕੰਮ ਹੋਰ ਹੀ ਹੈ ਤੇ ਉਹ ਹੈ ਲੱਸੀ ਵਿਚੋਂ ਪਾਣੀ ਕਢਣਾ। ਪੋਣੇ ਵਿਚ ਲੱਸੀ ਪਾ ਕੇ, ਉਪਰ ਗੱਠ ਮਾਰ ਕੇ ਤੇ ਦਿਨ ਭਰ ਲਈ ਕੀਲੀ ਨਾਲ ਫਾਹੇ ਟੰਗ ਕੇ ਇਸ ਵਿਚੋਂ ਤ੍ਰਿਪ ਤ੍ਰਿਪ ਪਾਣੀ ਚੁਆ ਲਿਆ ਜਾਂਦਾ ਹੈ। ਬਾਕੀ ਬਚੇ ਫੋਕਟ ਨੂੰ ਕਈ ਲੋਕ ਬੜੇ ਹੀ ਸਨਮਾਨਯੋਗ ਸ਼ਬਦ ਨਾਲ ਪੁਕਾਰਦੇ ਹਨ-ਪਨੀਰ। ਇਸ ਪਨੀਰ ਵਿਚ ਮੁੜ ਪਾਣੀ ਪਾ ਕੇ ਇਸ ਨੂੰ ਮੰਥਿਆ ਅਰਥਾਤ ਰਿੜਕਿਆ ਜਾਂਦਾ ਹੈ ਤਾਂ ਜਾ ਕੇ ਦਿਨ ਭਰ ਦੀ ਉਡੀਕ ਪਿਛੋਂ ਪੰਜਾਬੀਆਂ ਦੀ ਵੱਡੀ ਨਿਆਮਤ ਬਣਦਾ ਹੈ, ਖੱਟਾ। ਸ਼ਾਇਦ ਖੱਟਾ ਉਡੀਕਣਾ ਮੁਹਾਵਰਾ ਇਸੇ ਤੋਂ ਬਣਿਆ ਹੈ। ਉਂਜ ਲੰਗਰ ਵਿਚ ਖੱਟੇ ਦੀ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਹੈ, ਔਰਤਾਂ ਤਾਂ ਵੈਸੇ ਹੀ ਖੱਟੀਆਂ ਚੀਜ਼ਾਂ ਦੀਆਂ ਚਟੋਰੀਆਂ ਹੁੰਦੀਆਂ ਹਨ, ਜਦਕਿ ਮਰਦਾਂ ਨੇ ਪਿਛਲੀ ਰਾਤ ਲਾਹਣ...!

ਖੱਟੇ ਲਈ ਵੀ ਇਕ ਸਨਮਾਨਯੋਗ ਸ਼ਬਦ ਵਰਤਿਆ ਜਾਂਦਾ ਹੈ, ਮਠਾ। ਖੱਟੇ ਨੂੰ ਮਠਾ ਕਹਿਣ ਨਾਲ ਇਹ ਮਿੱਠਾ ਨਹੀਂ ਹੋ ਜਾਂਦਾ ਕਿਉਂਕਿ ਇਸ ਦਾ ਮਿੱਠੇ ਨਾਲ ਕੋਈ ਸਬੰਧ ਨਹੀਂ। ਮਠਾ ਸ਼ਬਦ ਸੰਸਕ੍ਰਿਤ ਧਾਤੂ ਮੰਥ ਤੋਂ ਬਣਿਆ ਹੈ ਜਿਸ ਦਾ ਮਤਲਬ ਹਿਲਾਉਣਾ, ਘੁਮਾਉਣਾ, ਰਗੜਨਾ, ਰਿੜਕਣਾ ਆਦਿ ਹੁੰਦਾ ਹੈ। ਮੰਥਨ ਵੀ ਇਸੇ ਧਾਤੂ ਤੋਂ ਬਣਿਆ ਹੈ ਜਿਸ ਤੋਂ ਅੱਗੇ ਮੰਥਨੀ ਤੇ ਫਿਰ ਮਧਾਣੀ ਸ਼ਬਦ ਬਣ ਗਿਆ। ਸੋ ਤਥਾਕਥਿਤ ਪਨੀਰ ਨੂੰ ਮੰਥੇ ਜਾਣ ਕਰਕੇ ਹੀ ਖੱਟਾ, ਮਠਾ ਕਹਾਇਆ।

ਪਰ ਲੱਸੀ ਹੀ ਕਿਉਂ, ਕੌਣ ਰੋਕਦਾ ਹੈ ਅਮਲੀਆਂ ਨੂੰ ਪੋਣੇ ਨਾਲ ਮਲੇ ਹੋਏ ਡੋਡਿਆਂ ਨੂੰ ਪੁਣਨ ਤੋਂ? ਫਿਰ ਭਲਵਾਨ ਸ਼ਰਦਾਈ ਵੀ ਇਸੇ ਨਾਲ ਪੁਣਦੇ ਹਨ। ਤਲਾਅ ਦੇ ਕਿਨਾਰੇ ਇਸਤਰੀਆਂ ਦੇ ਇਸ਼ਨਾਨ ਲਈ ਬਣਾਏ ਪਰਦੇਦਾਰ ਸਥਾਨ ਨੂੰ ਵੀ ਪੋਣਾ ਕਿਹਾ ਜਾਂਦਾ ਹੈ। ਪਰਦੇ ਵਿਚ ਛੋਟੇ ਛੋਟੇ ਛੇਕਾਂ ਰਾਹੀਂ ਪਾਣੀ ਅੰਦਰ ਝਰਦਾ ਰਹਿੰਦਾ ਹੈ। ਇਸ ਤੋਂ ਹੀ ਸਾਨੂੰ ਇਕ ਹੋਰ ਸ਼ਬਦ ਦਾ ਖਿਆਲ ਆਉਂਦਾ ਹੈ, ਚਾਹ-ਪੋਣੀ। ਫੋਕਟ ਚਾਹ ਪੱਤੀ ਨੂੰ ਵੱਖ ਕਰਕੇ ਵਿਚੋਂ ਪੀਣ ਵਾਲੀ ਚਾਹ ਕੱਢ ਲਈ ਜਾਂਦੀ ਹੈ। ਇਸ ਤਰ੍ਹਾਂ ਦੋ ਪੋਣਿਆਂ ਤੇ ਇਕ ਪੋਣੀ ਦੇ ਪ੍ਰਕਾਰਜ ਵਿਚ ਜਿਸ ਕਿਰਿਆ ਦੀ ਸਾਨੂੰ ਸਮਾਨਤਾ ਦਿਖਾਈ ਦਿੰਦੀ ਹੈ ਉਹ ਹੈ, ਪੁਣਨਾ। ਪੁਣਨ ਦੀ ਕਿਰਿਆ ਰਾਹੀਂ ਅਸੀਂ ਕਿਸੇ ਪਦਾਰਥ ਵਿਚੋਂ ਅਣਚਾਹਿਆ ਮਾਦਾ ਕਢਦੇ ਹਾਂ। ਪੰਜਾਬੀ ਵਿਚ ਪੁਣਨਾ ਸ਼ਬਦ ਆਮ ਤੌਰ 'ਤੇ ਤਰਲ ਪਦਾਰਥ ਲਈ ਹੀ ਵਰਤਿਆ ਜਾਂਦਾ ਹੈ ਜਦ ਕਿ ਛਾਨਣਾ ਠੋਸ ਚੀਜ਼ਾਂ ਲਈ। ਲਾਖਣਿਕ ਅਰਥਾਂ ਵਿਚ ਅਸੀਂ ਪੁਣ-ਛਾਣ ਸ਼ਬਦ ਕਿਸੇ ਮਸਲੇ ਆਦਿ ਦੀ ਘੋਖ ਕਰਨ ਨੂੰ ਕਹਿ ਦਿੰਦੇ ਹਾਂ ਜਿਸ ਦਾ ਭਾਵ ਵੀ ਉਲਝਣ ਵਿਚੋਂ ਸੱਚ ਨਿਤਾਰਨਾ ਹੀ ਹੈ। ਇਕ ਹੋਰ ਅਰਥਾਂ ਵਿਚ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ, ਜਿਵੇਂ ਜਦੋਂ ਨੂੰਹ-ਸੱਸ ਜਾਂ ਦੋ ਬੀਬੀਆਂ ਆਪਸ ਵਿਚ ਲੜ ਪੈਣ ਤਾਂ ਉਹ ਵੀ ਇਕ ਦੂਜੀ ਦੇ ਅਗਲੇ-ਪਿਛਲੇ ਪੁਣ ਛੱਡਦੀਆਂ ਹਨ।

ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਪੁਣਨਾ ਸੰਸਕ੍ਰਿਤ ਪੁਣਨਾ ਤੋਂ ਬਣਿਆ ਹੈ ਪਰ ਸੰਸਕ੍ਰਿਤ ਵਿਚ ਅਜਿਹਾ ਕੋਈ ਸ਼ਬਦ ਨਹੀਂ। ਹਿੰਦੀ ਵਿਚ ਵੀ ਪੁਣਨਾ ਸ਼ਬਦ ਨਹੀਂ ਹੈ। ਮਹਾਨ ਕੋਸ਼ ਨੇ ਬਹੁਤ ਸਾਰੇ ਸ਼ਬਦਾਂ ਦੇ ਕਿਆਫ਼ੇ ਲਾ ਕੇ ਉਨ੍ਹਾਂ ਨੂੰ ਸੰਸਕ੍ਰਿਤ ਬਣਾ ਦਿਤਾ ਹੈ। ਹਾਂ, ਇਹ ਜ਼ਰੂਰ ਹੈ ਕਿ ਪੁਣਨਾ ਸ਼ਬਦ ਸੰਸਕ੍ਰਿਤ ਧਾਤੂ 'ਪੂ' ਤੋਂ ਵਿਕਸਿਤ ਹੋਇਆ ਹੈ ਜਿਸ ਦੇ ਮੁਢਲੇ ਅਰਥ ਸ਼ੁਧ ਕਰਨਾ, ਨਿਰਮਲ ਕਰਨਾ, ਸਾਫ਼ ਕਰਨਾ, ਉਜਲਾ ਕਰਨਾ ਆਦਿ ਹਨ। ਦਰਅਸਲ ਪੁਣਨ ਦੀ ਕਿਰਿਆ ਰਾਹੀਂ ਵੀ ਤਰਲ ਵਿਚੋਂ ਅਸ਼ੁਧੀਆਂ ਕੱਢ ਕੇ ਇਸ ਨੂੰ ਸ਼ੁਧ ਬਣਾਇਆ ਜਾਂਦਾ ਹੈ। ਸੰਸਕ੍ਰਿਤ ਤੇ ਅੱਗੋਂ ਪੰਜਾਬੀ ਵਿਚ ਇਸ ਧਾਤੂ ਤੋਂ ਬਹੁਤ ਸਾਰੇ ਸ਼ਬਦ ਬਣੇ ਹਨ। 'ਪੂ' ਦੇ ਭੂਤਕਾਲੀ ਰੂਪ 'ਪੂਤ' ਦਾ ਅਰਥ ਪਵਿਤਰ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ:

ਦਰਗਹ ਅੰਦਰਿ ਪਾਈਐ
ਤਗੁ ਨ ਤੂਟਸਿ ਪੂਤ॥

ਅਰਥਾਤ (ਰੱਬ ਦੀ ਸਿਫਤ ਸਲਾਹ ਵਾਲਾ) ਪਵਿਤਰ ਜਨੇਊ ਧਾਰਨ ਕੀਤਿਆਂ ਪਰਮਾਤਮਾ ਦੀ ਦਰਗਾਹ ਵਿਚ ਮਾਣ ਮਿਲਦਾ ਹੈ ਅਤੇ ਇਹ ਕਦੇ ਟੁਟਦਾ ਵੀ ਨਹੀਂ।

ਪਵਿਤਰ ਦੇ ਅਰਥਾਂ ਵਾਲਾ ਪੁਨੀਤ/ਪੁਨੀਤਾ ਸ਼ਬਦ ਵੀ ਇਸੇ ਤੋਂ ਬਣਿਆ ਜਿਸ ਦਾ ਸ਼ਾਬਦਿਕ ਅਰਥ ਹੋਇਆ ਪਵਿਤਰ ਕੀਤਾ। ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਇਸ ਸ਼ਬਦ ਦੀ ਖੂਬ ਵਰਤੋਂ ਕੀਤੀ ਹੈ:

ਸੁਣਿ ਹਰਿ ਕਥਾ ਉਤਾਰੀ ਮੈਲੁ॥
ਮਹਾ ਪੁਨੀਤ ਭਏ ਸੁਖ ਸੈਲੁ॥

ਅਰਥਾਤ ਜਿਨ੍ਹਾਂ ਨੇ ਪਰਮਾਤਮਾ ਦੀ ਸਿਫਤ ਸਲਾਹ ਸੁਣ ਕੇ (ਵਿਕਾਰਾਂ) ਦੀ ਮੈਲ ਲਾਹ ਲਈ ਹੈ, ਉਹ ਮਹਾਂ ਪਵਿਤਰ ਹੋ ਕੇ ਸੁਖਾਂ ਦੇ ਪਹਾੜ ਪਾ ਗਏ ਹਨ। ਕਬੀਰ ਜੀ ਵੀ ਇਸ ਸ਼ਬਦ ਦਾ ਪ੍ਰਯੋਗ ਕਰਦੇ ਹਨ: ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ। ਅਰਥਾਤ ਸੰਤਾਂ ਦੇ ਦਰਸ਼ਨਾਂ ਨਾਲ ਹੀ ਮਨ ਪਵਿਤਰ ਹੋ ਜਾਂਦਾ ਹੈ ਤੇ ਕੋਲ ਬੈਠਿਆਂ ਨਾਮ ਸਿਮਰੀਦਾ ਹੈ।

'ਪੂ' ਧਾਤੂ ਦਾ ਇਕ ਹੋਰ ਰੂਪ ਹੈ 'ਪਾਵ' ਜਾਂ 'ਪਾਉ' ਜਿਸ ਤੋਂ ਪਵਨ ਤੇ ਫਿਰ ਪੌਣ (ਬਾਣੀ ਵਿਚ ਪਉਣ) ਬਣਿਆ ਕਿਉਂਕਿ ਹਵਾ ਦਾ ਵੱਡਾ ਗੁਣ ਵਾਤਾਵਰਣ ਦੀਆਂ ਅਸ਼ੁਧੀਆਂ ਨੂੰ ਉਡਾ ਦੇਣਾ ਹੈ। ਸੰਸਕ੍ਰਿਤ ਵਿਚ ਪਵਨ ਦਾ ਅਰਥ ਪਾਣੀ ਵੀ ਹੈ ਕਿਉਂਕਿ ਇਹ ਅਸ਼ੁਧੀਆਂ ਨੂੰ ਧੋਣ ਵਾਲਾ ਹੈ। ਸੰਸਕ੍ਰਿਤ ਵਿਚ ਪੋਣੀ ਨੂੰ ਵੀ ਪਵਨ ਆਖਦੇ ਹਨ।



'ਪਾਵਨ' ਤੇ 'ਪਵਿਤਰ' ਸ਼ਬਦ ਵੀ ਇਸੇ ਧਾਤੂ ਦੀ ਦੇਣ ਹਨ ਕਿਉਂਕਿ ਪਵਿਤਰ ਵਸਤੂ ਵੀ ਇਕ ਤਰ੍ਹਾਂ ਧਾਰਮਿਕ ਰੀਤਾਂ ਨਾਲ ਸ਼ੁਧ ਕੀਤੀ ਵਸਤੂ ਹੈ। ਪਵਿਤਰ ਜਾਂ ਪਾਵਨ ਮੂਰਤੀ, ਗ੍ਰੰਥ ਆਦਿ ਉਹ ਹਨ ਜਿਨ੍ਹਾਂ ਵਿਚ ਦੁਨਿਆਵੀ ਲਗਲਪੇਟ ਦੀਆਂ ਅਸ਼ੁਧੀਆਂ ਨਹੀਂ ਹਨ ਤੇ ਇਹ ਮਨੁਖ ਮਾਤਰ ਦੇ ਮਨ ਵਿਚੋਂ ਅਸ਼ੁਧੀਆਂ ਦੂਰ ਕਰਦੇ ਹਨ।

ਪਰ ਸਾਡੇ ਇਸ ਨਿਮਾਣੇ ਪੋਣੇ ਦੀ ਵਡਿਆਈ ਉਦੋਂ ਸਮਝ ਆਉਂਦੀ ਹੈ ਜਦ ਦੂਰ ਦੀਆਂ ਤਕੜੀਆਂ ਭਾਸ਼ਾਵਾਂ ਵਿਚ ਅਸੀਂ ਇਸ ਦੇ ਰਿਸ਼ਤੇਦਾਰ ਫੈਲੇ ਦੇਖਦੇ ਹਾਂ। ਦਰਅਸਲ 'ਪੂ', ਇਕ ਭਾਰੋਪੀ ਮੂਲ ਵੀ ਹੈ ਜਿਸ ਦਾ ਅਰਥ ਸ਼ੁਧ ਕਰਨਾ, ਨਿਰਮਲ ਕਰਨਾ, ਪ੍ਰਤੱਖ ਕਰਨਾ ਆਦਿ ਹੈ। ਲਾਤੀਨੀ ਵਿਚ ਇਸ ਤੋ ਸ਼ਬਦ ਬਣਿਆ putus ਜਿਸ ਦਾ ਅਰਥ ਸਾਫ ਜਾਂ ਸ਼ੁਧ ਕੀਤਾ ਹੈ। ਇਸੇ ਤੋਂ ਲਾਤੀਨੀ putare ਬਣਿਆ ਜਿਸ ਦਾ ਅਰਥ ਸ਼ੁਧ ਕਰਨਾ ਅਤੇ ਛਾਂਗਣਾ ਹੈ। ਲਾਤੀਨੀ ਵਿਚ ਇਸ ਦਾ ਅਰਥ ਸੋਚਣਾ, ਸਮਝਣਾ, ਗਿਣਨਾ ਹੈ। ਖਿਆਲ ਕਰੋ, ਪੁਣਨਾ-ਛਾਨਣਾ ਵਿਚ ਵੀ ਦਿਮਾਗੀ ਹਰਕਤ ਹੈ। ਫਿਰ ਗਿਣਤੀਆਂ ਮਿਣਤੀਆਂ ਕਰਨ ਵਿਚ ਸੋਚਣ ਦੇ ਭਾਵ ਸਮਾਏ ਹੋਏ ਹਨ। ਅਸਲ ਵਿਚ ਅੰਗਰੇਜ਼ੀ ਵਿਚ ਇਨ੍ਹਾਂ ਲਾਤੀਨੀ ਸ਼ਬਦਾਂ ਨੇ ਹੀ ਪ੍ਰਵੇਸ਼ ਪਾ ਕੇ ਕਿੰਨੇ ਸਾਰੇ ਸ਼ਬਦਾਂ ਦਾ ਨਿਰਮਾਣ ਕੀਤਾ ਹੈ। ਸਭ ਤੋਂ ਪਹਿਲਾਂ ਅਸੀਂ ਅੰਗਰੇਜ਼ੀ pure (ਸ਼ੁਧ, ਖਾਲਸ) ਸ਼ਬਦ ਹੀ ਲੈਂਦੇ ਹਾਂ ਜੋ ਪਿਛੇ ਦੱਸੇ ਲਾਤੀਨੀ ਸ਼ਬਦ purus ਦਾ ਵਿਕਸਿਤ ਰੂਪ ਹੈ। ਇਸੇ ਨਾਲ ਮਿਲਦਾ-ਜੁਲਦਾ ਸ਼ਬਦ ਹੈ purge (ਵਿਰੇਚਨ ਕਰਨਾ) ਜੋ purus ਤੋਂ ਵਿਕਸਿਤ ਹੁੰਦਾ ਪੁਰਾਣੀ ਲਾਤੀਨੀ 'ਚ purigare ਬਣਿਆ ਤੇ ਫਿਰ ਫਰਾਂਸੀਸੀ purgier ਬਣ ਕੇ ਅੰਗਰੇਜ਼ੀ ਦਾ ਇਹ ਅਜੋਕਾ ਰੂਪ ਧਾਰ ਗਿਆ।

ਪਰ ਲਾਤੀਨੀ putare ਦੇ ਅੱਗੇ ਅਗੇਤਰ ਲਾ ਕੇ ਕੁਝ ਸ਼ਬਦਾਂ ਦਾ ਨਿਰਮਾਣ ਹੋਇਆ ਹੈ ਜਿਨ੍ਹਾਂ ਵਿਚੋਂ ਇਕ ਹੈ dispute (ਝਗੜਾ)। ਅੰਗਰੇਜ਼ੀ dis ਅਗੇਤਰ ਦਾ ਅਰਥ ਹੁੰਦਾ ਹੈ ਪਰੇ, ਵੱਖ ਹੋ ਕੇ; ਸੋ dispute ਦਾ ਮੁਢਲਾ ਅਰਥ ਬਣਦਾ ਹੈ ਮਸਲੇ ਨੂੰ ਪਰੇ ਕਰਕੇ ਵਿਚਾਰਨਾ ਅਰਥਾਤ ਝਗੜਾ ਕਰਨਾ। ਅਗਲਾ ਸ਼ਬਦ ਲੈਂਦੇ ਹਾਂ repute (ਸਾਖ, ਰਸੂਖ)। ਏਥੇ Re ਅਗੇਤਰ ਲੱਗ ਕੇ ਇਹ ਸ਼ਬਦ ਬਣਿਆ ਹੈ ਭਾਵ ਹੈ ਲੋਕ ਤਹਾਨੂੰ ਕਿਵੇਂ ਪੁਣਦੇ ਛਾਣਦੇ, ਸਮਝਦੇ ਹਨ। ਲਾਤੀਨੀ ਤੋਂ ਬਣਿਆ ਆਖਰੀ ਸ਼ਬਦ ਜੋ ਅਸੀਂ ਵਿਚਾਰਨਾ ਹੈ, ਉਹ ਹੈ compute ਜਿਸ ਤੋਂ computer ਬਣਿਆ ਹੈ। ਜਿਵੇਂ ਅਸੀਂ ਪਿਛਲੇ ਇਕ ਲੇਖ 'ਕੰਪਲੀਟ ਬਰਾਬਰ ਸੰਪੂਰਨ' ਵਿਚ ਦੇਖ ਆਏ ਹਾਂ, compute ਸ਼ਬਦ ਵਿਚ com ਇਕ ਅਗੇਤਰ ਹੈ ਜਿਸ ਦਾ ਅਰਥ ਨਾਲ, ਸੰਗ, ਬਰਾਬਰ ਆਦਿ ਹੈ। ਇਸ ਤਰ੍ਹਾਂ compute ਸ਼ਬਦ ਦਾ ਸ਼ਾਬਦਿਕ ਅਰਥ ਬਣੇਗਾ ਬਹੁਤ ਸਾਰੇ ਅੰਕੜੇ ਇਕ ਸਾਥ ਲੈ ਕੇ ਸਮਝਣਾ, ਵਿਚਾਰਨਾ, ਲੇਖਾ ਕਰਨਾ, ਹਿਸਾਬ ਲਾਉਣਾ। computer ਇਹ ਕੰਮ ਕਰਨ ਵਾਲੀ ਅੱਜ ਦੇ ਜ਼ਮਾਨੇ ਦੀ ਅੱਲੋਕਾਰ ਮਸ਼ੀਨ ਹੈ ਜੋ ਬੇਓੜਕ ਅੰਕੜੇ ਆਪਣੇ ਸੀਪੀਯੂ ਵਿਚ ਪੁਣ-ਛਾਣ ਕੇ ਲੇਖਾ ਕਰਦੀ ਤੇ ਨਤੀਜਾ ਸਾਡੇ ਸਾਹਮਣੇ ਸੁੱਟਦੀ ਹੈ। ਅਸੀਂ ਦੇਖ ਚੁੱਕੇ ਹਾਂ ਕਿ ਅੰਗਰੇਜ਼ੀ ਅਗੇਤਰ com ਦੇ ਟਾਕਰੇ ਤੇ ਪੰਜਾਬੀ 'ਚ ਇਸ ਦਾ ਸੁਜਾਤੀ ਅਗੇਤਰ ਹੈ 'ਸਮ'। ਇਸ ਹਿਸਾਬ ਨਾਲ, ਜਿਵੇਂ ਟੈਲੀਵਿਯਨ ਲਈ ਦੂਰਦਰਸ਼ਨ ਸ਼ਬਦ ਬਣਾਇਆ ਗਿਆ ਹੈ, ਕੰਪਿਊਟਰ ਲਈ ਪੰਜਾਬੀ ਵਿਚ 'ਸਮਪੋਣਕ' ਸ਼ਬਦ ਬਣਾਇਆ ਤੇ ਵਰਤਿਆ ਜਾ ਸਕਦਾ ਹੈ ਪਰ ਮੈਨੂੰ ਪਤਾ ਹੈ ਕਿ ਇਹ ਮੇਰੀ ਨਿਰੀ ਬੌਧਿਕ ਕਸਰਤ ਹੀ ਹੈ!

'ਪੂ' ਮੂਲ ਤੋਂ ਗਰੀਕ ਭਾਸ਼ਾ ਵਿਚ ਸ਼ਬਦ ਬਣਿਆ ਹੈ 'pyr' ਜਿਸ ਦਾ ਮਤਲਬ fire ਅਰਥਾਤ ਅੱਗ ਹੁੰਦਾ ਹੈ ਤੇ ਇਸੇ ਤੋਂ ਅੱਗੇ ਅੰਗਰੇਜ਼ੀ pyre (ਚਿਤਾ) ਬਣਿਆ। ਇਹ pyr ਅੰਗਰੇਜ਼ੀ fire ਦਾ ਸੁਜਾਤੀ ਸ਼ਬਦ ਹੈ। ਅਸਲ ਵਿਚ ਇਹ ਗਰੀਕ ਸ਼ਬਦ ਪਹਿਲਾਂ ਜਰਮਨ ਵਿਚ ਗਿਆ ਤਾਂ ਇਸ ਦੀ 'ਪ' ਧੁਨੀ 'ਫ' ਵਿਚ ਬਦਲ ਗਈ ਤੇ ਅੰਗਰੇਜ਼ੀ ਵਿਚ ਜਾ ਕੇ ਵੀ ਏਹੋ ਰਹੀ। ਇਸ 'ਪੂ' ਮੂਲ ਤੋਂ ਅੱਗ ਦੇ ਅਰਥਾਂ ਵਾਲੇ ਸ਼ਬਦਾਂ ਦਾ ਨਿਰਮਾਣ ਇਸ ਲਈ ਹੋਇਆ ਕਿਉਂਕਿ ਅੱਗ, ਹਵਾ ਤੇ ਪਾਣੀ ਦੀ ਤਰ੍ਹਾਂ ਇਕ ਪ੍ਰਮੁਖ ਸ਼ੁਧੀਕਾਰਕ ਤੱਤ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਮੂਲ ਸ੍ਰਿਸ਼ਟੀ ਦੇ ਤਿੰਨ ਤੱਤਾਂ, ਹਵਾ, ਪਾਣੀ ਤੇ ਅੱਗ ਦੇ ਅਰਥਾਂ ਵਾਲੇ ਸ਼ਬਦਾਂ ਦਾ ਨਿਰਮਾਤਾ ਹੋ ਨਿਬੜਿਆ ਹੈ। ਲਾਤੀਨੀ, ਗਰੀਕ ਆਦਿ ਭਾਸ਼ਾਵਾਂ ਦੇ ਸ਼ਬਦਾਂ ਪਿਛੇ ਏਨੀ ਦੂਰ ਤੱਕ ਇਹ ਦਰਸਾਉਣ ਲਈ ਗਏ ਹਾਂ ਕਿ ਸਾਡੇ ਕੋਲ ਸੰਸਕ੍ਰਿਤ/ਪੰਜਾਬੀ ਵਿਚ ਵੀ ਇਸ ਮੂਲ ਤੋਂ ਅੱਗ ਦਾ ਅਰਥਾਵਾਂ ਸ਼ਬਦ ਬਣਿਆ ਮਿਲਦਾ ਹੈ ਤੇ ਇਹ ਸ਼ਬਦ ਹੈ 'ਪਾਵਕ'। ਗੁਰੂ ਅਰਜਨ ਦੇਵ ਨੇ ਇਸੇ ਮੂਲ ਤੋਂ ਬਣੇ 'ਪਵਨ' ਤੇ 'ਪਾਵਕ' ਦੋਵੇਂ ਸ਼ਬਦ ਇਕੱਠੇ ਵਰਤੇ ਹਨ:

ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥
ਸੁਖਦਾਈ ਪਵਨ ਪਾਵੁਕ ਅਮੁਲਾ॥

ਅਰਥਾਤ ਜਿਸ ਪ੍ਰਭੂ ਦੀ ਕਿਰਪਾ ਨਾਲ ਤੂੰ ਠੰਡਾ ਪਾਣੀ ਪੀਂਦਾ ਹੈਂ ਅਤੇ ਸੁਖ ਦੇਣ ਵਾਲੀ ਹਵਾ ਤੇ ਅਮੋਲਕ ਅੱਗ ਵਰਤਦਾ ਹੈਂ....

ਭਗਤ ਕਬੀਰ ਨੇ ਵੀ ਇਕ ਥਾਂ ਦੋਵੇਂ ਸ਼ਬਦ ਇਕੱਠੇ ਵਰਤੇ ਹਨ: ਆਪੇ ਪਾਵਕੁ ਆਪੇ ਪਵਨਾ ਜਾਰੈ ਖਸਮ ਤ ਰਾਖੈ ਕਵਨਾ- ਪ੍ਰਭੂ ਆਪ ਹੀ ਅੱਗ ਹੈ ਤੇ ਆਪ ਹੀ ਹਵਾ। ਜੇ ਉਹ ਆਪ ਹੀ ਸਾੜਨ ਲੱਗੇ ਤਾਂ ਕੌਣ ਬਚਾ ਸਕਦਾ ਹੈ? ਗ਼ੌਰਤਲਬ ਹੈ ਕਿ ਨਾਮ ਦੇ ਪ੍ਰਸੰਗ ਵਿਚ ਕਬੀਰ ਦੇ ਬੋਲ 'ਅਗਨਿ ਨ ਦਹੈ ਪਵਨ ਨਹੀ ਮਗਨੈ' ਵਿਚ ਵਰਤੇ ਗਏ ਪਵਨ ਸ਼ਬਦ ਦਾ ਪ੍ਰੋ. ਸਾਹਿਬ ਸਿੰਘ ਨੇ ਅਰਥ ਹਵਾ ਕੀਤਾ ਹੈ ਜਦ ਕਿ ਭਾਈ ਕਾਹਨ ਸਿੰਘ ਨੇ ਜਲ। ਏਥੇ ਮੈਂ ਭਾਈ ਕਾਹਨ ਸਿੰਘ ਦੇ ਅਰਥਾਂ ਨੂੰ ਵਧੇਰੇ ਸਹੀ ਮੰਨਦਾ ਹਾਂ ਕਿਉਂਕਿ ਅਗਲੇ ਸ਼ਬਦ 'ਮਗਨੈ' ਦਾ ਅਰਥ ਡੁਬਣਾ ਹੁੰਦਾ ਹੈ, ਉਡਣਾ ਨਹੀਂ ਤੇ ਡੁਬਿਆ ਜਲ ਵਿਚ ਹੀ ਜਾਂਦਾ ਹੈ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

Cell:(510) 557-6988, Ph:209-982-9996

# ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ ਨਾਲ ਚੰਗੇ ਸਲੂਕ ਦਾ ਭਰੋਸਾ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਭਾਰਤ ਨੂੰ ਭਰੋਸਾ ਦਿਵਾਇਆ ਕਿ ਕੈਲੇਫੋਰਨੀਆ ਦੀ ਫਰਜ਼ੀ ਯੂਨੀਵਰਸਿਟੀ ਬੰਦ ਹੋਣ ਨਾਲ ਪ੍ਰਭਾਵਤ ਹੋਏ ਸੈਂਕੜੇ ਭਾਰਤੀ ਵਿਦਿਆਰਥੀਆਂ ਨਾਲ ਸਹੀ ਸਲੂਕ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਹਿੱਤਾਂ 'ਤੇ ਸਾਵਧਾਨੀ ਨਾਲ ਵਿਚਾਰ ਕੀਤਾ ਜਾਵੇਗਾ। ਵਿਦੇਸ਼ ਮੰਤਰੀ ਨੇ ਇਹ ਭਰੋਸਾ ਅਮਰੀਕਾ 'ਚ ਭਾਰਤੀ ਰਾਜਦੂਤ ਮੀਰਾ ਸ਼ੰਕਰ ਨੂੰ ਲਿਖੇ ਪੱਤਰ ਵਿਚ ਦਿੱਤਾ ਹੈ।

ਬੀਬੀ ਸ਼ੰਕਰ ਨੇ ਦੱਸਿਆ ਕਿ ਆਪਣੇ ਪੱਤਰ ਵਿਚ ਕਲਿੰਟਨ ਨੇ ਜ਼ੋਰ ਦੇ ਕੇ ਆਖਿਆ ਹੈ ਕਿ ਅਮਰੀਕਾ ਨੂੰ ਇਸ ਗੱਲ ਦਾ ਮਾਣ ਹੈ ਕਿ 100000 ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਵਿਚ ਪੜ੍ਹ ਰਹੇ ਹਨ ਤੇ ਉਸ ਨੂੰ ਆਉਂਦੇ ਸਾਲਾਂ 'ਚ ਇਹ ਗਿਣਤੀ ਵਧਣ ਦੀ ਉਮੀਦ ਹੈ। ਕਲਿੰਟਨ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ.ਐਮ. ਕ੍ਰਿਸ਼ਨਾ ਨਾਲ ਫੋਨ 'ਤੇ ਗੱਲਬਾਤ ਹੋਣ ਤੋਂ ਬਾਅਦ ਸ਼ੰਕਰ ਨੇ ਟ੍ਰਾਇਵੈਲੀ ਯੂਨੀਵਰਸਿਟੀ ਦੇ ਭਾਰਤੀ ਵਿਦਿਆਰਥੀਆਂ ਬਾਰੇ ਵੇਰਵੇ ਵਿਦੇਸ਼ ਮੰਤਰੀ ਕਲਿੰਟਨ ਨਾਲ ਸਾਂਝੇ ਕੀਤੇ



ਸਨ ਤੇ ਇਸ ਮੁੱਦੇ 'ਤੇ ਭਾਰਤੀ ਸਰੋਕਾਰ ਜ਼ਾਹਰ ਕੀਤੇ ਸਨ।

ਕਲਿੰਟਨ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਕਿਰਪਾ ਕਰਕੇ ਯਕੀਨ ਕਰੋ ਕਿ ਉਨ੍ਹਾਂ ਤੇ ਅਮਰੀਕਾ ਵਿਚ ਸਾਰੇ ਭਾਰਤੀ ਵਿਦਿਆਰਥੀਆਂ ਦੇ ਹਿਤਾਂ ਉਤੇ ਸਾਵਧਾਨੀ ਪੂਰਵਕ ਖਿਆਲ ਕੀਤਾ ਜਾਵੇਗਾ। ਵੀਜ਼ਾ ਫਰਾਡ ਦੇ ਦੋਸ਼ 'ਚ ਟੀ.ਵੀ.ਯੂ. ਬੰਦ ਹੋਣ ਕਰਕੇ ਤਕਰੀਬਨ 1500 ਭਾਰਤੀ ਵਿਦਿਆਰਥੀ ਪ੍ਰਭਾਵਤ ਹੋਏ ਸਨ ਤੇ ਤਕਰੀਬਨ 18 ਭਾਰਤੀ ਵਿਦਿਆਰਥੀਆਂ ਦੇ ਪੈਰਾਂ 'ਚ ਰੇਡੀਓ ਟੈਗ ਪਾ ਦਿੱਤੇ ਗਏ ਸਨ।

ਬੀਬੀ ਸ਼ੰਕਰ ਨੇ ਦੱਸਿਆ ਕਿ ਟੀ.ਵੀ.ਯੂ. ਦੇ 1500 ਵਿਦਿਆਰਥੀਆਂ 'ਚੋਂ ਤਕਰੀਬਨ 700 ਵਿਦਿਆਰਥੀਆਂ ਦੇ ਕੇਸ ਹੋਰਾਂ ਯੂਨੀਵਰਸਿਟੀਆਂ ਕੋਲ ਭੇਜਣ ਦੀ ਪ੍ਰਕਿਰਿਆ ਚੱਲ ਰਹੀ ਹੈ। ਭਾਰਤ ਦੀ ਤਸੱਲੀ ਉਦੋਂ ਹੋਵੇਗੀ ਜਦੋਂ ਸਾਰੇ ਕੇਸ ਨਿਪਟ ਜਾਣਗੇ।

## ਆਸਟਰੇਲੀਆ 'ਚ ਭਾਰਤੀ ਵਿਦਿਆਰਥੀਆਂ ਦੀ ਆਮਦ 35 ਫੀਸਦੀ ਘਟੀ

**ਕੋਚੀ:** ਭਾਰਤੀ ਵਿਦਿਆਰਥੀਆਂ ਦੀ ਆਮਦ 'ਚ ਤਕਰੀਬਨ 35 ਫੀਸਦੀ ਕਮੀ ਆਉਣ ਕਾਰਨ ਮੰਦੀ ਦੀ ਮਾਰ ਝੱਲ ਰਹੀਆਂ 35 ਆਸਟਰੇਲੀਆਈ ਯੂਨੀਵਰਸਿਟੀਆਂ ਨੇ ਉਚੇਰੀ ਸਿੱਖਿਆ ਲੈਣ ਦੇ ਚਾਹਵਾਨਾਂ ਨੂੰ ਭਰਮਾਉਣ ਲਈ ਬਹੁਤ ਸਾਰੇ ਅਕਾਦਮਿਕ ਪ੍ਰੋਗਰਾਮਾਂ, ਕਰੀਅਰ ਮੌਕਿਆਂ ਤੇ ਵਜ਼ੀਫਿਆਂ ਦਾ ਖੁਲਾਸਾ ਕੀਤਾ ਹੈ।

ਆਸਟਰੇਲੀਅਨ ਟਰੇਡ ਕਮਿਸ਼ਨ ਦੇ ਕੌਂਸਲ ਕਮਰਸ਼ੀਅਲ ਮਾਈਕਲ ਕਾਰਟਰ ਅਨੁਸਾਰ ਪਿਛਲੇ ਵਰ੍ਹੇ ਆਸਟਰੇਲੀਆ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਵਿਚ 35 ਫੀਸਦੀ ਕਮੀ ਆਈ ਸੀ। ਉਨ੍ਹਾਂ ਕਿਹਾ ਕਿ ਭਾਰਤੀ ਵਿਦਿਆਰਥੀਆਂ 'ਤੇ ਹੋਏ ਹਮਲਿਆਂ ਦੇ ਮਾਮਲਿਆਂ ਨੂੰ ਲੋੜੋਂ ਵੱਧ ਤੂਲ ਦਿੱਤਾ ਗਿਆ ਜਦਕਿ ਨਸਲੀ ਹਮਲਿਆਂ ਦੀਆਂ ਘਟਨਾਵਾਂ ਇਕਾ-ਦੁੱਕਾ ਸਨ। ਕੌਮਾਂਤਰੀ ਵਿਦਿਆਰਥੀਆਂ 'ਚ ਭਾਰਤੀ ਵਿਦਿਆਰਥੀ ਦੂਜਾ ਸਭ ਤੋਂ ਵੱਡਾ ਗਰੁੱਪ ਹਨ।

2009-10 ਦੇ ਅੰਕੜਿਆਂ ਅਨੁਸਾਰ ਆਸਟਰੇਲੀਆ 'ਚ ਤਕਰੀਬਨ 600000 ਵਿਦੇਸ਼ੀ ਵਿਦਿਆਰਥੀ ਪੜ੍ਹ ਰਹੇ ਸਨ ਜਿਨ੍ਹਾਂ 'ਚੋਂ 100000 ਭਾਰਤੀ ਸਨ। ਸ੍ਰੀ ਕਾਰਟਰ ਨੇ ਕਿਹਾ ਕਿ ਆਸਟਰੇਲੀਆ ਸਰਕਾਰ ਨੇ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ। ਕਾਨੂੰਨ ਲਾਗੂ ਕਰਨ ਵਾਲੀ ਸਹੂਲਤ ਵਧਾਈ ਗਈ ਹੈ।

## ਅਮਰੀਕੀ ਤੇ ਪਾਕਿ ਫ਼ੌਜੀ ਕਮਾਂਡਰਾਂ 'ਚ ਗੁਪਤ ਮੀਟਿੰਗ

**ਇਸਲਾਮਾਬਾਦ:** ਫ਼ੌਜ ਦੇ ਮੁਖੀ ਅਸ਼ਫਾਕ ਪਰਵੇਜ਼ ਕਿਆਨੀ ਸਮੇਤ ਚੋਟੀ ਦੇ ਅਮਰੀਕੀ-ਪਾਕਿਸਤਾਨੀ ਫੌਜੀ ਅਫ਼ਸਰਾਂ ਦੀ ਓਮਾਨ ਦੇ ਲਗਜ਼ਰੀ ਹੋਟਲ ਵਿਚ ਅਫਗਾਨਿਸਤਾਨੀ ਦਹਿਸ਼ਤਵਾਦ ਖ਼ਿਲਾਫ਼ ਲੜਾਈ ਬਾਰੇ ਦਿਨ ਭਰ ਗੁਪਤ ਮੀਟਿੰਗ ਹੋਈ।24 ਫਰਵਰੀ ਨੂੰ ਹੋਈ ਇਸ ਮੀਟਿੰਗ 'ਚ ਅਮਰੀਕੀ ਫ਼ੌਜ ਦੇ ਮੁਖੀ ਐਡਮਿਰਲ ਮਾਈਕ ਮੁਲਨ ਤੇ ਅਫਗਾਨਿਸਤਾਨ ਕੌਮਾਂਤਰੀ ਦਸਤਿਆਂ ਦੇ ਕਮਾਂਡਰ ਜਨਰਲ ਡੇਵਿਡ ਪੈਟਰਿਓਸ ਸਣੇ ਕਈ ਅਮਰੀਕੀ ਕਮਾਂਡਰ ਸ਼ਾਮਲ ਹੋਏ। ਕਿਆਨੀ ਨੇ ਉਨ੍ਹਾਂ ਨਾਲ ਖੇਤਰੀ ਸੁਰੱਖਿਆ ਬਾਰੇ ਚਰਚਾ ਕੀਤੀ ਤੇ ਫ਼ੌਜੀ ਅਪਰੇਸ਼ਨਾਂ ਲਈ ਬਿਹਤਰ ਤਾਲਮੇਲ ਬਿਠਾਉਣ ਦੇ ਨਵੇਂ ਢੰਗ ਲੱਭਣ ਬਾਰੇ ਵਿਚਾਰ-ਵਟਾਂਦਰਾ ਕੀਤਾ।ਫ਼ੌਜ ਵੱਲੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਗਿਆ ਕਿ "ਪਾਕਿਸਤਾਨ ਦੇ ਫ਼ੌਜੀ ਬਹਾਦਰੀ ਨਾਲ ਲੜੇ ਹਨ ਤੇ ਉਨ੍ਹਾਂ ਅਥਾਹ ਕੁਰਬਾਨੀ ਦੇ ਕੇ ਕਾਫ਼ੀ ਕੁਝ ਪ੍ਰਾਪਤ ਕੀਤਾ ਹੈ। ਆਪਣੇ ਫ਼ੌਜੀ ਅਪਰੇਸ਼ਨਾਂ ਦੀ ਸੂਝ-ਬੂਝ ਵਧਾ ਕੇ ਸਾਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਨਾ ਚਾਹੀਦਾ ਹੈ। ਕਿਆਨੀ ਨੇ ਕਿਹਾ ਇਸ ਗੱਲ ਦੀ ਖੁਸ਼ੀ ਹੈ ਕਿ ਆਪਣੇ ਦੇਸ਼ ਵਿਚ ਅਤਿਵਾਦੀਆਂ ਖ਼ਿਲਾਫ਼ ਲੜਦਿਆਂ ਕੀਤੀ ਪੇਸ਼ਕਦਮੀ ਬਾਰੇ ਅਮਰੀਕੀ ਅਫਸਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ।

## ਭਾਰਤੀ ਡਿਪਲੋਮੈਟ ਦੀ ਪਤਨੀ ਨੇ ਦਰਖ਼ਾਸਤ ਵਾਪਸ ਲਈ

**ਲੰਡਨ:** ਭਾਰਤੀ ਡਿਪਲੋਮੈਟ ਅਨਿਲ ਵਰਮਾ ਦੀ ਸਾਬਕਾ ਪਤਨੀ ਪਰੋਮਿਤਾ ਵਰਮਾ ਨੇ ਅਣਮਿੱਥੇ ਸਮੇਂ ਲਈ ਬਰਤਾਨੀਆ ਵਿਚ ਰਹਿਣ ਦੀ ਇਜਾਜ਼ਤ ਦੀ ਮੰਗ ਨੂੰ ਲੈ ਕੇ ਦਿੱਤੀ ਆਪਣੀ ਦਰਖ਼ਾਸਤ ਵਾਪਸ ਲੈ ਲਈ ਹੈ। ਉਸ ਨੇ ਇਨਸਾਨੀ ਆਧਾਰ 'ਤੇ ਖ਼ੁਦ ਨੂੰ ਦੇਸ਼ ਵਿਚ ਰਹਿਣ ਦਿੱਤੇ ਜਾਣ ਦੀ ਬੇਨਤੀ ਕੀਤੀ ਸੀ। ਬਰਤਾਨਵੀ ਗ੍ਰਹਿ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਪਰੋਮਿਤਾ ਨੇ ਆਪਣੀ ਦਰਖ਼ਾਸਤ ਵਾਪਸ ਲੈ ਲਈ ਹੈ।ਇਸ ਅਰਜ਼ੀ ਉਤੇ ਹਾਲੇ ਵਿਚਾਰ ਕੀਤੀ ਜਾਣੀ ਸੀ। ਦੱਸਣਯੋਗ ਹੈ ਕਿ ਕ੍ਰਿਸਮਸ ਦੇ ਮੌਕੇ ਵਰਮਾ ਜੋੜੇ ਦੀ ਲੜਾਈ ਹੋ ਜਾਣ ਕਾਰਨ ਉਨ੍ਹਾਂ ਦੇ ਸਬੰਧ ਟੁੱਟ ਗਏ ਸਨ। ਇਸ ਬਾਰੇ ਮੀਡੀਆ ਵਿਚ ਖ਼ਬਰਾਂ ਛਪਣ ਮਗਰੋਂ ਬਰਤਾਨਵੀ ਵਿਦੇਸ਼ ਵਿਭਾਗ ਨੇ ਸ੍ਰੀ ਵਰਮਾ ਖ਼ਿਲਾਫ਼ ਕਾਰਵਾਈ ਲਈ ਭਾਰਤ ਨੂੰ ਕਿਹਾ ਸੀ ਤੇ ਭਾਰਤ ਸਰਕਾਰ ਨੇ 21 ਜਨਵਰੀ ਨੂੰ ਉਨ੍ਹਾਂ ਨੂੰ ਵਾਪਸ ਸੱਦ ਲਿਆ ਸੀ।

## ਅਸਾਂਜ ਨੂੰ ਸਵੀਡਨ ਭੇਜਣ ਦੀ ਮਨਜ਼ੂਰੀ

**ਲੰਡਨ:** ਆਪਣੇ ਖੁਲਾਸਿਆਂ ਨਾਲ ਦੁਨੀਆਂ ਨੂੰ ਚੌਂਕਾ ਦੇਣ ਵਾਲੀ ਵਿਕੀਲੀਕਸ ਦੇ ਬਾਨੀ ਜੂਲੀਆ ਅਸਾਂਜ ਦੇ ਵਕੀਲ ਨੇ ਕਿਹਾ ਹੈ ਕਿ ਉਹ ਬਰਤਾਨਵੀ ਅਦਾਲਤ ਵੱਲੋਂ ਉਸ ਦੀ ਸਵੀਡਨ ਸਪੁਰਦਗੀ ਨੂੰ ਮਨਜ਼ੂਰੀ ਦੇਣ ਵਿਰੁੱਧ ਅਪੀਲ ਕਰਨਗੇ। ਸਵੀਡਨ 'ਚ ਅਸਾਂਜ 'ਤੇ ਦੋ ਔਰਤਾਂ ਨੇ ਜਬਰਜਨਾਹ ਦੇ ਦੋਸ਼ ਲਾਏ ਸਨ। ਬਰਤਾਨਵੀ ਅਦਾਲਤ ਨੇ ਅਸਾਂਜ ਨੂੰ ਸਵੀਡਨ ਦੇ ਸਪੁਰਦ ਕੀਤੇ ਜਾਣ ਦੀ ਸਹਿਮਤੀ ਦੇ ਦਿੱਤੀ ਹੈ ਜਿੱਥੇ ਉਸ 'ਤੇ ਜਿਸੀ ਸੋਸ਼ਣ ਦੇ ਦੋਸ਼ ਲੱਗੇ ਹੋਏ ਹਨ। ਅਦਾਲਤ ਨੇ ਇਹ ਦਾਅਵੇ ਖਾਰਜ ਕਰ ਦਿੱਤੇ ਕਿ ਅਜਿਹੀ ਸਰਗਰਮੀ ਨਾਲ ਉਸ ਦੇ ਮਾਨਵੀ ਹੱਕਾਂ ਦੀ ਉਲੰਘਣਾ ਹੋਵੇਗੀ।ਅਸਾਂਜ ਇਸ ਫੈਸਲੇ ਖ਼ਿਲਾਫ਼ ਅਪੀਲ ਕਰੇਗਾ। ਉਧਰ ਆਸਾਂਜ ਖ਼ਿਲਾਫ਼ ਜਾਰੀ ਕਾਨੂੰਨੀ ਕਾਰਵਾਈਆਂ ਕਾਰਨ ਪੈਦਾ ਹੋਈਆਂ ਮਾਲੀ ਔਕੜਾਂ ਦੇ ਟਾਕਰੇ ਲਈ ਵੱਖ-ਵੱਖ ਵਸਤਾਂ ਦੀ ਆਨਲਾਈਨ ਵਿਕਰੀ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਵੈਬਸਾਈਟ ਫੰਡ ਜੁਟਾ ਸਕੇ ਤੇ ਚੱਲਦੀ ਰਹਿ ਸਕੇ। ਇਸ ਸਬੰਧੀ ਵੈਬਸਾਈਟ ਨੇ ਆਨਲਾਈਨ ਸਟੋਰ ਸ਼ੁਰੂ ਕੀਤਾ ਹੈ ਜੋ ਇਹ ਵੱਖੋ-ਵੱਖ ਵਸਤਾਂ ਵੇਚ ਰਿਹਾ ਹੈ।

# ਬੁਸ਼ 'ਤੇ ਹਮਲੇ ਦੀ ਕੋਸ਼ਿਸ਼ ਦੇ ਦੋਸ਼ 'ਚ ਵਿਦਿਆਰਥੀ ਗ੍ਰਿਫ਼ਤਾਰ

**ਵਾਸ਼ਿੰਗਟਨ:** ਅਮਰੀਕਾ ਦੇ ਟੈਕਸਾਸ ਸੂਬੇ 'ਚ ਸਾਉਦੀ ਅਰਬ ਮੂਲ ਦੇ ਵਿਦਿਆਰਥੀ ਨੂੰ ਐਫ.ਬੀ.ਆਈ. ਦੇ ਅਧਿਕਾਰੀਆਂ ਨੇ ਅਤਿਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਅਨੁਸਾਰ ਉਹ ਬੰਬ ਬਣਾਉਣਾ ਚਾਹੁੰਦਾ ਸੀ ਤੇ ਉਸ ਦੇ ਨਿਸ਼ਾਨੇ 'ਤੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦਾ ਘਰ ਵੀ ਸੀ। ਅਧਿਕਾਰੀਆਂ ਨੇ ਕਿਹਾ ਕਿ 20 ਸਾਲਾ ਖਾਲਿਦ ਅਲਦਾਵਸਾਰੀ ਟੈਕਸਾਸ ਦੇ ਲੁਬਾਕ 'ਚ ਰਹਿੰਦਾ ਹੈ। ਖਾਲਿਦ 'ਤੇ ਦੋਸ਼ ਹੈ ਕਿ ਉਸ ਨੇ ਧਮਾਕਾ ਕਰਨ ਲਈ ਰਸਾਇਣਕ ਪਦਾਰਥ ਤੇ ਧਮਾਕਾਖੇਜ਼ ਯੰਤਰ ਖਰੀਦੇ। ਉਸ ਨੂੰ ਲੁਬਾਕ ਦੀ ਸੰਘੀ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਜੇ ਖਾਲਿਦ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਐਫ.ਬੀ.ਆਈ. ਅਨੁਸਾਰ ਉਸ ਕੋਲੋਂ ਅਮਰੀਕਾ ਦੇ ਤਿੰਨ ਸਾਬਕਾ ਫ਼ੌਜੀ ਅਧਿਕਾਰੀਆਂ ਦੇ ਨਾਂ ਤੇ ਪਤੇ ਬਰਾਮਦ ਕੀਤੇ ਗਏ ਹਨ। ਖਾਲਿਦ ਨੇ ਆਪਣੇ ਬਲਾਗ 'ਚ ਲਿਖਿਆ ਸੀ ਕਿ ਜੇਹਾਦ ਲਈ ਮੈਨੂੰ ਸਮਰਥਨ ਦੇਣ ਦੀ ਜ਼ਰੂਰਤ ਹੈ। ਅਧਿਕਾਰੀਆਂ ਨੇ ਦੱਸਿਆ ਕਿ ਖਾਲਿਦ ਦੇ ਕਮਰੇ ਦੀ ਤਲਾਸ਼ੀ ਦੌਰਾਨ ਸਲਫਿਊਰਿਕ ਤੇ ਨਾਈਟ੍ਰਿਕ ਐਸਿਡ, ਸਟੇਨ ਗਨ ਤੇ ਹੋਰ ਚੀਜ਼ਾਂ ਮਿਲੀਆਂ ਹਨ।



ਅਦਾਲਤ ਵਿਚ ਅਮਰੀਕੀ ਨਿਆਂ ਮੰਤਰਾਲੇ ਨੇ ਕਿਹਾ ਹੈ ਕਿ ਇਸ ਨੂੰ ਖਾਲਿਦ ਬਾਰੇ ਇਕ ਫ਼ਰਵਰੀ ਨੂੰ ਚੌਕਸ ਕੀਤਾ ਗਿਆ ਸੀ। ਮੰਤਰਾਲੇ ਦੀ ਸੂਚਨਾ ਅਨੁਸਾਰ ਖ਼ਾਲਿਦ ਨੇ ਰਸਾਇਣਾਂ ਦੀ ਸਪਲਾਈ ਕਰਨ ਵਾਲੇ ਇਕ ਵਿਦਿਆਰਥੀ ਤੋਂ ਕੁਝ ਸਮੱਗਰੀ ਮੰਗਵਾਈ ਸੀ ਜਿਸ ਨੂੰ ਧਮਾਕਾ ਕਰਨ ਲਈ ਵਰਤਿਆ ਜਾ ਸਕਦਾ ਸੀ। ਇਸ ਤੋਂ ਬਾਅਦ ਇਸ ਵਿਅਕਤੀ ਨੂੰ ਸ਼ੱਕ ਦੇ ਦਾਇਰੇ ਵਿਚ ਲਿਆਂਦਾ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਖ਼ਾਲਿਦ ਅਲੀ ਦੀ ਯੋਜਨਾ ਸੀ ਕਿ ਉਹ ਮੋਬਾਈਲ ਦੀ ਮਦਦ ਨਾਲ ਧਮਾਕਾ ਕਰੇਗਾ।

## ਭਾਰਤੀ ਡਾਕਟਰ ਜੋੜੇ ਨੂੰ ਅੱਠ ਸਾਲ ਕੈਦ

**ਬੋਸਟਨ:** ਅਮਰੀਕੀ ਅਦਾਲਤ ਵੱਲੋਂ ਭਾਰਤੀ ਮੂਲ ਦੀ ਡਾਕਟਰ ਨੂੰ ਆਪਣੇ ਪਤੀ ਨਾਲ ਮਿਲ ਕੇ ਸਿਹਤ ਸੰਭਾਲ 'ਚ ਘਪਲੇ ਦੇ ਦੋਸ਼ 'ਚ ਅੱਠ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਦਸ ਸਾਲਾਂ ਦੌਰਾਨ ਧੋਖਾਧੜੀ ਰਾਹੀਂ ਕਮਾਈ 4.3 ਕਰੋੜ ਡਾਲਰ ਦੀ ਕਮਾਈ ਤੇ ਹੋਰ ਸੰਪਤੀ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ ਹਨ।

ਕਿਰਨ ਸ਼ਰਮਾ ਨੇ ਸਾਜ਼ਿਸ਼ ਰਚਣ ਤੇ ਸਿਹਤ ਸੰਭਾਲ ਦਾ ਫਰਾਡ ਕਰਨ ਦੇ ਦੋਸ਼ ਕਬੂਲ ਕਰ ਲਏ। ਅਮਰੀਕੀ ਅਟਾਰਨੀ ਜੋਜ਼ੇ ਐਂਜਲ ਮੋਰੇਨੋ ਨੇ ਬਿਆਨ 'ਚ ਦੱਸਿਆ ਕਿ ਕਿਰਨ ਦੇ ਪਤੀ ਅਰੁਣ ਸ਼ਰਮਾ ਜੋ ਖ਼ੁਦ ਵੀ ਇਕ ਡਾਕਟਰ ਹੈ, ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ 'ਤੇ ਸਰਕਾਰੀ ਬੀਮਾ, ਮੈਡੀਕੇਅਰ, ਮੈਡੀਕੇਡ ਤੇ ਵੱਖ-ਵੱਖ ਪ੍ਰਾਈਵੇਟ ਸਿਹਤ ਸੰਭਾਲ ਕੰਪਨੀਆਂ ਲਈ ਫਰਜ਼ੀ ਬਿੱਲ ਬਣਾਉਣ ਦੇ ਦੋਸ਼ ਹਨ। ਜ਼ਿਲ੍ਹਾ ਜੱਜ ਡੇਵਿਡ ਹਿਟਨਰ ਨੇ ਟੈਕਸਸ 'ਚ ਰਹਿਣ ਵਾਲੇ ਡਾਕਟਰ ਦੀ 4.3 ਕਰੋੜ ਡਾਲਰ ਤੋਂ ਵੱਧ ਦੀ ਸੰਪਤੀ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ।

ਇਸ ਵਿਚ ਟੈਕਸਸ ਵਿਚਲਾ 700000 ਡਾਲਰ ਦਾ ਉਨ੍ਹਾਂ ਦਾ ਘਰ, 70000 ਡਾਲਰ ਦੀ ਨਕਦੀ, ਦੋ ਡਿਪਾਜ਼ਿਟ ਬਕਸਿਆਂ ਤੇ ਕਈ ਨਿਵੇਸ਼ ਸਕੀਮਾਂ 'ਚ ਪਾਈ 800000 ਡਾਲਰ ਦੀ ਨਕਦੀ ਸ਼ਾਮਲ ਹਨ।

ਕਿਰਨ ਸ਼ਰਮਾ ਨੂੰ ਅੱਠ ਸਾਲਾਂ ਦੀ ਕੈਦ ਪੂਰੀ ਕਰਨ ਲਈ ਯੂ.ਐਸ. ਮਾਰਸ਼ਲ ਸਰਵਿਸਿਜ਼ ਦੇ ਹਵਾਲੇ ਕਰ ਦਿੱਤਾ ਗਿਆ ਹੈ। ਜੋੜੇ ਨੇ ਅਪਰੈਲ 2010 'ਚ ਆਪਣਾ ਦੋਸ਼ ਮੰਨ ਲਿਆ ਸੀ।

## ਪਾਕਿ ਵੱਲੋਂ ਮੁੰਬਈ ਹਮਲੇ ਦੇ ਕੇਸ ਦੀ ਸੁਣਵਾਈ ਮੁਲਤਵੀ

**ਇਸਲਾਮਾਬਾਦ:** ਪਾਕਿਸਤਾਨੀ ਅਦਾਲਤ ਨੇ ਲਸ਼ਕਰ-ਏ-ਤੋਇਬਾ ਦੇ ਜ਼ਕੀਉਰ ਰਹਿਮਾਨ ਲਖਵੀ ਤੇ ਛੇ ਹੋਰਾਂ ਸ਼ੱਕੀਆਂ ਦੇ ਮੁਕੱਦਮੇ ਦੀ ਸੁਣਵਾਈ ਪੰਜ ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ। ਅਜਮਲ ਕਸਾਬ ਤੇ ਫਾਹੀਮ ਅੰਸਾਰੀ ਨੂੰ ਭਗੌੜੇ ਕਰਾਰ ਦੇਣ ਬਾਰੇ ਬਚਾਓ ਤੇ ਇਸਤਗਾਸਾ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਅਦਾਲਤੀ ਕਾਰਵਾਈ ਹੋਈ।

ਮਰਕਜ਼ੀ ਜਾਂਚ ਏਜੰਸੀ (ਐਫ.ਆਈ.ਏ.) ਦੇ ਵਕੀਲਾਂ ਨੇ ਰਾਵਲਪਿੰਡੀ ਦੀ ਦਹਿਸ਼ਤ ਵਿਰੋਧੀ ਅਦਾਲਤ ਵਿਚ ਮੁੜ ਅਪੀਲ ਕੀਤੀ ਕਿ ਮੁੰਬਈ ਹਮਲਿਆਂ ਦੇ ਕੇਸ ਦੇ ਦੋਸ਼ੀ ਕਸਾਬ ਤੇ ਸ਼ੱਕੀ ਦਹਿਸ਼ਤਗਰਦ ਅੰਸਾਰੀ ਨੂੰ ਭਗੌੜੇ ਐਲਾਨ ਕੇ ਉਨ੍ਹਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਜਾਣ। ਇਸਤਗਾਸਾ ਨੇ ਪਹਿਲੀ ਵਾਰ ਪਿਛਲੇ ਸਾਲ ਮਈ ਵਿਚ ਅਪੀਲ ਪਾਈ ਸੀ।

## ਸੰਯੁਕਤ ਰਾਸ਼ਟਰ ਵੱਲੋਂ ਇਰਾਨ ਦੇ ਪਰਮਾਣੂ ਹਥਿਆਰਾਂ ਬਾਰੇ ਦਾਅਵਾ

**ਵੀਆਨਾ:** ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਏਜੰਸੀ ਨੇ ਕਿਹਾ ਹੈ ਕਿ ਤਾਜ਼ਾ ਜਾਣਕਾਰੀ ਮੁਤਾਬਕ ਇਰਾਨ ਪਰਮਾਣੂ ਹਥਿਆਰ ਧੜੱਲੇ ਨਾਲ ਵਧਾ ਰਿਹਾ ਹੈ। ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਕਿਹਾ ਕਿ ਤਹਿਰਾਨ ਵੱਲੋਂ ਲਗਾਤਾਰ ਇਸ ਗੱਲ ਨੂੰ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਦੋਂਕਿ ਇਹ ਰਿਪੋਰਟ ਇਰਾਨ ਵੱਲੋਂ ਕੀਤੇ ਜਾ ਰਹੇ ਪਰਮਾਣੂ ਤਜਰਬਿਆਂ ਤੇ ਪਰਮਾਣੂ ਹਥਿਆਰਾਂ ਦੇ ਵਿਕਾਸ ਵੱਲ ਸਾਫ਼ ਇਸ਼ਾਰਾ ਕਰਦੀ ਹੈ।

ਰਿਪੋਰਟ 'ਚ ਨਿਊਕਲੀਅਰ ਪੇਲੋਡ ਦੇ ਨਿਰਮਾਣ, ਵਿਸਫੋਟਕ ਸਮੱਗਰੀ ਨਾਲ ਛੇੜਛਾੜ ਤੇ ਹੋਰ ਮਾਰੂ ਪਰਮਾਣੂ ਹਥਿਆਰਾਂ ਦੇ ਨਿਰਮਾਣ ਬਾਰੇ ਜਾਣਕਾਰੀ ਵੀ ਸ਼ਾਮਲ ਹੈ। ਇਰਾਨ ਵੱਲੋਂ ਇਸ ਗੱਲ ਨੂੰ ਦਬਾਉਣ ਦੇ ਬਾਵਜੂਦ ਇਹ ਏਜੰਸੀ ਦੇ ਸ਼ੱਕ ਨੂੰ ਹੋਰ ਪੱਕਾ ਕਰਦੀ ਹੈ। ਸੰਯੁਕਤ ਰਾਸ਼ਟਰ ਵੱਲੋਂ ਪਹਿਲਾਂ ਵੀ ਤਹਿਰਾਨ ਨੂੰ ਯੂਰੇਨੀਅਮ ਸੁਧਾਈ ਰੋਕਣ ਲਈ ਕਿਹਾ ਗਿਆ ਸੀ ਪਰ ਇਰਾਨ ਕਹਿ ਰਿਹਾ ਹੈ ਕਿ ਇਸ ਸਮੱਗਰੀ ਦੀ ਵਰਤੋਂ ਅਮਨ ਕਾਰਜਾਂ ਲਈ ਕੀਤੀ ਜਾ ਰਹੀ ਹੈ।

# ਜੇਲ੍ਹ ਵਿਚ ਸਰਬਜੀਤ ਨੂੰ ਮਿਲਣ ਜਾ ਸਕੇਗਾ ਵਕੀਲ

**ਲਾਹੌਰ:** ਲਾਹੌਰ ਹਾਈ ਕੋਰਟ ਨੇ ਦਹਿਸ਼ਤੀ ਹਮਲਿਆਂ ਦੇ ਕੇਸ 'ਚ ਦੋਸ਼ੀ ਕਰਾਰ ਦਿੱਤੇ ਭਾਰਤੀ ਨਾਗਰਿਕ ਸਰਬਜੀਤ ਸਿੰਘ ਨੂੰ ਕੋਟ ਲਖਪਤ ਜੇਲ੍ਹ ਵਿਚ ਆਪਣੇ ਵਕੀਲ ਨਾਲ ਮੁਲਾਕਾਤ ਕਰਨ ਦੀ ਆਗਿਆ ਦੇ ਦਿੱਤੀ ਹੈ। ਅਵਾਇਸ ਸ਼ੇਖ ਨੇ ਸਰਬਜੀਤ ਨਾਲ ਮੁਲਾਕਾਤ ਕਰਨ ਦੀ ਆਗਿਆ ਲੈਣ ਲਈ ਹਾਈ ਕੋਰਟ 'ਚ ਪਟੀਸ਼ਨ ਪਾਈ ਸੀ। ਉਸ ਨੇ ਕਿਹਾ ਕਿ ਉਹ ਸਰਬਜੀਤ ਸਿੰਘ ਦਾ ਵਕੀਲ ਹੈ ਤੇ ਭਾਰਤ ਵਿਚ ਉਸ ਦੇ ਪਰਿਵਾਰ ਨੂੰ ਮਿਲ ਕੇ ਆਇਆ ਹੈ। ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਜੇਲ੍ਹ ਪ੍ਰਸ਼ਾਸਨ ਨੂੰ ਹਦਾਇਤ ਦੇਵੇ ਕਿ ਉਸ ਨੂੰ ਕੈਦੀ ਨਾਲ ਮਿਲਣ ਦਿੱਤਾ ਜਾਵੇ। ਹਾਈ ਕੋਰਟ ਨੇ ਸ਼ੇਖ ਦੀ ਪਟੀਸ਼ਨ ਸਵੀਕਾਰ ਕਰ ਲਈ ਤੇ ਉਸ ਨੂੰ ਸਰਬਜੀਤ ਨਾਲ ਮੁਲਾਕਾਤ ਦੀ ਆਗਿਆ ਦੇ ਦਿੱਤੀ। ਸ਼ੇਖ ਨੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਵੀ ਚਿੱਠੀ ਲਿਖ ਕੇ ਉਨ੍ਹਾਂ ਨੂੰ ਸਰਬਜੀਤ ਦੇ ਕੇਸ 'ਤੇ ਹਮਦਰਦੀ ਨਾਲ ਗੌਰ ਕਰਨ ਦੀ ਬੇਨਤੀ ਕੀਤੀ ਸੀ ਕਿਉਂਕਿ ਇਹ ਨਿਰੋਲ ਗਲਤ ਪਛਾਣ ਦਾ ਮਾਮਲਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ 2000 'ਚ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਦੇ ਦਖ਼ਲ ਤੋਂ ਬਾਅਦ ਸਰਬਜੀਤ ਦੀ ਫਾਂਸੀ ਦੀ ਸਜ਼ਾ ਮੁਲਤਵੀ ਕਰ ਦਿੱਤੀ ਸੀ। ਪੰਜਾਬ 'ਚ 1990 ਵਿਚ ਹੋਏ ਬੰਬ ਧਮਾਕਿਆਂ ਜਿਨ੍ਹਾਂ 'ਚ 14 ਲੋਕ ਮਾਰੇ ਗਏ ਸਨ, ਦੇ ਦੋਸ਼ ਵਿਚ ਸਰਬਜੀਤ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।



## ਪਾਕਿਸਤਾਨ 'ਚ ਭਾਰਤੀ ਨੂੰ ਤਿੰਨ ਸਾਲਾਂ ਦੀ ਕੈਦ

**ਇਸਲਾਮਾਬਾਦ:** ਇਕ ਪਾਕਿਸਤਾਨੀ ਅਦਾਲਤ ਨੇ ਅਕਤੂਬਰ 1993 ਤੋਂ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਨਾਗਰਿਕ ਨੂੰ ਤਿੰਨ ਸਾਲਾਂ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਦਿਨੇਸ਼ ਕੁਮਾਰ ਪੁੱਤਰ ਨਰਾਇਣ ਦਾਸ ਨੂੰ ਲੋੜੀਂਦੇ ਤੇ ਪ੍ਰਮਾਣਕ ਦਸਤਾਵੇਜ਼ਾਂ ਬਗੈਰ ਦੇਸ਼ ਵਿਚ ਰਹਿਣ ਦਾ ਦੋਸ਼ੀ ਕਰਾਰ ਦਿੱਤਾ ਹੈ। ਸਰਕਾਰੀ ਤੇ ਬਚਾਓ ਧਿਰ ਦੀਆਂ ਦਲੀਲਾਂ ਸੁਣਨ ਤੋਂ ਪਿਛੋਂ ਕੁਮਾਰ ਨੂੰ 5000 ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਜਿਸ ਦੀ ਅਦਾਇਗੀ ਨਾ ਕਰਨ 'ਤੇ ਉਸ ਨੂੰ 15 ਦਿਨ ਹੋਰ ਜੇਲ੍ਹ ਕੱਟਣੀ ਪਵੇਗੀ।

ਅਦਾਲਤ ਨੇ ਕਿਹਾ ਕਿ ਕੁਮਾਰ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਆਪਣੇ ਕੌਮੀ ਪਛਾਣ ਪੱਤਰ ਨੂੰ ਨੈਸ਼ਨਲ ਡੇਟਾਬੇਸ ਐਂਡ ਰਜਿਸਟਰੇਸ਼ਨ ਅਥਾਰਿਟੀ ਕੋਲ ਭੇਜਿਆ ਜਾਵੇ ਤਾਂ ਕਿ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਜੱਜ ਨੇ ਜੇਲ੍ਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸਜ਼ਾ ਪੂਰੀ ਹੋਣ ਪਿਛੋਂ ਦਿਨੇਸ਼ ਕੁਮਾਰ ਨੂੰ ਜਲਾਵਤਨ ਕਰ ਦਿੱਤਾ ਜਾਵੇ। ਉਸ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੂੰ ਪਾਕਿਸਤਾਨੀ ਨਾਗਰਿਕ ਦਿਆਲ ਦਾਸ ਨੇ ਗੋਦ ਲਿਆ ਸੀ ਤੇ ਉਸ ਦਾ ਪਾਕਿਸਤਾਨ ਵਿਚ ਵਿਆਹ ਹੋਇਆ ਤੇ ਬੱਚੇ ਵੀ ਹਨ। ਇਸਤਗਾਸਾ ਨੇ ਦੱਸਿਆ ਕਿ ਦਿਨੇਸ਼ ਕੁਮਾਰ 1993 ਵਿਚ ਸੈਲਾਨੀ ਵੀਜ਼ੇ 'ਤੇ ਭਾਰਤ ਤੋਂ ਕਰਾਚੀ ਪੁੱਜਿਆ ਸੀ ਤੇ ਵੀਜ਼ੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਉਹ ਭਾਰਤ ਨਹੀਂ ਪਰਤਿਆ।ਮਿਲਟਰੀ ਇੰਟੈਲੀਜੈਂਸ ਦੀ ਸ਼ਿਕਾਇਤ 'ਤੇ ਪੁਲਿਸ ਨੇ ਅਗਸਤ 2006 ਵਿਚ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ।

# ਭਾਜਪਾ ਆਗੂ ਅਰੁਨ ਸ਼ੋਰੀ ਵੀ ਸੀ.ਬੀ.ਆਈ. ਦੇ ਅੜਿੱਕੇ

**ਨਵੀਂ ਦਿੱਲੀ:** 2-ਜੀ ਸਪੈਕਟ੍ਰਮ ਘੁਟਾਲੇ ਨੂੰ ਲੈ ਕੇ ਰੌਲਾ ਪਾ ਰਹੀ ਵਿਰੋਧੀ ਧਿਰ ਭਾਜਪਾ ਨੂੰ ਵੀ ਸੇਕ ਲੱਗਣਾ ਸ਼ੁਰੂ ਹੋ ਗਿਆ ਹੈ। ਇਸ ਬਾਰੇ ਸੀ.ਬੀ.ਆਈ. ਨੇ ਸਾਬਕਾ ਟੈਲੀਕਾਮ ਮੰਤਰੀ ਅਰੁਨ ਸ਼ੋਰੀ ਤੋਂ ਪੁੱਛ-ਪੜਤਾਲ ਕੀਤੀ ਜਿਸ ਦੌਰਾਨ ਇਸ ਆਗੂ ਨੇ ਦੋਸ਼ ਲਾਇਆ ਕਿ ਉਸ ਦੇ ਮਗਰੋਂ ਅਹੁਦਾ ਸੰਭਾਲਣ ਵਾਲੇ ਦਇਆਨਿਧੀ ਮਾਰਨ ਨੇ 2005 ਕੁਝ ਅਪਰੇਟਰਾਂ ਨੂੰ ਲਾਭ ਦੇਣ ਲਈ ਟਰਾਈ (ਟੀ.ਆਰ.ਏ.ਆਈ.) ਦੇ ਦਿਸ਼ਾ-ਨਿਰਦੇਸ਼ਾਂ ਨਾਲ ਛੇੜਛਾੜ ਕੀਤੀ ਸੀ।

ਤਿੰਨ ਘੰਟੇ ਚੱਲੇ ਪੁੱਛ-ਪੜਤਾਲ ਮਗਰੋਂ ਸ਼ੋਰੀ ਨੇ ਕਿਹਾ ਕਿ ਉਨ੍ਹਾਂ ਨੇ ਜਾਂਚ ਅਧਿਕਾਰੀਆਂ ਨੂੰ ਮਿਸਾਲਾਂ ਦੇ ਕੇ ਮਾਰਨ ਦੇ ਕਾਰਜਕਾਲ 'ਚ ਹੋਈਆਂ ਬੇਨਿਯਮੀਆਂ ਬਾਰੇ ਦੱਸਿਆ। ਏ. ਰਾਜਾ ਨੇ 2007 'ਚ ਮਾਰਨ ਤੋਂ ਟੈਲੀਕਾਮ ਮੰਤਰੀ ਦਾ ਅਹੁਦਾ ਲਿਆ ਸੀ। ਸ੍ਰੀ ਸ਼ੋਰੀ ਨੇ ਕਿਹਾ ਕਿ ਮਾਰਨ ਮੰਤਰੀ ਸੀ। ਫਿਰ ਰਾਜਾ 'ਤੇ ਕਾਹਦੇ ਦੋਸ਼ ਲਾਏ ਜਾ ਰਹੇ ਹਨ? ਜਦੋਂ ਸਰਕਾਰ ਕੋਲ ਕੋਈ ਸਪੈਕਟ੍ਰਮ ਨਹੀਂ ਸੀ, ਬਿਨਾਂ ਸਪੈਕਟ੍ਰਮ ਦੇ ਇਹ 122 ਲਾਇਸੈਂਸ ਦੇ ਦਿੱਤੇ ਤੇ ਇਹ ਸਾਰਾ ਕੁਝ ਮਾਰਨ ਦੇ ਸਮੇਂ 'ਚ ਹੋਇਆ। ਜਦੋਂ ਦਿਸ਼ਾ-ਨਿਰਦੇਸ਼ਾਂ ਵਿਚ ਇਕ ਫਿਕਰਾ ਇਹ ਪਾ ਦਿੱਤਾ ਗਿਆ ਕਿ ਸਰਕਲ 'ਚ ਅਪਰੇਟਰਾਂ ਦੀ ਗਿਣਤੀ ਦੀ ਕੋਈ ਸੀਮਾ ਜ਼ਰੂਰੀ ਨਹੀਂ ਹੋਵੇਗੀ। ਉਨ੍ਹਾਂ ਦੱਸਿਆ ਕਿ ਇਹ ਤਬਦੀਲੀ ਕੇਵਲ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਟਰਾਈ) ਦੀਆਂ ਸਿਫਾਰਸ਼ਾਂ 'ਤੇ ਹੀ ਹੋ ਸਕਦੀ ਸੀ। ਇਹ ਤਬਦੀਲੀ 2005 ਦੇ ਦਿਸ਼ਾ-ਨਿਰਦੇਸ਼ਾਂ 'ਚ ਆ ਚੁੱਕੀ ਸੀ ਜਦਕਿ ਟਰਾਈ ਨੇ 2007 ਤਕ ਇਸ ਦੀ ਸਿਫਾਰਸ਼ ਨਹੀਂ ਕੀਤੀ ਸੀ। ਮਾਰਨ ਨੇ ਕਿਸੇ ਮੰਤਰ ਨਾਲ ਉਹ ਗੱਲ ਪਹਿਲਾਂ ਹੀ ਬੁੱਝ ਲਈ ਸੀ ਜੋ ਦੋ ਸਾਲ ਮਗਰੋਂ ਹੋਣੀ ਸੀ।

ਸ੍ਰੀ ਸ਼ੋਰੀ ਨੇ ਏ. ਰਾਜਾ ਨੂੰ ਸਲਾਹ ਦਿੱਤੀ ਕਿ ਉਹ ਏਜੰਸੀ ਲਈ ਸਰਕਾਰੀ ਗਵਾਹ ਬਣ ਜਾਵੇ ਤੇ ਘੁਟਾਲੇ 'ਚ ਲਾਹਾ ਲੈਣ ਵਾਲਿਆਂ ਦੇ ਨਾਂ ਦੱਸ ਦੇਵੇ। ਸ਼ੋਰੀ ਨੇ ਦਾਅਵਾ ਕੀਤਾ ਕਿ ਉਸ ਦੇ ਕਾਰਜਕਾਲ 'ਚ ਟਰਾਈ ਦੇ ਨਿਯਮਾਂ ਦੀ ਬਿਲਕੁਲ ਉਲੰਘਣਾ ਨਹੀਂ ਹੋਈ ਤੇ ਕੈਬਨਿਟ ਦੇ ਸਾਰੇ ਫੈਸਲੇ ਇੰਨ-ਬਿੰਨ ਲਾਗੂ ਹੋਏ।


ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਅਰੁਨ ਸ਼ੋਰੀ।

## ਹੁਣ 30 ਮੈਂਬਰੀ ਜੇ.ਪੀ.ਸੀ. ਕਰੇਗੀ ਸਪੈਕਟ੍ਰਮ ਘੁਟਾਲੇ ਦੀ ਜਾਂਚ

ਨਵੀਂ ਦਿੱਲੀ: ਸਰਕਾਰ ਨੇ ਵਿਰੋਧੀ ਧਿਰ ਦੀ ਗੱਲ ਮੰਨਦਿਆਂ 2-ਜੀ ਸਪੈਕਟ੍ਰਮ ਦੀ ਜਾਂਚ ਕਰਨ ਲਈ ਬਣਾਈ ਜਾ ਰਹੀ ਜੇ.ਪੀ.ਸੀ. 'ਚ 30 ਮੈਂਬਰ ਲੈਣ ਦਾ ਫੈਸਲਾ ਕੀਤਾ ਹੈ। ਪਹਿਲਾਂ ਸਰਕਾਰ ਦਾ 21 ਮੈਂਬਰੀ ਪੈਨਲ ਬਣਾਉਣ ਦਾ ਪ੍ਰੋਗਰਾਮ ਸੀ ਪਰ ਅੰਨਾ ਡੀ.ਐਮ.ਕੇ. ਵਰਗੀਆਂ ਛੋਟੀਆਂ ਪਾਰਟੀਆਂ ਨੂੰ ਨੁਮਾਇੰਦਗੀ ਦੇਣ ਲਈ ਹੁਣ ਮੈਂਬਰਾਂ ਦੀ ਗਿਣਤੀ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ।

ਅੰਨਾ ਡੀ.ਐਮ.ਕੇ. ਦੇ ਸੰਸਦ ਮੈਂਬਰ ਥਾਂਬੀ ਦੁਰਈ ਲੋਕ ਸਭਾ 'ਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਤੇ ਐਨ.ਡੀ.ਏ. ਦੇ ਵਰਕਿੰਗ ਚੇਅਰਪਰਸਨ ਐਲ.ਕੇ. ਅਡਵਾਨੀ ਨੂੰ ਮਿਲੇ ਸਨ ਤੇ ਬੇਨਤੀ ਕੀਤੀ ਸੀ ਕਿ ਮੁੱਖ ਵਿਰੋਧੀ ਧਿਰ ਸਾਂਝੀ ਪਾਰਲੀਮਾਨੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 30 ਕੀਤੇ ਜਾਣ ਲਈ ਜ਼ੋਰ ਪਾਵੇ। ਦੋਵੇਂ ਆਗੂਆਂ ਸੁਸ਼ਮਾ ਤੇ ਅਡਵਾਨੀ ਨੇ ਇਹ ਗੱਲ ਸਰਕਾਰ ਤੱਕ ਪਹੁੰਚਾਈ ਤੇ ਜੇ.ਪੀ.ਸੀ. ਦਾ ਆਕਾਰ ਵੱਡਾ ਰੱਖਣ ਦਾ ਸੁਝਾਅ ਦਿੱਤਾ। ਸੁਸ਼ਮਾ ਸਵਰਾਜ ਨੇ ਕਿਹਾ ਕਿ ਸੰਸਦੀ ਸਥਾਈ ਕਮੇਟੀਆਂ ਜਿਨ੍ਹਾਂ ਨੂੰ ਛੋਟੀਆਂ ਜੇ.ਪੀ.ਸੀ. ਕਿਹਾ ਜਾਂਦਾ ਹੈ, ਦੇ ਵੀ 30 ਮੈਂਬਰ ਹੁੰਦੇ ਹਨ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਬਾਰੇ ਪਹਿਲਾਂ ਬਣੀਆਂ ਤਿੰਨ ਜੇ.ਪੀ.ਸੀਜ਼. ਦੇ ਵੀ 30 ਮੈਂਬਰ ਸਨ। ਇਸ ਤੋਂ ਬਾਅਦ ਛੋਟੀਆਂ ਪਾਰਟੀਆਂ ਨੂੰ ਵੀ ਨੁਮਾਇੰਦਗੀ ਦੇਣ ਲਈ 30 ਮੈਂਬਰੀ ਜੇ.ਪੀ.ਸੀ. ਬਣਾਉਣ ਦਾ ਐਲਾਨ ਕੀਤਾ ਗਿਆ ਹੈ ਕਿਉਂਕਿ 21 ਮੈਂਬਰੀ ਕਮੇਟੀ 'ਚ ਸਾਰੀਆਂ ਧਿਰਾਂ ਦੀ ਨੁਮਾਇੰਦਗੀ ਸੰਭਵ ਨਹੀਂ ਸੀ। ਹੁਣ ਜੇ.ਪੀ.ਸੀ. 'ਚ 20 ਮੈਂਬਰ ਲੋਕ ਸਭਾ ਤੋਂ ਤੇ 10 ਮੈਂਬਰ ਰਾਜ ਸਭਾ ਤੋਂ ਹੋਣਗੇ। ਹਰੇਕ ਪਾਰਟੀ ਦੀ ਨੁਮਾਇੰਦਗੀ ਦੋਵੇਂ ਸਦਨਾਂ 'ਚ ਉਨ੍ਹਾਂ ਦੀ ਗਿਣਤੀ ਅਨੁਸਾਰ ਹੋਵੇਗੀ।

ਭਾਜਪਾ ਦੇ ਲੋਕ ਸਭਾ 'ਚੋਂ ਇਸ ਕਮੇਟੀ 'ਚ ਚਾਰ ਮੈਂਬਰ ਹੋਣਗੇ ਜਿਸ 'ਚੋਂ ਇਕ ਸੀਟ ਇਹ ਸ਼ਿਵ ਸੈਨਾ ਨੂੰ ਦੇਵੇਗੀ ਜਿਸ ਨੂੰ ਕੋਈ ਨੁਮਾਇੰਦਗੀ ਨਹੀਂ ਮਿਲ ਰਹੀ। ਭਾਜਪਾ ਦੇ ਦੋ ਮੈਂਬਰ ਉਪਰਲੇ ਸਦਨ 'ਚੋਂ ਜੇ.ਪੀ.ਸੀ. 'ਚ ਹੋਣਗੇ। ਡੀ.ਐਮ.ਕੇ. ਦੇ ਦੋ ਮੈਂਬਰ ਤੇ ਅੰਨਾ ਡੀ.ਐਮ.ਕੇ. ਦਾ ਇਕ ਮੈਂਬਰ ਇਸ ਪੈਨਲ 'ਚ ਸ਼ਾਮਲ ਹੋਵੇਗਾ। ਕਾਂਗਰਸ ਦੇ ਸੰਸਦ ਮੈਂਬਰ ਪੀ.ਸੀ. ਚਾਕੋ ਦੇ ਜੇ.ਪੀ.ਸੀ. ਦਾ ਚੇਅਰਮੈਨ ਬਣਨ ਦੀ ਸੰਭਾਵਨਾ ਹੈ। ਕਾਂਗਰਸ ਦੀਆਂ ਭਾਈਵਾਲ ਐਨ.ਸੀ.ਪੀ. ਤੇ ਤ੍ਰਿਨਮੂਲ ਕਾਂਗਰਸ ਦੋਵਾਂ ਦਾ ਇਕ-ਇਕ ਮੈਂਬਰ ਜੇ.ਪੀ.ਸੀ. 'ਚ ਸ਼ਾਮਲ ਹੋਵੇਗਾ। ਬਸਪਾ, ਜਨਤਾ ਦਲ (ਯੂ.) ਤੇ ਖੱਬੀਆਂ ਪਾਰਟੀਆਂ ਦੇ ਦੋ-ਦੋ ਤੇ ਸਮਾਜਵਾਦੀ ਪਾਰਟੀ ਤੇ ਬੀ.ਜੇ.ਡੀ. ਦਾ ਇਕ-ਇਕ ਮੈਂਬਰ ਸਾਂਝੀ ਪਾਰਲੀਮਾਨੀ ਕਮੇਟੀ 'ਚ ਸ਼ਾਮਲ ਹੋਏਗਾ।

## ...ਹੁਣ ਭਾਰਤ 'ਚ ਦੁੱਧ ਦੀਆਂ ਨਦੀਆਂ ਨਹੀਂ ਵਹਿੰਦੀਆਂ

**ਨਵੀਂ ਦਿੱਲੀ:** ਦੁੱਧ ਦੀਆਂ ਨਦੀਆਂ ਵਹਿਣ ਦੇ ਦਾਅਵਿਆਂ ਵਾਲੇ ਭਾਰਤ 'ਚ ਹੁਣ ਦੁੱਧ ਦੀ ਘਾਟ ਹੈ। ਆਰਥਿਕ ਸਰਵੇਖ ਦੇਸ਼ 'ਚ 'ਚਿੱਟੀ ਕ੍ਰਾਂਤੀ' ਆਉਣ ਦੇ ਦਾਅਵੇ ਨੂੰ ਖੋਖਲਾ ਸਾਬਤ ਕਰ ਰਿਹਾ ਹੈ। ਸਰਵੇਖਣ ਅਨੁਸਾਰ ਭਾਰਤ 'ਚ ਦੁੱਧ ਦਾ ਉਤਪਾਦਨ ਮੰਗ ਨਾਲੋਂ ਘੱਟ ਹੈ ਤੇ ਜੇ ਘਰੇਲੂ ਪੱਧਰ 'ਤੇ ਦੁੱਧ ਦਾ ਉਤਪਾਦਨ ਨਾ ਵਧਾਇਆ ਗਿਆ ਤਾਂ ਇਸ ਦੀ ਕੀਮਤ ਹੋਰ ਵਧ ਸਕਦੀ ਹੈ। ਇੱਥੋਂ ਤੱਕ ਕਿ ਮੁਲਕ ਨੂੰ ਇਹ ਦਰਾਮਦ ਵੀ ਕਰਨਾ ਪੈ ਸਕਦਾ ਹੈ।

ਸਰਵੇਖਣ ਨੇ ਦੁੱਧ ਦੀਆਂ ਵਧਦੀਆਂ ਕੀਮਤਾਂ 'ਤੇ ਫਿਕਰਮੰਦੀ ਜ਼ਾਹਿਰ ਕੀਤੀ। ਘਰੇਲੂ ਪੱਧਰ 'ਤੇ ਦੁੱਧ ਦੀ ਮੰਗ ਤੇ ਉਤਪਾਦਨ ਵਿਚ ਪਾੜਾ ਵਧਣ ਕਾਰਨ ਇਸ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਬੀਤੇ ਇਕ ਸਾਲ ਦੌਰਾਨ ਦੁੱਧ ਦੀਆਂ ਕੀਮਤਾਂ 20 ਫੀਸਦੀ ਵਧੀਆਂ। ਇਸ ਕਾਰਨ ਖੁਰਾਕੀ ਮਹਿੰਗਾਈ ਨੂੰ ਦੋ ਅੰਕਾਂ ਵਿਚ ਲਿਆਉਣ 'ਚ ਸਬਜ਼ੀਆਂ ਦੇ ਨਾਲ ਇਸ ਦਾ ਵੀ ਅਹਿਮ ਯੋਗਦਾਨ ਰਿਹਾ।

ਕੇਂਦਰ ਸਰਕਾਰ ਨੇ ਘਰੇਲੂ ਪੱਧਰ 'ਤੇ ਇਸ ਦੀ ਉਪਲਬਧਤਾ ਵਧਾਉਣ ਤੇ ਕੀਮਤਾਂ 'ਤੇ ਕਾਬੂ ਪਾਉਣ ਹਿੱਤ ਬੀਤੇ ਦਿਨੀਂ ਮਿਲਕ ਪਾਊਡਰ ਦੀ ਬਰਾਮਦ 'ਤੇ ਪਾਬੰਦੀ ਲਗਾਈ ਸੀ। ਸਰਵੇਖਣ ਨੇ ਖੁਲਾਸਾ ਕੀਤਾ ਕਿ ਘਰੇਲੂ ਪੱਧਰ 'ਤੇ ਦੁੱਧ ਦੀ ਮੰਗ ਵਿਚ ਹਰ ਸਾਲ ਤਕਰੀਬਨ 60 ਲੱਖ ਟਨ ਦਾ ਵਾਧਾ ਹੁੰਦਾ ਹੈ ਜਦੋਂਕਿ ਪਿਛਲੇ ਦਸ ਸਾਲਾਂ ਤੋਂ ਇਸ ਦੇ ਉਤਪਾਦਨ ਵਿਚ ਸਾਲਾਨਾ 35 ਲੱਖ ਟਨ ਵਾਧਾ ਹੋ ਰਿਹਾ ਹੈ। ਇਹ ਪਾੜਾ ਮਿਟਾਉਣ ਲਈ ਅਗਲੇ 12 ਸਾਲ ਤੱਕ ਇਸ ਦੇ ਉਤਪਾਦਨ ਵਿਚ ਸਾਲਾਨਾ 5.5 ਫੀਸਦੀ ਵਾਧਾ ਲਾਜ਼ਮੀ ਹੈ।

### ਔਰਤਾਂ ਲਈ ਹਵਾਈ ਸਫ਼ਰ 99 ਰੁਪਏ 'ਚ

**ਨਵੀਂ ਦਿੱਲੀ:** ਅੱਠ ਮਾਰਚ ਨੂੰ ਮਹਿਲਾ ਦਿਵਸ ਮੌਕੇ ਏਅਰ ਇੰਡੀਆ ਨੇ ਔਰਤਾਂ ਨੂੰ ਘਰੇਲੂ ਉਡਾਣ ਦੀ ਟਿਕਟ 99 ਰੁਪਏ 'ਚ ਦੇਣ ਦਾ ਫ਼ੈਸਲਾ ਕੀਤਾ ਹੈ।

ਏਅਰ ਇੰਡੀਆ ਨੇ ਕਿਹਾ ਕਿ ਇਸ ਦਿਨ ਔਰਤਾਂ ਦੇ ਸਤਿਕਾਰ 'ਚ ਇਹ ਸਕੀਮ ਪੇਸ਼ ਕੀਤੀ ਗਈ ਹੈ ਤੇ ਮਹਿਲਾ ਯਾਤਰੀ ਇਕਾਨਮੀ ਕਲਾਸ 'ਚ ਕੇਵਲ 99 ਰੁਪਏ ਤੇ ਟੈਕਸ ਦੇ ਕੇ ਦੇਸ਼ 'ਚ ਕਿਧਰੇ ਵੀ ਯਾਤਰਾ ਕਰ ਸਕਦੇ ਹਨ। ਜੇ ਕੋਈ ਔਰਤ ਯਾਤਰੀ ਇਸੇ ਦਿਨ ਐਗਜ਼ੈਕਿਟ ਕਲਾਸ 'ਚ ਸਫਰ ਕਰਨਾ ਚਾਹੇਗੀ ਤਾਂ ਉਸ ਨੂੰ 1199 ਰੁਪਏ ਅਦਾ ਕਰਨੇ ਪੈਣਗੇ।

## ਦੋਸ਼ਾਂ ਦੇ ਆਧਾਰ 'ਤੇ ਕਿਸੇ ਨੂੰ ਫਾਹੇ ਨਹੀਂ ਟੰਗ ਸਕਦੇ: ਪ੍ਰਣਬ

ਨਵੀਂ ਦਿੱਲੀ: ਭਾਰਤੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਭਰੋਸਾ ਦਿੱਤਾ ਹੈ ਕਿ ਦੇਸ਼ ਤੋਂ ਬਾਹਰ ਪਏ ਕਾਲੇ ਧਨ ਨਾਲ ਜੁੜੇ ਕੇਸਾਂ ਬਾਰੇ ਬਣਦਾ ਕਾਨੂੰਨੀ ਅਮਲ ਅਪਣਾਇਆ ਜਾਵੇਗਾ ਤੇ ਟੈਕਸ ਚੋਰੀ ਕਰਨ ਵਾਲੇ ਹਸਨ ਅਲੀ ਖਾਨ ਨੂੰ ਦੇਸ਼ ਤੋਂ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਹਸਨ ਅਲੀ ਨੂੰ ਦੇਸ਼ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਤੇ ਇਸ ਬਾਰੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿਰਫ ਦੋਸ਼ਾਂ ਦੇ ਆਧਾਰ 'ਤੇ ਉਹ ਕਿਸੇ ਨੂੰ 'ਫਾਹੇ ਨਹੀਂ ਟੰਗ' ਸਕਦੇ ਤੇ ਇਸ ਬਾਰੇ ਕਾਨੂੰਨੀ ਅਮਲ ਅਪਣਾਇਆ ਜਾਵੇਗਾ। ਖੱਬੀਆਂ ਪਾਰਟੀਆਂ ਦੇ ਮੈਂਬਰਾਂ ਵੱਲੋਂ ਕਾਲਾ ਧਨ ਛੁਪਾਉਣ ਵਾਲੇ ਲੋਕਾਂ ਦੇ ਨਾਂ ਜੱਗ ਜ਼ਾਹਰ ਕਰਨ ਦੀ ਮੰਗ 'ਤੇ ਸ੍ਰੀ ਮੁਖਰਜੀ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਦੇ ਵਿਭਾਗ (ਆਮਦਨ ਕਰ ਵਿਭਾਗ) ਨੇ ਤਾਂ ਸੀ.ਪੀ.ਐਮ. ਦੀ ਇਕ ਆਗੂ ਦੇ ਘਰ ਉਤੇ ਵੀ ਛਾਪਾ ਮਾਰਿਆ ਸੀ ਪਰ ਅਸੀਂ ਉਸ ਨੂੰ ਫਾਹੇ ਤਾਂ ਨਹੀਂ ਟੰਗ ਸਕਦੇ। ਸ੍ਰੀ ਮੁਖਰਜੀ ਨੇ ਕਿਹਾ ਕਿ ਸਰਕਾਰ ਵੱਲੋਂ ਹਸਨ ਅਲੀ ਖਿਲਾਫ ਮੁਕੱਦਮਾ ਚਲਾਉਣ ਦੀ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਨੂੰ ਕਿ ਦੇਸ਼ ਦਾ ਸਭ ਤੋਂ ਵੱਡਾ ਟੈਕਸ ਚੋਰ ਕਰਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਸਵਿਟਜ਼ਰਲੈਂਡ ਨੇ ਬੀਤੇ ਸਾਲ ਦੋਹਰੇ ਕਰਾਂ ਤੋਂ ਬਚਣ ਲਈ ਸਮਝੌਤਾ ਸਹੀਬੰਦ ਕੀਤਾ ਸੀ। ਉਨ੍ਹਾਂ ਕਿਹਾ ਕਿ ਆਗਾਮੀ ਇਕ ਅਪਰੈਲ ਤੋਂ ਇਹ ਸਮਝੌਤਾ ਅਮਲ ਵਿਚ ਆਉਣ ਪਿੱਛੋਂ ਭਾਰਤ ਸਵਿਟਜ਼ਰਲੈਂਡ ਤੋਂ ਖਾਸ ਕੇਸਾਂ ਵਿਚ ਬੈਂਕਿੰਗ ਸੂਚਨਾ ਲੈ ਸਕੇਗਾ।

## ਯਾਸੀਨ ਮਲਿਕ ਵੱਲੋਂ ਭੁੱਖ ਹੜਤਾਲ

**ਸ੍ਰੀਨਗਰ:** ਜੇ.ਕੇ.ਐਲ.ਐਫ. ਦੇ ਮੁਖੀ ਮੁਹੰਮਦ ਯਾਸੀਨ ਮਲਿਕ ਨੇ ਪਿਛਲੇ ਵਰ੍ਹੇ ਹਿੰਸਾ ਦੌਰਾਨ ਮਾਰੇ ਗਏ ਲੋਕਾਂ ਨੂੰ ਇਨਸਾਫ਼ ਦਿਵਾਉਣ ਤੇ ਨੌਜਵਾਨਾਂ ਦੀ ਰਿਹਾਈ ਲਈ 26 ਫਰਵਰੀ ਨੂੰ ਇਕ ਦਿਨਾ ਭੁੱਖ ਹੜਤਾਲ ਕੀਤੀ।



ਮਲਿਕ ਦੀ ਇਸ ਹੜਤਾਲ ਦਾ ਨਰਮ ਖਿਆਲੀ ਹੁਰੀਅਤ ਕਾਨਫਰੰਸ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਸਣੇ ਹੋਰ ਬਹੁਤ ਸਾਰੇ ਆਗੂਆਂ ਨੇ ਹਮਾਇਤ ਕੀਤੀ। ਜੇ.ਕੇ.ਐਲ.ਐਫ. ਮੁਖੀ ਨੇ ਇਹ ਹੜਤਾਲ ਲਾਲ ਚੌਕ ਦੇ ਮਾਈਸੂਮਾ ਇਲਾਕੇ ਵਿਚ ਕੀਤੀ। ਉਨ੍ਹਾਂ ਮੰਗ ਕੀਤੀ ਕਿ ਸੁਰੱਖਿਆ ਦਸਤੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਕਰਨੀਆਂ ਤੁਰੰਤ ਬੰਦ ਕਰਨ। ਇਸ ਧਰਨੇ ਵਿਚ ਹਿੰਸਾ ਦੌਰਾਨ ਮਾਰੇ ਗਏ ਨੌਜਵਾਨਾਂ ਦੇ ਸਕੇ ਸੰਬੰਧੀਆਂ ਨੇ ਵੀ ਸ਼ਿਰਕਤ ਕੀਤੀ।

ਜੰਮੂ-ਕਸ਼ਮੀਰ ਲਈ ਕੇਂਦਰ ਵੱਲੋਂ ਨਿਯੁਕਤ ਕੀਤੇ ਵਾਰਤਾਕਾਰਾਂ ਨੇ ਇੱਥੇ ਕਿਹਾ ਹੈ ਕਿ ਭਾਵੇਂ ਵੱਖਵਾਦੀ ਕਸ਼ਮੀਰ ਮੁੱਦੇ ਬਾਰੇ ਆਪਣੇ ਰਾਇ ਦੇਣ ਜਾਂ ਨਾ ਦੇਣ ਉਹ ਆਪਣੀ ਰਿਪੋਰਟ ਕੇਂਦਰ ਸਰਕਾਰ ਕੋਲ ਪੇਸ਼ ਕਰ ਦੇਣਗੇ। ਵਾਰਤਾਕਾਰ ਦਿਲੀਪ ਪਡਗਾਉਂਕਰ ਨੇ ਆਪਣੀ ਪੰਜਵੀਂ ਕਸ਼ਮੀਰ ਯਾਤਰਾ ਦੇ ਅਖੀਰ ਵਿਚ ਕਿਹਾ ਕਿ ਜੇਕਰ ਸਾਨੂੰ ਵੱਖਵਾਦੀ ਕੋਈ ਰਾਏ ਨਹੀਂ ਦਿੰਦੇ ਅਸੀਂ ਇਸ ਦੇ ਬਾਵਜੂਦ ਕਸ਼ਮੀਰ ਬਾਰੇ ਆਪਣੀ ਰਿਪੋਰਟ ਕੇਂਦਰ ਨੂੰ ਸੌਂਪ ਦਿਆਂਗੇ। ਵਾਰਤਾਕਾਰਾਂ ਨੇ ਕਸ਼ਮੀਰ ਮੁੱਦੇ 'ਤੇ ਆਪਣੀ ਰਾਇ ਦੇਣ ਲਈ ਹੁਰੀਅਤ ਦੇ ਦੋਵੇਂ ਧੜਿਆਂ ਸਣੇ ਸਾਰੇ ਵੱਖਵਾਦੀ ਗਰੁੱਪਾਂ ਨੂੰ ਪੱਤਰ ਭੇਜੇ ਸਨ ਤਾਂ ਜੋ ਉਹ ਇਕ ਵਿਆਪਕ ਰਿਪੋਰਟ ਤਿਆਰ ਕਰਕੇ ਕੇਂਦਰ ਨੂੰ ਦੇ ਸਕਨ।

## ਸੰਸਦ ਮੈਂਬਰਾਂ ਨੂੰ ਲਵਾਉਣੀ ਪਵੇਗੀ ਹਾਜ਼ਰੀ

**ਨਵੀਂ ਦਿੱਲੀ:** ਹੁਣ ਸੰਸਦ ਮੈਂਬਰਾਂ ਨੂੰ ਵੀ ਹਾਜ਼ਰੀ ਹਾਜ਼ਰੀ ਲਾਉਣੀ ਪਵੇਗੀ। ਲੋਕ ਸਭਾ ਦੇ ਮੈਂਬਰਾਂ ਨੂੰ ਸਦਨ ਦੀ ਕਾਰਵਾਈ ਦੌਰਾਨ ਰੋਜ਼ਾਨਾ ਹਾਜ਼ਰੀ ਰਜਿਸਟਰ 'ਚ ਦਸਤਖ਼ਤ ਕਰਨ ਦਾ ਹੁਕਮ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਅਜਿਹਾ ਨਾ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਰੋਜ਼ਾਨਾ ਭੱਤੇ ਤੋਂ ਹੱਥ ਧੋਣਾ ਪਵੇਗਾ। ਲੋਕ ਸਭਾ ਸਕੱਤਰੇਤ ਨੇ ਸੰਸਦ ਮੈਂਬਰਾਂ ਨੂੰ ਕਿਹਾ ਹੈ ਕਿ ਹਾਜ਼ਰੀ ਨਾ ਲਾਉਣ ਵਾਲੇ ਸੰਸਦ ਮੈਂਬਰ ਨੂੰ ਰੋਜ਼ਾਨਾ ਦੋ ਹਜ਼ਾਰ ਰੁਪਏ ਦਾ ਭੱਤਾ ਨਹੀਂ ਮਿਲੇਗਾ ਤੇ ਨਾ ਹੀ ਇਸ ਦੀ ਭਰਪਾਈ ਲਈ ਦਾਅਵਾ ਕਰਨ ਦੇ ਹੱਕਦਾਰ ਹੋਣਗੇ। ਸਕੱਤਰੇਤ ਦੇ ਸੂਤਰਾਂ ਨੇ ਦੱਸਿਆ ਕਿ ਇਸ ਬਾਰੇ ਰੋਜ਼ਾਨਾ ਕਾਰਜ ਸੂਚੀ ਰਾਹੀਂ ਮੈਂਬਰਾਂ ਨੂੰ ਸੂਚਨਾ ਦੇ ਦਿੱਤੀ ਗਈ ਹੈ। ਉਨ੍ਹਾਂ ਦਸਿਆ ਕਿ ਇਸ ਤਰ੍ਹਾਂ ਦੇ ਨਿਯਮ ਪਹਿਲਾਂ ਤੋਂ ਹੀ ਹਨ ਪਰ ਕਈ ਵਾਰ ਸੰਸਦ ਮੈਂਬਰਾਂ ਵੱਲੋਂ ਦਸਤਖ਼ਤ ਨਾ ਕਰਨ ਕਾਰਨ ਇਹ ਹੁਕਮ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੈਂਬਰਾਂ ਦੀ ਸਹੂਲਤ ਲਈ ਰਜਿਸਟਰ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ ਹੈ ਤੇ ਇਸ ਨੂੰ ਅੰਦਰਲੀ ਲਾਬੀ ਵਿਚ ਰਖਿਆ ਗਿਆ ਹੈ ਤੇ ਨਾਲ ਹੀ ਸੰਸਦ ਮੈਂਬਰਾਂ ਨੂੰ ਇਹ ਵੀ ਹੁਕਮ ਦਿੱਤੇ ਗਏ ਹਨ ਕਿ ਉਹ ਲੋਕ ਸਭਾ ਸਕੱਤਰੇਤ 'ਚ ਜਮ੍ਹਾਂ ਕਰਵਾਏ ਆਪਣੇ ਦਸਤਖ਼ਤ ਦੇ ਨਮੂਨੇ ਵਾਂਗ ਹੀ ਦਸਤਖ਼ਤ ਕਰਨ। ਦੱਸਣਯੋਗ ਹੈ ਕਿ ਸੰਸਦ ਮੈਂਬਰਾਂ ਨੂੰ ਸੈਸ਼ਨ ਚਾਲੂ ਰਹਿਣ ਦੀ ਹਾਲਤ ਵਿਚ ਸੰਸਦ ਦੀ ਕਾਰਵਾਈ 'ਚ ਹਿੱਸਾ ਲੈਣ ਲਈ ਰੋਜ਼ਾਨਾ ਦੋ ਹਜ਼ਾਰ ਰੁਪਏ ਭੱਤੇ ਦੇ ਰੂਪ ਵਿਚ ਦਿੱਤੇ ਜਾਂਦੇ ਹਨ ਜਿਹੜੇ ਕਿ ਤਨਖਾਹ ਤੋਂ ਵਖਰੇ ਹਨ।

## ਸੁਨੀਲ ਜੋਸ਼ੀ ਹੱਤਿਆ ਕਾਂਡ 'ਚ ਸਾਧਵੀ ਪ੍ਰਗਿਆ ਗ੍ਰਿਫ਼ਤਾਰ

**ਮੁੰਬਈ:** ਮਾਲੇਗਾਓਂ ਬੰਬ ਧਮਾਕਾ ਕੇਸ ਦੀ ਮੁੱਖ ਮੁਲਜ਼ਮ ਪ੍ਰਗਿਆ ਸਿੰਘ ਠਾਕੁਰ ਨੂੰ ਆਰ.ਐਸ.ਐਸ. ਕਾਰਕੁਨ ਸੁਨੀਲ ਜੋਸ਼ੀ ਦੀ ਹੱਤਿਆ ਦੇ ਕੇਸ 'ਚ ਮੱਧ ਪ੍ਰਦੇਸ਼ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਜੋਸ਼ੀ ਸਮਝੌਤਾ ਐਕਸਪ੍ਰੈਸ ਧਮਾਕਾ ਕੇਸ ਵਿਚ ਸ਼ੱਕੀ ਸੀ ਤੇ ਦਸੰਬਰ 2007 ਵਿਚ ਉਸ ਦੀ ਦੇਵਾਸ 'ਚ ਹੱਤਿਆ ਕਰ ਦਿੱਤੀ ਗਈ ਸੀ। ਵਿਸ਼ੇਸ਼ ਸਰਕਾਰੀ ਵਕੀਲ ਰੋਹਿਨੀ ਸਾਲਿਆਨ ਨੇ ਦੱਸਿਆ ਕਿ ਮੱਧ ਪ੍ਰਦੇਸ਼ ਪੁਲਿਸ ਨੇ ਇਥੇ ਸਪੈਸ਼ਲ ਮਕੋਕਾ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ ਤੇ ਅਦਾਲਤ ਦੀ ਆਗਿਆ ਲੈਣ ਤੋਂ ਬਾਅਦ ਉਨ੍ਹਾਂ ਸਾਧਵੀ ਨੂੰ ਸੁਨੀਲ ਜੋਸ਼ੀ ਹੱਤਿਆ ਦੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਗਿਆ ਇੱਥੋਂ ਦੇ ਜੇ.ਜੇ. ਹਸਪਤਾਲ ਵਿਚ ਜ਼ੇਰੇ ਇਲਾਜ ਹੈ।



ਪ੍ਰਗਿਆ ਦੇ ਵਕੀਲ ਗਣੇਸ਼ ਸੋਵਾਨੀ ਅਨੁਸਾਰ ਇਹ ਮਹਿਜ਼ ਰਸਮੀ ਗ੍ਰਿਫ਼ਤਾਰੀ ਹੈ। ਉਸ ਨੂੰ ਆਵਾਜਾਈ ਦਾ ਪ੍ਰਬੰਧ ਕਰਨ ਤੋਂ ਬਾਅਦ ਮੱਧ ਪ੍ਰਦੇਸ਼ ਲਿਜਾਇਆ ਜਾਵੇਗਾ। ਸਮਝੌਤਾ ਐਕਸਪ੍ਰੈੱਸ ਧਮਾਕਾ ਕੇਸ ਦੇ ਸ਼ੱਕੀ ਸੁਨੀਲ ਜੋਸ਼ੀ ਦੀ 29 ਦਸੰਬਰ 2007 ਨੂੰ ਮੱਧ ਪ੍ਰਦੇਸ਼ ਵਿਚ ਦੇਵਾਸ 'ਚ ਹੱਤਿਆ ਕਰ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਦਿੱਲੀ ਤੇ ਲਾਹੌਰ ਵਿਚਕਾਰ ਚੱਲਦੀ ਸਮਝੌਤਾ ਐਕਸਪ੍ਰੈੱਸ ਰੇਲਗੱਡੀ ਦੇ ਦੋ ਡੱਬਿਆਂ ਵਿਚ 18 ਫਰਵਰੀ 2007 ਨੂੰ ਹੋਏ ਧਮਾਕਿਆਂ 'ਚ 68 ਵਿਅਕਤੀ ਮਾਰੇ ਗਏ ਸਨ। ਪ੍ਰਗਿਆ ਕੱਟੜਪੰਥੀ ਹਿੰਦੂ ਗਰੁੱਪ ਅਭਿਨਵ ਭਾਰਤ ਦੀ ਮੈਂਬਰ ਦੱਸੀ ਜਾਂਦੀ ਹੈ। ਉਸ ਨੇ ਮਾਲੇਗਾਓਂ ਧਮਾਕੇ ਦੇ ਕੇਸ ਵਿਚ ਉਸ 'ਤੇ ਮਕੋਕਾ ਦੀਆਂ ਧਾਰਾਵਾਂ ਲਾਉਣ ਦੀ ਕਾਰਵਾਈ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਨਾਸਿਕ ਜ਼ਿਲ੍ਹੇ ਦੇ ਮਾਲੇਗਾਓਂ ਸ਼ਹਿਰ 'ਚ 29 ਸਤੰਬਰ 2008 ਨੂੰ ਹੋਏ ਧਮਾਕੇ ਵਿਚ ਛੇ ਵਿਅਕਤੀ ਮਾਰੇ ਗਏ ਸਨ ਤੇ ਕਈ ਜ਼ਖ਼ਮੀ ਹੋ ਗਏ ਸਨ।

## ਸਾਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹੈ: ਕਲਮਾਡੀ

**ਰਾਂਚੀ:** ਆਪਣੇ ਦੋ ਸਾਥੀਆਂ ਲਲਿਤ ਭਨੋਟ ਤੇ ਵੀ.ਕੇ. ਵਰਮਾ ਦੀ ਗ੍ਰਿਫ਼ਤਾਰੀ ਤੋਂ ਨਾਰਾਜ਼ ਤੇ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕ ਕਮੇਟੀ ਦੇ ਬਰਤਰਫ਼ ਚੇਅਰਮੈਨ ਸੁਰੇਸ਼ ਕਲਮਾਡੀ ਨੇ ਕਿਹਾ ਹੈ ਕਿ ਖੇਡਾਂ ਕਰਾਉਣ 'ਚ ਖੇਡ ਮੰਤਰਾਲਾ ਵੀ ਸ਼ਾਮਲ ਸੀ ਪਰ ਬਲੀ ਦਾ ਬੱਕਰਾ ਕਮੇਟੀ ਨੂੰ ਹੀ ਬਣਾਇਆ ਜਾ ਰਿਹਾ ਹੈ।

ਭਨੋਟ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਜਨਰਲ ਤੇ ਵਰਮਾ ਡਾਇਰੈਕਟਰ ਜਨਰਲ ਸਨ। ਇਨ੍ਹਾਂ ਦੋਵਾਂ ਦੀ ਗ੍ਰਿਫ਼ਤਾਰੀ ਦੌਰਾਨ ਕਲਮਾਡੀ ਨੇ ਕਿਹਾ ਕਿ ਖੇਡਾਂ ਬਾਰੇ ਸਾਰੇ ਦਸਤਾਵੇਜ਼ ਜਾਂਚ ਏਜੰਸੀਆਂ ਕੋਲ ਹਨ ਤੇ ਇਸ ਦੇ ਬਾਵਜੂਦ ਨਿਸ਼ਾਨਾ ਸਿਰਫ਼ ਕਮੇਟੀ ਮੈਂਬਰਾਂ ਨੂੰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਕਰਾਉਣ ਬਾਰੇ ਯੁਵਾ ਤੇ ਖੇਡ ਮੰਤਰਾਲਾ ਹਰ ਫੈਸਲੇ ਵਿਚ ਸ਼ਾਮਲ ਸੀ ਤੇ ਮੰਤਰਾਲੇ ਵੱਲ ਕੋਈ ਦੇਖ ਨਹੀਂ ਰਿਹਾ ਤੇ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਬੋਰਡ 'ਚ ਭਾਰਤ ਸਰਕਾਰ ਦੇ ਦੋ, ਦਿੱਲੀ ਦੇ ਦੋ, ਰਾਸ਼ਟਰ ਮੰਡਲ ਫੈਡਰੇਸ਼ਨਾਂ ਦੇ ਤਿੰਨ ਤੇ ਭਾਰਤੀ ਓਲੰਪਿਕ ਸੰਘ ਦੇ ਮੈਂਬਰ ਸ਼ਾਮਲ ਸਨ। ਕਮੇਟੀ ਪੂਰੀ ਤਰ੍ਹਾਂ ਸੰਤੁਲਤ ਸੀ ਤੇ ਹਰ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ। ਇਸ ਸਭ ਦੇ ਬਾਵਜੂਦ ਬਲੀ ਦਾ ਬੱਕਰਾ ਪ੍ਰਬੰਧਕੀ ਕਮੇਟੀ ਨੂੰ ਹੀ ਬਣਾਇਆ ਜਾ ਰਿਹਾ ਹੈ।

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

# 'ਬੁੱਢੇ ਰੁੱਖ ਦੀ ਮੌਤ' ਤੋਂ ਬਾਅਦ ਸ਼ੁਰੂ ਹੋਈ ਜ਼ਿੰਦਗੀ

ਢੁੱਡੀ ਕੇ (ਮੋਗਾ) ਪਿੰਡ ਨਾਲ ਮੇਰਾ ਬਚਪਨ ਤੋਂ ਹੀ ਬਹੁਤ ਪਿਆਰ ਹੈ। ਪਿਤਾ ਜੀ ਦੀ ਵੱਡੀ ਭੂਆ ਜੀ ਇਸ ਪਿੰਡ ਵਿਚ ਵਿਆਹੀ ਹੋਣ ਕਰਕੇ ਸਾਡਾ ਆਉਣਾ-ਜਾਣਾ ਖ਼ਾਸ ਨਹੀਂ, ਆਮ ਹੀ ਰਿਹਾ। ਅੱਜ ਭੂਆ ਜੀ ਦਾ ਬਾਗ਼-ਪਰਿਵਾਰ ਵਿਦੇਸ਼ਾਂ ਵਿਚ ਵਸਿਆ ਹੋਇਆ ਹੈ। ਹੁਣ ਤਾਂ ਭੂਆ ਜੀ ਦੇ ਪੜ-ਪੋਤਰੇ ਵੀ ਵਿਆਹੁਣ ਵਾਲੇ ਹੋ ਗਏ ਹਨ। ਦੇਖਣ ਨੂੰ ਇਹ ਸਕੀਰੀ ਲੰਮੀ ਲੱਗਦੀ ਹੈ ਪਰ ਸਾਡਾ ਆਉਣਾ-ਜਾਣਾ ਨਾਨਕਿਆਂ-ਦਾਦਕਿਆਂ ਵਾਲਾ ਬਣਿਆ ਹੋਇਆ ਹੈ। ਅੱਜ ਵੀ ਘਰ ਵਿਚ ਹੁੰਦੇ ਸਾਰੇ ਸਮਾਗਮਾਂ ਵਿਚ ਢੁੱਡੀ ਕੇ ਪਰਿਵਾਰ ਦਾ ਇਕੱਠ ਹੀ ਚਾਰ ਚੰਨ ਲਾਉਂਦਾ ਹੈ। ਜਿੰਨਾ ਚਿਰ ਇਹ ਪਰਿਵਾਰ ਟਰਾਲੀ ਭਰ ਕੇ ਸਾਡੇ ਘਰ ਨਹੀਂ ਪਹੁੰਚਦਾ, ਓਨਾ ਚਿਰ ਮੰਜੇ ਖ਼ਾਲੀ ਹੀ ਪਏ ਰਹਿੰਦੇ ਹਨ। ਅੱਜ ਜੇ ਮੈਂ ਅਮਰੀਕਾ ਦੀ ਧਰਤੀ 'ਤੇ ਰਹਿ ਰਿਹਾ ਹਾਂ ਤਾਂ ਇਸ ਢੁੱਡੀ ਕੇ ਪਰਿਵਾਰ ਦੀ ਹੀ ਮਿਹਰਬਾਨੀ ਹੈ।

ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਣ ਵਾਲੇ ਲਾਲਾ ਲਾਜਪਤ ਰਾਏ ਇਸੇ ਨਗਰ ਦੇ ਜੰਮਪਲ ਸਨ। ਸਾਡੇ ਪੂਜਨੀਕ ਤਾਇਆ ਜੀ ਮਲਕੀਤ ਸਿੰਘ ਮੱਲ (ਜੋ ਮੇਰੇ ਦਾਦਾ ਜੀ ਦੇ ਵੱਡੇ ਭਾਣਜੇ ਸਨ) ਮੋਗਾ ਗੋਲੀਕਾਂਡ (ਇਹ ਕਾਂਡ ਅਪਰੈਲ 1984 ਵਿਚ ਹੋਇਆ ਸੀ) ਵਿਚ ਹਿੱਕ ਤਾਣ ਕੇ ਸ਼ਹੀਦ ਹੋਣ ਵਾਲੇ ਵੀ ਇਸ ਨਗਰ ਦੇ ਹੀ ਜੰਮਪਲ ਸਨ। ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਵੀ ਇਥੋਂ ਦੇ ਹੀ ਜੰਮਪਲ ਹਨ।

ਮੈਂ ਜਦੋਂ ਵੀ ਢੁੱਡੀ ਕੇ ਜਾਂਦਾ ਤਾਂ ਮੇਰੇ ਅੰਦਰ ਇਕ ਵੱਖਰਾ ਜਿਹਾ ਚਾਅ ਅੰਗੜਾਈ ਲੈਂਦਾ। ਦਿਲ ਵਿਚ ਰੀਝ ਜਿਹੀ ਰਹਿੰਦੀ ਕਿ ਕੰਵਲ ਜੀ ਨੂੰ ਮਿਲਿਆ ਜਾਵੇ। ਕਈ ਵਾਰ ਪੂਰੇ ਚਾਅ ਨਾਲ ਜਾਣਾ ਕਿ ਐਤਕੀਂ ਕੰਵਲ ਜੀ ਦੇ ਦਰਸ਼ਨ ਕਰਨੇ ਹਨ ਪਰ ਰੀਝਾਂ ਦਿਲ ਵਿਚ ਹੀ ਰਹਿ ਜਾਂਦੀਆਂ, ਜਦੋਂ ਮਾਲੂਮ ਹੁੰਦਾ ਕਿ ਕੰਵਲ ਜੀ ਕਿਤੇ ਬਾਹਰ ਗਏ ਨੇ। ਫਿਰ ਜਦੋਂ ਮੈਂ ਕੰਵਲ ਜੀ ਦਾ ਨਾਵਲ 'ਪੂਰਨਮਾਸ਼ੀ' ਪੜ੍ਹਿਆ ਤਾਂ ਪੱਕੀ ਧਾਰ ਲਈ ਕਿ ਹੁਣ ਜ਼ਰੂਰ ਮਿਲਣਾ ਹੈ; ਚਾਹੇ ਮੈਨੂੰ ਢੁੱਡੀ ਕੇ ਪੰਜ-ਸੱਤ ਦਿਨ ਰਹਿਣਾ ਨਾ ਪੈ ਜਾਵੇ। ਰੱਬ ਨੇ ਸਬੱਬ ਬਣਾ ਦਿੱਤਾ। ਸਾਨੂੰ ਢੁੱਡੀ ਕੇ ਵਿਆਹ ਆ ਗਿਆ। ਮੇਰਾ ਚਾਅ ਨਾ ਚੁੱਕਿਆ ਜਾਵੇ। ਬਾਕੀ ਸਾਰਿਆਂ ਨੂੰ ਨਵੇਂ ਕੱਪੜੇ ਸਿਵਾਉਣ ਦਾ ਚਾਅ ਸੀ। ਮੈਨੂੰ ਕੰਵਲ ਜੀ ਨੂੰ ਮਿਲਣ ਦਾ। ਮੈਂ ਦਸਵੀਂ ਵਿਚ ਹੀ ਨਾਵਲ ਲਿਖਿਆ ਸੀ 'ਬੁੱਢੇ ਰੁੱਖ ਦੀ ਮੌਤ'। ਇਹ ਨਾਵਲ ਵੀ ਮੈਂ ਕੰਵਲ ਜੀ ਨੂੰ ਦਿਖਾਉਣਾ ਚਾਹੁੰਦਾ ਸਾਂ।

ਵਿਆਹ ਵਾਲਾ ਦਿਨ ਆ ਗਿਆ। ਟਰੈਕਟਰ-ਟਰਾਲੀ ਜੋੜ ਕੇ ਸਾਡਾ ਸਾਰਾ ਪਰਿਵਾਰ ਬੈਠ ਗਿਆ। ਪਰਿਵਾਰ ਦੇ 14-15 ਜੀਅ। ਟਰਾਲੀ ਵਿਚ ਵਾਹਵਾ ਰੌਣਕ ਸੀ ਪਰ ਮੇਰਾ ਚਾਅ ਅਜੇ ਲੋਪ ਸੀ। ਜਗਰਾਉਂ ਪਹੁੰਚ ਕੇ ਬੀਬੀ ਹੁਰਾਂ ਨੇ ਆਪਣਾ ਨਿੱਕ-ਸੁੱਕ ਲੈਣ ਲਈ ਟਰਾਲੀ ਰੁਕਵਾ ਲਈ। ਬੀਬੀ ਹੁਰਾਂ ਦੀ ਹੋ ਰਹੀ ਦੇਰੀ ਮੈਨੂੰ ਜ਼ਹਿਰ ਪੀਣ ਬਰਾਬਰ ਲੱਗਦੀ। ਤੌਲੀਏ ਵਿਚ ਲਪੇਟ ਕੇ ਕੱਛ ਵਿਚ ਦਿੱਤੇ ਹੋਏ ਨਾਵਲ ਨੂੰ ਕਦੇ-ਕਦੇ ਪਿਆਰ ਨਾਲ ਪਲੋਸ ਲੈਂਦਾ, ਜਿਵੇਂ ਬਾਜ਼ੀ ਵਾਲੇ ਕਬੂਤਰ ਨੂੰ ਪਲੋਸਦੇ ਨੇ। ਨਾਨਕਸਰ (ਕਲੇਰਾਂ) ਦੇ ਅੱਗੇ ਦੀ ਲੰਘਣ ਸਮੇਂ ਮੈਂ ਸਿਰ ਝੁਕਾ ਕੇ ਨਮਸਕਾਰ ਕੀਤੀ ਅਤੇ ਮਨ ਵਿਚ ਅਰਦਾਸ ਬੇਨਤੀ ਕੀਤੀ, "ਧੰਨ ਧੰਨ ਬਾਬਾ ਨੰਦ ਸਿੰਘ ਜੀ, ਅੱਜ ਕੰਵਲ ਜੀ ਘਰ ਮਿਲ ਪੈਣ ਤੇ ਮੇਰਾ ਨਾਵਲ ਵੇਖ ਲੈਣ!" ਘਰ ਪਹੁੰਚ ਕੇ ਚਾਹ-ਪਾਣੀ ਪੀਣ ਤੋਂ ਬਾਅਦ ਮੈਂ ਆਪਣੇ ਕਿਸੇ ਜਾਣੂੰ ਨੂੰ ਨਾਲ ਲੈ ਕੇ ਕੰਵਲ ਜੀ ਦੇ ਘਰ ਨੂੰ ਤੁਰ ਪਿਆ। ਢੁੱਡੀ ਕੇ ਪਰਿਵਾਰ ਨਾਲ ਕੰਵਲ ਜੀ ਦੇ ਬੜੇ ਚੰਗੇ ਸਬੰਧ ਹਨ। ਦਿਲ ਵਿਚ ਸੋਚਦਾ, 'ਤਾਇਆ ਜੀ ਦਾ ਨਾਂ ਲੈ ਕੇ ਦੱਸਾਂਗਾ।' ਘਰ ਅੱਗੇ ਜਾ ਕੇ ਬੂਹਾ ਖੜਕਾਇਆ, ਗੇਟ ਖੁੱਲ੍ਹਣ ਸਾਰ ਹੀ ਕੰਵਲ ਜੀ ਕੁਰਸੀ 'ਤੇ ਬੈਠੇ ਦਿਖਾਈ ਦਿੱਤੇ। ਮੈਨੂੰ ਦੇਖ ਕੇ ਚਾਅ ਚੜ੍ਹ ਗਿਆ।

ਅਸੀਂ ਜਾਂਦਿਆਂ ਫ਼ਤਹਿ ਬੁਲਾਈ। ਕੋਲ ਪਈਆਂ ਖ਼ਾਲੀ ਕੁਰਸੀਆਂ 'ਤੇ ਬੈਠ ਗਏ। ਥੋੜ੍ਹਾ ਚਿਰ ਚੁੱਪ ਰਹਿਣ ਤੋਂ ਬਾਅਦ ਕੰਵਲ ਜੀ ਨੇ ਪੁੱਛਿਆ, "ਸੁਣਾਓ ਜਵਾਨੋ! ਕਿਵੇਂ ਆਉਣਾ ਹੋਇਆ?"

ਮੈਂ ਜਵਾਬ ਦੇਣ ਲਈ ਸ਼ਬਦ ਇਕੱਠੇ ਕਰ ਰਿਹਾ ਸੀ ਕਿ ਮੇਰੇ ਨਾਲ ਦੇ ਨੇ ਝੱਟ ਕਹਿ ਦਿੱਤਾ, "ਤਾਇਆ ਜੀ, ਤੁਹਾਨੂੰ ਮਿਲਣ ਆਇਆ ਹੈ।"

"ਸੁਣਾ ਜਵਾਨਾ, ਕਿਹੜੇ ਪਿੰਡ ਤੋਂ ਆਇਆ ਏ, ਕਿਵੇਂ ਆਉਣੇ ਹੋਏ!" ਕੰਵਲ ਜੀ ਨੇ ਅਖ਼ਬਾਰ ਦੀ ਤਹਿ ਕਰਦਿਆਂ ਮੈਨੂੰ ਪੁੱਛਿਆ।

ਮੈਂ ਆਪਣੇ ਪਿੰਡ ਦਾ ਨਾਂ ਦੱਸਦਿਆਂ, ਹੱਥ ਵਿਚ ਫੜਿਆ ਨਾਵਲ ਵੀ ਅੱਗੇ ਕਰ ਦਿੱਤਾ ਅਤੇ ਬੋਲਣ ਤੋਂ ਘਬਰਾਉਣ ਲੱਗਿਆ।

"ਜਵਾਨਾ...ਕੁਝ ਲਿਖਿਆ ਲੱਗਦਾ..." ਨਾਵਲ ਦੇ ਵਰਕੇ ਫਰੋਲਦਿਆਂ ਕੰਵਲ ਜੀ ਨੇ ਪੁੱਛਿਆ, "ਲਿਖਣ ਦਾ ਈ ਸ਼ੌਕ ਹੈ ਕਿ ਪੜ੍ਹਨ ਦਾ ਵੀ?" ਮੇਰੇ ਚਿਹਰੇ ਤੋਂ ਕੁਝ ਪੜ੍ਹਦਿਆਂ ਕੰਵਲ ਜੀ ਨੇ ਪੁੱਛਿਆ।

"...ਮੈਂ ਜੀ ਇਹ ਨਾਵਲ 'ਬੁੱਢੇ ਰੁੱਖ ਦੀ ਮੌਤ' ਤੁਹਾਡੇ ਨਾਵਲ 'ਪੂਰਨਮਾਸ਼ੀ' ਤੋਂ ਪ੍ਰਭਾਵਤ ਹੋ ਕੇ ਲਿਖਿਐ। ਮੈਨੂੰ 'ਪੂਰਨਮਾਸ਼ੀ' ਬੇਹੱਦ ਪਸੰਦ ਆਇਆ। ਇਸੇ ਨਾਵਲ ਨੇ ਹੀ ਤੁਹਾਨੂੰ ਮਿਲਣ ਦਾ ਜ਼ਰੀਆ ਬਣਾਇਆ," ਮੈਂ ਇਕੋ ਸਾਹੇ ਸਭ ਕੁਝ ਕਹਿ ਗਿਆ।

"ਤੇਂ ਪੜ੍ਹ ਲਿਆ 'ਪੂਰਨਮਾਸ਼ੀ'! ਆਪ ਕਿਹੜੀ ਜਮਾਤ ਵਿਚ ਪੜ੍ਹਦਾ ਹੈ?" ਕੰਵਲ ਜੀ ਨੇ ਐਨਕ ਅੱਖਾਂ ਤੋਂ ਉਤਾਰਦਿਆਂ ਪੁੱਛਿਆ।

"ਮੈਂ ਦਸਵੀਂ ਜਮਾਤ ਦੇ ਪੇਪਰ ਦੇਣੇ ਹਨ। ਪੜ੍ਹਨ-ਲਿਖਣ ਦਾ ਸ਼ੌਕ ਬਚਪਨ ਤੋਂ ਹੀ ਹੈ। ਅੱਗੇ ਵੀ ਕੁਝ ਚੰਗਾ ਤੇ ਵਧੀਆ ਲਿਖਣਾ ਚਾਹੁੰਦਾ ਹਾਂ," ਮੈਂ ਥੋੜ੍ਹਾ ਜਿਹਾ ਵਡਿਆਈ ਵਿਚ ਆਉਂਦਿਆਂ ਬੋਲਿਆ।

"ਲਿਖਣਾ-ਪੜ੍ਹਨਾ ਸਭ ਬਾਅਦ ਵਿਚ...ਪਹਿਲਾਂ ਦੱਬ ਕੇ ਪੜ੍ਹਾਈ ਕਰ। ਕੁਝ ਬਣ। ਰੋਟੀ ਦਾ ਸਾਧਨ ਬਣਾ ਕੇ ਫਿਰ ਸ਼ੌਕ ਨਾਲ ਲਿਖੀਂ ਤੇ ਪੜ੍ਹੀਂ," ਕੰਵਲ ਜੀ ਨੇ ਚਾਹ ਦਾ ਸੁਨੇਹਾ ਦਿੰਦਿਆਂ ਮੈਨੂੰ ਸਮਝਾਇਆ।

"ਜੀ, ਅਸੀਂ ਚਾਹ ਪੀ ਕੇ ਆਏ ਹਾਂ। ਤੁਸੀਂ ਥੋੜ੍ਹਾ-ਬਹੁਤਾ ਨਾਵਲ ਪੜ੍ਹ ਕੇ ਦੇਖ ਲਵੋ, ਕਿਵੇਂ ਲਿਖਿਆ ਹੈ," ਚਾਹ ਪੀਣ ਨਾਲੋਂ ਮੈਨੂੰ ਨਾਵਲ ਬਾਰੇ ਜਾਣਨ ਦੀ ਜ਼ਿਆਦਾ ਲੋੜ ਮਹਿਸੂਸ ਹੋ ਰਹੀ ਸੀ।

"ਨਾਵਲ ਦਾ ਨਾਂ ਤਾਂ ਬਹੁਤ ਖਿੱਚਦਾ ਹੈ। ਜੇ ਵਿਚ ਵੀ ਕੁਝ ਖਿੱਚਣ ਵਾਲਾ ਹੋਵੇ!" ਕੰਵਲ ਜੀ ਨੇ ਜਿਵੇਂ ਨਾਂ ਹੁਣੇ ਹੀ ਪੜ੍ਹਿਆ ਹੋਵੇ।

"ਮੈਂ ਕੋਸ਼ਿਸ਼ ਤਾਂ ਬਹੁਤ ਕੀਤੀ ਹੈ ਵਧੀਆ ਲਿਖਣ ਦੀ। ਬਾਕੀ ਤੁਹਾਨੂੰ ਪਸੰਦ ਆਉਣ ਦੀ ਗੱਲ ਹੈ," ਮੈਂ ਨਾਵਲ ਤੋਂ ਸਿਵਾਏ ਹੋਰ ਗੱਲ ਵੱਲ ਧਿਆਨ ਨਹੀਂ ਸੀ ਦੇਣਾ ਚਾਹੁੰਦਾ।

"ਬੁੱਢਾ ਰੁੱਖ ਕੀ ਹੈ? ਇਸ ਦੀ ਮੌਤ ਦਾ ਕੀ ਰਾਜ਼ ਹੈ? ਜ਼ਰਾ ਖੋਲ੍ਹ ਕੇ ਸੁਣਾ ਮੈਨੂੰ!" ਕੰਵਲ ਜੀ ਨੇ ਨਾਵਲ ਪੜ੍ਹਨ ਨਾਲੋਂ ਸੁਣਨਾ ਬਿਹਤਰ ਸਮਝਿਆ।

"ਸਾਡੇ ਚਾਰ-ਪੰਜ ਘਰਾਂ ਦਾ ਸਾਂਝਾ ਖੂਹ ਸੀ। ਖੂਹ ਦੇ ਤੌੜ ਲਈ ਸਾਰਿਆਂ ਸਾਂਝੀ ਜ਼ਮੀਨ ਛੱਡੀ ਹੋਈ ਸੀ। ਸਾਰੇ ਘਰ ਆਪਣੀ ਵਾਰੀ ਮੁਤਾਬਕ ਪੈਲੀ ਸਿੰਜ ਲੈਂਦੇ ਸੀ। ਖੂਹ ਉਤੇ ਬੋਹੜ ਦਾ ਬਹੁਤ ਪੁਰਾਣਾ ਦਰਖ਼ਤ ਖੜ੍ਹਾ ਸੀ। ਇਸ ਤੌੜ ਦੀ ਜ਼ਮੀਨ ਨੂੰ ਲੈ ਕੇ ਸਾਰੇ ਘਰਾਂ ਵਿਚ ਲੜਾਈ ਸ਼ੁਰੂ ਹੋ ਗਈ ਸੀ। ਥਾਣੇ ਤੋਂ ਬਾਅਦ ਕੋਰਟ-ਕਚਹਿਰੀਆਂ ਵਿਚ ਕੇਸ ਚੱਲੇ। 'ਜੱਟਾਂ ਦੀ ਜ਼ਿੱਦ' ਬੁਰੀ ਹੁੰਦੀ ਹੈ। ਸਾਰੇ ਘਰਾਂ ਨੇ ਜ਼ਮੀਨ ਨਾਲੋਂ ਦਸ ਗੁਣਾ ਵੱਧ ਪੈਸੇ ਕੇਸਾਂ ਉਪਰ ਲਾ ਦਿੱਤੇ ਪਰ ਕੋਈ ਹਾਰ ਮੰਨਣ ਨੂੰ ਤਿਆਰ ਨਾ ਹੋਇਆ। ਅੰਤ ਵਿਚ ਫ਼ੈਸਲਾ ਬਰਾਬਰੀ 'ਤੇ ਮੁੱਕਿਆ। ਤੌੜ ਵਾਲੀ ਜ਼ਮੀਨ ਦੀ ਕੱਟ-ਵੱਢ ਹੋ ਗਈ। ਰਹਿ ਗਿਆ ਬੋਹੜ ਜੋ ਸਾਰਿਆਂ ਘਰਾਂ ਨੇ ਵਢਾ ਕੇ ਵੇਚ ਦਿੱਤਾ। ਪੈਸੇ ਸਾਰਿਆਂ ਨੇ ਆਪਸ ਵਿਚ ਵੰਡ ਲਏ। ਫਿਰ ਸਾਰਿਆਂ ਘਰਾਂ ਦਾ ਇਕ-ਇਕ ਗੱਭਰੂ ਪੁੱਤ ਜਹਾਨੋਂ ਤੁਰ ਗਿਆ। ਇਹ ਸੀ 'ਬੁੱਢੇ ਰੁੱਖ ਦੀ ਮੌਤ'। ਇਸ ਨਾਵਲ ਨੂੰ ਰੁਮਾਂਟਿਕ ਬਣਾਉਣ ਲਈ ਮੈਂ ਇਕ ਪ੍ਰੇਮ ਕਹਾਣੀ (ਜੋ ਸੁਧਾਰ ਕਾਲਜ ਦੀ ਸੱਚੀ ਪ੍ਰੇਮ ਕਹਾਣੀ ਹੈ) ਨੂੰ ਵੀ ਨਾਲ-ਨਾਲ ਲਿਖਿਆ ਹੈ। ਇਹ ਮੇਰੇ ਨਾਵਲ ਦਾ ਵਿਸ਼ਾ ਹੈ... " ਮੈਂ ਆਪਣੀ ਗੱਲ ਮੁਕਾ ਕੇ ਗਲਾਸ ਪਾਣੀ ਦਾ ਪੀ ਗਿਆ। ਜਿਵੇਂ ਕਿਸੇ ਇਮੀਗ੍ਰੇਸ਼ਨ ਜੱਜ ਅੱਗੇ ਇੰਟਰਵਿਊ ਦੇ ਕੇ ਮਸਾਂ ਖਹਿੜਾ ਛੁਡਾਇਆ ਹੁੰਦਾ।

"ਬਹੁਤ ਵਧੀਆ, ਬਈ ਜਵਾਨਾ... ਤੇਰਾ ਨਾਵਲ... ਕਮਾਲ ਕਰ'ਤੀ!!" ਕੰਵਲ ਜੀ ਨੇ ਮੇਰਾ ਮੋਢਾ ਥਾਪੜਿਆ।

"ਮੈਂ ਇਸ ਨੂੰ ਹੁਣ ਕਿੱਥੋਂ ਛਪਵਾਵਾਂ ਤੇ ਅੱਗੇ ਕੀ ਕਰਾਂ?" ਮੈਂ ਨਾਵਲ ਨੂੰ ਮਾਰਕੀਟ ਵਿਚ ਵਿਕਦਾ ਵੇਖਣਾ ਚਾਹੁੰਦਾ ਸੀ।

"ਪਹਿਲਾਂ ਦਸਵੀਂ ਦੇ ਪੇਪਰ ਦੇ ਕੇ ਅਤੇ ਚੰਗੇ ਨੰਬਰ ਲੈ ਕੇ ਕਾਲਜ ਪਹੁੰਚ। ਬੀ.ਏ. ਕਰ ਕੇ ਫਿਰ ਆਈਂ। ਫਿਰ ਆਪਾਂ ਇਸ ਨੂੰ ਛਪਵਾ ਦੇਵਾਂਗੇ," ਲੱਗਦਾ ਸੀ ਕੰਵਲ ਜੀ ਪਹਿਲਾਂ ਮੇਰਾ ਭਵਿੱਖ ਬਣਾਉਣਾ ਚਾਹੁੰਦੇ ਸੀ।

ਚਾਹ ਬਣ ਕੇ ਆ ਗਈ। ਮੈਂ ਨਾਵਲ ਬਾਰੇ ਕੁਝ ਹੋਰ ਪੁੱਛਣਾ ਚਾਹੁੰਦਾ ਸੀ। ਇੰਨੇ ਚਿਰ ਨੂੰ ਪੁਲੀਸ ਨਾਲ ਭਰੀ ਜਿਪਸੀ ਕੰਵਲ ਜੀ ਦੇ ਗੇਟ ਅੱਗੇ ਆ ਕੇ ਰੁਕੀ। ਸਿਪਾਹੀ ਤੇ ਥਾਣੇਦਾਰ ਅੰਦਰ ਆ ਗਏ। ਥਾਣੇਦਾਰ ਨੇ ਦੂਰੋਂ ਹੀ ਹੱਥ ਜੋੜ ਕੇ ਕੰਵਲ ਜੀ ਨੂੰ ਫ਼ਤਹਿ ਬੁਲਾਈ। ਪੰਜ-ਛੇ ਸਿਪਾਹੀਆਂ ਨੇ ਸਾਡੇ ਆਲੇ-ਦੁਆਲੇ ਪੁਜ਼ੀਸ਼ਨਾਂ ਲੈ ਲਈਆਂ। ਮੈਂ ਡਰ ਗਿਆ ਕਿ ਉਤੋਂ ਹਾਲਾਤ ਵੀ ਮਾੜੇ ਹਨ। ਇਹ ਪੁਲੀਸ ਕੀ ਕਰਨ ਆਈ ਹੈ? ਅਸੀਂ ਕੁਰਸੀਆਂ ਤੋਂ ਉਠ ਖੜ੍ਹੇ ਹੋਏ ਪਰ ਥਾਣੇਦਾਰ ਕਹਿੰਦਾ, "ਜਵਾਨੋਂ, ਬੈਠੇ ਰਹੋ।" ਆਪ ਥਾਣੇਦਾਰ ਲਾਗੇ ਖ਼ਾਲੀ ਪਈ ਕੁਰਸੀ 'ਤੇ ਬੈਠ ਗਿਆ।

"ਹੋਰ ਸੁਣਾਓ ਕੰਵਲ ਸ੍ਹਾਬ! ਕੀ ਹਾਲ ਹੈ ਤੁਹਾਡਾ!!" ਥਾਣੇਦਾਰ ਨੇ ਬੜੇ ਅਦਬ ਨਾਲ ਹਾਲ ਪੁੱਛਿਆ।

"ਪਾਠਕਾਂ ਤੇ ਆਲੋਚਕਾਂ ਦੇ ਸਹਾਰੇ ਦਿਨ ਕੱਟੀ ਜਾ ਰਹੇ ਹਾਂ," ਕੰਵਲ ਜੀ ਨੇ ਮੁਸਕਰਾ ਕੇ ਉੱਤਰ ਦਿੱਤਾ।

"ਮੈਂ ਮੋਗੇ ਵਿਚ ਹੁਣੇ ਹੀ ਆਇਆ ਹਾਂ। ਬੜੇ ਚਿਰ ਤੋਂ ਦਿਲੀ ਤਮੰਨਾ ਸੀ ਕਿ ਤੁਹਾਡੇ ਦਰਸ਼ਨ ਕੀਤੇ ਜਾਣ। ਅੱਗੇ ਮੱਧੋ ਕੇ ਜਾਣਾ ਸੀ। ਸੋਚਿਆ ਪਹਿਲਾਂ ਤੁਹਾਨੂੰ ਮਿਲ ਜਾਈਏ," ਥਾਣੇਦਾਰ ਨੇ ਆਪਣੇ ਵਿਚਾਰ ਰੱਖੇ।

"ਚੰਗਾ ਕੀਤਾ, ਕੀ ਪੀਓਗੇ। ਪਹਿਲਾਂ ਪਾਣੀ, ਫਿਰ ਚਾਹ...," ਕੰਵਲ ਜੀ ਨੇ ਪੁੱਛਿਆ।

"ਪਾਣੀ ਦਾ ਗਲਾਸ ਪਿਲਾ ਦੇਵੋ, ਛੇਤੀ ਜਾਣਾ ਹੈ। ਬੱਸ ਮਿਲਣ ਦੀ ਤਮੰਨਾ ਸੀ," ਥਾਣੇਦਾਰ ਨੇ ਟੇਢੀ ਅੱਖ ਨਾਲ ਮੈਨੂੰ ਦੇਖਦਿਆਂ ਉੱਤਰ ਦਿੱਤਾ।

ਮੈਂ ਤੁਹਾਡੇ ਸਾਰੇ ਨਾਵਲ ਵੀਹ-ਵੀਹ ਵਾਰ ਪੜ੍ਹੇ ਨੇ। ਤੁਸੀਂ ਕਮਾਲ ਦਾ ਲਿਖਦੇ ਹੋ। ਰੱਬ ਤੁਹਾਡੀ ਉਮਰ ਲੰਮੀ ਕਰੇ!" ਥਾਣੇਦਾਰ ਦੇ ਮੂੰਹੋਂ ਕਿਸੇ ਲਈ ਨਿਕਲੀ ਦੁਆ ਪਹਿਲੀ ਵਾਰ ਸੁਣੀ ਸੀ।

ਹੁਣ ਥਾਣੇਦਾਰ ਦੀ ਪੂਰੀ ਨਿਗ੍ਹਾ ਮੇਰੇ 'ਤੇ ਟਿਕ ਗਈ। ਥਾਣੇਦਾਰ ਮੈਨੂੰ ਕੁਝ ਪੁੱਛਦਾ ਕਿ ਕੰਵਲ ਜੀ ਪਹਿਲਾਂ ਹੀ ਬੋਲ ਪਏ, "ਆਹ ਪਰਨੇ ਵਾਲਾ ਜਵਾਨ ਤਾਂ ਇਥੋਂ ਦਾ ਹੀ ਹੈ। ਦੂਜਾ ਨੀਲੀ ਪੱਗ ਵਾਲਾ ਆਪਣਾ ਪਾਠਕ ਹੈ। ਤੇ ਖ਼ੁਦ ਲਿਖ ਵੀ ਲੈਂਦਾ ਹੈ। ਨਾਵਲ ਲਿਖ ਕੇ ਲਿਆਇਆ ਹੈ," ਕੰਵਲ ਜੀ ਨੇ ਨਾਵਲ ਥਾਣੇਦਾਰ ਨੂੰ ਫੜਾਉਂਦਿਆਂ ਕਿਹਾ।

ਥਾਣੇਦਾਰ ਨੇ ਇਕ ਹੱਥ ਪਾਣੀ ਦਾ ਗਲਾਸ ਫੜਿਆ ਹੋਇਆ ਸੀ, ਦੂਜੇ ਹੱਥ ਨਾਲ ਨਾਵਲ ਦੇ ਵਰਕੇ ਪਲਟ ਰਿਹਾ ਸੀ।

"ਬੁੱਢੇ ਰੁੱਖ ਦੀ ਮੌਤ! ਇਹ ਨਾਂ ਲੱਗਦੈ ਮੈਂ ਪਹਿਲਾਂ ਵੀ ਪੜ੍ਹਿਆ ਹੈ! ਕੰਵਲ ਜੀ, ਇਹ ਨਾਵਲ ਮੈਂ ਲੈ ਜਾਂਦਾ ਹਾਂ। ਪੜ੍ਹ ਕੇ ਵਾਪਸ ਕਰ ਦੇਵਾਂਗਾ। ਵੇਖਦੇ ਹਾਂ, ਜਵਾਨ ਨੇ ਕੀ ਲਿਖਿਆ ਹੈ!!" ਥਾਣੇਦਾਰ ਨੇ ਨਾਵਲ ਸਿਪਾਹੀ ਨੂੰ ਫੜਾਉਂਦਿਆਂ ਕਿਹਾ।

ਕੰਵਲ ਜੀ ਮੇਰੇ ਵੱਲ ਵੇਖਣ ਲੱਗੇ। ਮੈਂ ਡਰਦਿਆਂ ਹੀ ਕਹਿ ਦਿੱਤਾ, "ਸ੍ਹਾਬ ਜੀ, ਕੋਈ ਗੱਲ ਨਹੀਂ।"

ਜਿਪਸੀ ਜਾ ਚੁੱਕੀ ਸੀ। ਖ਼ਾਲੀ ਤੌਲੀਏ ਦਾ ਭਾਰ ਮੈਨੂੰ ਮਣ ਪੱਕਾ ਲੱਗ ਰਿਹਾ ਸੀ। ਕੰਵਲ ਜੀ ਤੋਂ ਆਗਿਆ ਲੈ ਕੇ ਬਾਹਰ ਨਿਕਲ ਆਏ। ਸਾਰਾ ਚਾਅ ਜਿਵੇਂ ਖੰਭ ਲਾ ਕੇ ਉਡ ਗਿਆ ਹੋਵੇ। ਜਿਵੇਂ ਮੇਰੇ ਨਾਵਲ ਦਾ ਪੁਲੀਸ ਮੁਕਾਬਲਾ ਹੋ ਜਾਵੇਗਾ! ਇਹ ਸੋਚਾਂ ਦਿਮਾਗ਼ ਵਿਚ ਘੁੰਮਦੀਆਂ।

ਫਿਰ ਦੋ ਕੁ ਮਹੀਨਿਆਂ ਬਾਅਦ ਮੇਰੇ ਨਾਂ ਦਾ ਪਾਰਸਲ ਆਇਆ ਜਿਸ ਵਿਚ ਮੇਰਾ ਨਾਵਲ 'ਬੁੱਢੇ ਰੁੱਖ ਦੀ ਮੌਤ' ਅਤੇ ਦੋ ਸੌ ਰੁਪਏ ਇਨਾਮ ਦਾ ਭੇਜਿਆ ਹੋਇਆ ਸੀ। ਕਈ ਸਾਲ ਇਹ ਦੋ ਸੌ ਰੁਪਏ ਸਾਂਭ ਕੇ ਰੱਖੇ ਪਰ ਏਜੰਟਾਂ ਨੇ ਇਕ ਵਾਰ ਦਿੱਲੀ ਇਹ ਦੋ ਸੌ ਰੁਪਏ ਵੀ ਖੋਹ ਲਏ। ਮੈਨੂੰ ਪਹਿਲੀ ਵਾਰ ਲੱਗਿਆ ਕਿ ਪੁਲੀਸ ਵਾਲਿਆਂ ਨਾਲੋਂ ਏਜੰਟਾਂ ਦਾ ਡੰਗ ਜ਼ਿਆਦਾ ਖ਼ਤਰਨਾਕ ਹੈ ਜਿਸ ਨਾਲ ਬੰਦਾ ਪਾਣੀ ਵੀ ਨਹੀਂ ਮੰਗਦਾ। ਕੰਵਲ ਜੀ ਦੇ ਥਾਪੜੇ ਨੇ ਪੜ੍ਹਾਈ ਵੀ ਪੂਰੀ ਕਰਵਾ ਦਿੱਤੀ ਅਤੇ ਲਿਖਣ ਦਾ ਸ਼ੌਕ ਵੀ ਪੂਰਾ ਬਰਾਬਰ ਕਰ ਰਿਹਾ ਹਾਂ।

---

## ਦੁਖਦੀ ਰਗ

# ਡੁੱਬਦੀ ਕਿਸ਼ਤੀ ਨੂੰ ਚੱਪੂ

ਪਰਦੀਪ ਕੌਰ ਮਿਸ਼ੀਗਨ

***ਕੌਣ ਨਹੀਂ ਜਾਣਦਾ ਕਿ ਸ੍ਰੀ ਮਨਪ੍ਰੀਤ ਸਿੰਘ ਬਾਦਲ ਸ਼ੁਰੂ ਤੋਂ ਹੀ ਇਨ੍ਹਾਂ ਨੂੰ ਪੰਜਾਬੀਆਂ ਦੀ ਰੋਟੀ-ਪਾਣੀ ਦੀ ਯਾਦ ਕਰਾਉਂਦਿਆਂ ਖ਼ਜ਼ਾਨੇ ਵੱਲ ਸੰਕੇਤ ਕਰਦਾ ਰਿਹਾ ਹੈ ਪਰ ਅਖ਼ੀਰ ਜਦੋਂ ਉਸ ਦੀ ਵਾਹ-ਪੇਸ਼ ਨਹੀਂ ਗਈ ਤਾਂ ਲੋਕਾਂ ਦੇ ਸਾਹਮਣੇ ਰੱਖੇ ਸੱਚ ਨੂੰ ਅਕਾਲੀ ਲੀਡਰ ਹੀ ਸਹਿਣ ਨਾ ਕਰ ਸਕੇ ਅਤੇ ਮਨਪ੍ਰੀਤ ਬਾਦਲ ਨੂੰ ਖ਼ਜ਼ਾਨਾ ਮੰਤਰੀ ਦੀ ਕੁਰਸੀ ਤੋਂ ਹੱਥ ਧੋਣੇ ਪਏ।***

ਕਹਿੰਦੇ ਨੇ ਸੱਚ ਕਹਿਣਾ ਤੇ ਸੁਣਨਾ ਬਹੁਤ ਔਖਾ ਹੁੰਦਾ ਹੈ ਪਰ ਸੱਚ ਸੁਣ ਕੇ ਜਰਨਾ/ਸਹਿਣਾ ਸਭ ਤੋਂ ਔਖਾ ਹੁੰਦਾ ਹੈ। ਇਹ ਮਨੁੱਖੀ ਸੁਭਾਅ ਦੀ ਫ਼ਿਤਰਤ ਹੈ ਕਿ ਉਹ ਆਪਣੀਆਂ ਗ਼ਲਤੀਆਂ ਨੂੰ ਪਟਾਰੀ ਪਾ ਕੇ ਢਕਣ ਲਈ ਕਈ-ਕਈ ਪਾਪੜ ਵੇਲਦਾ ਹੈ ਤੇ ਆਪਣੀ ਤਾਰੀਫ਼ ਜਾਂ ਸ਼ੋਭਾ ਸੁਣ ਕੇ ਫੁੱਲਿਆ ਨਹੀਂ ਸਮਾਉਂਦਾ। ਮੇਰੇ ਖ਼ਿਆਲ ਮੁਤਾਬਕ ਉਹ ਇਨਸਾਨ ਦੇਵਤਾ-ਨੁਮਾ ਹੁੰਦਾ ਹੈ ਜੋ ਆਪਣੇ ਜਾਂ ਆਪਣੇ ਕਾਰਜ ਖੇਤਰ ਨਾਲ ਸਬੰਧਤ ਕਿਸੇ ਵੱਲੋਂ ਵੀ ਹੋਈਆਂ ਗ਼ਲਤੀਆਂ ਨੂੰ ਮੰਨ ਕੇ, ਉਨ੍ਹਾਂ ਤੋਂ ਕੋਈ ਸਬਕ ਸਿੱਖ ਕੇ ਆਉਣ ਵਾਲੇ ਸਮੇਂ ਲਈ ਕਿਸੇ ਉਸਾਰੂ ਯੋਜਨਾ ਦੀ ਵਿਉਂਤਬੰਦੀ ਕਰਦਾ ਹੈ।

ਕੁਝ ਮਹੀਨਿਆਂ ਤੋਂ ਪੰਜਾਬ ਦੀ ਰਾਜਨੀਤੀ ਵਿਚ ਆਏ ਭੂਚਾਲ ਜਿਹੇ ਬਦਲਾਅ ਨੇ ਹਰ ਪੰਜਾਬੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਕਹਿੰਦੇ ਨੇ ਲੜਕੀ ਵਿਆਹ ਤੋਂ ਬਾਅਦ ਭਾਵੇਂ ਸਹੁਰਿਆਂ ਦੇ ਮਹੱਲਨੁਮਾ ਘਰ ਵਿਚ ਚਲੀ ਜਾਵੇ ਪਰ ਉਹ ਉਸ ਕੁੱਲੀ ਦੀ ਹਮੇਸ਼ਾ ਸੁੱਖ ਮੰਗਦੀ ਹੈ ਜਿਥੇ ਉਹ ਜੰਮ-ਪਲ ਕੇ ਜਵਾਨ ਹੋਈ ਹੁੰਦੀ ਹੈ। ਬਿਲਕੁਲ ਉਸੇ ਤਰ੍ਹਾਂ ਹਰ ਪੰਜਾਬੀ, ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠਾ ਹੈ, ਉਸ ਨੂੰ ਆਪਣੇ ਪੰਜਾਬ ਦਾ ਹਮੇਸ਼ਾ ਫ਼ਿਕਰ ਰਹਿੰਦਾ ਹੈ ਤੇ ਉਸ ਪੰਜਾਬ ਦੀ ਖ਼ੁਸ਼ਹਾਲੀ ਦੀ ਹਮੇਸ਼ਾ ਦੁਆ ਕਰਦਾ ਹੈ। ਜੇ ਉਸੇ ਪੰਜਾਬ ਵਿਚ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਵੇ ਤਾਂ ਪੰਜਾਬੀ ਦੀ ਅੰਤਰ-ਆਤਮਾ ਕੁਰਲਾ ਉਠਦੀ ਹੈ।

ਅੱਜ ਕੱਲ੍ਹ ਹਰ ਇਕੱਠ ਵਿਚ ਪੰਜਾਬ ਦੀ ਖੁੰਡ ਚਰਚਾ ਆਮ ਚੱਲਦੀ ਹੈ, ਖ਼ਾਸ ਕਰਕੇ ਪੰਜਾਬ ਦੀ ਆਰਥਿਕ ਮੰਦਹਾਲੀ ਬਾਰੇ। ਪੰਜਾਬ ਦੀ ਕਰਜ਼ਾਈ ਹਾਲਤ ਨੇ ਕਹਿੰਦੇ-ਕਹਾਉਂਦੇ ਪੰਜਾਬ ਦੀ ਅੱਖ ਨੀਵੀਂ ਕਰ ਦਿੱਤੀ ਹੈ। ਇੰਨਾ ਕਰਜ਼ਾ ਪੰਜਾਬ ਦੇ ਸਿਰ ਚੜ੍ਹਿਆ ਕਿਵੇਂ? ਸਰਕਾਰ ਅਕਾਲੀ ਦਲ ਦੀ ਆਈ ਜਾਂ ਕਾਂਗਰਸ ਦੀ, ਸਮਾਂ ਹੁੰਦਿਆਂ ਇਸ ਨੂੰ ਕਿਸੇ ਨੇ ਵੀ ਸੰਭਾਲਣ ਦੀ ਕੋਸ਼ਿਸ਼ ਨਾ ਕੀਤੀ। ਗੁਰੂ ਸਾਹਿਬ ਵੀ ਕਹਿੰਦੇ ਹਨ: "ਅਕਲੀ ਕੀਚੈ ਦਾਨ।" ਖ਼ਜ਼ਾਨੇ ਵਿਚ ਭਾਵੇਂ ਕੁਝ ਹੈ ਸੀ ਜਾਂ ਨਹੀਂ; ਬੱਸ ਅੰਨ੍ਹੇਵਾਹ ਸਬਸਿਡੀਆਂ, ਸ਼ਗਨ ਸਕੀਮਾਂ ਤੇ ਫ਼ਜ਼ੂਲ ਦੀ ਟੌਹਰ ਵਾਲੇ ਅਜਿਹੇ ਬਿੰਡੇ ਵਜਾਏ ਕਿ ਅੱਜ ਨੇਤਾ ਲੋਕ ਖ਼ੁਦ ਹੀ ਬੋਲੇ ਹੋ ਗਏ ਹਨ। ਅਜਿਹੀਆਂ ਮਾਰੂ ਸਕੀਮਾਂ ਨਾਲ ਲੋਕਾਂ ਨੂੰ ਥੋੜ-ਚਿਰਾ ਸਬਜ਼-ਬਾਗ਼ ਦਿਖਾ ਕੇ ਆਪਣਾ ਉੱਲੂ ਸਿੱਧਾ ਕਰਨ ਲਈ ਪੰਜਾਬ ਨੂੰ ਕੰਗਾਲ ਕਰ ਕੇ ਰੱਖ ਦਿੱਤਾ ਗਿਆ ਹੈ। ਕੰਗਾਲੀ ਦੀ ਅਜਿਹੀ ਹਾਲਤ ਵਿਚ ਵੀ ਸਿਆਸਤਦਾਨ ਸਿਵਾਏ ਇਕ-ਦੂਜੇ ਦੀ ਨਿੰਦਾ ਅਤੇ ਚਿੱਕੜ ਸੁੱਟਣ ਤੋਂ ਕੋਈ ਉਸਾਰੂ ਕੰਮ ਕਰਨਾ ਸ਼ਾਇਦ ਆਪਣੀ ਹੱਤਕ ਸਮਝਦੇ ਹਨ। ਅਕਾਲੀ ਆਪਣੇ ਸਮੇਂ ਦੌਰਾਨ ਹੋਏ ਵਿਕਾਸ ਦੀ ਡੌਂਡੀ ਪਿੱਟ ਰਹੇ ਹਨ। ਕੌਣ ਨਹੀਂ ਜਾਣਦਾ ਕਿ ਸ੍ਰੀ ਮਨਪ੍ਰੀਤ ਸਿੰਘ ਬਾਦਲ ਸ਼ੁਰੂ ਤੋਂ ਹੀ ਇਨ੍ਹਾਂ ਨੂੰ ਪੰਜਾਬੀਆਂ ਦੀ ਰੋਟੀ-ਪਾਣੀ ਦੀ ਯਾਦ ਕਰਾਉਂਦਿਆਂ ਖ਼ਜ਼ਾਨੇ ਵੱਲ ਸੰਕੇਤ ਕਰਦਾ ਰਿਹਾ ਹੈ ਪਰ ਅਖ਼ੀਰ ਜਦੋਂ ਉਸ ਦੀ ਵਾਹ-ਪੇਸ਼ ਨਹੀਂ ਗਈ ਤਾਂ ਲੋਕਾਂ ਦੇ ਸਾਹਮਣੇ ਰੱਖੇ ਸੱਚ ਨੂੰ ਅਕਾਲੀ ਲੀਡਰ ਹੀ ਸਹਿਣ ਨਾ ਕਰ ਸਕੇ ਅਤੇ ਮਨਪ੍ਰੀਤ ਬਾਦਲ ਨੂੰ ਖ਼ਜ਼ਾਨਾ ਮੰਤਰੀ ਦੀ ਕੁਰਸੀ ਤੋਂ ਹੱਥ ਧੋਣੇ ਪਏ।

ਇਸੇ ਸੱਚ ਨੂੰ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਮੰਨਿਆ ਅਤੇ ਕਿਹਾ ਕਿ ਪੰਜਾਬ ਦੇ ਕਰਜ਼ੇ ਲਈ ਕਾਂਗਰਸ ਅਤੇ ਅਕਾਲੀ ਸਰਕਾਰਾਂ, ਦੋਵੇਂ ਹੀ ਜ਼ਿੰਮੇਵਾਰ ਨੇ। ਸ. ਖਹਿਰਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵਿਕਾਸ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਕਰਨ ਲਈ ਲਲਕਾਰਿਆਂ ਤਾਂ ਉਸ ਸੱਚ ਨੂੰ ਸੁਣਨ ਲਈ ਸੁਖਬੀਰ ਸਿੰਘ ਬਾਦਲ ਸ਼ਾਇਦ ਤਿਆਰ ਨਹੀਂ ਸਨ ਅਤੇ ਸੁਖਪਾਲ ਸਿੰਘ ਖਹਿਰਾ ਔਸੀਆਂ ਪਾਉਂਦੇ ਰਹੇ, ਪਰ 'ਉਹ ਨਾ ਆਏ'। ਫਿਰ ਸਟੇਜਾਂ ਤੋਂ ਬੋਲਿਆ ਭਾਸ਼ਣ ਕਿੰਨਾ ਕੁ ਸੱਚਾ ਹੋਵੇਗਾ! ਇਹ ਕਹਿ ਕੇ ਉਨ੍ਹਾਂ ਆਪਣੇ ਅੰਦਰ ਦੇ ਹੰਕਾਰ ਨੂੰ ਹੋਰ ਵੀ ਲੋਕਾਂ ਸਾਹਮਣੇ ਰੱਖ ਦਿੱਤਾ ਕਿ ਸੁਖਪਾਲ ਸਿੰਘ ਖਹਿਰਾ ਮੇਰੀ ਔਕਾਤ ਦਾ ਬੰਦਾ ਹੀ ਨਹੀਂ, 'ਲੰਬੀ' ਦੇ ਸਰਪੰਚ ਨਾਲ ਗੱਲ ਕਰੇ। ਸ਼ਾਇਦ ਉਹ ਭੁੱਲ ਗਏ ਕਿ ਜਿਸ ਅਕਾਲੀ ਦਲ ਨੂੰ ਪੰਥ ਦੀ ਸੇਵਾਦਾਰ ਕਹਿੰਦੇ ਨੇ, ਉਸ ਦਲ ਦੇ ਨੇਤਾ ਪੰਥ ਦੇ ਦਾਸ ਰਹਿ ਕੇ ਸੇਵਾ ਕਰਦੇ ਰਹੇ ਨੇ, ਨਵਾਬ ਬਣ ਕੇ ਘੋੜਿਆਂ ਦੇ ਤਬੇਲੇ ਸਾਫ਼ ਕਰਦੇ ਰਹੇ ਨੇ। ਵੱਡੇ ਘੱਲੂਘਾਰੇ ਦੀ ਯਾਦ ਵਿਚ ਮੇਲਾ ਤਾਂ ਕਰਵਾ ਦਿੱਤਾ ਪਰ ਇਹ ਨਹੀਂ ਸੋਚਿਆ ਕਿ ਸ. ਜੱਸਾ ਸਿੰਘ ਆਹਲੂਵਾਲੀਆ ਨੇ "ਹੈਲੀਕਾਪਟਰ ਤੇ ਹਜ਼ਾਰਾਂ ਸਿਪਾਹੀਆਂ ਨੂੰ ਵਖ਼ਤ ਨਹੀਂ ਸੀ ਪਾਇਆ ਸਗੋਂ ਖ਼ੁਦ ਕਿਰਪਾਨ ਚਲਾਉਂਦਿਆਂ ਪੰਥ ਦੀ ਸੇਵਾ ਕੀਤੀ ਸੀ।"

ਇਧਰ ਮਾਤਾ ਸੁਰਿੰਦਰ ਕੌਰ ਨੂੰ ਦੋ-ਚਾਰ ਘੰਟਿਆਂ ਦੀ ਸੇਵਾ ਬਦਲੇ ਮਾਤਾ ਖੀਵੀ ਦਾ ਖ਼ਿਤਾਬ ਮਿਲ ਗਿਆ। ਇਸ ਸਭ ਕੁਝ ਨਾਲ ਅਖ਼ਬਾਰਾਂ ਅਤੇ ਟੀ.ਵੀ. 'ਤੇ ਇਸ ਖ਼ਿਤਾਬ ਬਾਰੇ ਚਰਚਾ ਹੋਈ। ਮੈਂ ਤਾਂ ਕਹਿੰਨੀ ਹਾਂ ਕਿ ਉਹ ਬੀਬੀਆਂ ਜੋ ਹਾੜ੍ਹ ਦੀ ਅਤਿ ਗਰਮੀ ਅਤੇ ਮਾਘ ਦੀ ਠੰਢ ਵਿਚ ਸੇਵਾ ਕਰਦੀਆਂ ਨੇ, ਬਹੁਤੀਆਂ ਨਿਸ਼ਕਾਮ, ਉਨ੍ਹਾਂ ਨੂੰ ਫਿਰ ਕਿਹੜਾ ਖ਼ਿਤਾਬ? ਕਹਿੰਦੇ ਹਨ ਅੰਨ੍ਹਾ ਵੰਡੇ ਸ਼ੀਰਨੀ, ਮੁੜ-ਮੁੜ ਆਪਣਿਆਂ ਨੂੰ। ਵਿਕਾਸ ਬਹੁਤ ਹੋਇਆ ਹੈ। ਨਸ਼ੇ ਦਾ, ਸ਼ਰਾਬ ਦੇ ਠੇਕਿਆਂ ਦਾ, ਬੇਰੁਜ਼ਗਾਰੀ ਦਾ, ਬੇਇਨਸਾਫ਼ੀ ਦਾ, ਚੋਰੀਆਂ-ਡਾਕਿਆਂ ਦਾ, ਰਿਸ਼ਵਤਖ਼ੋਰੀ ਦਾ, ਸਿੱਖੀ ਨੂੰ ਖੋਰੇ ਦਾ। ਨਸ਼ੇ ਖ਼ਤਮ ਕਰਨਾ ਸਰਕਾਰ ਦੀ ਇਕ ਮਿੰਟ ਦੀ ਖੇਡ ਹੈ। ਹਰ ਪਿੰਡ ਵਿਚ ਇਕ ਨਹੀਂ ਦੋ-ਦੋ ਠੇਕੇ ਖੁੱਲ੍ਹ ਗਏ ਨੇ ਪਰ ਡਿਸਪੈਂਸਰੀ ਨਹੀਂ। ਬਾਦਲ ਪਰਿਵਾਰ ਦਾ ਇਕ ਰਿਸ਼ਤੇਦਾਰ ਅਤੇ ਯੂਥ ਅਕਾਲੀ ਦਲ ਦਾ ਚੌਧਰੀ ਰੌਲੀ ਪਾ ਰਿਹਾ ਹੈ ਕਿ ਪੰਜਾਬ ਦੀ ਆਬਕਾਰੀ ਤੋਂ ਆਮਦਨ ਪਿਛਲੇ ਸਾਲ 800 ਕਰੋੜ ਵਧ ਗਈ ਹੈ ਯਾਨਿ ਸਿੱਧੇ ਸਿੱਧੇ ਅਰਥਾਂ ਵਿਚ ਇੰਨੀ ਸ਼ਰਾਬ ਹੋਰ ਲੋਕਾਂ ਦੇ ਗਲੇ ਥੱਲੇ ਉਤਾਰ ਦਿੱਤੀ ਗਈ ਹੈ। ਜੋ ਹਨੇਰਗਰਦੀ ਪਹਿਲਾਂ ਬੰਦੂਕਾਂ ਨੇ ਪਾਈ ਸੀ, ਅੱਜ ਬੋਤਲਾਂ ਨੇ ਪਾਈ ਹੋਈ ਹੈ। ਤਿੰਨੇ 'ਬੱਬੇ' ਖਾ ਗਏ ਪੰਜਾਬ ਦੀ ਜਵਾਨੀ ਨੂੰ।

ਪੱਗ ਦਾ ਮੁੱਦਾ ਲੈ ਕੇ ਡਾ. ਮਨਮੋਹਨ ਸਿੰਘ ਨੂੰ ਕੋਸਣਾ ਜਾਂ ਬਾਹਰਲੀਆਂ ਸਰਕਾਰਾਂ ਅੱਗੇ ਛਾਤੀ ਪਿੱਟਣਾ ਕਿੰਨਾ ਕੁ ਜਾਇਜ਼ ਹੈ, ਜੇ ਪੰਜਾਬ ਵਿਚ ਹੀ ਮੁੰਡੇ ਪੱਗਾਂ ਵਾਲੇ ਵੀ ਨਹੀਂ ਲਭਦੇ? ਕੀ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੇ ਅਧੀਨ ਨਹੀਂ ਆਉਂਦਾ? ਜੇ ਆਉਂਦਾ ਹੈ ਤਾਂ ਫਿਰ ਜਵਾਬਦੇਹ ਕੌਣ ਹੈ? ਪੰਜਾਬੀ ਭਾਸ਼ਾ ਦੇ ਵਿਕਾਸ ਦੀ ਗੱਲ ਕਰੀਏ ਤਾਂ ਹਾਲਤ ਇਹ ਹੈ ਕਿ ਅਕਾਲੀ ਦਲ ਦਾ ਮੁਖੀ ਹੋਵੇ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਉਹ ਪੰਜਾਬੀ ਵਿਚ ਪੁੱਛੇ ਜਾ ਰਹੇ ਸਵਾਲਾਂ ਦੇ ਜਵਾਬ ਹਿੰਦੀ ਵਿਚ ਦੇ ਰਹੇ ਹੁੰਦੇ ਹਨ। ਇੰਜ ਲੱਗਦਾ ਹੁੰਦਾ ਹੈ ਕਿ ਵਿਚਾਰੇ ਖ਼ਜ਼ਾਨੇ ਵਾਂਗ ਸ਼ਾਇਦ ਪੰਜਾਬੀ ਨੂੰ ਸਾਂਭ ਕੇ ਰੱਖਣਾ ਚਾਹੁੰਦੇ ਹਨ। ਖੈਰ! ਇਹ ਲੀਡਰਾਂ ਦੀ ਸੋਚ ਹੋ ਸਕਦੀ ਹੈ ਪਰ ਪੰਜਾਬ ਦੀ ਅਧੋਗਤੀ ਲਈ ਅਸੀਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਾਰੇ ਹੀ ਜ਼ਿੰਮੇਵਾਰ ਹਾਂ। ਕੁਵੇਲਾ ਨਾ ਹੋ ਜਾਵੇ, ਗੂੜ੍ਹੀ ਨੀਂਦ ਤੋਂ ਉਠੀਏ। ਆਪਣੀਆਂ ਗ਼ਲਤੀਆਂ ਤੋਂ ਆਖ਼ਰ ਕੁਝ ਸਿੱਖੀਏ। ਆਵਾਮ ਚਾਹੇ ਤਾਂ ਸਾਰੀ ਦੁਨੀਆਂ ਬਦਲ ਸਕਦੀ ਹੈ। ਮਿਸਰ ਦੀ ਉਦਾਹਰਣ ਸਾਡੇ ਸਾਹਮਣੇ ਹੈ। ਸਾਡੇ ਕੋਲ ਚੰਗੇ ਨੌਜਵਾਨ ਹਨ ਜੋ ਪੰਜਾਬ ਦਾ ਦਰਦ ਸਮਝਦੇ ਹਨ ਤੇ ਨਵੀਂ ਸੋਚ ਨਾਲ ਪੰਜਾਬ ਦੀ ਡੁੱਬਦੀ ਬੇੜੀ ਨੂੰ ਬਚਾ ਸਕਦੇ ਹਨ...ਮੇਰਾ ਭਾਵ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਤੋਂ ਹੈ।

# ਸ਼ਾਲਾ ! ਪੰਜਾਬੀ ਦੇ ਹੱਕ 'ਚ ਕਾਫ਼ਲਾ ਹੋਰ ਲੰਮਾ ਹੋਵੇ

ਸਵਰਨ ਸਿੰਘ ਟਹਿਣਾ*

ਫੁੱਲਾਂ ਵਰਗੇ ਬਾਲ, ਖਿੜੇ ਚਿਹਰੇ, ਰੰਗ-ਬਰੰਗੀਆਂ ਵਰਦੀਆਂ, ਛੋਟੇ-ਛੋਟੇ ਹੱਥਾਂ 'ਚ ਫੜੀਆਂ ਤਖ਼ਤੀਆਂ, ਉਚੀ ਅਵਾਜ਼ 'ਚ ਲੱਗਦੇ ਨਾਅਰੇ 'ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ', 'ਪੰਜਾਬੀ ਦੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ', 'ਚਾਤ੍ਰਿਕ ਦੀ ਬੋਲੀ-ਹੈ ਪੰਜਾਬੀ', 'ਬੁੱਲ੍ਹੇ ਦੀ ਬੋਲੀ-ਹੈ ਪੰਜਾਬੀ' ਮਾਂ ਬੋਲੀ ਦੀ ਮਹੱਤਤਾ ਵਿਸਾਰ ਗੂੜ੍ਹੀ ਨੀਂਦੇ ਸੁੱਤਿਆਂ ਨੂੰ ਜਗਾਉਣ 'ਚ ਕਿੰਨਾ ਵੱਡਾ ਯੋਗਦਾਨ ਪਾ ਰਹੇ ਸਨ। ਹਜ਼ਾਰਾਂ ਦੀ ਗਿਣਤੀ ਵਾਲਾ ਲੰਮਾ ਕਾਫ਼ਲਾ ਤੇ ਕਾਫ਼ਲੇ 'ਚ ਸ਼ਾਮਲ ਹਰ ਬੱਚਾ, ਬਜ਼ੁਰਗ, ਨੌਜਵਾਨ ਮਾਂ ਬੋਲੀ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਕਬੂਲਦਾ ਹੋਰਨਾਂ ਨੂੰ ਵੀ ਜਾਗਣ ਦਾ ਹੋਕਾ ਦੇ ਰਿਹਾ ਸੀ। ਵਾਰਿਸ, ਬੁੱਲ੍ਹੇ, ਪੀਲੂ, ਅੰਮ੍ਰਿਤਾ ਪ੍ਰੀਤਮ, ਸ਼ਿਵ ਤੇ ਸਾਧੂ ਸਿੰਘ ਹਮਦਰਦ ਸਮੇਤ ਮਾਂ ਬੋਲੀ ਦੇ ਵਿਕਾਸ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਮਹਾਨ ਹਸਤੀਆਂ ਦੀਆਂ ਤਸਵੀਰਾਂ ਨਾਲ ਸਜੀ ਮੂਹਰੇ ਜਾ ਰਹੀ ਗੱਡੀ 'ਤੇ ਵੱਜਦੇ ਪੰਜਾਬੀ ਪ੍ਰੇਮ ਵਾਲੇ ਗੀਤ 'ਵੇ ਮੈਂ ਤੇਰੀ ਮਾਂ ਦੀ ਬੋਲੀ ਆਂ', 'ਪੰਜਾਬੀਏ ਜ਼ੁਬਾਨੇ ਨੀਂ ਰਕਾਨੇ ਮੇਰੇ ਦੇਸ ਦੀਏ', 'ਉਹ ਕਾਹਦਾ ਪੰਜਾਬੀ ਜੀਹਨੂੰ ਆਵੇ ਪੰਜਾਬੀ ਨਾ' ਕਿੰਨਾ ਕੁੱਝ ਸੋਚਣ-ਵਿਚਾਰਨ ਲਈ ਮਜਬੂਰ ਕਰ ਰਹੇ ਸਨ। ਹਰ ਦੁਕਾਨਦਾਰ, ਰਾਹਗੀਰ, ਕੰਮੀ ਮੂੰਹੋਂ ਨਿਕਲ ਰਿਹਾ ਸੀ, 'ਸ਼ੁਕਰ ਐ, ਮਾਂ ਬੋਲੀ ਲਈ ਵੀ ਏਨਾ ਵੱਡਾ ਕਾਫ਼ਲਾ ਇਕਜੁਟ ਹੋ ਚੱਲ ਰਿਹੈ!'

ਦਿਨ ਸੀ 21 ਫਰਵਰੀ ਦਾ ਤੇ ਵੇਲ਼ਾ ਸੀ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ ਦਾ। ਡੇਢ ਦਰਜਨ ਤੋਂ ਵੱਧ ਧਾਰਮਿਕ, ਸਮਾਜਿਕ ਤੇ ਰਾਜਸੀ ਜਥੇਬੰਦੀਆਂ ਅਤੇ ਲਗਭਗ ਏਨੇ ਹੀ ਸਕੂਲਾਂ ਵੱਲੋਂ ਲੰਮੀਆਂ ਤਾਣ ਘੁਰਾੜੇ ਮਾਰਦੇ ਪੰਜਾਬੀਆਂ ਨੂੰ ਹਲੂਣਾ ਦੇਣ ਲਈ 'ਪੰਜਾਬ ਜਾਗ੍ਰਿਤੀ ਮੰਚ' ਦੀ ਅਗਵਾਈ ਵਿਚ 'ਜਾਗ੍ਰਿਤੀ ਮਾਰਚ' ਅਰੰਭਿਆ ਗਿਆ। ਫ਼ਿਕਰ ਸਭ ਦਾ ਸਾਂਝਾ ਸੀ ਕਿ ਜਿਹੜੀ ਬੋਲੀ 'ਚ ਜੰਮਣ ਵੇਲ਼ੇ ਲੋਰੀਆਂ ਤੇ ਮਰਨ ਵੇਲ਼ੇ ਵੈਣ ਪੈਂਦੇ ਨੇ, ਮਨੋਰੰਜਨ, ਚਿੰਤਨ, ਖ਼ੁਸ਼ੀ, ਗਮੀ ਤੇ ਜ਼ਿੰਦਗੀ ਦਾ ਹਰ ਰੰਗ ਸਾਂਝਾ ਹੁੰਦੈ, ਉਸ ਨੂੰ ਛੱਡ ਅਸੀਂ ਹੋਰ ਬੋਲੀਆਂ ਦੇ ਲੜ ਕਿਉਂ ਲੱਗਦੇ ਜਾ ਰਹੇ ਹਾਂ। ਜ਼ਿੰਦਗੀ 'ਚ ਅੱਗੇ ਵਧਣ ਦੀ ਦੌੜ ਤਹਿਤ ਅਸੀਂ ਆਪਣੀਆਂ ਜ਼ਿੰਮੇਵਾਰੀਆਂ, ਫ਼ਰਜ਼ਾਂ ਤੋਂ ਮੂੰਹ ਕਿਉਂ ਮੋੜ ਰਹੇ ਹਾਂ? ਹੋਰ ਭਾਸ਼ਾਵਾਂ 'ਚ ਮੁਹਾਰਤ ਖਾਤਰ ਅਸੂਲਾਂ ਤੋਂ ਕਿਉਂ ਡਿੱਗਦੇ ਜਾ ਰਹੇ ਹਾਂ? ਆਪਣੀ ਮਾਂ ਦੀ ਬੁੱਕਲ ਦਾ ਨਿੱਘ ਭੁਲਾ ਹੋਰਾਂ ਦੀ ਮਮਤਾ ਦਾ ਨਿੱਘ ਕਿਉਂ ਭਾਲ ਰਹੇ ਹਾਂ?



ਜਾਗ੍ਰਿਤੀ ਮਾਰਚ ਦੀ ਅਗਵਾਈ ਕਰਦੇ ਹੋਏ ਸ. ਬਰਜਿੰਦਰ ਸਿੰਘ ਹਮਦਰਦ, ਹੰਸ ਰਾਜ ਹੰਸ, ਮਨਮੋਹਨ ਵਾਰਿਸ, ਹਰਭਜਨ ਮਾਨ, ਭਗਵੰਤ ਮਾਨ, ਬਲਰਾਜ ਤੇ ਹੋਰ।

ਕਲਾਕਾਰਾਂ, ਕਲਮਕਾਰਾਂ, ਸਮਾਜ ਸੁਧਾਰਕਾਂ, ਰਾਜਸੀ ਆਗੂਆਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਇੱਕ-ਦੂਜੇ ਦੇ ਕਦਮਾਂ ਨਾਲ ਕਦਮ ਮਿਲਾ ਕੇ ਚੱਲਣਾ ਸਾਬਤ ਕਰਦਾ ਸੀ ਕਿ ਸਮਾਜ ਦਾ ਜਾਗਰੂਕ ਹਿੱਸਾ ਆਪਣੇ ਮੁਫ਼ਾਦ ਦੀ ਥਾਂ ਸਾਂਝੇ ਕਾਰਜਾਂ ਲਈ ਅਵਾਜ਼ ਚੁੱਕਣ ਨੂੰ ਜ਼ਿਆਦਾ ਅਹਿਮੀਅਤ ਦਿੰਦਾ ਏ। ਪੰਜਾਬ ਤੇ ਪੰਜਾਬੀਅਤ ਦੇ ਅਲੰਬਰਦਾਰ ਸ. ਬਰਜਿੰਦਰ ਸਿੰਘ ਹਮਦਰਦ ਸਮੇਤ ਰਾਜ ਗਾਇਕ ਹੰਸ ਰਾਜ ਹੰਸ, ਹਰਭਜਨ ਮਾਨ, ਮਨਮੋਹਨ ਵਾਰਿਸ, ਭਗਵੰਤ ਮਾਨ, ਰੌਸ਼ਨ ਪ੍ਰਿੰਸ, ਜੱਸੀ ਸੋਹਲ, ਬਲਰਾਜ, ਦਿਲਜਾਨ, ਦਲਵਿੰਦਰ ਦਿਆਲਪੁਰੀ ਤੇ ਹੋਰਾਂ ਵੱਲੋਂ ਕਾਫ਼ਲੇ ਦੀ ਕੀਤੀ ਜਾ ਰਹੀ ਅਗਵਾਈ ਇਸ ਗੱਲ ਦਾ ਸੰਕੇਤ ਸੀ ਕਿ ਏਨੇ ਉਤਸ਼ਾਹ ਅੱਗੇ ਕੋਈ ਵੀ ਮੰਜ਼ਲ ਲੰਮੇਰੀ ਨਹੀਂ ਹੋ ਸਕਦੀ, ਬਸ ਲੋੜ ਹੌਸਲੇ ਨਾਲ ਅੱਗੇ ਵਧਦੇ ਰਹਿਣ ਦੀ ਏ, 'ਸਾਨੂੰ ਕੱਲਿਆਂ ਨੂੰ ਕੀ' ਵਾਲੇ ਫਾਰਮੂਲੇ ਨੂੰ ਤਿਆਗਣ ਦੀ ਏ। ਉਮੀਦ ਬੱਝਦੀ ਸੀ ਕਿ ਚੇਤਨਾ ਵੰਡਣ ਵਾਲਿਆਂ ਦਾ ਕਾਫ਼ਲਾ ਹੋਰ ਲੰਮਾ ਹੋਵੇਗਾ। ਹਰ ਕੋਈ ਹਿੱਕ ਠੋਕ ਕੇ ਕਹੇਗਾ ਕਿ ਅਸੀਂ ਉਸ ਬੋਲੀ ਦੇ ਵਾਰਿਸ ਹਾਂ, ਜਿਸ ਵਿਚ ਬਾਬੇ ਨਾਨਕ, ਬਾਬੇ ਫ਼ਰੀਦ ਤੇ ਹੋਰ ਦਰਵੇਸ਼ ਰੂਹਾਂ ਨੇ ਰਚਨਾ ਕੀਤੀ।

ਦਰਜਨ ਭਰ ਜਥੇਬੰਦੀਆਂ ਦੇ ਆਗੂਆਂ ਦੀ ਹਾਜ਼ਰੀ 'ਚ ਦੇਸ਼ ਭਗਤ ਹਾਲ 'ਚ ਸਤਨਾਮ ਸਿੰਘ ਮਾਣਕ ਵੱਲੋਂ ਪੰਜਾਬੀ ਸਬੰਧੀ ਮਤੇ ਪੇਸ਼ ਕਰਨਾ ਤੇ ਇਸ ਗੱਲ 'ਤੇ ਜ਼ੋਰ ਦੇਣਾ ਕਿ ਓਨਾ ਚਿਰ ਕੋਈ ਰਾਜ ਅਸਲ ਤਰੱਕੀ ਨਹੀਂ ਕਰ ਸਕਦਾ, ਜਿੰਨਾ ਚਿਰ ਉਥੋਂ ਦਾ ਪ੍ਰਸ਼ਾਸ਼ਨ ਤੇ ਸਿੱਖਿਆ ਉਸ ਜ਼ੁਬਾਨ 'ਚ ਨਹੀਂ ਹੋਵੇਗੀ, ਪ੍ਰਸ਼ਾਸ਼ਨਿਕ ਢਾਂਚੇ ਨੂੰ ਪੰਜਾਬੀ ਪ੍ਰਤੀ ਮੋਹ ਅਪਨਾਉਣ ਲਈ ਪ੍ਰੇਰਤ ਕਰਦਾ ਸੀ। 'ਕਿਉਂ ਦੇਸੀ ਸਮਝਣ ਲੋਕ ਪੰਜਾਬੀ ਬੋਲਣ ਵਾਲੇ ਨੂੰ', 'ਬੱਚਿਆਂ ਨੂੰ ਦੱਸਿਓ ਪੰਜਾਬ ਕੀਹਨੂੰ ਕਹਿੰਦੇ ਨੇ', 'ਅਸੀਂ ਉਹ ਪੰਜਾਬੀ ਆਂ' ਸਮੇਤ ਹੋਰ ਗੀਤਾਂ ਦੀ ਪੇਸ਼ਕਾਰੀ ਨੇ ਹਾਜ਼ਰੀਨ ਨੂੰ ਕਿੰਨਾ ਕੁੱਝ ਸੋਚਣ ਲਈ ਮਜਬੂਰ ਕੀਤਾ ਕਿ ਮਨੋਰੰਜਨ ਦਾ ਅਰਥ ਸਿਰਫ਼ ਨੱਚਣ-ਟੱਪਣ ਸੀਮਤ ਨਾ ਹੋ ਕੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਨਾ ਵੀ ਹੁੰਦਾ ਹੈ। ਹਰ ਸ਼ਖ਼ਸ ਸੋਚਣ ਲਈ ਮਜਬੂਰ ਸੀ ਕਿ ਜਿਹੜੇ ਕਲਾਕਾਰ ਗਾਉਂਦੇ ਪੰਜਾਬੀ 'ਚ ਹਨ, ਸੁਣਾਉਂਦੇ ਪੰਜਾਬੀਆਂ ਨੂੰ ਹਨ, ਰਹਿੰਦੇ ਪੰਜਾਬ 'ਚ ਹਨ, ਪਰ ਗੀਤਾਂ 'ਚ ਅੰਗਰੇਜ਼ੀ ਮਾਰਕਾ 'ਰੈਪ' ਤੇ ਕੈਸਿਟਾਂ ਦੇ ਅਵੱਲੇ-ਅਵੱਲੇ ਟਾਈਟਲ ਰੱਖਣ ਵਾਲਿਆਂ ਨਾਲੋਂ ਕਿੰਨੀ ਉਚੇਰੀ ਸੋਚ ਦੇ ਮਾਲਕ ਹਨ ਸਟੇਜ 'ਤੇ ਖੜ੍ਹੇ ਇਹ ਕਲਾਕਾਰ।

'ਪੰਜਾਬੀ ਜਾਗ੍ਰਿਤੀ ਮਾਰਚ' ਨੇ ਨਵੀਂ ਮਿੱਥ ਪਾਉਣ ਵਿਚ ਕਾਮਯਾਬੀ ਹਾਸਲ ਕੀਤੀ, ਆਪਣੇ ਅੰਦਰ ਝਾਤ ਮਾਰਨ ਲਈ ਵੀ ਪ੍ਰੇਰਿਆ, ਹੋਰ ਭਾਸ਼ਾਵਾਂ ਨੂੰ ਅਪਨਾਉਂਦਿਆਂ ਆਪਣੀ ਬੋਲੀ ਨਾਲੋਂ ਨਾ ਟੁੱਟਣ ਦਾ ਸੁਨੇਹਾ ਵੀ ਦਿੱਤਾ ਤੇ ਨਾਲ ਹੀ ਪੰਜਾਬ ਦੀਆਂ ਸਾਰੀਆਂ ਜਥੇਬੰਦੀਆਂ, ਸਭ ਧਰਮਾਂ, ਜਾਤਾਂ ਨੂੰ ਪੁਰਾਣੇ ਗਿਲੇ ਸ਼ਿਕਵੇ ਭੁਲਾ ਪੰਜਾਬੀ ਹੋਣ ਨਾਤੇ ਇਕਮੁੱਠ ਹੋਣ ਦਾ ਸੁਨੇਹਾ ਵੀ ਘੱਲਿਆ।

ਕਾਲਜਾ ਵਲੂੰਧਰਿਆ ਜਾਂਦੈ, ਜਦੋਂ ਪੜ੍ਹਨ-ਸੁਣਨ ਨੂੰ ਮਿਲਦੈ ਕਿ ਫ਼ਲਾਣੇ ਸ਼ਹਿਰ ਦੇ ਸਕੂਲ 'ਚ ਪੰਜਾਬੀ ਵਿਚ ਗੱਲ ਕਰਨ ਵਾਲੇ ਬੱਚਿਆਂ ਨੂੰ ਜੁਰਮਾਨੇ ਭਰਨੇ ਪੈ ਰਹੇ ਨੇ। ਸਿੱਖਿਆ ਦੇ ਨਾਂ 'ਤੇ ਬੱਚਿਆਂ ਨੂੰ 'ਰੋਬੋਟ' ਬਣਾਉਣ ਦੀ ਸਾਡੀ ਲਿੱਲ੍ਹ ਭਵਿੱਖ 'ਚ ਸਾਡੇ ਲਈ ਕਿਹੜੀਆਂ ਮੁਸ਼ਕਲਾਂ ਖੜ੍ਹੀਆਂ ਕਰ ਸਕਦੀ ਏ, ਇਸ ਵੱਲ ਸਾਡਾ ਰੱਤੀ ਭਰ ਧਿਆਨ ਨਹੀਂ। ਮੰਡੀ ਦਾ ਹਿੱਸਾ ਬਣੇ ਸਕੂਲਾਂ 'ਚ ਗਿਆਨ ਦਾ ਚਾਨਣ ਵੰਡਦਿਆਂ ਆਪਣੀ ਬੋਲੀ, ਆਪਣੇ ਸੱਭਿਆਚਾਰ ਨਾਲੋਂ ਤੋੜਨ ਦਾ ਇਹ ਸਿਲਸਿਲੇ ਕਦੋਂ ਥੰਮੇਗਾ? ਸ਼ਾਇਦ ਉਦੋਂ ਜਦੋਂ ਹਰ ਪੰਜਾਬੀ ਪ੍ਰੇਮੀ ਇਸ ਹੋ-ਵਾਪਰ ਰਹੇ ਖਿਲਾਫ਼ ਅਵਾਜ਼ ਬੁਲੰਦ ਕਰੇਗਾ।

ਵਿਧਾਨ ਸਭਾ 'ਚ ਪੰਜਾਬੀ ਦੇ ਹੱਕ 'ਚ ਬਿੱਲ ਪਾਸ ਹੋਇਆ ਤਾਂ ਵਿਦੇਸ਼ ਵਸਦੇ ਮਾਪਿਆਂ ਆਪਣੇ ਬੱਚਿਆਂ ਨਾਲ ਖੁਸ਼ੀ ਸਾਂਝੀ ਕੀਤੀ ਕਿ ਪੰਜਾਬ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਐ, ਅੱਜ ਪੰਜਾਬੀ ਬੋਲੀ ਲਈ ਕਿੰਨੇ ਭਾਗਾਂ ਵਾਲਾ ਦਿਨ ਏ ਪਰ ਜਦੋਂ ਬੱਚਿਆਂ ਨੇ ਸਵਾਲ ਕੀਤਾ ਕਿ ਹੁਣ ਤੱਕ ਪੰਜਾਬ 'ਚ ਕਿਹੜੀ ਭਾਸ਼ਾ ਬੋਲੀ ਜਾਂਦੀ ਸੀ? ਕੀ ਬੋਲੀ ਬਚਾਉਣ ਲਈ ਵੀ ਕਾਨੂੰਨਾਂ ਦਾ ਆਸਰਾ ਲੈਣਾ ਪੈਂਦੈ? ਤਾਂ ਸਿਆਣਿਆਂ ਨੂੰ ਉਂਗਲਾਂ ਮੂੰਹ 'ਚ ਪਾਉਣੀਆਂ ਪਈਆਂ।

ਮਸਲੇ ਦਾ ਹੱਲ ਸਿਰਫ਼ ਇੱਕ ਦਿਨ ਮਾਂ ਬੋਲੀ ਦਿਵਸ ਮਨਾ ਕੇ ਨਹੀਂ ਹੋਣਾ, ਸਗੋਂ ਸਾਲ ਦੇ ਸਾਰੇ ਦਿਨ ਇਸ ਵਡਮੁੱਲੇ ਕਾਜ ਨੂੰ ਸਮਰਪਿਤ ਰਹਿਣ ਨਾਲ ਹੀ ਲੋਕ ਮਨਾਂ ਅੰਦਰ ਚਾਨਣ ਦਾ ਦੀਵਾ ਜਗੇਗਾ। ਜਲੰਧਰ 'ਚ ਨਿਕਲਿਆ ਵੱਡਾ ਮਾਰਚ ਇਸ ਗੱਲ ਦੀ ਗਵਾਹੀ ਭਰ ਗਿਆ ਕਿ ਜਾਗ੍ਰਿਤੀ ਪੈਦਾ ਕਰਨ ਲਈ ਲੋੜ ਹੈ ਕਿ ਪੰਜਾਬੀ ਬੋਲੀ ਦੇ ਹੱਕ 'ਚ ਹਰ ਪਿੰਡ, ਸ਼ਹਿਰ, ਕਸਬੇ ਤੇ ਗਲੀ ਵਿਚੋਂ ਇਹੋ ਜਿਹੇ ਕਾਫ਼ਲੇ ਨਿਕਲਣ।

*ਫੋਨ:91-98141-78883


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਅੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫ਼ੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਭਾਈ ਗੁਰਦਾਸ ਅਤੇ ਭਾਰਤੀ ਦਰਸ਼ਨ-2

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਪ੍ਰਕਾਸ਼ ਤੋਂ ਪਹਿਲਾਂ ਭਾਰਤ ਵਿਚ ਪ੍ਰਚਲਿਤ ਧਾਰਮਿਕ ਪਰੰਪਰਾਵਾਂ, ਉਨ੍ਹਾਂ ਦੇ ਧਾਰਮਿਕ ਅਤੇ ਸਮਾਜਿਕ ਅਸਰਾਂ ਦਾ ਜ਼ਿਕਰ ਕੀਤਾ ਹੈ, ਨਾਲ ਹੀ ਇਹ ਵੀ ਕਿਹਾ ਸੀ ਕਿ ਅਸਲ ਵਿਚ ਲਿਖਣ ਦੀ ਅਕਾਂਖਿਆ 'ਪੰਜਾਬ-ਰਿਗ ਵੇਦ ਤੋਂ ਦਸਮ ਗ੍ਰੰਥ

## ਗੁਰਮਤਿ ਚਿੰਤਨ

ਤੱਕ' ਨਾਮੀ ਲੜੀਵਾਰ ਛਪੇ ਇੱਕ ਵਿਦਵਾਨ ਦੇ ਚਾਰ ਲੇਖਾਂ ਤੋਂ ਪੈਦਾ ਹੋਈ ਹੈ। ਇਸ ਲੇਖਕ ਨੇ ਪਹਿਲੇ ਲੇਖ ਵਿਚ ਜੋ ਨੁਕਤੇ ਉਭਾਰੇ ਹਨ ਉਨ੍ਹਾਂ ਵਿਚ ਪਹਿਲਾ ਹੈ, "ਰਿਗ ਵੇਦ ਦੇ ਦਸ ਮੰਡਲਾਂ ਵਿਚੋਂ ਬਹੁਤੇ ਪੰਜਾਬ ਦੀ ਧਰਤੀ ਉਤੇ ਰਚੇ ਗਏ ਹਨ" ਅਤੇ "ਰਿਗ ਵੇਦ ਦੇ ਵਿਸਤਾਰ ਦੇ ਰੂਪ ਵਿਚ ਹੀ ਸਾਮ ਵੇਦ, ਯਜੁਰਵੇਦ ਆਦਿ ਦੀ ਰਚਨਾ ਹੋਈ ਹੈ।" ਦੂਸਰਾ ਨੁਕਤਾ ਹੈ, "ਵੇਦਾਂਤ, ਸਾਂਖ ਅਤੇ ਗੀਤਾ ਵਿਚ ਹੰਕਾਰ ਦੀ ਉਤਪਤੀ ਪ੍ਰਕਿਰਤੀ ਤੋਂ ਮੰਨੀ ਗਈ ਹੈ ਪ੍ਰੰਤੂ ਸਿਧ ਗੋਸਟਿ ਬਾਣੀ ਵਿਚ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਇਕ ਪ੍ਰਸ਼ਨ ਦੇ ਉਤਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, "ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥" (ਸ੍ਰੀ ਗੁਰੂ ਗ੍ਰੰਥ ਸਾਹਿਬ, 946)। ਤੀਸਰਾ ਨੁਕਤਾ ਜੋ ਖਾਸ ਤੌਰ 'ਤੇ ਧਿਆਨ ਮੰਗਦਾ ਹੈ, ਉਹ ਹੈ, "ਗੁਰਬਾਣੀ ਵਿਚ ਵੇਦਾਂਤ, ਸਾਂਖ ਅਤੇ ਗੀਤਾ ਦੇ ਸ੍ਰਿਸ਼ਟੀ ਕ੍ਰਮ ਨੂੰ ਉਲਟਾ ਕੇ ਸਮਝਿਆ ਗਿਆ ਹੈ।" ਇਸ ਸਬੰਧੀ ਉਸ ਨੇ ਸਾਂਖ ਦਰਸ਼ਨ ਦੇ ਪੁਰਸ਼ ਅਤੇ ਪ੍ਰਕਿਰਤੀ ਦੇ ਸੰਕਲਪਾਂ ਦੀ ਵਿਆਖਿਆ ਕਰਨ ਤੋਂ ਬਾਅਦ ਗੁਰਬਾਣੀ ਵਿਚੋਂ ਹਵਾਲੇ ਦਿੰਦਿਆਂ ਦਸਿਆ ਹੈ, "ਗੁਰਬਾਣੀ ਜੜ੍ਹ ਚੇਤਨ ਪਦਾਰਥਾਂ ਤੋਂ ਉਪਰ ਇਕ ਪਰਮ ਪੁਰਖ ਪਰਮਾਤਮਾ ਦੀ ਕਲਪਨਾ ਕਰਦੀ ਹੈ, 'ਆਪੀਨੈ ਆਪ ਸਾਜਿਓ (ਇਥੇ ਲੇਖਕ ਨੇ 'ਆਪੀਨੈ' ਨਹੀਂ ਲਿਖਿਆ) ਰਚਿਓ ਨਾਓ॥...' ਅਤੇ 'ਆਪਨ ਖੇਲੁ ਆਪਿ ਕਰਿ ਦੇਖੈ॥ "ਅਸਲ ਵਿਚ ਲੇਖਕ ਨੇ ਸਾਂਖ ਅਨੁਸਾਰ 'ਪ੍ਰਕ੍ਰਿਤੀ' ਅਤੇ 'ਪੁਰਸ਼' ਦੇ ਸੰਕਲਪਾਂ ਦੀ ਵੀ ਅਧੂਰੀ ਵਿਆਖਿਆ ਕੀਤੀ ਹੈ ਜਿਸ ਦੇ ਵਿਸਥਾਰ ਵਿਚ ਜਾਣਾ ਇਸ ਲੇਖ ਦਾ ਵਿਸ਼ਾ ਨਹੀਂ ਹੈ। ਲੇਖ ਦਾ ਵਿਸ਼ਾ ਗੁਰਬਾਣੀ ਸਬੰਧੀ ਉਠਾਏ ਨੁਕਤਿਆਂ ਤੱਕ ਸੀਮਤ ਹੈ।

ਭਾਈ ਗੁਰਦਾਸ, ਜਿਨ੍ਹਾਂ ਨੂੰ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਹੀ ਨਹੀਂ ਸਗੋਂ ਆਧੁਨਿਕ ਸ਼ਬਦਾਵਲੀ ਵਿਚ ਸਿੱਖ ਧਰਮ ਦੇ ਪਹਿਲੇ 'ਥਿਆਲੋਜੀਅਨ' ਕਹਿਣਾ ਚਾਹੀਦਾ ਹੈ, ਪਹਿਲੀ ਵਾਰ ਦੀ ਚੌਥੀ ਪਉੜੀ ਵਿਚ ਗੁਰਮਤਿ ਅਨੁਸਾਰ ਜਗਤ ਦੀ ਉਤਪਤੀ ਦਾ ਕਾਰਨ ਦਸਦੇ ਹਨ: ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।

ਪੰਜ ਤਤ ਪਰਵਾਣੁ ਕਰਿ  
ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।  
ਕਾਦਰੁ ਕਿਨੈ ਨ ਲਖਿਆ  
ਕੁਦਰਤਿ ਸਾਜਿ ਕੀਆ ਅਵਤਾਰਾ।  
ਇਕ ਦੂ ਕੁਦਰਤਿ ਲਖ ਕਰਿ  
ਲਖ ਬਿਅੰਤ ਅਸੰਖ ਅਪਾਰਾ।  
ਰੋਮਿ ਰੋਮਿ ਵਿਚਿ ਰਖਿਓਨਿ  
ਕਰਿ ਬ੍ਰਹਮੰਡ ਕਰੋੜਿ ਸੁਮਾਰਾ।  
ਇਕਸਿ ਇਕਸਿ ਬ੍ਰਹਮੰਡਿ ਵਿਚ  
ਦਸਿ ਦਸਿ ਕਰਿ ਅਵਤਾਰ ਉਤਾਰਾ।  
ਕੇਤੇ ਬੇਦਿ ਬਿਆਸ ਕਰਿ  
ਕਈ ਕਤੇਬ ਮੁਹੰਮਦ ਯਾਰਾ।  
ਕੁਦਰਤਿ ਇਕੁ ਏਤਾ ਪਾਸਾਰਾ॥4॥

ਭਾਈ ਗੁਰਦਾਸ ਅਨੁਸਾਰ ਕਰਤਾ ਪੁਰਖ ਨੇ ਆਪਣੇ ਹੁਕਮ ਅੰਦਰ ਹੀ ਕੁਦਰਤਿ ਦਾ ਪਾਸਾਰਾ ਕੀਤਾ ਭਾਵ ਆਪਣੇ ਹੁਕਮ ਵਿਚ ਹੀ ਅਫੁਰ ਅਵਸਥਾ ਤੋਂ ਫੁਰ ਅਵਸਥਾ ਵਿਚ ਆਇਆ, ਆਪਣੀ ਕੁਦਰਤ ਵਿਚ ਉਹ ਆਪ ਵਿਆਪਕ ਹੈ ਅਤੇ ਪੰਜ ਤੱਤਾਂ ਤੋਂ ਸਰੀਰ ਦੀ ਰਚਨਾ ਕਰਕੇ ਹਰ ਸਰੀਰ ਅੰਦਰ ਆਪ ਵੱਸ ਰਿਹਾ ਹੈ। ਕੁਦਰਤਿ ਨੂੰ ਇਥੇ 'ਸਾਜੀ' ਹੋਈ ਕਿਹਾ ਹੈ। ਇਹ ਕਾਦਰ ਵੱਲੋਂ ਰਚੀ ਹੋਈ ਹੈ, ਇਸ ਦੀ ਹੋਂਦ ਉਸ ਕਰਤੇ ਤੋਂ ਹੈ, ਆਪਣੇ ਆਪ ਤੋਂ ਨਹੀਂ ਅਤੇ ਉਸ ਦੀ ਰਚੀ ਸ੍ਰਿਸ਼ਟੀ ਬੇਅੰਤ, ਅਸੀਮ ਹੈ, ਅਸੰਖ ਹੈ। ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ ਕਿ ਪਰਮਾਤਮਾ ਨੇ ਕਿੰਨੇ ਕੁ ਬ੍ਰਹਮੰਡਾਂ ਦੀ ਰਚਨਾ ਕੀਤੀ ਹੈ। ਇੱਕ ਇੱਕ ਬ੍ਰਹਮੰਡ ਵਿਚ ਦਸ ਦਸ ਅਵਤਾਰ (ਭਾਰਤੀ ਪਰੰਪਰਾ ਅਨੁਸਾਰ ਵਿਸ਼ਨੂੰ ਦੇ ਦਸ ਅਵਤਾਰ) ਬਣਾਏ ਹਨ।

ਇਥੇ ਅਵਤਾਰਾਂ ਦਾ ਜ਼ਿਕਰ ਦੋ ਗੱਲਾਂ ਵੱਲ ਸੰਕੇਤ ਹੈ:ਪਹਿਲੀ ਇਹ ਕਿ ਅਵਤਾਰ ਵੀ ਉਸ ਦੀ ਰਚਨਾ ਦਾ ਹਿੱਸਾ ਹਨ, ਉਨ੍ਹਾਂ ਦੀ ਹੋਂਦ ਪਰਮਾਤਮਾ ਕਰਕੇ ਹੈ, ਸੁਤੰਤਰ ਨਹੀਂ। ਇਸ ਦਾ ਇਹ ਵੀ ਅਰਥ ਬਣਦਾ ਹੈ ਕਿ ਉਹ ਪਰਮਾਤਮਾ ਵੱਲੋਂ ਰਚੇ ਹੋਏ ਹਨ, ਆਪ ਪਰਮਾਤਮਾ ਨਹੀਂ ਕਿਉਂਕਿ ਗੁਰਮਤਿ ਚਿੰਤਨ ਅਨੁਸਾਰ ਕਰਤਾ ਪੁਰਖ ਅਜੂਨੀ ਅਤੇ ਸੈਭੰ ਹੈ। ਉਹ ਜਨਮ ਮਰਨ ਵਿਚ ਨਹੀਂ ਆਉਂਦਾ ਅਤੇ ਉਸ ਦੀ ਰਚਨਾ ਕਿਸੇ ਹੋਰ ਰਾਹੀਂ ਨਹੀਂ, ਉਹ ਆਪਣੇ ਆਪ ਤੋਂ ਹੈ ਅਤੇ ਉਹ ਕਰਤਾ ਪੁਰਖ (ਰਚਨਹਾਰਾ) ਹੈ। ਉਸ ਦੀ ਰਚਨਾ ਬੇਅੰਤ ਹੈ, ਉਸ ਦੇ ਰਚੇ ਅਨੇਕਾਂ ਬ੍ਰਹਮੰਡ ਹਨ ਇਸ ਲਈ ਪਤਾ ਨਹੀਂ ਕਿੰਨੇ ਕੁ ਵੇਦ ਰਚੇ ਗਏ ਹਨ ਅਤੇ ਕਿੰਨੇ ਕੁ ਵਿਆਸ ਰਿਸ਼ੀ ਹੋਏ ਹਨ। ਕਿਉਂਕਿ ਬ੍ਰਹਮੰਡ ਅਨੇਕ ਹਨ ਇਸ ਲਈ ਉਨ੍ਹਾਂ ਦੇ ਅਨੁਸਾਰ ਹੀ ਕਤੇਬ ਵੀ ਕਿੰਨੇ ਹੀ ਹੋਣਗੇ ਅਤੇ ਖਲੀਫ਼ੇ ਵੀ ਕਿੰਨੇ ਹੋਏ ਹੋਣਗੇ। ਦਰਅਸਲ ਇਹ ਸਾਰੀਆਂ ਗਿਣਤੀਆਂ-ਮਿਣਤੀਆਂ ਉਸ ਕਾਦਰ ਦੀ ਅਨੰਤਤਾ ਅਤੇ ਉਸ ਦੀ ਰਚਨਾ ਦੀ ਅਸੀਮਤਾ ਨੂੰ ਦੱਸਣ ਲਈ ਹਨ, ਜਿਸ ਦਾ ਨਿਤਾਰਾ ਆਖ਼ਰੀ ਪੰਕਤੀ ਵਿਚ ਕਰਦਿਆਂ ਕਿਹਾ ਹੈ, 'ਕੁਦਰਤਿ ਇਕੁ ਏਤਾ ਪਾਸਾਰਾ' ਕਿ ਉਸ ਦੀ ਇੱਕ ਕੁਦਰਤਿ ਦਾ ਇੰਨਾ ਵੱਡਾ ਪਸਾਰਾ ਹੈ ਕਿ ਇਸ ਦੀ ਥਾਹ ਪਾ ਸਕਣੀ ਮੁਸ਼ਕਿਲ ਹੈ।

ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ, 'ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ...ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥' ਕਰਤਾ ਪੁਰਖ ਦੀ ਰਚਨਾ ਬੇਅੰਤ ਅਤੇ ਅਸੀਮ ਹੈ ਜਿਸ ਦਾ ਲੇਖਾ ਨਹੀਂ ਕੀਤਾ ਜਾ ਸਕਦਾ। ਉਸ ਅਕਾਲ ਪੁਰਖ ਨੇ ਆਪਣੇ ਹੁਕਮ ਵਿਚ ਹੀ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਉਸ ਦੇ ਹੁਕਮ ਅੰਦਰ ਹੀ ਸਭ ਕੁੱਝ ਦੀ ਹੋਂਦ ਹੈ। ਜਿਵੇਂ ਲੇਖਕ ਨੇ ਵੀ ਆਸਾ ਦੀ ਵਾਰ ਵਿਚੋਂ ਉਦਾਹਰਣ ਦਿੱਤੀ ਹੈ, 'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਨੂੰ ਕਈ ਥਾਂਵਾਂ 'ਤੇ ਇਹ ਸੰਕੇਤ ਮਿਲਦਾ ਹੈ ਕਿ ਅਕਾਲ ਪੁਰਖ ਨੇ ਆਪ ਹੀ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਆਪਣੀ ਰਚਨਾ ਵਿਚ ਵਿਆਪਕ ਹੈ ਅਤੇ ਉਹ ਆਪ ਹੀ ਇਸ ਨੂੰ ਜਦੋਂ ਚਾਹੇ ਆਪਣੇ ਵਿਚ ਸਮੇਟ ਲੈਂਦਾ ਹੈ। ਅੰਤ ਨੂੰ ਉਸ ਦੀ ਰਚੀ ਹੋਈ ਸ੍ਰਿਸ਼ਟੀ ਉਸ ਵਿਚ ਹੀ ਸਮਾ ਜਾਂਦੀ ਹੈ। ਰਾਮਕਲੀ ਦਖਣੀ ਵਿਚ ਜੋ ਪੱਟੀ ਦੀ ਤਰਜ਼ ਤੇ ਰਚੀ ਹੋਈ ਬਾਣੀ ਹੈ, ਗੁਰੂ ਨਾਨਕ ਦੇਵ ਇਹੀ ਦੱਸ ਰਹੇ ਹਨ ਕਿ ਇਹ ਸਾਰੀ ਉਤਪਤੀ ਉਸ ਇੱਕ ਕਰਤਾ ਪੁਰਖ ਤੋਂ ਹੋਈ ਹੈ ਅਤੇ ਇਸ ਸੰਸਾਰ ਨੂੰ ਉਸ ਨੇ ਸਹਿਜ ਵਿਚ ਹੀ ਪੈਦਾ ਕੀਤਾ ਹੈ, 'ਓਅੰਕਾਰਿ ਬ੍ਰਹਮਾ ਉਤਪਤਿ॥ ...ਓਨਮ ਅਖਰੁ ਤ੍ਰਿਭਵਣ ਸਾਰੁ॥ '(ਪੰਨਾ 930)

ਗੁਰੂ ਨਾਨਕ ਦੇਵ ਰਚਿਤ ਮਾਰੂ ਸੋਲਹੇ ਬਾਣੀ ਸ਼ੁਰੂ ਹੀ ਉਸ ਅਕਾਲ ਪੁਰਖ ਅਤੇ ਉਸ ਦੀ ਕੀਤੀ ਗਈ ਰਚਨਾ ਤੋਂ ਹੁੰਦੀ ਹੈ, 'ਸਾਚਾ ਸਚੁ ਸੋਈ ਅਵਰੁ ਨ ਕੋਈ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ॥ ਅਤੇ ਸਾਰੀ ਬਾਣੀ ਵਿਚ ਕਰਤਾ ਪੁਰਖ ਅਤੇ ਉਸ ਦੀ ਰਚਨਾ ਦੇ ਹਰ ਤਰ੍ਹਾਂ ਦੇ ਪਾਸਾਰੇ ਬਾਰੇ ਬਹੁਤ ਵਿਸਤਾਰ ਵਿਚ ਦਸਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਮੂਲ ਮੰਤਰ ਬਾਣੀ ਵਿਚ ਹੀ ਪਰਮ ਸਤਿ ਦਾ ਸੰਕਲਪ ਸਪਸ਼ਟ ਕਰ ਦਿੱਤਾ ਹੈ। ਓਅੰਕਾਰ ਤੋਂ ਪਹਿਲਾਂ ਇੱਕ ਲਾ ਕੇ ਪਰਮ ਸਤਿ ਦੀ ਏਕਤਾ ਨੂੰ ਦ੍ਰਿੜ ਕਰਵਾ ਦਿੱਤਾ ਹੈ। ਸਿੱਖ ਧਰਮ ਦਰਸ਼ਨ ਵਿਚ ਪਰਮ ਸਤਿ ਦੀ ਏਕਤਾ ਦਾ ਸੰਕਲਪ ਇਸ ਦੇ ਸ਼ਬਦਾਂਗ ੴ ਵਿਚੋਂ ਨਿਕਲਿਆ ਹੈ ਜੋ ਕਿ ਮੂਲ ਮੰਤਰ ਦੇ ਸ਼ੁਰੂ ਵਿਚ ਹੈ। ਇਸ ਸ਼ਬਦ ਨੂੰ ਆਮ ਤੌਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ: ਇੱਕ, ਓਅਮ, ਕਾਰ। ਓਅਮ ਪਦ 'ਸ਼ਬਦ ਬ੍ਰਹਮ' ਦਾ ਚਿੰਨ੍ਹ ਹੈ ਜੋ ਕਿ ਪਰਗਟ ਸੰਸਾਰ (ਆਕਾਰ) ਦਾ ਆਦਿ (ਪਹਿਲਾ) ਕਾਰਨ ਹੈ ਅਤੇ ਮੂਲ ਮੰਤਰ ਵਿਚ ਨੰਬਰ '੧' (ਇਕ) ਅਧਿਆਤਮਕ ਏਕਤਾ ਲਈ ਆਇਆ ਹੈ। ਇਸ ਦਾ ਭਾਵ ਹੈ ਕਿ ਪਰਮ ਸਤਿ ਇੱਕ ਹੈ ਜਿਸ ਤੋਂ ਸਾਰੀ ਦੁਨੀਆਂ ਦਾ ਪਾਸਾਰ ਹੋਇਆ ਹੈ। ਜਿਥੋਂ ਤੱਕ 'ਹਉਮੈ' ਦਾ ਸਵਾਲ ਹੈ ਇਸ ਦੀ ਵਿਆਖਿਆ ਵੀ ਜਪੁਜੀ ਸਾਹਿਬ ਦੇ ਸ਼ੁਰੂ ਵਿਚ ਹੀ ਕਰ ਦਿੱਤੀ ਹੈ ਜਦੋਂ ਗੁਰੂ ਨਾਨਕ ਦੇਵ ਇਹ ਪ੍ਰਸ਼ਨ ਰੱਖਦੇ ਹਨ, 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' ਇਥੇ ਗੁਰੂ ਨਾਨਕ ਦੇਵ ਨੇ ਹਉਮੈ ਨੂੰ 'ਕੂੜੈ ਪਾਲਿ' ਕਿਹਾ ਹੈ ਜੋ ਮਨੁੱਖ ਅਤੇ ਪਰਮਾਤਮਾ ਵਿਚ ਵਿੱਥ ਬਣਾਈ ਰੱਖਦੀ ਹੈ। ਇਸ ਪ੍ਰਸ਼ਨ ਦਾ ਉਤਰ ਦਿੰਦਿਆਂ ਗੁਰੂ ਨਾਨਕ ਇਸ ਨੂੰ ਸਪਸ਼ਟ ਕਰ ਦਿੰਦੇ ਹਨ, 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' ਇਸ 'ਕੂੜੈ ਪਾਲਿ' ਨੂੰ ਤੋੜਨ ਲਈ ਉਸ ਦੇ ਹੁਕਮ ਦਾ ਅਨੁਸਾਰੀ ਹੋ ਕੇ ਚੱਲਣਾ ਹੈ, ਜੋ ਮਨੁੱਖ ਦੇ ਅੰਦਰ ਹੀ ਨਿਹਿਤ ਹੈ। 'ਹੁਕਮ' ਗਿਆਨ ਦਾ ਪ੍ਰਤੀਕ ਹੈ ਜੋ ਮਨੁੱਖ ਨੂੰ ਉਸ ਦੇ ਆਪੇ ਦੀ ਸੋਝੀ ਕਰਾਉਂਦਾ ਹੈ ਅਤੇ ਹੁਕਮ 'ਨਾਮ' ਹੈ। ਹਉਮੈ ਅਗਿਆਨ ਹੈ ਅਤੇ ਇਸ ਦਾ ਨਾਮ ਨਾਲ ਵਿਰੋਧ ਹੈ। ਇਸੇ ਲਈ ਹਉਮੈ ਮਨੁੱਖ ਦੇ ਵਾਰ-ਵਾਰ ਜਨਮ ਲੈਣ ਦਾ ਕਾਰਨ ਬਣਦੀ ਹੈ ਕਿਉਂਕਿ ਉਹ ਮਨੁੱਖ ਨੂੰ ਪਰਮ ਸਤਿ ਨਾਲ ਇੱਕਸੁਰ ਨਹੀਂ ਹੋਣ ਦਿੰਦੀ। ਇਸ ਨੂੰ ਆਸਾ ਦੀ ਵਾਰ ਵਿਚ ਹੋਰ ਵੀ ਸਪਸ਼ਟ ਕੀਤਾ ਗਿਆ ਹੈ।

ਗੁਰੂ ਨਾਨਕ ਜਦੋਂ 'ਸਿਧ ਗੋਸਟਿ' ਵਿਚ ਯੋਗੀਆਂ ਨਾਲ ਵਾਰਤਾਲਾਪ ਕਰਦਿਆਂ ਇਸ ਪ੍ਰਸ਼ਨ 'ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖੈ ਕਿਤੁ ਕਿਤੁ ਦੁਖਿ ਬਿਨਸਿ ਜਾਈ॥' ਦਾ ਜਵਾਬ ਦਿੰਦੇ ਹਨ। ਜਗਤ ਕਿਸ ਕਿਸ ਵਿਧੀ ਵਿਚ ਪੈਦਾ ਹੁੰਦਾ ਹੈ, ਕਿਸ ਤਰ੍ਹਾਂ ਦੁੱਖ ਵਿਚ ਪੈਂਦਾ ਹੈ ਤੇ ਕਿਵੇਂ ਨਾਸ ਹੋ ਜਾਂਦਾ ਹੈ ਤਾਂ ਉਥੇ ਵੀ ਅਰਥ ਇਹੀ ਜਾਪਦਾ ਹੈ ਕਿ ਮਨੁੱਖ ਦੇ ਸੰਸਾਰ ਵਿਚ ਬਾਰ ਬਾਰ ਜਨਮ ਲੈਣ ਦਾ ਕਾਰਨ, ਉਸ ਦੇ ਪਰਮਾਤਮਾ ਤੋਂ ਵਿਯੋਗ ਜਾਂ ਵਿਛੜੇ ਰਹਿਣ ਦਾ ਕਾਰਨ ਹਉਮੈ ਹੈ। ਇਹ ਇਸ ਦੇ ਪ੍ਰਸ਼ਨ ਅਤੇ ਉਤਰ ਦੋਹਾਂ ਵਿਚੋਂ ਹੀ ਸਪਸ਼ਟ ਹੁੰਦਾ ਜਾਪਦਾ ਹੈ, 'ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥' ਪੂਰਖ ਜਗਤ ਹਉਮੈ ਵਿਚ ਪੈਦਾ ਹੁੰਦਾ ਹੈ ਅਤੇ ਜੇ ਇਸ ਨੂੰ ਪਰਮਾਤਮਾ ਦਾ ਨਾਮ ਵਿਸਰ ਜਾਵੇ ਤਾਂ ਇਹ ਦੁੱਖ ਪਾਉਂਦਾ ਹੈ।

ਇਥੇ ਇਹ ਗੱਲ ਤਾਂ ਮੰਨਣੀ ਪਵੇਗੀ ਕਿ ਨਾਮ ਦਾ ਸਬੰਧ ਜਿੰਨਾ ਮਨੁੱਖ ਨਾਲ ਹੈ ਉਨਾ ਕਿਸੇ ਹੋਰ ਜੀਵ ਨਾਲ ਨਹੀਂ ਕਿਉਂਕਿ ਮਨੁੱਖ ਨੂੰ ਹੀ ਪਰਮਾਤਮਾ ਨੇ ਸੋਚਣ ਦੀ ਸ਼ਕਤੀ ਦਿੱਤੀ ਹੈ। ਇਹ ਸਿਧ ਗੋਸਟਿ ਬਾਣੀ ਦੀਆਂ ਹੋਰ ਤੁਕਾਂ ਵਿਚੋਂ ਵੀ ਸਪਸ਼ਟ ਹੋ ਜਾਂਦਾ ਹੈ। ਉਦਾਹਰਣ ਲਈ, 'ਇਤ ਉਤ ਕਿਸ ਕਉ ਜਾਣਿ ਸਮਾਵੈ॥ ਕਵਨ ਧਿਆਨੁ ਮਨੁ ਮਨਹਿ ਸਮਾਵੈ॥ (45)॥ ਹਉ ਹਉ ਮੈ ਮੈ ਵਿਚਹੁ ਖੋਵੈ ਦੂਜਾ ਮੇਟੈ ਏਕੋ ਹੋਵੈ॥'

ਯੋਗੀਆਂ ਦਾ ਪ੍ਰਸ਼ਨ ਹੈ ਕਿ ਇਥੇ ਉਥੇ ਭਾਵ ਹਰ ਥਾਂ ਕਿਸ ਨੂੰ ਪਛਾਣ ਕੇ ਉਸ ਵਿਚ ਮਨ ਲੀਨ ਹੋਵੇ? ਅਤੇ ਉਹ ਕਿਹੜਾ ਟਿਕਾਣਾ ਹੈ ਜਿਸ ਵਿਚ ਮਨ ਲੱਗ ਕੇ ਆਪਣੇ ਆਪ ਭਾਵ ਆਤਮਾ ਵਿਚ ਟਿਕਿਆ ਰਹੇ? ਤਾਂ ਇਸ ਦਾ ਉਤਰ ਦਿੱਤਾ ਹੈ ਕਿ ਜਿਹੜਾ ਮਨੁੱਖ ਮਨ ਵਿਚੋਂ ਹਉਮੈ ਦੀ ਭਾਵਨਾ ਨੂੰ ਦੂਰ ਕਰ ਲੈਂਦਾ ਹੈ, ਅਤੇ ਆਪਣੇ ਅੰਦਰੋਂ ਦਵੈਤ ਖਤਮ ਕਰ ਲੈਂਦਾ ਹੈ (ਦਵੈਤ ਹੀ ਦੂਰੀ ਦਾ ਕਾਰਨ ਬਣਦੀ ਹੈ), ਉਹ ਉਸ ਪਰਮਾਤਮਾ ਨਾਲ ਇੱਕਮਿੱਕ ਹੋ ਜਾਂਦਾ ਹੈ।

ਹੁਣ ਅਸੀਂ ਵਿਦਵਾਨ ਲੇਖਕ ਦੇ ਕਥਨਾਂ ਵੱਲ ਆਈਏ। ਉਸ ਦਾ ਪਹਿਲਾ ਕਥਨ ਹੈ ਕਿ 'ਰਿਗਵੇਦ ਦੇ ਦਸ ਮੰਡਲਾਂ ਵਿਚੋਂ ਬਹੁਤੇ ਪੰਜਾਬ ਦੀ ਧਰਤੀ ਉਤੇ ਰਚੇ ਗਏ।' ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿਉਂਕਿ ਪੰਜਾਬ ਮੁੱਢ ਕਦੀਮ ਤੋਂ ਹੀ ਭਾਰਤ ਵਿਚ ਆਉਣ ਵਾਲੇ ਬਦੇਸ਼ੀਆਂ ਲਈ ਪ੍ਰਵੇਸ਼ ਦੁਆਰ ਰਿਹਾ ਹੈ। ਆਰੀਆਂ ਨੇ ਵੀ ਜਦੋਂ ਪੰਜਾਬ ਦੀ ਧਰਤੀ ਤੇ ਪੈਰ ਰੱਖਿਆ ਤਾਂ ਇਸ ਦੇ ਖੁਲ੍ਹੇ ਡੁਲ੍ਹੇ ਕੁਦਰਤੀ ਵਾਤਾਵਰਣ ਨੇ ਉਨ੍ਹਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਕੁਦਰਤ ਨਾਲ ਇੱਕਸੁਰਤਾ ਦੇ ਵਿਸਮਾਦੀ ਪਲਾਂ ਵਿਚ ਉਨ੍ਹਾਂ ਨੇ ਕੁਦਰਤੀ ਵਰਤਾਰਿਆਂ ਨੂੰ ਵੱਖ ਵੱਖ ਸ਼ਕਤੀਆਂ ਦੇ ਰੂਪ ਵਿਚ ਗ੍ਰਹਿਣ ਕੀਤਾ ਅਤੇ ਉਨ੍ਹਾਂ ਦੀ ਉਸਤਤਿ ਵਿਚ ਉਨ੍ਹਾਂ ਨੂੰ ਖੁਸ਼ ਕਰਨ ਲਈ ਮੰਤਰ ਉਚਾਰੇ ਪਰ ਇਸ ਦਾ ਇਹ ਅਰਥ ਨਹੀਂ ਬਣਦਾ ਕਿ ਗੁਰਮਤਿ ਵਿਚਾਰਧਾਰਾ ਰਿਗ ਵੇਦ ਦੀ ਨਿਰੰਤਰਤਾ ਵਿਚ ਹੈ। ਜਿਥੋਂ ਤੱਕ ਸਾਮ ਵੇਦ ਅਤੇ ਯਜੁਰ ਵੇਦ ਦਾ ਤਾਅਲੁਕ ਹੈ ਇਸ ਦੀ ਚਰਚਾ ਵਿਸਤਾਰ ਮੰਗਦੀ ਹੈ ਜੋ ਕਦੀ ਫੇਰ ਕਰਾਂਗੇ।

ਰਿਗ ਵੇਦ ਵਿਚ ਬਹੁ-ਦੇਵਵਾਦ ਹੈ ਜਦਕਿ ਗੁਰਮਤਿ ਵਿਚਾਰਧਾਰਾ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ ਦ੍ਰਿੜ ਕਰਵਾਉਂਦੀ ਹੈ ਜੋ ਕਿ ਇਸ ਦਾ ਸਿਰਜਣਹਾਰ ਵੀ ਹੈ, ਪਾਲਣ ਵਾਲਾ ਅਤੇ ਇਸ ਨੂੰ ਸਮੇਟਣ ਵਾਲਾ ਵੀ। ਸ੍ਰਿਸ਼ਟੀ ਰਚਨਾ ਦੇ ਸਬੰਧ ਵਿਚ ਵੀ ਰਿਗ ਵੇਦ ਵਿਚ ਕੋਈ ਇੱਕ ਵਿਚਾਰ ਨਹੀਂ ਹੈ ਸਗੋਂ ਕਈ ਵਿਚਾਰ ਦਿੱਤੇ ਗਏ ਹਨ। ਗੁਰਮਤਿ ਦਾ ਕੀ ਵਿਚਾਰ ਹੈ? ਇਹ ਸਪਸ਼ਟ ਹੀ ਹੋ ਗਿਆ ਹੈ। ਜਿਥੋਂ ਤੱਕ ਦੂਸਰਾ ਕਥਨ ਹੈ ਕਿ ਵੇਦਾਂਤ, ਸਾਂਖ ਅਤੇ ਗੀਤਾ ਵਿਚ ਹੰਕਾਰ ਦੀ ਉਤਪਤੀ ਪ੍ਰਕ੍ਰਿਤੀ ਤੋਂ ਮੰਨੀ ਗਈ ਹੈ ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ 'ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ'। ਇਸਦਾ ਵਿਸ਼ਲੇਸ਼ਣ ਅਸੀਂ ਉਪਰ ਕੀਤਾ ਹੈ ਜਿਸ ਤੋਂ ਸਪਸ਼ਟ ਹੈ ਕਿ ਇਸ ਦਾ ਕੀ ਅਰਥ ਹੈ। ਦਰਅਸਲ ਹਰ ਸ਼ਬਦ, ਹਰ ਤੁਕ ਦਾ ਇੱਕ ਸੰਦਰਭ ਹੈ। ਉਸ ਨੂੰ ਸੰਦਰਭ ਨਾਲੋਂ ਵੱਖ ਕਰਕੇ ਦੇਖਣ ਨਾਲ ਕਈ ਵਾਰ ਅਰਥਾਂ ਦੇ ਅਨਰਥ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਦੇ ਸਮੇਂ ਤੱਕ ਯੋਗੀਆਂ ਦੇ ਅਨੇਕਾਂ ਫਿਰਕੇ ਪ੍ਰਚੱਲਤ ਹੋ ਗਏ ਸਨ ਜਿਨ੍ਹਾਂ ਕੋਲ ਕਰਾਮਾਤੀ ਸ਼ਕਤੀਆਂ ਦੇ ਦਿਖਾਵੇ ਕਾਰਨ ਹਉਮੈ ਹੀ ਹਉਮੈ ਸੀ। ਇਹ ਤੁਕ ਉਸੇ ਸੰਦਰਭ ਵਿਚ ਹੈ।

ਹੁਣ ਆਈਏ ਤੀਸਰੇ ਕਥਨ 'ਤੇ ਕਿ 'ਗੁਰਬਾਣੀ ਵਿਚ ਵੇਦਾਂਤ, ਸਾਂਖ ਅਤੇ ਗੀਤਾ ਦੇ ਸ੍ਰਿਸ਼ਟੀ ਕ੍ਰਮ ਨੂੰ ਉਲਟਾ ਕੇ ਸਮਝਿਆ ਗਿਆ ਹੈ'। ਇਸ ਕਥਨ ਦੀ ਲੇਖਕ ਨੇ ਕੋਈ ਵਿਆਖਿਆ ਨਹੀਂ ਕੀਤੀ ਕਿ ਕਿਵੇਂ? ਪਰ ਇਹ ਕਥਨ ਠੀਕ ਨਹੀਂ ਜਾਪਦਾ। ਪਹਿਲੀ ਗੱਲ ਇਹ ਹੈ ਕਿ ਸਾਂਖ ਵਿਚਲਾ ਪ੍ਰਕਿਰਤੀ ਸ਼ਬਦ ਗੁਰਬਾਣੀ ਵਿਚ ਲਿਆ ਹੀ ਨਹੀਂ ਗਿਆ। ਗੁਰਬਾਣੀ ਵਿਚ ਸ਼ਬਦ 'ਕੁਦਰਤਿ' ਵਰਤਿਆ ਗਿਆ ਹੈ। ਦੂਸਰੇ ਸਾਂਖ ਵਿਚ ਪ੍ਰਕਿਰਤੀ ਇੱਕ ਚੇਤੰਨ ਸੱਤ੍ਹਾ ਹੈ, ਜੋ ਭੌਤਿਕ ਤੱਤਾਂ ਹੀ ਨਹੀਂ ਸਗੋਂ ਮਾਨਸਿਕ ਤੱਤਾਂ ਦੀ ਵੀ ਜਨਨੀ ਹੈ। ਇਹ ਜਗਤ ਦਾ ਆਧਾਰ ਹੈ। ਪੁਰਸ਼ ਚੇਤੰਨ ਤਾਂ ਹੈ ਪਰ ਉਹ ਸਕ੍ਰਿਅ ਨਹੀਂ ਹੈ। ਗੁਰਮਤਿ ਚਿੰਤਨ ਵਿਚ ਕੁਦਰਤ ਕਰਤਾ ਪੁਰਖ ਵਲੋਂ ਪੈਦਾ ਕੀਤੀ ਹੋਈ ਹੈ ਅਤੇ ਰਚਨਾ ਦਾ ਆਧਾਰ ਨਹੀਂ ਹੈ। ਗੁਰਮਤਿ ਚਿੰਤਨ ਦੇ ਕਰਤਾ ਪੁਰਖ ਦਾ ਸੰਕਲਪ ਆਪਣਾ ਸੰਕਲਪ ਹੈ ਜੋ ਕਰਤਾ ਵੀ ਹੈ ਅਤੇ ਸਾਰੀ ਸ੍ਰਿਸ਼ਟੀ ਦਾ ਆਧਾਰ ਅਤੇ ਸ੍ਰੋਤ ਵੀ ਹੈ। ਵੇਦਾਂਤ ਵਿਚ ਅਦਵੈਤ ਵੇਦਾਂਤ ਅਨੁਸਾਰ ਸੰਸਾਰ ਮਿਥਿਆ ਹੈ, ਇਸ ਦੀ ਕੋਈ ਹੋਂਦ ਨਹੀਂ ਹੈ ਸਿਰਫ ਮਾਇਆ ਕਾਰਨ ਨਜ਼ਰ ਆਉਂਦਾ ਹੈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਰਚਨਾ ਅਕਾਲ ਪੁਰਖ ਦਾ ਅਫੁਰ ਤੋਂ ਫੁਰ ਅਵਸਥਾ ਵਿਚ ਆਉਣਾ ਹੈ ਭਾਵ ਨਿਰਗੁਣ ਤੋਂ ਸਰਗੁਣ ਥੀਣਾ ਹੈ ਜਦਕਿ ਵੇਦਾਂਤ ਦਾ ਨਿਰਗੁਣ ਅਤੇ ਸਰਗੁਣ ਬ੍ਰਹਮ ਦਾ ਸੰਕਲਪ ਹੀ ਵੱਖਰਾ ਹੈ। ਗੁਰੂ ਨਾਨਕ ਇਸ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਅਤੇ ਉਨ੍ਹਾਂ ਨੇ ਇਥੋਂ ਦੀ ਬੋਲੀ ਵਿਚ ਆਪਣੇ ਇਲਹਾਮ ਨੂੰ ਪ੍ਰਗਟ ਕੀਤਾ। ਬੋਲੇ ਜਾਣ ਵਾਲੇ ਸ਼ਬਦ ਤਾਂ ਉਹੀ ਰਹਿਣਗੇ, ਬਾਹਰੋਂ ਨਹੀਂ ਆਉਣਗੇ ਪਰ ਉਨ੍ਹਾਂ ਦੀ ਸੰਕਲਪਾਤਮਕ ਵਿਆਖਿਆ ਆਪਣੀ ਹੈ ਅਤੇ ਵਿਚਾਰ ਆਪਣੇ ਹਨ। ਭਗਵਤ ਗੀਤਾ ਵਿਚ ਤਾਂ ਸ੍ਰੀ ਕ੍ਰਿਸ਼ਨ ਹਰ ਸਿਧਾਂਤ ਨੂੰ ਉਤਮ ਪੁਰਸ਼ ਦੇ ਰੂਪ ਵਿਚ ਪ੍ਰਗਟ ਕਰਦੇ ਹਨ ਜਿਵੇਂ ਦਸਵੇਂ ਅਧਿਆਇ ਵਿਚ ਕਿਹਾ ਹੈ ਕਿ ਕਿਵੇਂ ਉਹ ਸਾਰੀ ਰਚਨਾ ਦਾ ਸ੍ਰੋਤ ਹਨ, ਭੌਤਿਕ ਅਤੇ ਆਤਮਕ ਸੰਸਾਰ ਦੋਹਾਂ ਦਾ। ਗੁਰਬਾਣੀ ਅਜਿਹੀ ਵਿਚਾਰਧਾਰਾ ਨੂੰ ਮੁਢੋਂ ਨਕਾਰਦੀ ਹੈ।

(ਚਲਦਾ)

## ਸਿਆਣਿਆਂ ਦਾ ਕਿਹਾ

(1) ਜਦੋਂ ਬੰਦੂਕ ਨਾਲ ਬੰਦੂਕ ਭਿੜਦੀ ਹੈ ਉਦੋਂ ਸਾਂਤੀ ਤਾਂ ਇੱਕ ਛਲਾਵਾ ਹੀ ਹੁੰਦੀ ਹੈ, ਕਿਸੇ ਧਿਰ ਦੀ ਮੌਤ ਹੁੰਦੀ ਹੈ, ਕਬਰਸਤਾਨ ਹੁੰਦੀ ਹੈ।

(2) ਪੰਜਾਬ ਨੂੰ ਬਲਦੀ ਦੇ ਬੂਥੇ ਸੁੱਟਣ ਵਾਲੇ ਆਪ ਬੁਲਟ ਪਰੂਫ ਕਾਰਾਂ ਵਿਚ ਘੁੰਮਦੇ ਸਨ ਅਤੇ ਹਿੰਸਾ ਦਾ ਦੋਸ਼ ਕਦੇ ਸਿੱਖ ਖਾੜਕੂਆਂ ਸਿਰ ਮੜ੍ਹਦੇ, ਕਦੇ ਪਾਕਿਸਤਾਨ ਸਿਰ।

(3) ਕਿਸੇ ਵੀ ਸਿੱਖ ਖਾੜਕੂ ਭਗੌੜੇ ਦੀ ਕਹਾਣੀ ਪੜ੍ਹ ਸੁਣ ਲਵੋ, ਹਰ ਇੱਕ ਦੇ ਰੂਪੋਸ਼ ਹੋਣ ਪਿੱਛੇ ਲੱਗਭਗ ਇੱਕੋ ਹੀ ਕਾਰਨ ਹੈ, ਸੈਂਟਰ ਅਤੇ ਸਟੇਟ ਗੌਰਮਿੰਟ ਦੀਆਂ ਬੇਇਨਸਾਫੀਆਂ ਅਤੇ ਪੁਲਿਸ ਤਸ਼ੱਦਦ।

(4) ਜਿਨ੍ਹਾਂ ਲੋਕਾਂ ਨੇ ਪੰਜਾਬ ਦੇ ਹੋਣਹਾਰ ਭਵਿੱਖ ਨੂੰ ਰੂਪੋਸ਼ ਹੋਣ ਲਈ ਮਜਬੂਰ ਕੀਤਾ ਹੋਵੇ, ਦੇਸ਼ ਭਗਤ ਕਿਵੇਂ ਹੋ ਸਕਦੇ ਹਨ?

(5) 1984 ਤੋਂ ਬਾਅਦ ਸਿੱਖ ਖਾੜਕੂ ਲਹਿਰ ਦੀ ਸਭ ਤੋਂ ਵੱਡੀ ਕਮਜ਼ੋਰੀ ਸੀ ਹਥਿਆਰਬੰਦ ਫਰੰਟ ਦੇ ਨਾਲ ਨਾਲ ਮਜ਼ਬੂਤ ਰਾਜਸੀ ਫਰੰਟ ਦੀ ਉਸਾਰੀ ਨਾ ਕਰ ਸਕਣਾ। ਰਾਜਸੀ ਫਰੰਟ ਨਾ ਬਣਨ ਦੇਣ ਵਿਚ ਦੁਸ਼ਮਣ ਅਤੇ ਸ਼ਰੀਕਾਂ ਦੇ ਨਾਲ ਨਾਲ ਡਾ. ਸੋਹਣ ਸਿੰਘ ਪੰਥਕ ਕਮੇਟੀ ਵੀ ਬਰਾਬਰ ਦੀ ਜ਼ਿੰਮੇਵਾਰ ਹੈ।

(6) ਖਾੜਕੂਪੁਣਾ ਕੋਈ ਖੰਘ ਦੀ ਦਵਾਈ ਨਹੀਂ ਹੈ ਕਿ ਜਿਸ ਨੇ ਪੀ ਲਈ ਖਾੜਕੂ ਬਣ ਗਿਆ। ਬੰਦਾ ਖਾੜਕੂ ਉਦੋਂ ਬਣਦਾ ਹੈ ਜਦੋਂ ਜੀਣ ਦੇ ਸਾਰੇ ਹੀਲੇ ਖਤਮ ਹੋ ਜਾਣ।

(7) ਹਿੰਦੂ ਅਤਿਵਾਦੀ ਬੰਦੂਕ ਵਾਲਿਆਂ ਨੂੰ, ਪੰਜਾਬ ਵਿਚ ਸਿੱਖ ਖਾੜਕੂ ਬੰਦੂਕ ਵਾਲੇ ਹੀ ਟਕਰਨਗੇ, ਸਿੱਖ ਸਾਧ ਬਣਨੋਂ ਤਾਂ ਰਹੇ।

(8) ਡੰਡੇ ਦੇ ਜੋਰ ਪਸ਼ੂਆਂ ਦੇ ਵਾੜੇ ਤਾਂ ਚਲਦੇ ਹਨ ਪਰ ਲੋਕਤੰਤਰ ਨਹੀਂ।

(9) ਪਹਿਲਾਂ ਜਵਾਨੀ ਨਚਦੀ ਸੀ ਖੰਡੇ ਦੀ ਧਾਰ 'ਤੇ, ਹੁਣ ਜਵਾਨੀ ਨੱਚਦੀ ਮੋਟਰ ਕਾਰ 'ਤੇ।

(10) ਅੰਮਾ ਨੀ ਅੰਮਾ ਮੈਂ ਕਿਹੜੇ ਵੇਲੇ ਨਿਕੰਮਾ।

(11) ਕੌਣ ਕਰੇਗਾ ਰਾਖੀ ਖਿੜਦੇ ਫੁੱਲਾਂ ਦੀ, ਕੌਣ ਭਰੂ ਹਰਜਾਨਾ ਵਿਛੜੇ ਵੀਰਾਂ ਦਾ।

(12) ਮੋਹ ਬਿਨਾ ਬੈਰਾਗ ਨਹੀਂ।

(13) ਦਸਮੇਸ਼ ਦੇ ਵਾਰਸੋ, ਅੰਮ੍ਰਿਤਧਾਰੀ ਹੋ ਕੇ ਜੀਉ।

(14) ਜਿਉਂ ਧਰਤੀ ਨੂੰ ਰੱਬ ਨੇ ਦਿੱਤੀ ਫੁੱਲਾਂ ਦੀ ਸੁਗਾਤ, ਇਉਂ ਸਤਿਗੁਰ ਨੇ ਬਖਸ਼ੀ ਸਿੱਖ ਨੂੰ ਕੇਸਾਂ ਦੀ ਦਾਤ।

(15) ਖਬਰਦਾਰ ਰਹਿਣਾ ਜੀ ਕਿਤੇ ਧੋਖਾ ਨਾ ਖਾ ਜਾਣਾ, ਹੁਣ ਸੰਤਾਂ ਨੇ ਵੀ ਸਿੱਖ ਲਿਆ ਸਿਆਸੀ ਲੀਡਰਾਂ ਵਾਂਗ ਰੰਗ ਬਦਲਾਣਾ।

(16) ਜਦ ਜ਼ੱਬਰ, ਸਬਰ ਨਾਲ ਠੱਲੇ ਨਾ-ਕੋਈ ਸਾਂਤਮਈ ਢੰਗ ਚੱਲੇ ਨਾ, ਤਾਂ ਚੁਕ ਲਈਏ ਹਥਿਆਰ-ਦੁਸ਼ਮਣ ਨੂੰ ਸੋਧਣ ਲਈ ਹੋਈਏ ਪੱਬਾਂ ਭਾਰ।

(17) ਕਰਮਾਂ ਦੇ ਖੇਤ ਵਿਚ ਜੋ ਬੀਜੇਂਗਾ ਉਹੀ ਵੱਢੇਂਗਾ।

(18) ਛੱਡ ਚਾਂਦੀ ਦੇ ਛਿਲੜਾਂ ਬਦਲੇ ਸੌਦੇ ਹੋਣ ਜ਼ਮੀਰਾਂ ਦੇ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਚਿੱਲੜ ਪਿੰਡ ਦੇ ਵਾਂਗੂ...

ਇਸ ਚਿੱਲੜ ਪਿੰਡ ਦੇ ਵਾਂਗੂ ਹੋਰ ਪਤਾ ਨਹੀ ਕਿੰਨੇ ਸਾੜੇ ਨੇ  
ਇਹ ਫੁੱਲ ਜੋ ਸਿੱਖੀ ਦੇ ਵੈਰੀਆਂ ਫੜ ਫੜ ਸੂਲੀ ਚਾੜੇ ਨੇ  
ਤਾਂ ਵੀ ਸਾਡੀ ਅੱਖ ਵਿਚ ਕਦੇ ਨਹੀਂ ਆਇਆ ਨੀਰ ਦੇਖ ਲਉ  
ਸਿੱਖ ਕੌਮ ਤੇ ਧੱਕੇਸ਼ਾਹੀ ਦੀ ਜੱਗ ਵਾਲਿਓ ਇਹ ਤਸਵੀਰ ਦੇਖ ਲਉ।

ਕਿਹੜੀ ਕੌਮ ਦੇ ਸੀ ਮਰਦ ਉਹ, ਜੋ ਬਣ ਕੇ ਸੀ ਉਦੋਂ ਸ਼ੇਰ ਆਏ  
ਸਾਨੂੰ ਕਦੇ ਵੀ ਭੁੱਲਣੇ ਨਹੀਂ ਐਸੇ ਜੋ ਜਖਮ ਸੀਨਿਆਂ 'ਤੇ ਲਾਏ  
ਸਾਡੇ ਬੱਚਿਆ ਦੇ ਵੀ ਭਸਮ ਕੀਤੇ, ਤੁਸੀ ਅੱਗ ਦੇ ਵਿਚ ਸਰੀਰ ਦੇਖ ਲਉ।  
ਸਿੱਖ ਕੌਮ ਤੇ...।

ਸਾੜਨ ਲਈ ਜਿਨ੍ਹਾਂ ਨੂੰ ਬੰਦ ਕਰਕੇ ਲਾ ਦਿੱਤੇ ਘਰਾਂ ਵਿਚ ਜਿੰਦੇ ਸੀ  
ਆਜਾਦ ਭਾਰਤ ਦੇ ਰਹਿਣ ਵਾਲੇ ਉਹ ਵੀ ਤਾਂ ਕੁਝ ਬਾਸ਼ਿੰਦੇ ਸੀ  
ਪਰ ਪੈਰਾਂ ਵਿਚ ਗੁਲਾਮੀ ਨਾ ਦਿਸਣ ਵਾਲੀ ਤਸਵੀਰ ਦੇਖ ਲਉ।  
ਸਿੱਖ ਕੌਮ ਤੇ...।

ਕੌਮਾਂ ਲੜਦੀਆਂ ਬਦਲਾ ਲੈਣ ਲਈ ਪਰ ਲੜਨੇ ਦਾ ਵੀ ਢੰਗ ਹੁੰਦਾ  
ਹਿੱਕ ਤਾਣ ਕੇ ਨਹੀਂ ਜਦ ਗਿੱਦੜਾਂ ਤੋਂ ਸ਼ੇਰ ਅੱਗੋਂ ਦੀ ਲੰਘ ਹੁੰਦਾ  
ਫਿਰ ਮਾਰਦੇ ਧੋਖੇ ਨਾਲ ਕਿਵੇਂ ਤੁਸੀਂ ਪਿੱਠ ਦੇ ਵਿਚ ਤੀਰ ਦੇਖ ਲਉ।  
ਸਿੱਖ ਕੌਮ ਤੇ...।

*-ਦੀਪ ਮੰਗਲੀ, ਫੋਨ:917-254-6768*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਸਾਰਾ ਜ਼ਮਾਨਾ ਸਰ ਪਰ ਉਠਾ ਰੱਖਾ ਹੈ ਇਸ ਅੰਗੂਰ ਕੀ ਬੇਟੀ ਨੇ!

*ਨਸ਼ੱਈ ਦੀ ਪਤਨੀ ਨਾ ਵਿਧਵਾ ਹੁੰਦੀ ਹੈ, ਨਾ ਸੁਹਾਗਣ। ਨਸ਼ਿਆਂ ਦੇ ਮਾਮਲੇ ਵਿਚ ਜੋ ਹਾਲਤ ਅੱਜ ਪੰਜਾਬ ਦੀ ਹੈ, ਉਸ ਤੋਂ ਅੰਦਾਜ਼ਾ ਲਾਉਣਾ ਔਖਾ ਹੈ ਕਿ ਮਾਂਵਾਂ ਤੇ ਪਤਨੀਆਂ ਦੀ ਮਾਨਸਿਕ ਦਸ਼ਾ ਕੀ ਹੋਵੇਗੀ? ਪੀ.ਜੀ.ਆਈ. ਦੇ ਹਾਲੀਆ ਅੰਕੜਿਆਂ ਅਨੁਸਾਰ ਉਥੇ ਪੰਜਾਬ ਤੋਂ ਆਉਣ ਵਾਲੇ ਮਰੀਜ਼ਾਂ ਵਿਚ 50% ਤੋਂ ਵੱਧ ਉਹ ਹਨ ਜੋ ਸ਼ਰਾਬ ਪੀ ਕੇ ਜ਼ਿਗਰ ਖਰਾਬ ਹੋਣ ਅਤੇ ਹੋਰ ਬੀਮਾਰੀਆਂ ਤੋਂ ਪੀੜਤ ਹਨ। ਜਵਾਨੀ ਆਉਣ ਤੋਂ ਪਹਿਲਾਂ ਹੀ ਚਿਹਰੇ ਮੁਰਝਾ ਰਹੇ ਹਨ। ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਮੁਤਾਬਕ ਸ਼ਰਾਬ ਬੰਦ ਹੋਣੀ ਚਾਹੀਦੀ ਸੀ ਪਰ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਵਾਲੇ ਪੰਜਾਬ ਵਿਚ ਅਗਲੇ ਵਿੱਤੀ ਸਾਲ ਵਿਚ 3200 ਕਰੋੜ ਰੁਪਏ ਦੀ ਸ਼ਰਾਬ 29 ਕਰੋੜ ਬੋਤਲਾਂ ਜ਼ਰੀਏ ਵੇਚਣ ਦਾ ਟੀਚਾ ਮਿਥਿਆ ਗਿਆ ਹੈ, ਪਿਛਲੇ ਸਾਲ ਨਾਲੋਂ 728 ਕਰੋੜ ਰੁਪਏ ਦਾ ਵਾਧੂ ਭਾਰ। ਸ਼ਰਾਬ ਦੀ ਬੋਤਲ ਘੱਟੋ-ਘੱਟ ਦਸ ਰੁਪਏ ਮਹਿੰਗੀ ਹੋਵੇਗੀ। ਉਂਜ ਹਰ ਪੰਜਾਬੀ ਦੇ ਹਿੱਸੇ ਦਸ ਬੋਤਲਾਂ ਸਾਲ ਦੀਆਂ ਆਉਂਦੀਆਂ ਹਨ, ਜੇ ਬੱਚਿਆਂ ਤੇ ਔਰਤਾਂ ਨੂੰ ਛੱਡ ਲਈਏ ਤਾਂ ਹਰ ਮਰਦ ਨੂੰ ਸਾਲਾਨਾ ਡੇਢ ਸੌ ਤੋਂ ਦੋ ਸੌ ਬੋਤਲਾਂ ਖ਼ਾਲੀ ਕਰਨੀਆਂ ਪੈਣਗੀਆਂ। ਸ਼ਰਾਬ ਕਰਿਆਨੇ ਤੋਂ ਸੌਖੀ ਮਿਲਣ ਲੱਗ ਪਈ ਹੈ। ਇਉਂ ਲਗਦਾ ਹੈ ਕਿ ਹਰ ਘਰ ਦੇ ਸਾਹਮਣੇ ਠੇਕਾ ਖੁੱਲ੍ਹ ਚੁੱਕਾ ਹੈ। ਬੰਦਾ ਜੰਗਲ-ਪਾਣੀ ਗਿਆ, ਬੋਤਲ ਫੜ ਲਿਆਉਂਦਾ ਹੈ। ਹੈਰਾਨ ਹੋਵੋਂਗੇ ਕਿ ਬੁਰੇ ਕੰਮ ਤੋਂ ਭਲਾ ਕਿਵੇਂ ਹੋਣ ਲੱਗਾ ਹੈ? ਹਰ ਬੋਤਲ ਪਿੱਛੇ ਪੰਜਾਹ ਪੈਸੇ ਖੇਡਾਂ ਲਈ ਵਸੂਲੇ ਜਾਣਗੇ, ਯਾਨਿ 'ਪਹਿਲਾਂ ਪੀ ਤੇ ਫਿਰ ਜੀਅ।' ਮੱਥੇ 'ਤੇ ਹੱਥ ਕਿੰਨੇ ਵੀ ਮਾਰ ਲਵੋ, ਪਰਿਵਾਰ ਨੂੰ ਤਬਾਹ ਕਰਨ ਦੇ ਸਾਰੇ ਗੇਟ ਜਿਵੇਂ ਭਾਖੜਾ ਵਿਚੋਂ ਪਾਣੀ ਛੱਡਣ ਵਾਂਗ ਇਕੋ ਵੇਲੇ ਖੋਲ੍ਹ ਦਿੱਤੇ ਗਏ ਹਨ। ਅਸਲ ਵਿਚ ਵਿਚਾਰਾ ਪੁੰਨੂੰ ਹੁਣ ਬਲੋਚਾਂ ਦੀ ਦਾੜ੍ਹ ਹੇਠ ਬੁਰੀ ਤਰ੍ਹਾਂ ਆਇਆ ਹੋਇਆ ਹੈ।*

*ਸਰਕਾਰਾਂ ਨੂੰ ਅਕਲਮੰਦ ਤੇ ਮੂਰਖ, ਦੋਵਾਂ ਤਰ੍ਹਾਂ ਦੇ ਲੋਕਾਂ ਦੀ ਲੋੜ ਹੁੰਦੀ ਹੈ ਪਰ ਇਹ ਲੋਕਾਂ ਨੂੰ ਆਪ ਮੂਰਖ ਬਣਾਉਣ ਦਾ ਕੰਮ ਕਿਵੇਂ ਕਰਦੀਆਂ ਹਨ, ਸ਼ਾਇਦ ਕਿਸੇ ਦਾ ਧਿਆਨ ਇਸ ਪਾਸੇ ਕਦੇ ਗਿਆ ਹੀ ਨਹੀਂ। ਸ਼ਰਾਬ ਦੀ ਬੋਤਲ ਉਤੇ ਸ਼ਰਾਬ ਪੀ ਪੀ ਕੇ ਪਿੰਜਰ ਬਣੇ ਜਾਂ ਸੜਕਾਂ, ਰੂੜੀਆਂ ਉਤੇ ਕਿਸੇ ਕੁੱਤੇ ਤੋਂ ਮੂੰਹ ਚਟਾਉਂਦੇ ਸ਼ਰਾਬੀ ਦੀ ਫੋਟੋ ਲਾ ਦਿੱਤੀ ਜਾਵੇ ਤਾਂ ਸ਼ਾਇਦ ਕਿਸੇ ਨੂੰ ਕੁਝ ਸ਼ਰਮ ਆਉਣ ਲੱਗ ਪਵੇ ਪਰ ਇਨ੍ਹਾਂ ਬੋਤਲਾਂ ਉਤੇ ਤਾਂ ਅਰਧ ਨਗਨ ਹੁਸੀਨ ਮੁਟਿਆਰਾਂ ਜਾਂ ਭੰਗੜਾ ਪਾਉਂਦੇ ਗੱਭਰੂ ਦੀ ਫੋਟੋ ਇਸ ਕਰਕੇ ਲਾਈ ਜਾ ਰਹੀ ਹੈ ਕਿ ਵੱਧ ਸ਼ਰਾਬ ਵੇਚਣ ਦੇ ਟੀਚੇ ਨੂੰ ਸੌਖਿਆਂ ਪੂਰਾ ਕੀਤਾ ਜਾ ਸਕੇ।*

ਲੱਭੂ ਰਾਮ ਨੇ ਡੱਬ ਵਿਚੋਂ ਬੋਤਲ ਕੱਢ ਕੇ ਫਿਚਕੂੰ-ਫਿਚਕੂੰ ਕਰਦੇ ਮੇਜ਼ 'ਤੇ ਠਾਹ ਦੇਣੀ ਰੱਖਦਿਆਂ ਰੁੋਬ ਝਾੜਿਆ, "ਏ ਪਰਮੇਸ਼ਰੀਏ ਕਿੱਥੇ ਮਰ ਗਈ ਤੂੰ? ਕੁਸਕਦੀ ਨਾ ਵਿਸਕਦੀ...।"

"ਤੇਰੇ ਜਣਦਿਆਂ ਦੇ ਸਿਰ 'ਚ, ਤੇ ਹਨੂਮਾਨ ਵਾਂਗ ਸੰਜੀਵਨੀ ਬੂਟੀ ਵਾਲਾ ਪਹਾੜ ਕਾਹਤੋਂ ਸਿਰ 'ਤੇ ਚੱਕਿਆ ਹੋਇਐ?"

"ਭਲੀਏਮਾਣਸੇ ਜੋ ਮੈਂ ਸਿਰ 'ਤੇ ਚੱਕਿਆ ਹੋਇਐ, ਉਹ ਕਿਸੇ ਪਤੰਦਰ ਤੋਂ ਚੱਕਿਆ ਨ੍ਹੀਂ ਜਾਣਾ।"

"ਬਹਿ ਜਾ ਰਮਾਨ ਨਾਲ, ਤੈਨੂੰ ਤਾਂ ਪੋਤੜਿਆਂ ਤੋਂ ਜਾਣਦੀ ਆਂ। ਤੈਂ ਪੀ-ਪੀ ਕੇ ਕਿਰਲੇ ਵਾਂਗ ਧੌਣ ਈ ਅਕੜਾਈ ਰੱਖੀ ਐ, ਸਾਰੀ ਉਮਰ ਕੀਤਾ ਈ ਕੀ ਐ?"

"ਹਰ ਗੱਲ ਨਾਲ ਆਂਹਦੀ ਐ ਅਖੇ ਮੈਂ ਕੀਤਾ ਕੀ ਐ। ਅੱਜ ਮੈਂ ਤੈਨੂੰ ਦੱਸਾਂਗਾ... ਕੀਤਾ ਕੀ ਐ?"

"ਢਕਿਆ ਰਹਿ, ਕਦੇ ਨਾਲੀ ਵਿਚ ਡਿੱਗ ਪਿਆ, ਕਦੇ ਦੌਣ ਵਿਚ ਸਿਰ ਫਸਾ ਲਿਆ। ਕਦੇ ਬਾਂਹ ਤੁੜਾ ਲਈ, ਕਦੇ ਗੋਡਾ। ਕਿਤੇ 'ਮਰੀਕਾ ਨੂੰ ਲਦੇਨ ਲੱਭ ਕੇ ਦੇ'ਤਾ? ਐਵੇਂ ਲਾਹੌਰ ਦੀ ਜੁੱਤੀ ਵਾਂਗ 'ਤਾਂਹ ਨੂੰ ਚੜ੍ਹੀ ਜਾਨੈਂ।"

"ਗੋਲੀ ਮਾਰ ਲਦੇਨ ਨੂੰ, ਨਾਲੇ 'ਮਰੀਕਾ ਨੂੰ। ਆਪਣਾ ਮੁਲਕ ਜਾਣੀ ਕਿ ਪੰਜਾਬ ਸਾਡੇ ਸਿਰ 'ਤੇ ਚੱਲਦੈ।"

"ਕਿਉਂ ਬਾਦਲ ਤੇ ਕੈਪਟਨ ਭੱਜ ਗਏ ਆ!"

"ਭੱਜੇ ਤਾਂ ਨ੍ਹੀਂ, ਸਰਕਾਰ ਤਾਂ ਸਾਡੇ ਸਿਰ 'ਤੇ ਚਲਾਉਂਦੇ ਆ।"

"ਤੇਰੇ ਸਿਰ ਵਿਚੋਂ ਡਾਲਰ ਡਿੱਗਦੇ ਆ?"

"ਅੱਜ ਬੋਹੜ ਥੱਲੇ ਬੈਠਿਆਂ ਆਪਣਾ ਮਾਹਟਰ ਜਗਨ ਨਾਥ ਕਹਿਣ ਲੱਗਾ ਕਿ ਲੱਭੂ ਰਾਮਾ, ਐਤਕੀਂ ਸਰਕਾਰ ਨੇ ਤੇਰੀ ਡਿਊਟੀ ਹੋਰ ਸਖ਼ਤ ਲਾ'ਤੀ...।"

"ਡੀ.ਸੀ. ਲਾ'ਤਾ ਤੈਨੂੰ ਸਰਕਾਰ ਨੇ ਬਠਿੰਡੇ?"

"ਅਸੀਂ ਐਤਕੀਂ ਸਰਕਾਰ ਨੂੰ ਸਵਾ ਸੱਤ ਸੌ ਕਰੋੜ ਕਮਾ ਕੇ ਦੇਣੈ।"

"ਢਾਈ ਸੌ ਰੁਪਏ ਬੁੱਢੇ ਲੰਗੂਰ ਨੂੰ ਸਰਕਾਰੀ ਪੈਨਸ਼ਨ ਲੰਙੇ ਡੰਗ ਮਿਲਦੀ ਐ, ਗੀਜੇ 'ਚ ਟਕਾ ਨ੍ਹੀਂ... ਧੀ ਦੇ ਵਿਆਹ ਦਾ ਕਰਜ਼ਾ ਨ੍ਹੀਂ ਉਤਰਿਆ। ਜਲੰਧਰ ਟੱਪਿਆ ਨ੍ਹੀਂ, ਸ੍ਰੀਨਗਰ ਦੇ ਬਦਾਮਾਂ ਦੀਆਂ ਗੱਲਾਂ ਕਰਦੈ... ਗੂਠਾ ਟੇਕ...ਸੌ ਗਿਣ ਨ੍ਹੀਂ ਸਕਦਾ, ਕਰੋੜਾਂ ਦੀਆਂ ਗੱਲਾਂ ਕਰਦੈ! ਕੀ ਬੁਝਾਰਤਾਂ ਜਿਹੀਆਂ ਪਾਈ ਜਾਨੈ?"

"ਮਾਹਟਰ ਨੇ ਹੁਣ ਗੱਲ ਖ਼ਾਨੇ ਪਾਈ ਐ, ਪਈ ਆਪਣਾ ਬਚੜੂ...।"

"ਕਿਹੜਾ ਬਚੜੂ?"

"ਵੱਡੇ ਬਾਦਲ ਸਾਹਿਬ ਦਾ ਮੁੰਡਾ।"

"ਦਰਵੇਸ਼ ਬੰਦਿਆ! ਬਾਦਸ਼ਾਹਾਂ ਦੀਆਂ ਗੱਲਾਂ ਨ੍ਹੀਂ ਕਰੀ ਦੀਆਂ।"

"ਸੁਣ ਤਾਂ ਲੈ। ਚੰਗਾ-ਭਲਾ ਸੀ, ਜਿੱਦਣ ਦਾ ਬਾਦਲ ਤੋਂ ਛੋਟੇ ਥਾਂ 'ਤੇ ਬਣਿਐ, ਸੁੱਕ ਕੇ ਤੀਲਾ ਹੋ ਗਿਐ। ਪੰਜਾਬ ਦੇ ਫ਼ਿਕਰਾਂ ਨੇ ਦਾੜ੍ਹੀ ਚਿੱਟੀ ਕਰ'ਤੀ... ਕਹਿੰਦਾ ਖ਼ਜ਼ਾਨਾ ਖ਼ਾਲੀ ਹੋ ਗਿਐ, ਤੇ ਮੈਂ ਮਾਹਟਰ ਨੂੰ ਕਿਹਾ, ਤੂੰ ਉਹਨੂੰ ਸੁਨੇਹਾ ਘੱਲ, ਚਿੰਤਾ ਨਾ ਕਰੇ, ਐਤਕੀਂ ਨੱਕੋ-ਨੱਕ ਭਰ ਦਿਆਂਗੇ।"

"ਨਾ ਵਿਚਲੀ ਬਾਤ ਕੀ ਐ?"

"ਲੈ ਆਪਣਾ ਆ ਗਿਆ ਪਟਵਾਰੀ ਚਮਨ ਲਾਲ। ਇਹ ਤੈਨੂੰ ਦੱਸੂ, ਸਾਰੀ ਖੋਲ੍ਹ ਕੇ ਵਿਥਿਆ।"

"ਪੁੱਤ ਚਮਨ, ਇਹ ਤੇਰੇ ਤਾਏ ਨੂੰ ਕੀ ਹੋ ਗਿਆ। ਅੱਜ ਇਹ ਪਤਝੜ ਵਿਚ ਬਸੰਤ ਵਾਂਗ ਲੁੱਡੀਆਂ ਪਾਉਂਦਾ ਫਿਰਦੈ!"

"ਤਾਈ, ਸਰਕਾਰ ਨੇ ਅਗਲੇ ਸਾਲ ਬੱਤੀ ਸੌ ਕਰੋੜ ਰੁਪਏ ਦੀ ਸ਼ਰਾਬ ਵੇਚਣ ਦਾ ਫ਼ੈਸਲਾ ਕੀਤੈ, ਪਿਛਲੇ ਸਾਲ ਨਾਲੋਂ 728 ਕਰੋੜ ਰੁਪਏ ਵੱਧ ਦੀ।"

"ਹਾਏ ਉਇ ਰੱਬਾ! ਇਨ੍ਹਾਂ ਸਰਕਾਰਾਂ ਨੂੰ ਸਾਡੇ ਘਰ ਨ੍ਹੀਂ ਦੀਂਹਦੇ। ਛੱਤ ਡਿੱਗਣ ਵਾਲੀ ਐ, ਭੜੋਲੇ ਵਿਚ ਦਾਣੇ ਨ੍ਹੀਂ। ਕਾਹਨੂੰ ਇਨ੍ਹਾਂ ਗ਼ਰੀਬੜਿਆਂ ਦੇ ਸਿਰ ਲਿੱਦ ਚੁਕਾਈ ਜਾਂਦੇ ਐ!"

"ਤਾਈ ਅੱਗੇ ਤਾਂ ਸਾਲ ਬਾਅਦ ਸਵਾ ਕੁ ਸੌ ਕਰੋੜ ਰੁਪਏ ਦੀ ਵਾਧੂ ਸ਼ਰਾਬ ਵੇਚਣ ਦੀ ਗੱਲ ਹੁੰਦੀ ਸੀ, ਐਤਕੀਂ ਤਾਂ ਪੰਜ ਗੁਣਾ ਚੱਕ'ਤਾ ਕੰਮ।"

"ਬੱਸ ਫਿਰ ਜਿਹੜੇ ਪਿੰਡਾਂ ਵਿਚ ਪੰਜ-ਸੱਤ ਜੁਆਕ ਬਚਦੇ ਐ, ਲਾ ਲਏ ਮਗਰ। ਇਹ ਟੁੱਟ ਪੈਣਾ ਅੱਗੇ ਤਾਂ ਪੰਜ ਮੀਲ ਸੈਕਲ 'ਤੇ ਡੱਫਣ ਜਾਂਦਾ ਸੀ, ਹੁਣ ਤਾਂ ਪਿੰਡੋਂ ਮੋੜ ਤੋਂ ਫੜ ਲਿਆਉਂਦੈ।"

"ਤਾਈ, ਐਤਕੀਂ ਤਾਂ ਲੱਗਦੈ, ਸਰਕਾਰ ਘਰੇ ਦੇ ਜਾਇਆ ਕਰੂ!!"

"ਪੁੱਤ ਚਮਨ, ਇਕ ਹੋਰ ਗੱਲ ਦੱਸ? ਪਈ ਪਿੱਛੇ ਜਿਹੇ ਮਾਹਟਰਨੀਆਂ ਘਰੇ ਵੋਟਾਂ ਬਣਾਉਣ ਆਈਆਂ ਤਾਂ ਦੱਸਣ ਪਈ, 'ਕਾਲੀ ਪਾਰਟੀ 'ਚ ਤੇ ਗੁਰਦੁਆਰੇ ਦੀਆਂ ਕਮੇਟੀਆਂ ਵਿਚ ਮੈਂਬਰ ਬਣਨ ਲਈ ਸ਼ਰਾਬ ਪੀਣ ਦੀ ਮਨਾਹੀ ਐ ਤੇ ਫਿਰ ਇਹ ਜ਼ਹਿਰ ਸਾਡੇ ਸ਼ਰੀਫ਼ਾਂ ਦੇ ਘਰਾਂ ਵਿਚ ਕਾਹਨੂੰ ਘੋਲੀ ਜਾਂਦੇ ਆ?"

"ਦੱਸ ਤਾਇਆ?"

"ਉਹ ਇਸ ਅਨਪੜ੍ਹ ਟੱਬਰ ਨੂੰ ਕੀ ਸਮਝਾਵਾਂ! ਜੇ ਅਸੀਂ ਨਾ ਪੀਈਏ ਤਾਂ ਮਾਹਟਰਾਂ, ਡਾਕਟਰਾਂ ਨੂੰ ਤਨਖ਼ਾਹ ਕਿੱਥੋਂ ਮਿਲੂ! ਰਿਸ਼ਵਤਾਂ ਕਿਵੇਂ ਚੱਲਣ। ਲਾਲ ਬੱਤੀਆਂ ਵਾਲੀਆਂ ਕਾਰਾਂ ਕਿਵੇਂ ਦੌੜਨ? ਇਹ ਮੰਤਰੀ ਸਾਡੇ ਸਿਰ 'ਤੇ ਟੌਹਰਾਂ ਮਾਰਦੇ ਐ।"

"ਢਕਿਆ ਰਹਿ, ਅਨਪੜ੍ਹ ਦੱਸਦਾ ਸਾਨੂੰ! ਤੂੰ ਲੈਲਪੁਰ ਕਾਲਜ ਵਿਚ ਪੜ੍ਹਾਉਨੈਂ!! ਮੈਂ ਪੁੱਛਦੀ ਤਾਂ ਇਹ ਸੀ ਕਿ ਇਨ੍ਹਾਂ ਲਈ ਮਾਂਹ ਵਾਦੀ ਐ ਤੇ ਸਾਡੇ ਲਈ ਸੁਆਦੀ।"

"ਭਲੀਏ ਲੋਕੇ, ਕਮੇਟੀਆਂ ਆਲੇ ਤਾਂ ਚਲੋ ਨਾ ਵੀ ਪੀਂਦੇ ਹੋਣ, ਪਰ ਬਾਕੀ ਤਾਂ ਪੀਂਦੇ ਹੋਣੇ ਐ। ਲੱਗਦੈ ਮੈਨੂੰ ਡਾਲਰਾਂ ਆਲੀ ਪੀਂਦੇ ਹੋਣੇ ਐ... ਪੈਸੇ ਤਾਂ ਇਹ ਵੀ ਵਟਾਉਂਦੇ ਆ ਪਰ ਇਹ ਬਾਹਰਲੇ ਮੁਲਕਾਂ ਨੂੰ ਵਟਾਉਂਦੇ ਆ। ਮਾਹਟਰ ਦੱਸਦਾ ਸੀ, ਇਹ ਪੀਂਦੇ ਆ ਜੈਨੀ ਵਾਕਰ, ਰੀਗਲ-ਰੂਗਲ ਕੋਈ। ਰੈਲ ਸਲੂਟ ਤੇ ਹੋਰ ਪਤਾ ਨ੍ਹੀਂ ਪੀਟਰ-ਪੂਟਰ।"

"ਤਾਈ, ਐਤਕੀਂ 29 ਕਰੋੜ ਬੋਤਲਾਂ ਵਿਕਣਗੀਆਂ ਤੇ ਚਾਹੇ ਕੋਈ ਬੱਚਾ, ਚਾਹੇ ਔਰਤ ਤੇ ਭਾਵੇਂ ਮਰਦ... ਦਸ ਬੋਤਲਾਂ 'ਕੱਲੇ 'ਕੱਲੇ ਪੰਜਾਬੀ ਦੇ ਹਿੱਸੇ ਆਉਣਗੀਆਂ।"

"ਮੇਲੇ ਬੰਦ ਕਰ ਦਿਓ। ਇਨ੍ਹਾਂ ਲੀਡਰਾਂ ਨੂੰ ਕਹੋ, ਹੁਣ ਠੇਕਿਆਂ ਮੂਹਰੇ ਹੀ ਭਾਸ਼ਣ ਦੇ ਜਾਇਆ ਕਰਨ। ਏਦੂੰ ਵੱਡਾ 'ਕੱਠ ਤਾਂ ਹੋਰ ਕਿਤੇ ਹੁੰਦਾ ਈ ਨ੍ਹੀਂ। ਇਹ ਫਿਰ ਬੱਚਿਆਂ ਤੇ ਤੀਵੀਆਂ ਦੇ ਹਿੱਸੇ ਦੀ ਮਰਦਾਂ ਨੂੰ ਈ ਪੀਣੀ ਪੈਣੀ ਐ। ਭਲਾ ਇਸ ਕੁਲੱਛਣੀ ਬਿਨਾਂ ਸਰਦਾ ਨ੍ਹੀਂ! ਊਂ ਮਗਰ ਤਾਂ ਬੰਦੇ ਇਹ ਵੋਟਾਂ ਆਲੇ ਦਿਨਾਂ ਵਿਚ ਈ ਲਾ ਲੈਂਦੇ ਆ।"

"ਤਾਈ, ਤਾਇਆ ਬੋਲਦਾ ਤਾਂ ਸੱਚ ਈ ਐ। ਜੇ ਸ਼ਰਾਬ ਪੰਜਾਬ ਵਿਚੋਂ ਵਿਕਣੀ ਬੰਦ ਹੋ ਜੇ ਤਾਂ ਮਹੀਨਿਆਂ ਵਿਚ ਬਿਹਾਰ ਵਾਲਾ ਹਾਲ ਹੋ ਜੂ। ਤੇ ਮੈਂ ਚੱਲਦਾਂ, ਤੂੰ ਮਾਰ ਮੱਥਾ ਤਾਏ ਨਾਲ।"

"ਪਰਮੇਸ਼ਰੀਏ, ਹਾਲੇ ਤਾਂ ਤੈਨੂੰ 29 ਕਰੋੜ ਬੋਤਲਾਂ ਪਟਵਾਰੀ ਨੇ ਕਾਗ਼ਤਾਂ ਵਿਚ ਦੱਸੀਆਂ। ਜਿਹੜੀਆਂ ਠੇਕੇਦਾਰਾਂ ਨੇ ਕੈਪਸੂਲ ਤੇ ਟੀਕੇ ਰਲਾ ਕੇ ਇਕ ਦੀਆਂ ਚਾਰ ਵੇਚਣੀਆਂ, ਉਹ ਅਲੱਗ ਨੇ ਤੇ ਜਿਹੜੀ ਰੂੜੀ ਮਾਰਕਾ... ਉਹਦਾ ਤਾਂ ਹਿਸਾਬ ਈ ਨ੍ਹੀਂ।"

"ਤੈਨੂੰ ਸ਼ਰਮ ਨ੍ਹੀਂ ਆਉਂਦੀ। ਸਰਕਾਰ ਤਾਂ ਤੁਹਾਡੀਆਂ ਜੜ੍ਹਾਂ ਵਿਚ ਅੱਕ ਠੋਕਣ ਲੱਗੀ ਪਈ ਐ ਤੇ ਤੂੰ ਕੱਛਾਂ ਵਜਾਉਂਦਾ ਫਿਰਦੈਂ!"

"ਤੇ ਜਿਹੜੇ ਪੀਂਦੇ ਨ੍ਹੀਂ, ਇਨ੍ਹਾਂ ਨੂੰ ਸਾਡੀ ਮਦਦ ਕਰਨੀ ਚਾਹੀਦੀ ਐ। ਪਈ ਘੱਟੋ-ਘੱਟ ਜਿਹੜੇ ਸਰਕਾਰੀ ਨੌਕਰ ਐ, ਸਾਡੇ ਸਿਰੋਂ ਜੁਆਕ ਪਾਲਦੇ ਐ, ਉਹ ਤਾਂ ਕਿਤੇ ਪੇਟੀਆਂ ਦੋ ਪੇਟੀਆਂ ਘਰ ਛੱਡ ਜਾਇਆ ਕਰਨ।"

"ਤੈਨੂੰ ਤਾਂ ਬਾਘੜ ਬਿੱਲੇ ਨੂੰ ਮੁਰਗੇ ਵੀ ਤਲ਼ ਕੇ ਦੇ ਕੇ ਜਾਣਗੇ!"

"ਮੂੰਹ ਆਲੇ ਜਿੱਡਾ ਬਣਾਉਂਦੀ ਐ, ਅਖੇ ਮੁਰਗੇ ਤਲ਼ ਕੇ ਦੇ ਕੇ ਜਾਣਗੇ। ਮੈਂ ਤਾਂ ਮਾਹਟਰ ਨੂੰ ਕਿਹਾ, ਹੁਣ ਜਿੱਦਣ ਚੰਡੀਗੜ੍ਹ ਨੂੰ ਨਾਹਰੇ-ਨੂਹਰੇ ਲਾਉਣ ਗਏ, ਸਾਨੂੰ ਵੀ ਨਾਲ ਲੈ ਕੇ ਜਾਇਓ।"

"ਤੇਰੀ ਬਲੀ ਦੇਣੀ ਆਂ ਉਥੇ ਮਾਹਟਰਾਂ ਨੇ!"

"ਧੇਲਾ ਨ੍ਹੀਂ ਅਕਲ। ਗੱਲ ਪੂਰੀ ਸੁਣ ਵੀ ਲਿਆ ਕਰ। ਅਸੀਂ ਪਿੰਡ ਦੇ ਤੀਹ-ਪੈਂਤੀ ਜਣੇ ਆਂ। ਰੋਜ਼ ਬੋਤਲ ਨ੍ਹੀਂ ਤਾਂ ਪੌਣੀ ਬੋਤਲ ਪੀਂਦੇ ਹੋਵਾਂਗੇ। ਅਸੀਂ ਜਾ ਕੇ ਸਰਕਾਰ ਦੇ ਕੰਨ ਖੋਲਾਂਗੇ; ਪਈ ਬਾਦਲ ਸਾਹਿਬ! ਛੱਬੀ-ਛੱਬੀ ਜਨਵਰੀ ਨੂੰ ਜਾਂ ਕਿਤੇ ਹੋਰ ਚੰਡੀਗੜ੍ਹ ਸੱਦ ਕੇ ਸਾਨੂੰ ਵੀ ਕੋਈ 'ਵਾਰਡ (ਐਵਾਰਡ) ਵੂਰਡ ਜੇ, ਮਾਣ-ਸਨਮਾਨ ਦਿਓ। ਪੰਜਾਬ ਤਾਂ ਸਹੁਰੀ ਦਾ ਚੱਲਦਾ ਸਾਡੇ ਸਿਰ 'ਤੇ ਐ।"

"ਜਾ ਆਈਂ ਚੰਡੀਗੜ੍ਹ, ਡਾਂਗਾਂ ਖਾ ਕੇ ਆਈਂ, ਤੇਰੇ ਗਲ ਵਿਚ ਤਾਂ ਕੈਂਠਾ ਪਾਉਣਗੇ?"

"ਨਾਲੇ ਪਿੰਡ ਦੇ ਚਾਰ ਜਣੇ ਜਿਹੜੇ ਖੇਲਾਂ-ਖੂਲਾਂ ਕਰਾਉਣ ਲਈ ਪੈਸੇ ਮੰਗਣ ਆਉਂਦੇ ਆ, ਹੁਣ ਆਏ ਤਾਂ ਕਹਿ ਦਈਂ, ਪਈ ਸਰਕਾਰ ਸਾਥੋਂ ਪਹਿਲਾਂ ਈ ਬੋਤਲ ਪਿੱਛੇ ਪੰਜਾਹ ਪੈਸੇ ਲੈ ਲੈਂਦੀ ਹੈ, ਪੂਰੇ ਪੰਝੀ ਕਰੋੜ ਦੇਣੇ ਆਂ ਅਸੀਂ ਸਾਲ ਵਿਚ। ਅਸੀਂ ਪੈਸੇ ਜਮ੍ਹਾਂ ਕਰਵਾ'ਤੇ ਆ। ਡੀ.ਸੀ. ਤੋਂ ਮੰਗੋ ਜਾ ਕੇ! ਪਰਮੇਸ਼ਰੀਏ ਹੱਦ ਈ ਹੋਈ ਪਈ ਐ, ਸਰਕਾਰ ਹਰ ਕੰਮ ਸਾਡੇ ਸਿਰੋਂ ਕਰਨ 'ਤੇ ਤੁਲੀ ਪਈ ਆ।"

"ਕਿੰਨੀਆਂ ਗੱਲਾਂ ਬਣਾਈ ਜਾਨੈਂ, ਪੈ ਜਾਏ ਤੈਨੂੰ ਦਗਾੜਾ। ਮਰ ਜਾਏਂ ਕਿਤੇ ਖੂਹ-ਖ਼ਾਤੇ ਵਿਚ ਡਿੱਗ ਕੇ।"

"ਹੱਦ ਕਰ'ਤੀ ਪਰਮੇਸ਼ਰੀਏ ਤੂੰ ਵੀ! ਜੇ ਅਸੀਂ ਮਰ ਗਏ ਤਾਂ ਫਿਰ ਜਿਉਂਦਾ ਕੌਣ ਰਹੂ। ਸਰਕਾਰ ਦੇ ਤਾਂ ਅਸਤ ਤਰ ਜਾਣੇ ਐ! ਇਹ ਮੁੱਖ ਮੰਤਰੀ ਸਾਹਿਬ ਜਿਹੜੇ ਜਹਾਜ਼ਾਂ 'ਚ ਉਡ ਕੇ ਪਿੰਡਾਂ ਵਿਚ ਗੇੜੇ ਮਾਰਦੇ ਆ, ਇਨ੍ਹਾਂ ਨੂੰ ਸਾਡੇ ਪਰ ਲੱਗੇ ਹੋਏ ਆ, ਇਹ ਸਾਨੂੰ ਸਿਆਨਣ ਜਾਂ ਨਾ ਸਿਆਨਣ!"

"ਜਾਨੀ ਆਂ ਮੈਂ ਵੀ, ਫੱਤੋ ਵਾਲੇ ਦੇ ਡੇਰੇ 'ਤੇ, ਵਢਾਉਨੀ ਆਂ ਤੇਰਾ ਫ਼ਾਹਾ। ਕਹਿੰਦੇ ਨੇ ਇਕ ਪੁੜੀ ਦੇਂਦੈ ਸ਼ਰਾਬ 'ਚ ਪਾ ਕੇ ਪੀਣੇ ਨੂੰ ਸਾਧ। ਬੰਦਾ ਮੁੜ ਕੇ ਮੂੰਹ ਨ੍ਹੀਂ ਲਾਉਂਦਾ।"

"ਅਖੇ ਮੂੰਹ ਨ੍ਹੀਂ ਲਾਉਂਦਾ। ਜਾ ਆਈਂ ਤੂੰ ਵੀ ਗੋਰਖ ਦੇ ਟਿੱਲੇ 'ਤੇ। ਕਰ ਆਵੀਂ ਚਿੱਤ ਰਾਜ਼ੀ। ਹਾਅ ਤਾਂ ਤੈਨੂੰ ਦੱਸਣਾ ਈ ਭੁੱਲ ਗਿਆ!"

"ਕੀ?"

"ਇਹ ਡੇਰੇ ਤੇ ਸਾਧ ਵੀ ਪਾਲਟੀਆਂ (ਪਾਰਟੀਆਂ) ਨੂੰ ਨੋਟਾਂ ਦੇ ਥੱਬੇ ਵੋਟਾਂ ਵਿਚ ਪਤਾ ਕਿਉਂ ਦਿੰਦੇ ਆ, ਆਂਹਦੇ ਆ ਹੋਰ ਪੀਣ ਲਾਓ।"

"ਓ! ਰੱਬ ਦਾ ਘਰ ਤਾਂ ਛੱਡ ਦੇਹ ਰੱਬ ਦਿਆ ਬੰਦਿਆ!"

"ਦੇਖ ਹਰ ਘਰ ਵਿਚ ਦੋ-ਚਾਰ ਮਰਦ ਸ਼ਰਾਬ ਪੀਂਦੇ ਆ। ਕਿਸੇ ਦੀ ਮਾਂ ਦੁਹਾਈਆਂ ਪਾਉਣ ਲੱਗੀ ਹੋਈ ਐ, ਕਿਸੇ ਦੀ ਘਰਵਾਲੀ। ਉਹ ਫਿਰ ਇਨ੍ਹਾਂ ਦੀ ਸ਼ਰਾਬ ਛੁਡਾਉਣ ਲਈ ਡੇਰਿਆਂ ਵੱਲ ਭੱਜੀਆਂ ਆਉਂਦੀਆਂ ਨੇ, ਮੁੱਠੀ ਚਾਪੀ ਕਰਨ ਦੇ ਨਾਲ ਨਾਲ ਪੰਜ-ਸੱਤ ਸੌ ਦਾ ਟੂਣਾ-ਟਾਮਣ ਤੇ ਚੜ੍ਹਾਵਾ ਵੀ ਚੜ੍ਹਾਉਂਦੀਆਂ ਹੋਣਗੀਆਂ ਤੇ ਫਿਰ ਅਕਲ ਦੀਏ ਅੰਨ੍ਹੀਏ, ਸਮਝਦੀ ਕਿਉਂ ਨ੍ਹੀਂ... ਇਹ ਡੇਰੇ ਵੀ ਸਾਡੇ ਸਿਰਾਂ 'ਤੇ ਚੱਲਦੇ ਆ।"

"ਓ ਮੇਰਿਆ ਮਾਲਕਾ! ਹੁਣ ਖੁੱਲ੍ਹੀਆਂ ਡਮਾਕ ਦੀਆਂ ਗੱਠਾਂ! ਸਭ ਕੁਰਸੀਆਂ ਬਚਾਉਣ ਦਾ ਰੌਲਾ ਐ, ਨਸ਼ਿਆਂ ਦਾ ਛੇਵਾਂ ਦਰਿਆ ਨੱਕੋ-ਨੱਕ ਭਰਿਆ ਪਿਐ ਤਾਹੀਓਂ! ਇਨ੍ਹਾਂ ਵਰਜਣਾ ਤਾਂ ਕੀ, ਇਹ ਤਾਂ ਕਹੀ ਜਾਂਦੇ ਆ, ਹੋਰ ਪੀ, ਹੋਰ ਪੀ। ਗੁਰੂਆਂ-ਪੀਰਾਂ ਦੀ ਧਰਤੀ 'ਤੇ ਕਾਫ਼ਰਾਂ ਦਾ ਪਹਿਰੈ!!"

...ਤੇ ਦੁਹੱਥੜਾ ਮਾਰਦੀ ਪ੍ਰਮੇਸ਼ਰੀ ਅੰਦਰ ਜਾ ਵੜੀ। ਤੇ ਲੱਭੂ ਰਾਮ "ਫ਼ਿਕਰ ਨਾ ਕਰ ਸਰਕਾਰੇ, ਕਰ ਦਿਆਂਗੇ ਵਾਰੇ-ਨਿਆਰੇ" ਪਾਈਆ ਇਕੋ ਸਾਹੇ ਸੜ੍ਹਾਕ ਕੇ ਨਾਅਰੇ ਮਾਰਨ ਲੱਗ ਪਿਆ।

**ਅੰਤਿਕਾ:**

ਸਾਰਾ ਜ਼ਮਾਨਾ ਸਰ ਪਰ ਉਠਾ ਰੱਖਾ ਹੈ
ਇਸ ਅੰਗੂਰ ਕੀ ਬੇਟੀ ਨੇ।
ਸ਼ੁਕਰ ਹੈ ਖ਼ੁਦਾ ਕਾ,
ਇਸ ਕੇ ਬੇਟਾ ਨਾ ਥਾ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਮੇਲੇ ਪਿੱਛੋਂ ਲਫ਼ਾਫ਼ੇ*

ਲੈਲਾ ਜਿਹੇ ਨੈਣ ਤੇ ਨਕਸ਼ ਕਦੇ ਵੇਖੇ ਨਹੀਂ, ਦੇਖਿਆ ਕਦੇ ਕੋਈ ਯੂਸਫ਼ ਦੇ ਤੁੱਲ ਨਾ।
ਬਾਗ਼ਾਂ ਤੇ ਪਹਾੜਾਂ 'ਚ ਲੱਖਾਂ ਫੁੱਲ ਖਿੜਦੇ ਨੇ, ਲੱਭੇ ਨਾ ਥਿਆਇਆ ਕੋਈ ਗੁਲਾਬ ਜਿਹਾ ਫੁੱਲ ਨਾ।
ਕ੍ਰਿਸ਼ਨ ਤੇ ਸੁਦਾਮਾ ਜੈਸੀ ਦੋਸਤੀ ਨਾ ਬਣੀ ਕਦੇ, ਰਾਜੇ ਰਣਜੀਤ ਜਿਹੀ ਵੇਖੀ ਕਿਤੇ ਕੁੱਲ ਨਾ।
ਸੁਰਾਂ ਨੂੰ ਆਵਾਜ਼ ਨਾ ਥਿਆਉਣੀ ਸੀ ਸੁਰੀਲੀ ਕਦੇ, ਮੂੰਹ ਉਤੇ ਬੰਦੇ ਦੇ ਜੇ ਲੱਗੇ ਹੁੰਦੇ ਬੁੱਲ੍ਹ ਨਾ।
ਕਿੱਥੇ ਜਾਣਾ ਮਾਰਿਆ ਸੀ ਮਿਰਜ਼ਾ ਦਲੇਰ ਜੱਟ, ਸਾਹਿਬਾਂ ਨੇ ਜੇ ਕੀਤਾ ਹੁੰਦਾ ਹੱਥੀਂ ਬੇੜਾ ਗੁੱਲ ਨਾ।
ਬਾਰਾਂ ਸਾਲ ਰਾਂਝਣੇ ਨੇ ਕਿੱਥੇ ਵੱਗ ਚਾਰਨੇ ਸੀ, ਹੀਰ ਦੇ ਹੁਸਨ ਉਤੇ ਜਾਂਦਾ ਜੇ ਉਹ ਡੁੱਲ੍ਹ ਨਾ।
ਬੀਤੇ 'ਤੇ ਫ਼ਾਇਦਾ ਪਛਤਾਉਣ ਦਾ ਕੀ ਦੱਸ 'ਭੌਰੇ' ਮੇਲੇ ਪਿੱਛੋਂ ਹੁੰਦਾ ਕੋਈ ਲਫ਼ਾਫ਼ਿਆਂ ਦਾ ਮੁੱਲ ਨਾ।

## ਕਰਮਜੀਤ ਧੂਰੀ: ਝੰਮ ਲੰਮੀ ਧੌਣ, ਮੁੱਖ ਗੋਲ ਕਸ਼ਮੀਰਨਾਂ ਦਾ



ਜ਼ਿੰਦਗੀ 'ਚ ਅੱਗੇ ਵਧਣ ਦਾ ਸੰਕਲਪ ਬਣਾ ਕੇ ਰੱਖਣਾ ਚਾਹੀਦਾ ਹੈ। ਪਛੜਿਆ ਮਨੁੱਖ ਆਪਣੇ ਆਪ ਨੂੰ ਹੀ ਇਹ ਆਵਾਜ਼ਾਂ ਮਾਰ ਕੇ ਪੁੱਛਦਾ ਰਹਿੰਦਾ ਹੈ: ਹੋਰ ਕੀ ਹਾਲ-ਚਾਲ ਹੈ? ਕਈਆਂ ਦੀ ਉਮਰ ਘੱਟ ਹੁੰਦੀ ਹੈ ਪਰ ਸਰੀਰ ਅੱਗੇ ਚਲੇ ਗਿਆ ਹੁੰਦੈ। ਕਈ ਜਦੋਂ ਉਮਰ ਦੱਸ ਰਹੇ ਹੁੰਦੇ ਹਨ ਤਾਂ ਲੱਗਦੈ ਕਿ ਸਰੀਰ ਇਸ ਦੀ ਗਵਾਹੀ ਨਹੀਂ ਭਰਦਾ। ਗਾਇਕਾਂ 'ਚ ਗੁਰਦਾਸ ਮਾਨ ਸੱਠਵਿਆਂ ਨੂੰ ਲੰਘ ਕੇ ਉਮਰ ਦੇ ਪ੍ਰਭਾਵ ਤੋਂ ਮੁਕਤ ਲੱਗ ਰਿਹਾ ਹੈ ਤੇ ਕਰਮਜੀਤ ਧੂਰੀ 70ਵਿਆਂ ਤੋਂ ਟੱਪ ਕੇ ਵੀ ਬੁਢਾਪੇ ਦੇ ਪ੍ਰਛਾਵਿਆਂ ਨੂੰ ਧੱਕੇ ਮਾਰ ਰਿਹਾ ਹੈ। ਗੋਰਾ ਨਿਛੋਹ ਰੰਗ, ਮਹਿੰਦੀ ਰੰਗੀ ਦਾੜ੍ਹੀ, ਭਰਵਾਂ ਸਰੀਰ, ਜਵਾਨੀ ਵਾਲੀ ਮੜ੍ਹਕ ਤੇ ਪੂਰਾ ਜਜ਼ਬਾ ਕਰਮਜੀਤ ਕੋਲ ਹੀ ਹੈ।

**ਧੁੱਪੇ ਬੈਠੀਆਂ ਯਾਦਾਂ**

ਮੈਂ ਉਸ ਕਰਮਜੀਤ ਧੂਰੀ ਦੀ ਗੱਲ ਕਰ ਰਿਹਾ ਹਾਂ ਜਿਸ ਨੇ ਗੀਤ ਤਾਂ ਸੈਂਕੜੇ ਗਾਏ ਪਰ ਸਿੱਕੇ ਦੇ ਦੋ ਪਾਸਿਆਂ ਵਾਂਗ ਦੋ ਗੀਤ; 'ਮਿੱਤਰਾਂ ਦੀ ਲੂਣ ਦੀ ਡਲੀ, ਨੀ ਤੂੰ ਮਿਸ਼ਰੀ ਬਰੋਬਰ ਜਾਣੀ' ਤੇ ਧਾਰਮਿਕ ਗੀਤ 'ਹੁੰਦੀਆਂ ਸ਼ਹੀਦ ਜੋੜੀਆਂ, ਦਾਦੀ ਵੇਖਦੀ ਬੁਰਜ 'ਤੇ ਚੜ੍ਹ ਕੇ' ਨਾਲ ਉਹ ਹਾਲੇ ਤੀਕਰ ਪੰਜਾਬੀ ਲੋਕਾਂ ਦੇ ਚੇਤੇ ਵਿਚੋਂ ਇਕ ਪਲ ਵੀ ਨਹੀਂ ਖਿਸਕਿਆ। 'ਮਿੱਤਰਾਂ ਦੀ ਲੂਣ ਦੀ ਡਲੀ' ਗੀਤ ਕੁੱਤਾ ਮਾਅਰਕਾ ਕੰਪਨੀ ਐਚ.ਐਮ.ਵੀ. ਨੂੰ ਆਪਣੇ ਵੇਲੇ ਸਭ ਤੋਂ ਵੱਧ ਬਿਜ਼ਨਸ ਦੇਣ ਵਾਲਾ ਗੀਤ ਸੀ ਪਰ ਇਸ ਦੀ ਰਿਕਾਰਡਿੰਗ ਪਿਛਲਾ ਰਹੱਸ ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇ। ਕੰਪਨੀ ਦਾ ਮੈਨੇਜਰ ਜ਼ਹੀਰ ਅਹਿਮਦ ਆਮ ਗਾਇਕਾਂ ਨੂੰ ਨੇੜੇ ਨਹੀਂ ਲੱਗਣ ਦਿੰਦਾ ਸੀ। ਧੂਰੀ ਉਹਦੇ ਦਿੱਲੀ ਸਥਿਤ ਦਰਿਆਗੰਜ ਨੇੜਲੇ ਭਰਤ ਰਾਮ ਰੋਡ ਵਾਲੇ ਦਫ਼ਤਰ ਗਿਆ ਤਾਂ ਉਹਨੇ ਡਬ ਵਿਚੋਂ ਰਿਵਾਲਵਰ ਕੱਢ ਕੇ ਮੇਜ਼ 'ਤੇ ਰੱਖਦਿਆਂ ਕਿਹਾ, "ਜਾਂ ਜੱਟ ਨੂੰ ਰਿਕਾਰਡਿੰਗ ਲਈ ਤਰੀਕ ਦੇ ਦੇਹ ਜਾਂ ਫਿਰ...!" ਜ਼ਹੀਰ ਸੁੰਗੜ ਕੇ 'ਕੱਠਾ ਹੋ ਗਿਆ। ਆਂਹਦਾ ਤਾਰੀਖ਼ ਨਹੀਂ, ਸੁਰਿੰਦਰ ਕੌਰ ਨੂੰ ਫਿਰ, ਅੱਜ ਤੈਨੂੰ ਰਿਕਾਰਡ ਕਰਾਂਗੇ।...ਤੇ ਰਾਤਾਂ ਬੰਦੇ ਦੀ ਜ਼ਿੰਦਗੀ ਵਿਚ ਬੜੀਆਂ ਆਉਂਦੀਆਂ ਨੇ ਪਰ ਜੇ ਭੁੱਲਦੀ ਨਹੀਂ ਤਾਂ ਮੁਕਲਾਵੇ ਵਾਲੀ ਰਾਤ ਨਹੀਂ ਭੁੱਲਦੀ ਕਿਉਂਕਿ ਇਸ ਨੇ ਦੁਬਾਰਾ ਨਹੀਂ ਆਉਣਾ ਹੁੰਦਾ। ਪਰ ਉਕਤ ਦੋਹਾਂ ਗੀਤਾਂ ਨਾਲ ਪੰਜਾਬੀਆਂ ਦੇ ਦਿਲਾਂ 'ਤੇ ਸੱਚੀ-ਮੁੱਚੀਂ ਰਾਜ ਕਰਨ ਵਾਲਾ ਕਰਮਜੀਤ ਧੂਰੀ ਜਦੋਂ ਵੀ ਦੋਆਬੇ ਕਿਸੇ ਪ੍ਰੋਗਰਾਮ 'ਤੇ ਆਉਂਦਾ ਤਾਂ ਉਚੇਚਾ ਮੇਰੇ ਕੋਲ ਪਿੰਡ ਭੌਰੇ ਆ ਜਾਂਦਾ। ਮਾਣਕ ਵਾਂਗ ਉਹ ਪੈਗ ਪੀਣ ਦਾ ਸ਼ੌਕ ਪੂਰਾ ਕਰਦਾ। ਨਵੇਂ ਗਾਇਕਾਂ ਬਾਰੇ ਵਿਸ ਘੋਲਦਾ: ਇਨ੍ਹਾਂ ਛੋਕਰਿਆਂ ਨੇ ਕੱਖ ਨ੍ਹੀਂ ਛੱਡਣਾ, ਨਾ ਸਾਡਾ ਨਾ ਸਾਡੀ ਗਾਇਕੀ ਦਾ! ਇਹ ਫੋਟੋ ਜਿਸ ਵਿਚ ਗਾਇਕ ਸੁਖਵਿੰਦਰ ਪੰਛੀ ਦੇ ਗਾਏ ਗੀਤ 'ਦਿੱਲੀ ਦੇ ਹਵਾਈ ਅੱਡੇ 'ਤੇ, ਯਾਰ ਯਾਰਾਂ ਤੋਂ ਵਿਛੜਦੇ ਰਹਿੰਦੇ' ਦਾ ਰਚੈਤਾ ਗੁਰਨੇਕ ਰਾਠੀ ਜੁਲਾਹ ਮਾਜਰਾ ਵੀ ਨਜ਼ਰੀਂ ਪੈ ਰਿਹਾ ਹੈ, ਬਹੁਤੀ ਪੁਰਾਣੀ ਨਹੀਂ। ਬੱਸ ਅੱਖ ਝਪਕਦਿਆਂ ਸਮਾਂ ਲੰਘਣ ਦੀ ਹੈ ਪਰ ਉਦੋਂ ਉਹ ਸੱਤਰਾਂ ਨੂੰ ਟੱਪ ਗਿਆ ਸੀ ਪਰ ਉਹ ਲੱਗਦਾ ਚਾਲੀਆਂ ਦਾ ਹੀ ਹੈ। ਗਾਇਕ ਮਿੰਟੂ ਧੂਰੀ ਉਹਦਾ ਬੇਟਾ ਹੈ ਜਿਸ ਦਾ ਪੂਰਾ ਨਾਂ ਹਾਜ਼ਰੀ ਰਜਿਸਟਰ ਦੇ ਇਕ ਖ਼ਾਨੇ ਵਿਚ ਨਹੀਂ ਆਉਂਦਾ। ਹਰਪ੍ਰਭ ਸਿਮਰਨਜੀਤ ਸਿੰਘ ਮਿੰਟੂ। ਉਹ ਹਾਲੇ ਵੀ ਕਹਿੰਦੈ, "ਸਰੀਰ ਨੂੰ ਖ਼ੁਰਾਕ ਦਿਉ, ਹਫ਼ੇਗਾ ਨਹੀਂ ਕਿਉਂਕਿ ਜਿਨ੍ਹਾਂ ਦੀਵਿਆਂ 'ਚ ਤੇਲ ਹੁੰਦੈ, ਉਹ ਹਨੇਰੀਆਂ ਤੋਂ ਨ੍ਹੀਂ ਡਰਦੇ।

*-ਐਸ. ਅਸ਼ੋਕ ਭੌਰਾ*

# ਪੰਜਾਬ ਸੰਕਟ: ਬੁੱਢਾ ਅਤੇ ਸਮੁੰਦਰ

**ਅਹਿਮ ਮਸਲੇ**

***ਪਿਛਲੇ ਸਾਲਾਂ ਦੌਰਾਨ ਸਮੇਂ ਸਮੇਂ 'ਤੇ ਸਾਨੂੰ ਪੰਜਾਬ ਦੀ ਖਾੜਕੂ ਲਹਿਰ ਦੇ ਸਮੇਂ ਦੌਰਾਨ ਸੱਜੇ-ਖੱਬੇ ਕਮਿਊਨਿਸਟਾਂ ਅਤੇ ਮੁੱਖ ਨਕਸਲੀ ਧਿਰਾਂ ਵੱਲੋਂ ਨਿਭਾਈ ਭੂਮਿਕਾ ਦੇ ਕਾਰਨਾਂ ਬਾਰੇ ਕੁਝ ਛਾਪਣ ਲਈ ਪੱਤਰ ਆਉਂਦੇ ਰਹੇ ਹਨ। ਕੁਝ ਪੱਤਰ ਲੇਖਕ ਤਾਂ ਪੰਜਾਬ ਦੇ ਚੋਟੀ ਦੇ ਕਮਿਊਨਿਸਟ ਨੇਤਾਵਾਂ-ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਅਤੇ ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਕੇਂਦਰ ਸਰਕਾਰ ਦੇ ਗੁਰਜਧਾਰੀ ਟਾਊਟ ਕਹਿਣ ਤੱਕ ਵੀ ਚਲੇ ਜਾਂਦੇ ਰਹੇ ਹਨ। ਪਾਠਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਪੱਤਰਕਾਰ-ਲੇਖਕ ਸ਼ਮੀਲ ਦੀ ਕਾਮਰੇਡ ਸੁਰਜੀਤ ਨੂੰ ਸਿਆਸਤ ਦਾ ਰੁਸਤਮੇ-ਹਿੰਦ ਕਹਿੰਦਿਆਂ ਲਿਖੀ ਉਨ੍ਹਾਂ ਦੀ ਜੀਵਨੀ ਵਿਚੋਂ "ਪੰਜਾਬ ਸੰਕਟ-ਬੁੱਢਾ ਤੇ ਸਮੁੰਦਰ" ਸਿਰਲੇਖ ਹੇਠਲਾ ਭਾਗ ਪ੍ਰਕਾਸ਼ਤ ਕਰ ਰਹੇ ਹਾਂ। ਸਾਡਾ ਇਸ ਲੇਖ ਵਿਚਲੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ਅਤੇ ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਢੁਕਵੀਂ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਸ਼ਮੀਲ**

ਇਤਿਹਾਸਕ ਘੱਲੂਘਾਰੇ ਕੌਮਾਂ ਦੇ ਵਜੂਦ ਵਿਚ ਐਸੇ ਨਾਸੂਰ ਬਣ ਜਾਂਦੇ ਹਨ ਜਿਨ੍ਹਾਂ ਦਾ ਮੱਠਾ-ਮੱਠਾ ਦਰਦ ਕਦੇ ਵੀ ਖ਼ਤਮ ਨਹੀਂ ਹੁੰਦਾ। ਪੰਜਾਬ ਵਿਚ ਜੋ ਕੁਝ ਅੱਸੀਵੇਂ ਦੇ ਦਹਾਕੇ 'ਚ ਹੋਇਆ, ਉਹ ਫੋੜੇ ਦੇ ਰੂਪ ਵਿਚ ਪੰਜਾਬੀ ਚੇਤਨਾ ਦਾ ਸਦੀਵੀ ਅੰਗ ਹੈ। ਹਰਕਿਸ਼ਨ ਸਿੰਘ ਸੁਰਜੀਤ ਦੀ ਜ਼ਿੰਦਗੀ ਨਾਲ ਇਸ ਦਹਾਕੇ ਦਾ ਖਾਸ ਰਿਸ਼ਤਾ ਹੈ। 'ਪੰਜਾਬ ਸੰਕਟ' ਦੇ ਨਾਂ ਨਾਲ ਜਾਣੇ ਜਾਂਦੇ ਇਸ ਦੌਰ ਵਿਚ ਸੁਰਜੀਤ ਦੀ ਗੈਰ ਮਾਮੂਲੀ ਸਰਗਰਮੀ ਵਾਲੀ ਭੂਮਿਕਾ ਨੇ ਬਹੁਤ ਸਾਰੇ ਨਵੇਂ ਪ੍ਰਸ਼ੰਸਕ ਤੇ ਦੁਸ਼ਮਣ ਪੈਦਾ ਕੀਤੇ। ਉਨ੍ਹਾਂ ਬਾਰੇ ਕੋਈ ਵੀ ਚਰਚਾ ਇਸ ਭੂਮਿਕਾ ਨੂੰ ਦ੍ਰਿਸ਼ਟੀਗੋਚਰ ਕੀਤੇ ਬਗੈਰ ਮੁਕੰਮਲ ਨਹੀਂ ਹੋ ਸਕਦੀ। ਪੰਜਾਬੀ ਪਾਠਕਾਂ ਲਈ ਇਹ ਗੱਲ ਖਾਸ ਮਹੱਤਵ ਵਾਲੀ ਹੈ। ਪੰਜਾਬੀ ਸਮਾਜ ਖਾਸ ਕਰਕੇ ਸਿੱਖ ਸਮਾਜ ਵਿਚ ਉਨ੍ਹਾਂ ਦੀ ਇਸ ਭੂਮਿਕਾ ਬਾਰੇ ਕਈ ਭੁਲੇਖੇ ਵੀ ਪਾਏ ਜਾਂਦੇ ਹਨ। ਅਜਿਹਾ ਸਮਾਂ ਵੀ ਰਿਹਾ ਹੈ ਜਦੋਂ ਉਨ੍ਹਾਂ ਨੂੰ ਬਾਦਲ-ਟੌਹੜੇ ਦੀ ਤਰ੍ਹਾਂ ਸਿੱਖ ਭਾਈਚਾਰੇ ਵਿਚ ਬੁਰੀ ਤਰ੍ਹਾਂ ਨਾਪਸੰਦ ਕੀਤਾ ਜਾਂਦਾ ਸੀ। ਮੁੱਢਲੇ ਸਾਲਾਂ ਦੌਰਾਨ ਪੰਜਾਬ ਦੀਆਂ ਜਮਹੂਰੀ ਮੰਗਾਂ ਦਾ ਕੇਸ ਪੇਸ਼ ਕਰਨ ਵਿਚ ਤੇ ਫਿਰ ਫਿਰਕੂ ਹਿੰਸਾ ਦੇ ਖਿਲਾਫ ਉਨ੍ਹਾਂ ਧੜੱਲੇਦਾਰ ਭੂਮਿਕਾ ਨਿਭਾਈ। ਉਸ ਵੇਲੇ ਬਹੁਗਿਣਤੀ ਸਿੱਖਾਂ ਦੇ ਇੱਕ ਖਾਸ ਤਰ੍ਹਾਂ ਦੇ ਵਹਿਣ ਵਿਚ ਵਹਿ ਜਾਣ ਕਾਰਨ ਉਨ੍ਹਾਂ ਦੇ ਮਨ ਵਿਚ ਸੁਰਜੀਤ ਦਾ ਅਕਸ ਉਸੇ ਤਰ੍ਹਾਂ ਦਾ ਬਣਿਆ ਹੋਇਆ ਸੀ, ਜਿਵੇਂ ਭਾਜਪਾ ਦਾ ਵਿਰੋਧ ਕਰਨ ਕਾਰਨ ਸ਼ਹਿਰੀ ਮਧਵਰਗੀ ਜਮਾਤਾਂ ਵਿਚ ਬਣਿਆ ਹੋਇਆ ਹੈ।

ਪੰਜਾਬ ਮਸਲੇ ਬਾਰੇ ਸੁਰਜੀਤ ਦੀ ਸਮਝ ਤੇ ਉਨ੍ਹਾਂ ਦੇ ਨਿਰੰਤਰ ਸਟੈਂਡ ਦਾ ਪੂਰਾ ਵੇਰਵਾ ਦਰਜ ਕੀਤੇ ਬਗੈਰ ਪੰਜਾਬੀ ਸਮਾਜ ਨਾਲ ਉਨ੍ਹਾਂ ਦੇ ਰਿਸ਼ਤੇ ਦੀ ਪੂਰੀ ਤਸਵੀਰ ਪ੍ਰਤੱਖ ਨਹੀਂ ਹੋ ਸਕਦੀ। ਪੰਜਾਬ ਦੀ ਕਮਿਊਨਿਸਟ ਰਾਜਨੀਤੀ ਵਿਚ ਸੁਰਜੀਤ ਨੂੰ ਬਹੁਤ ਮੁੱਢਲੇ ਦਿਨਾਂ ਤੋਂ ਹੀ ਅਕਾਲੀ ਪੱਖੀ ਜਾਂ ਅਕਾਲੀ ਸੋਚ ਵਾਲੇ ਕਮਿਊਨਿਸਟ ਸਮਝਿਆ ਜਾਂਦਾ ਹੈ। ਉਨ੍ਹਾਂ ਦਾ ਜੱਟ ਸਿੱਖ ਪਿਛੋਕੜ ਵੀ ਇਸ ਪਿੱਛੇ ਅਹਿਮ ਤੱਤ ਹੋਵੇਗਾ। ਕਮਿਊਨਿਸਟ ਪਾਰਟੀ ਦੇ ਅੰਦਰ ਹੀ ਵੱਡਾ ਵਰਗ

> ***ਅਤਿਵਾਦ ਬਾਰੇ ਸਮਝ ਰੱਖਣ ਵਾਲੇ ਲੋਕਾਂ ਦਾ ਖਿਆਲ ਹੈ ਕਿ ਅਤਿਵਾਦ ਦੇ ਪੈਦਾ ਹੋਣ ਦੇ ਕਾਰਨ ਭਾਵੇਂ ਰਾਜਨੀਤਕ ਹੀ ਹੁੰਦੇ ਹਨ ਪਰ ਜਦੋਂ ਇਹ ਇਕ ਵਾਰ ਪੈਦਾ ਹੋ ਜਾਂਦਾ ਹੈ ਤਾਂ ਇਹ ਹਿੰਸਕ ਕਲਚਰ ਵਿਚ ਪਲਟ ਜਾਂਦਾ ਹੈ, ਜਿਸਦੇ ਸਰੋਕਾਰ ਸਿਰਫ ਰਾਜਨੀਤਕ ਨਹੀਂ ਰਹਿੰਦੇ। ਪੰਜਾਬ ਦੇ ਅਤਿਵਾਦ ਨੂੰ ਜਿਨ੍ਹਾਂ ਨੇ ਖੁਭ ਕੇ ਦੇਖਿਆ ਹੈ, ਉਨ੍ਹਾਂ ਦੀ ਇਸ ਬਾਰੇ ਸਮਝ ਸਿਰਫ਼ ਹਵਾਈ ਬੌਧਿਕ ਕਸਰਤ ਕਰਨ ਵਾਲੇ ਲੋਕਾਂ ਤੋਂ ਕਾਫੀ ਭਿੰਨ ਹੈ।***

ਇਸ ਅਕਾਲੀ ਝੁਕਾਅ ਕਾਰਨ ਉਨ੍ਹਾਂ ਦਾ ਆਲੋਚਕ ਰਿਹਾ ਹੈ। ਦੂਜੇ ਪਾਸੇ ਪੰਥਕ ਹਲਕੇ ਉਨ੍ਹਾਂ ਨੂੰ ਪੰਜਾਬ ਵਿਰੋਧੀ ਕਹਿ ਕੇ ਭੰਡਦੇ ਰਹੇ ਹਨ। ਪੰਥਕ ਅਕਾਲੀ ਰਾਜਨੀਤੀ ਵਿਚ ਪੰਜਾਬ ਪੱਖੀ ਜਾਂ ਪੰਜਾਬ ਵਿਰੋਧੀ ਹੋਣ ਦਾ ਪੈਮਾਨਾ ਕੁਝ ਮੰਗਾਂ ਹਨ ਜਿਨ੍ਹਾਂ ਨੂੰ ਪੰਜਾਬ ਦੀਆਂ 'ਹੱਕੀ ਮੰਗਾਂ' ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਪਾਣੀਆਂ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਮੁੱਦਾ ਤੇ ਚੰਡੀਗੜ੍ਹ ਦਾ ਪ੍ਰਸ਼ਨ ਸ਼ਾਮਲ ਹੈ। ਪੰਜਾਬ ਦੇ ਮਸਲੇ ਬਾਰੇ ਸੁਰਜੀਤ ਦੀ ਸਮਝਦਾਰੀ ਕੀ ਰਹੀ ਤੇ ਉਹ ਆਪਣੇ ਆਪ ਨੂੰ ਇਸ ਨਾਲ ਕਿਵੇਂ ਰਿਲੇਟ ਕਰਦੇ ਹਨ, ਉਸ ਨੂੰ 4 ਅਕਤੂਬਰ 1981 ਦੇ ਪੀਪਲਜ਼ ਡੈਮੋਕਰੇਸੀ ਵਿਚ ਛਪੇ ਉਨ੍ਹਾਂ ਦੇ ਲੇਖ ਦੀਆਂ ਇਨ੍ਹਾਂ ਸਤਰਾਂ ਚੋਂ ਮਹਿਸੂਸਿਆ ਜਾ ਸਕਦਾ ਹੈ:

"ਇੱਕ ਧਾਰਮਿਕ ਫਿਰਕੇ ਦੇ ਤੌਰ 'ਤੇ ਸਿੱਖਾਂ ਦੇ ਕੁਝ ਸੱਚੇ ਤੇ ਸੁਹਿਰਦ ਸ਼ਿਕਵੇ ਹਨ। ਅਜਿਹੇ ਵਿਤਕਰੇ ਅਤੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਕੇਂਦਰ ਸਰਕਾਰ ਦੀ ਦਖਲਅੰਦਾਜ਼ੀ ਵਿਰੁਧ ਉਨ੍ਹਾਂ ਦੀ ਲੜਾਈ ਵਿਚ ਸਾਰੀਆਂ ਜਮਹੂਰੀ ਸ਼ਕਤੀਆਂ ਉਨ੍ਹਾਂ ਦੇ ਨਾਲ ਹਨ ਪਰ ਜਦੋਂ ਭਾਈਚਾਰੇ ਦੇ ਆਗੂ ਇਨ੍ਹਾਂ ਸੁਹਿਰਦ ਸ਼ਿਕਵਿਆਂ ਨੂੰ ਤੇ ਪੰਜਾਬ ਦੇ ਹਿੰਦੂ ਤੇ ਸਿੱਖਾਂ ਦੀਆਂ ਸਾਂਝੀਆਂ ਮੰਗਾਂ ਨੂੰ ਰਲਗੱਡ ਕਰ ਦਿੰਦੇ ਹਨ ਅਤੇ ਇਨ੍ਹਾਂ ਨੂੰ ਫਿਰਕੂ ਰੰਗ ਦੇ ਦਿੰਦੇ ਹਨ ਤਾਂ ਜਮਹੂਰੀ ਤੇ ਅਗਾਂਹਵਧੂ ਸ਼ਕਤੀਆਂ ਤੋਂ ਅਲੱਗ-ਥਲੱਗ ਹੋ ਜਾਂਦੇ ਹਨ। ਉਹ ਰਾਜ ਵਿਚ ਫਿਰਕੂ ਦੁਫੇੜਾਂ ਨੂੰ ਵੀ ਗਹਿਰੀਆਂ ਕਰਦੇ ਹਨ ਤੇ ਉਨ੍ਹਾਂ ਇੰਤਹਾਪਸੰਦਾਂ ਦੇ ਹੱਥਾਂ ਵਿਚ ਖੇਡਦੇ ਹਨ ਜਿਹੜੇ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਕਰ ਰਹੇ ਹਨ।"

ਇਨ੍ਹਾਂ ਸਤਰਾਂ ਵਿਚੋਂ ਸੁਰਜੀਤ ਦੀ ਪੰਜਾਬ ਮਸਲੇ ਬਾਰੇ ਸਮਝ ਉਜਾਗਰ ਹੋ ਜਾਂਦੀ ਹੈ। ਜਿੱਥੋਂ ਤੱਕ ਪਾਣੀਆਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਚੰਡੀਗੜ੍ਹ ਦੇ ਮਸਲੇ ਦਾ ਸਬੰਧ ਹੈ, ਇਸ ਬਾਰੇ ਸੁਰਜੀਤ ਦੀ ਸਮਝ ਬਹੁਤ ਮੁੱਢਲੇ ਦਿਨਾਂ ਤੋਂ ਸਪਸ਼ਟ ਰਹੀ ਹੈ। ਇਹ ਵੀ ਤੱਥ ਹੈ ਕਿ 'ਧਰਮ ਯੁੱਧ' ਮੋਰਚੇ ਤੋਂ ਪਹਿਲਾਂ ਅਕਾਲੀਆਂ ਦੁਆਰਾ ਨਹਿਰ ਦੇ ਮੋਰਚੇ ਵਿਚ ਕਮਿਊਨਿਸਟ ਵੀ ਸ਼ਾਮਲ ਸਨ। 1973 ਵਿਚ ਸ੍ਰੀ ਅਨੰਦਪੁਰ ਸਾਹਬ ਦੇ ਮਤੇ ਦਾ ਪਹਿਲਾ ਖਰੜਾ ਸਿਰਦਾਰ ਕਪੂਰ ਸਿੰਘ ਨੇ ਤਿਆਰ ਕੀਤਾ ਸੀ ਪਰ ਇਸ ਮਤੇ ਦੀਆਂ ਕੁਝ ਕੁ ਫਿਰਕੂ ਰੰਗ ਵਾਲੀਆਂ ਮਦਾਂ ਅਤੇ ਭਾਰਤ ਦੀ ਵਿਦੇਸ਼ ਨੀਤੀ ਬਾਰੇ ਕੀਤੀਆਂ ਕੁਝ ਟਿਪਣੀਆਂ ਕਾਰਨ ਸੁਰਜੀਤ ਇਸ ਦੇ ਸਖਤ ਆਲੋਚਕ ਸਨ। ਇਹ ਉਹ ਦਿਨ ਸਨ ਜਦੋਂ ਅਕਾਲੀ ਆਗੂਆਂ ਨਾਲ ਉਨ੍ਹਾਂ ਦੇ ਕਾਫੀ ਨਿੱਘੇ ਸਬੰਧ ਸਨ। ਉਹ ਲਗਾਤਾਰ ਉਨ੍ਹਾਂ 'ਤੇ ਇਹ ਦਬਾਅ ਪਾਉਂਦੇ ਰਹੇ ਕਿ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਸੈਕੂਲਰ ਰੰਗ ਵਿਚ ਤੇ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਦੇ ਰੂਪ ਵਿਚ ਪੇਸ਼ ਕੀਤਾ ਜਾਵੇ। ਇਸ ਗੱਲ ਨਾਲ ਨਾ ਸਿਰਫ ਸਮੂਹ ਪੰਜਾਬੀ ਧਿਰਾਂ ਦੀ ਹਮਾਇਤ ਉਨ੍ਹਾਂ ਨੂੰ ਪ੍ਰਾਪਤ ਹੋਵੇਗੀ ਬਲਕਿ ਕੇਂਦਰ ਸਰਕਾਰ ਵੀ ਇਨ੍ਹਾਂ ਮੰਗਾਂ ਨੂੰ ਅਣਡਿੱਠ ਨਹੀਂ ਕਰ ਸਕੇਗੀ। ਸੈਕੂਲਰ ਮੁਹਾਵਰੇ ਵਿਚ ਪੇਸ਼ ਕਰਨ ਨਾਲ ਮੁਲਕ ਦੀਆਂ ਦੂਸਰੀਆਂ ਧਿਰਾਂ ਵੀ ਇਨ੍ਹਾਂ ਦੀ ਹਮਾਇਤ ਕਰ ਸਕਣਗੀਆਂ। ਇਨ੍ਹਾਂ ਮੰਗਾਂ ਨੂੰ ਫਿਰਕੂ ਰੰਗ ਦੇ ਕੇ ਅਕਾਲੀ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਨ। 1975 ਵਿਚ ਰਾਜੀਵ ਗਾਂਧੀ ਨੇ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਇਨ੍ਹਾਂ ਮਦਾਂ ਨੂੰ ਹੀ ਪੂਰੇ ਮੁਲਕ ਵਿਚ ਛੱਜ ਵਿਚ ਪਾ ਕੇ ਛੱਟਿਆ ਸੀ। ਦੱਸਿਆ ਜਾਂਦਾ ਹੈ ਕਿ ਸੁਰਜੀਤ ਦੀ ਪ੍ਰੇਰਨਾ ਨਾਲ ਹੀ ਅਕਾਲੀਆਂ ਨੇ 1978 ਵਿਚ ਆਪਣੀ ਲੁਧਿਆਣਾ ਕਾਨਫਰੰਸ ਮੌਕੇ ਅਨੰਦਪੁਰ ਸਾਹਿਬ ਦੇ ਨਵੇਂ ਮਤੇ ਨੂੰ ਪ੍ਰਵਾਨ ਕੀਤਾ ਸੀ। ਇਸ ਵਿਚੋਂ ਉਹ ਸਭ ਇਤਰਾਜ਼ਯੋਗ ਮਦਾਂ ਹਟਾ ਦਿੱਤੀਆਂ ਸਨ ਤੇ ਮੁਲਕ ਵਿਚ ਸੂਬਾਈ ਖੁਦਮੁਖਤਾਰੀ ਤੇ ਅਧਿਕਾਰਾਂ ਦੀ ਵੰਡ ਦੇ ਦਸਤਾਵੇਜ਼ ਵਜੋਂ ਇਸ ਮਤੇ ਨੂੰ ਪੇਸ਼ ਕੀਤਾ ਗਿਆ ਸੀ ਪਰ ਅਕਾਲੀ ਆਪਣੇ ਹੀ ਡਾਵਾਂਡੋਲ ਵਤੀਰੇ ਤੇ ਰਾਜਨੀਤਕ ਭੰਬਲਭੂਸੇ ਕਾਰਨ ਇਸ ਗੱਲ ਨੂੰ ਸਥਾਪਤ ਨਹੀਂ ਕਰ ਸਕੇ ਤੇ 1973 ਵਾਲੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਕੁਝ ਮਦਾਂ ਹਾਲੇ ਤੱਕ ਵੀ ਭੁਲੇਖਾ ਪੈਦਾ ਕਰ ਰਹੀਆਂ ਹਨ। ਇਹ ਹੀ ਕਾਰਨ ਹੈ ਕਿ ਜਦੋਂ ਰਾਜੀਵ ਗਾਂਧੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਪੂਰੇ ਦੇਸ਼ ਵਿਚ ਭੰਡਿਆ ਜਾ ਰਿਹਾ ਸੀ ਤਾਂ ਕੋਈ ਵੀ ਅਕਾਲੀਆਂ ਦੀ ਹਮਾਇਤ 'ਤੇ ਨਾ ਆ ਸਕਿਆ। ਇੱਥੋਂ ਤੱਕ ਕੇ ਸੁਰਜੀਤ ਲਈ ਵੀ ਇਸ ਦੀ ਹਮਾਇਤ ਕਰਨਾ ਸੰਭਵ ਨਹੀਂ ਸੀ ਰਿਹਾ।

ਬਹੁਤ ਮੁੱਢਲੇ ਦਿਨਾਂ ਤੋਂ ਸੁਰਜੀਤ ਦੀ ਨਿਰੰਤਰ ਇਹ ਸਮਝ ਰਹੀ ਹੈ ਕਿ ਪੰਜਾਬ ਦੇ ਆਰਥਿਕ ਵਿਕਾਸ ਤੇ ਸਭਿਆਚਾਰਕ ਉਸਾਰੀ ਲਈ ਪੰਜਾਬੀਆਂ ਦੀਆਂ ਕੁਝ ਜਾਇਜ਼ ਤੇ ਹੱਕੀ ਮੰਗਾਂ ਹਨ ਤੇ ਘੱਟਗਿਣਤੀ ਦੇ ਰੂਪ ਵਿਚ ਸਿੱਖਾਂ ਦੇ ਵੀ ਕੁਝ ਸ਼ਿਕਵੇ ਤੇ ਸ਼ਿਕਾਇਤਾਂ ਹਨ। ਉਨ੍ਹਾਂ ਦੀ ਧਾਰਨਾ ਰਹੀ ਹੈ ਕਿ ਅਕਾਲੀ ਆਗੂ ਸਿੱਖਾਂ ਦੀਆਂ ਧਾਰਮਿਕ ਮੰਗਾਂ ਜਾਂ ਸ਼ਿਕਾਇਤਾਂ ਜਿਨ੍ਹਾਂ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਆਦਿ ਸ਼ਾਮਲ ਹੈ, ਨੂੰ ਉਠਾਉਣ ਪਰ ਪੰਜਾਬ ਦੀਆਂ ਦੂਸਰੀਆਂ ਆਰਥਿਕ, ਰਾਜਨੀਤਕ ਜਾਂ ਸਭਿਆਚਾਰਕ ਮੰਗਾਂ ਨੂੰ ਸਿਰਫ਼ ਸਿੱਖਾਂ ਦੀਆਂ ਮੰਗਾਂ ਦੇ ਰੂਪ ਵਿਚ ਪੇਸ਼ ਨਾ ਕਰਨ। ਉਹ ਸਾਰੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਹਨ ਤੇ ਉਨ੍ਹਾਂ ਨੂੰ ਸਮੂਹ ਪੰਜਾਬੀਆਂ ਦੀਆਂ ਮੰਗਾਂ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਉਹ ਮਾਸਟਰ ਤਾਰਾ ਸਿੰਘ ਦੇ ਇਸ ਕਾਰਨ ਸਖਤ ਆਲੋਚਕ ਰਹੇ ਕਿ ਉਹ ਪੰਜਾਬੀ ਸੂਬੇ ਦੀ ਸਭਿਆਚਾਰਕ ਤੇ ਸੈਕੂਲਰ ਮੰਗ ਨੂੰ ਫਿਰਕੂ ਮੁਹਾਵਰੇ ਵਿਚ ਪੇਸ਼ ਕਰਦੇ ਸਨ। ਇਸ ਮਾਮਲੇ ਵਿਚ ਸੰਤ ਫਤਿਹ ਸਿੰਘ ਦੇ ਜ਼ਰਾ ਕੁ ਸੈਕੂਲਰ ਮੁਹਾਵਰੇ ਕਾਰਨ ਹੀ ਉਹ ਉਨ੍ਹਾਂ ਦੇ ਪ੍ਰਸ਼ੰਸਕ ਰਹੇ। ਪੰਜਾਬੀ ਸੂਬਾ ਅੰਦੋਲਨ ਦੌਰਾਨ ਜਦੋਂ ਮਾਸਟਰ ਤਾਰਾ ਸਿੰਘ ਮਰਨ ਵਰਤ 'ਤੇ ਬੈਠੇ ਸਨ ਤਾਂ ਉਸ ਵੇਲੇ ਬਣ ਰਹੀ ਗੰਭੀਰ ਸਥਿਤੀ ਦੇ ਮੱਦੇ ਨਜ਼ਰ ਉਹ 22 ਅਗਸਤ 1961 ਨੂੰ ਸੰਤ ਫਤਹਿ ਸਿੰਘ ਦੇ ਨਾਂ ਲਿਖੀ ਚਿੱਠੀ ਵਿਚ ਲਿਖਦੇ ਹਨ: "ਅੱਜ ਮਾਸਟਰ ਜੀ ਦੇ ਮਰਨ ਵਰਤ ਨੂੰ ਸੱਤ ਦਿਨ ਹੋ ਚੁੱਕੇ ਹਨ। ਡਾਕਟਰਾਂ ਦੀ ਰਿਪੋਰਟ ਕੁਝ ਚਿੰਤਾ ਪੈਦਾ ਕਰਦੀ ਹੈ। ਅੱਜ ਹਰ ਦੇਸ਼ਭਗਤ ਪੰਜਾਬੀ ਚਿੰਤਾਤੁਰ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਮੌਜੂਦਾ ਹਕੂਮਤ ਨੇ ਸੂਬੇ ਦੀ ਹਦਬੰਦੀ ਤੋਂ ਇਨਕਾਰ ਕਰਕੇ ਮਸਲੇ ਨੂੰ ਵਧੇਰੇ ਉਲਝਾ ਦਿੱਤਾ ਹੈ। ਸਾਡੀ ਪਾਰਟੀ ਮੁੱਢ ਤੋਂ ਹੀ ਜ਼ੁਬਾਨ ਦੇ ਅਧਾਰ 'ਤੇ ਸੂਬਿਆਂ ਦੀ ਹਦਬੰਦੀ ਦੀ ਹਾਮੀ ਰਹੀ ਹੈ। ਅਕਾਲੀ ਦਲ ਨੇ ਸਫਾਂ ਵਿਚ ਖਲੋ ਕੇ ਬੇਅੰਤ ਕੁਰਬਾਨੀਆਂ ਕੀਤੀਆਂ ਹਨ ਪਰ ਇਸ ਸਭ ਦੀ ਹਮਾਇਤ ਕਰਦੇ ਹੋਏ ਵੀ ਅਸੀਂ ਇਸ ਮਸਲੇ ਉਤੇ ਅਕਾਲੀ ਦਲ ਦੀ ਪਾਲਸੀ ਦੀ ਬੜੀ ਨੁਕਤਾਚੀਨੀ ਕਰਦੇ ਰਹੇ ਹਾਂ ਕਿਉਂਕਿ ਅਸੀਂ ਸਮਝਦੇ ਹਾਂ ਕਿ ਇਹ ਇਕੱਲੇ ਸਿੱਖਾਂ ਦਾ ਸਵਾਲ ਨਹੀਂ, ਸਾਰੇ ਪੰਜਾਬੀਆਂ ਦਾ ਸਵਾਲ ਹੈ ਤੇ ਇਸਦੇ ਹੱਲ ਵਿਚ ਸਾਰੇ ਪੰਜਾਬੀਆਂ ਦਾ ਹੀ ਭਲਾ ਹੈ। ਹਿੰਦੂ ਸਿੱਖ ਏਕੇ ਨੂੰ ਆਪਣੀ ਜ਼ਿੰਦਗੀ ਤੋਂ ਪਿਆਰਾ ਸਮਝਣਾ ਚਾਹੀਦਾ ਹੈ। ਸਾਡਾ ਯਕੀਨ ਹੈ ਕਿ ਤੁਸੀਂ ਇਸ ਉਤੇ ਚੰਗੀ ਤਰ੍ਹਾਂ ਪਹਿਰਾ ਦਿਓਗੇ।"

ਜੇ ਪੰਜਾਬ ਮਸਲੇ ਦੇ ਸਮੇਂ 1981 ਤੋਂ 1991 ਤਕ ਉਨ੍ਹਾਂ ਦੁਆਰਾ ਲਿਖੇ ਲੇਖਾਂ ਤੇ ਵੱਖ-ਵੱਖ ਪ੍ਰਧਾਨ ਮੰਤਰੀਆਂ ਤੇ ਅਕਾਲੀ ਆਗੂਆਂ ਨੂੰ ਲਿਖੇ ਖਤਾਂ ਦਾ ਗਹੁ ਨਾਲ ਅਧਿਐਨ ਕੀਤਾ ਜਾਵੇ ਤਾਂ ਸੁਰਜੀਤ ਦੀ ਚਿੰਤਾ ਤੇ ਬੇਚੈਨੀ ਲਗਾਤਾਰ ਪ੍ਰਗਟ ਹੁੰਦੀ ਦੇਖੀ ਜਾ ਸਕਦੀ ਹੈ। ਇਨ੍ਹਾਂ ਦਸਤਾਵੇਜ਼ਾਂ ਵਿਚੋਂ ਗੁਜ਼ਰਦਿਆਂ ਉਨ੍ਹਾਂ ਦੀ ਜੋ ਤਸਵੀਰ ਉਭਰਦੀ ਹੈ, ਉਹ ਹੈਮਿੰਗਵੇ ਦੇ ਉਸ ਬੁੱਢੇ ਵਰਗੀ ਹੈ ਜਿਹੜਾ ਖੂੰਖਾਰ ਸਮੁੰਦਰੀ ਮਗਰਮੱਛਾਂ ਨਾਲ ਜਿਸਮ ਤੋੜ ਦੇਣ ਵਾਲੀ ਅਣਥੱਕ ਲੜਾਈ ਲੜਦਾ ਹੈ। 'ਪੰਜਾਬੀ ਟ੍ਰਿਬਿਊਨ' ਦੇ ਤਤਕਾਲੀ ਸੰਪਾਦਕ ਗੁਰਬਚਨ ਸਿੰਘ ਭੁੱਲਰ ਨੇ ਇੱਕ ਵੱਖਰੇ ਪ੍ਰਸੰਗ ਵਿਚ ਲਿਖੇ ਆਪਣੇ ਐਤਵਾਰੀ ਸੰਪਾਦਕੀ ਵਿਚ ਸੁਰਜੀਤ ਦੀ ਤੁਲਨਾ ਹੈਮਿੰਗਵੇ ਦੇ ਨਾਵਲ 'ਬੁੱਢਾ ਤੇ ਸਮੁੰਦਰ' ਦੇ ਇਸ ਯਾਦਗਾਰੀ ਪਾਤਰ ਨਾਲ ਕੀਤੀ। ਇਹ ਬੁੱਢਾ ਮਨੁੱਖੀ ਜਦੋਜਹਿਦ ਦੀ ਅਲੌਕਿਕ ਕਹਾਣੀ ਹੈ।

ਇਕ ਪਾਸੇ ਉਹ ਅਕਾਲੀਆਂ ਨੂੰ ਅਪੀਲਾਂ ਕਰਦੇ ਨਜ਼ਰ ਆਉਂਦੇ ਹਨ ਕਿ ਉਹ ਪੰਜਾਬ ਦੀਆਂ ਹੱਕੀ ਮੰਗਾਂ ਨੂੰ ਫਿਰਕੂ ਰੰਗ ਨਾ ਦੇਣ ਤੇ ਇਸ ਤਰ੍ਹਾਂ ਵੱਖਵਾਦੀ ਤੇ ਫਿਰਕੂ ਸ਼ਕਤੀਆਂ ਨੂੰ ਮਜ਼ਬੂਤ ਨਾ ਹੋਣ ਦੇਣ ਤੇ ਦੂਜੇ ਪਾਸੇ ਉਹ ਵਕਤੀ ਪ੍ਰਧਾਨ ਮੰਤਰੀਆਂ ਨੂੰ ਵਾਰ ਵਾਰ ਇਹ ਅਪੀਲਾਂ ਕਰਦੇ ਹਨ ਕਿ ਪੰਜਾਬ ਦੀਆਂ ਵਾਜਬ ਜਮਹੂਰੀ ਮੰਗਾਂ ਮੰਨ ਕੇ ਅਕਾਲੀਆਂ ਦੇ ਉਦਾਰ ਹਿੱਸੇ ਦੇ ਹੱਥ ਮਜ਼ਬੂਤ ਕੀਤੇ ਜਾਣ ਤੇ ਹਿੰਸਕ ਫਿਰਕੂ ਤੱਤਾਂ ਦੇ ਹੱਥ ਵਿਚ ਸਾਰੀ ਖੇਡ ਨੂੰ ਜਾਣ ਦੇਣ ਤੋਂ ਰੋਕਿਆ ਜਾਵੇ। 4 ਅਗਸਤ 1982 ਨੂੰ ਉਨ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਂ ਚਿੱਠੀ ਲਿਖੀ, "ਜਿਸ ਕਿਸੇ ਨੂੰ ਵੀ ਪੰਜਾਬ ਦੇ ਭਵਿੱਖ ਦੀ ਚਿੰਤਾ ਹੈ, ਉਹ ਅੱਜ ਬੇਚੈਨ ਹੈ। ਜਦੋਂ ਤੁਸੀਂ ਧਰਮ ਯੁੱਧ ਮੋਰਚੇ ਦਾ ਐਲਾਨ ਕੀਤਾ ਸੀ, ਤੁਸੀਂ 45 ਮੰਗਾਂ ਪੇਸ਼ ਕੀਤੀਆਂ। ਤੁਸੀਂ ਇਨ੍ਹਾਂ ਸਾਰੀਆਂ ਮੰਗਾਂ ਨੂੰ ਹੀ ਇਸ ਅੰਦਾਜ਼ ਵਿਚ ਪੇਸ਼ ਕੀਤਾ ਹੈ ਜਿਵੇਂ ਇਨ੍ਹਾਂ ਦਾ ਸਬੰਧ ਸਿਰਫ ਸਿੱਖਾਂ ਨਾਲ ਹੋਵੇ। ਕੁਝ ਮੰਗਾਂ ਦਾ ਸਬੰਧ ਸਿਰਫ ਸਿੱਖਾਂ ਨਾਲ ਹੈ ਜਿਵੇਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਕਾਂਗਰਸ ਸਰਕਾਰ ਦੀ ਦਖਲਅੰਦਾਜ਼ੀ, ਜਿਵੇਂ ਦਿੱਲੀ ਗੁਰਦੁਆਰਾ ਚੋਣਾਂ ਵਿਚ ਹੋਇਆ, ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਤੋਂ ਇਨਕਾਰ, ਪਾਕਿਸਤਾਨ ਨੂੰ ਯਾਤਰੂ ਭੇਜਣ ਦਾ ਮਾਮਲਾ ਆਦਿ। ਅਸੀਂ ਹਮੇਸ਼ਾਂ ਇਨ੍ਹਾਂ ਮੰਗਾਂ ਦੀ ਹਮਾਇਤ ਕੀਤੀ ਤੇ ਜਿੰਨਾ ਹੋ ਸਕਿਆ, ਉਨੇ ਜ਼ੋਰ ਨਾਲ ਸਰਕਾਰ ਦੀ ਮੁਖ਼ਾਲਫਤ ਕੀਤੀ ਪਰ ਤੁਸੀਂ ਦੱਸੋ ਕਿ ਰਾਵੀ ਬਿਆਸ ਦੇ ਪਾਣੀਆਂ ਦਾ ਵਿਵਾਦ ਸਿੱਖਾਂ ਨਾਲ ਵਿਤਕਰੇ ਦਾ ਪ੍ਰਸ਼ਨ ਕਿਵੇਂ ਹੈ? ਕੀ ਅਬੋਹਰ ਤੇ ਫਾਜ਼ਿਲਕਾ ਦੇ ਹਿੰਦੂ ਕਿਸਾਨਾਂ ਦੇ ਹਿਤ ਇਸ ਨਾਲ ਨਹੀਂ ਜੁੜੇ ਹੋਏ? ਕੀ ਹਿੰਦੂ ਖੇਤੀ ਕਾਮਿਆਂ ਜਾਂ ਵਪਾਰੀਆਂ ਦੀ ਇਸ ਵਿਚ ਕੋਈ ਦਿਲਚਸਪੀ ਨਹੀਂ? ਕੀ ਤੁਸੀਂ ਹਰਿਆਣਾ ਤੇ ਰਾਜਸਥਾਨ ਦੇ ਸਿੱਖਾਂ ਨੂੰ ਵੀ ਇਸ ਸਵਾਲ ਤੇ ਆਪਣੇ ਪਿੱਛੇ ਲਾ ਸਕਦੇ ਹੋ? ਤੁਸੀਂ ਇਸ ਨੂੰ ਸਿੱਖਾਂ ਨਾਲ ਵਿਤਕਰੇ ਦਾ ਸਵਾਲ ਕਿਵੇਂ ਬਣਾ ਸਕਦੇ ਹੋ, ਜਦੋਂ ਵੱਖ-ਵੱਖ ਰਾਜਾਂ ਦੇ ਸਿੱਖ ਹੀ ਇਸ 'ਤੇ ਵੰਡੇ ਹੋਏ ਹਨ? ਤੁਸੀਂ ਅਜਿਹੇ ਮੁੱਦਿਆਂ ਨੂੰ ਸਿੱਖਾਂ ਨਾਲ ਵਿਤਕਰੇ ਦਾ ਸਵਾਲ ਬਣਾ ਕੇ ਪੰਜਾਬ ਦੇ ਸਾਂਝੇ ਕਾਜ਼ ਨੂੰ ਨੁਕਸਾਨ ਪਹੁੰਚਾ ਰਹੇ ਹੋ। ਇਸ ਨਾਲ ਮੁਲਕ ਦੀਆਂ ਜਮਹੂਰੀ ਸ਼ਕਤੀਆਂ ਦੀ ਹਮਦਰਦੀ ਤੇ ਹਮਾਇਤ ਗਵਾ ਲੈਂਦੇ ਹੋ ਜਿਨ੍ਹਾਂ ਦੇ ਸਹਿਯੋਗ ਬਗੈਰ ਇਹ ਮੰਗਾਂ ਪੂਰੀਆਂ ਨਹੀਂ ਹੋ ਸਕਦੀਆਂ।"



ਹਰਕਿਸ਼ਨ ਸਿੰਘ ਸੁਰਜੀਤ

ਕਾਮਰੇਡ ਸੁਰਜੀਤ ਲਗਾਤਾਰ ਇਸ ਕੋਸ਼ਿਸ਼ ਵਿਚ ਰਹੇ ਕਿ ਅਕਾਲੀ ਪੰਜਾਬ ਦੀਆਂ ਇਨ੍ਹਾਂ ਮੰਗਾਂ ਨੂੰ ਅਜਿਹੇ ਮੁਹਾਵਰੇ ਵਿਚ ਪੇਸ਼ ਕਰਨ ਜਿਸ ਨਾਲ ਸਾਰੇ ਮੁਲਕ ਦੀਆਂ ਖੇਤਰੀ ਧਿਰਾਂ ਤੇ ਜਮਹੂਰੀ ਸ਼ਕਤੀਆਂ ਉਨ੍ਹਾਂ ਦੀ ਮਦਦ ਕਰ ਸਕਣ ਪਰ ਅਕਾਲੀ ਵਾਰ-ਵਾਰ ਫਿਰਕੂ ਮੁਹਾਵਰੇ ਵਿਚ ਫਸਦੇ ਰਹੇ ਤੇ ਗੱਲ ਉਨ੍ਹਾਂ ਦੇ ਹੱਥੋਂ ਨਿਕਲਦੀ ਰਹੀ। ਉਹ ਪੰਜਾਬ ਵਿਚ ਖਰਾਬ ਹੋ ਰਹੀ ਹਾਲਤ ਨੂੰ ਲੈ ਕੇ ਨਿਰੰਤਰ ਛਟਪਟਾਹਟ ਵਿਚ ਨਜ਼ਰ ਆਉਂਦੇ ਹਨ। ਉਹ ਕੇਂਦਰ ਸਰਕਾਰ ਤੇ ਚਿੱਠੀਆਂ, ਬਿਆਨਾਂ, ਮੁਲਾਕਾਤਾਂ ਤੇ ਰਾਜ ਸਭਾ ਵਿਚ ਆਪਣੀਆਂ ਤਕਰੀਰਾਂ ਦੁਆਰਾ ਦਬਾਅ ਪਾ ਰਹੇ ਸਨ ਕਿ ਅਕਾਲੀਆਂ ਨਾਲ ਪੰਜਾਬ ਦੀਆਂ ਜਮਹੂਰੀ ਮੰਗਾਂ ਬਾਰੇ ਗੱਲ ਕੀਤੀ ਜਾਵੇ ਤੇ ਇਨ੍ਹਾਂ ਦਾ ਨਿਬੇੜਾ ਕਰਕੇ ਪੰਜਾਬ ਵਿਚ ਗਰਮ ਦਲੀ ਫਿਰਕੂ ਰਾਜਨੀਤੀ ਕਰਨ ਵਾਲਿਆਂ ਨੂੰ ਸਿਰ ਚੁੱਕਣ ਤੋਂ ਰੋਕਿਆ ਜਾਵੇ। ਪੰਜਾਬ ਵਿਚ ਰਾਸ਼ਟਰਪਤੀ ਰਾਜ ਦਾ ਐਲਾਨ ਹੋਣ ਬਾਅਦ ਰਾਜ ਸਭਾ ਵਿਚ ਬੋਲਦਿਆਂ ਉਨ੍ਹਾਂ ਕੇਂਦਰ ਦੀ ਕਾਂਗਰਸ ਸਰਕਾਰ ਦੀ ਇਸ ਗੱਲੋਂ ਸਖ਼ਤ ਨੁਕਤਾਚੀਨੀ ਕੀਤੀ ਕਿ ਉਹ ਪੰਜਾਬ ਮਸਲੇ ਦੇ ਨਿਬੇੜੇ ਲਈ ਸਿਰਫ਼ ਪ੍ਰਸ਼ਾਸਕੀ ਕਦਮਾਂ 'ਤੇ ਨਿਰਭਰ ਕਰ ਰਹੀ ਹੈ। ਉਹ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਪੰਜਾਬ ਦਾ ਮਸਲਾ ਰਾਜਨੀਤਕ ਹੈ ਤੇ ਇਸ ਦਾ ਨਿਬੇੜਾ ਵੀ ਰਾਜਨੀਤਕ ਸਤਰ 'ਤੇ ਹੀ ਹੋਣਾ ਚਾਹੀਦਾ ਹੈ। ਉਹ ਨਿਰੰਤਰ ਇਹ ਗੱਲ ਉਭਾਰਦੇ ਰਹੇ ਕਿ ਕਾਂਗਰਸ ਸਰਕਾਰ ਆਪਣੀਆਂ ਰਾਜਨੀਤਕ ਗਿਣਤੀਆਂ ਮਿਣਤੀਆਂ 'ਚੋਂ ਅਕਾਲੀਆਂ ਨੂੰ ਰਾਜਨੀਤਕ ਤੌਰ 'ਤੇ ਕਮਜ਼ੋਰ ਕਰਨ ਦੇ ਰਾਹ ਪਈ ਹੋਈ ਹੈ ਕਿਉਂਕਿ ਉਸਦੀ ਧਾਰਨਾ ਹੈ ਕਿ ਜੇ ਅਕਾਲੀਆਂ ਨਾਲ ਗੱਲਬਾਤ ਕਰਕੇ ਪੰਜਾਬ ਮਸਲੇ ਦਾ ਕੋਈ ਜਮਹੂਰੀ ਹੱਲ ਲੱਭਿਆ ਜਾਂਦਾ ਹੈ ਤਾਂ ਇਸ ਨਾਲ ਅਕਾਲੀ ਪੰਜਾਬ ਦੇ ਹੱਕਾਂ ਦੇ ਚੈਂਪੀਅਨ ਬਣਦੇ ਹਨ ਤੇ ਰਾਜਸੀ ਤੌਰ 'ਤੇ ਤਕੜੇ ਹੋ ਕੇ ਨਿਕਲਦੇ ਹਨ। ਇਸ ਦਾ ਹਵਾਲਾ ਦਿੰਦਿਆਂ ਉਹ 28 ਅਕਤੂਬਰ 1983 ਵਾਲੇ ਦਿਨ 'ਹਿੰਦੁਸਤਾਨ ਟਾਈਮਜ਼' ਵਿਚ ਛਪੀ ਆਪਣੀ ਗੱਲਬਾਤ ਵਿਚ ਆਖਦੇ ਹਨ ਕਿ ਜਦੋਂ ਕੇਂਦਰ ਸਰਕਾਰ ਨੇ ਅਕਾਲੀਆਂ ਦੀਆਂ ਕੁਝ ਧਾਰਮਿਕ ਮੰਗਾਂ ਆਪਣੇ ਤੌਰ 'ਤੇ ਹੀ ਮੰਨਣ ਦਾ ਐਲਾਨ ਕੀਤਾ ਤੇ ਪੰਜਾਬ ਪੁਲਸ ਦੇ ਮੁਖੀ ਵਜੋਂ ਪੀ. ਐਸ. ਭਿੰਡਰ ਨੂੰ ਭੇਜਿਆ ਸੀ ਤਾਂ ਉਸਦਾ ਮਕਸਦ ਸੰਤ ਭਿੰਡਰਾਂਵਾਲੇ ਨਾਲ ਗੱਲਬਾਤ ਚਲਾਉਣਾ ਹੀ ਸੀ। ਉਨ੍ਹਾਂ ਲਿਖਿਆ ਕਿ ਸੰਤ ਭਿੰਡਰਾਂਵਾਲੇ ਨਾਲ ਗੱਲਬਾਤ ਨਿਬੇੜ ਕੇ ਸਰਕਾਰ ਅਕਾਲੀਆਂ ਨੂੰ ਖੂੰਡੇ ਲਾਈਨ ਲਾਉਣਾ ਚਾਹੁੰਦੀ

(ਬਾਕੀ ਅਗਲੇ ਸਫੇ 'ਤੇ)

ਸੀ। ਭਿੰਡਰ ਨੂੰ ਭੇਜਣ ਦਾ ਇਹ ਇੱਕ ਨੁਕਾਤੀ ਪ੍ਰੋਗਰਾਮ ਸੀ ਪਰ ਇਹ ਸਕੀਮ ਸਿਰੇ ਨਹੀਂ ਚੜ੍ਹੀ ਕਿਉਂਕਿ ਹੁਣ ਸੰਤ ਭਿੰਡਰਾਂਵਾਲਾ ਕਾਂਗਰਸ ਦੇ ਹੱਥੋਂ ਨਿਕਲ ਚੁੱਕਾ ਸੀ। ਪ੍ਰੈਸ ਖਾਸ ਕਰਕੇ ਵਿਦੇਸ਼ੀ ਪ੍ਰੈਸ ਨੇ ਉਸ ਨੂੰ ਜਿਵੇਂ ਚੁੱਕਿਆ ਸੀ, ਉਸਨੇ ਉਸਨੂੰ ਇਹ ਲੱਗਣ ਲਾ ਦਿੱਤਾ ਕਿ ਉਹ ਖੁਦ ਹੁਣ ਬਹੁਤ ਵੱਡਾ ਆਦਮੀ ਬਣ ਚੁੱਕਾ ਹੈ ਤੇ ਕਾਂਗਰਸ ਦੀ ਕੋਈ ਪ੍ਰਵਾਹ ਕਰਨ ਦੀ ਹੁਣ ਉਸ ਨੂੰ ਕੋਈ ਲੋੜ ਨਹੀਂ ਹੈ।

ਕਾਂਗਰਸ ਸਰਕਾਰਾਂ ਦੀ ਇਸ ਨੀਤੀ ਦਾ ਖੁਲਾਸਾ ਕਰਦਿਆਂ ਉਹ ਆਪਣੇ ਲੇਖਾਂ, ਸੰਸਦ ਵਿਚ ਕੀਤੀਆਂ ਤਕਰੀਰਾਂ ਤੇ ਆਪਣੇ ਬਿਆਨਾਂ ਵਿਚ ਵਾਰ-ਵਾਰ ਆਖਦੇ ਰਹੇ ਕਿ ਉਹ ਇਸ ਗੱਲ ਦੇ ਗਵਾਹ ਹਨ ਕਿ ਅਕਾਲੀ ਹਮੇਸ਼ਾਂ ਗੱਲਬਾਤ ਲਈ ਤਿਆਰ ਰਹੇ ਹਨ ਪਰ ਸਰਕਾਰ ਹੀ ਵਾਰ-ਵਾਰ ਗੱਲਬਾਤ ਨੂੰ ਵਿਚਾਲੇ ਤੋੜਦੀ ਰਹੀ ਤੇ ਜਾਂ ਆਪਣੇ ਵਾਅਦਿਆਂ ਤੋਂ ਭੱਜਦੀ ਰਹੀ। ਮਸਲੇ ਦਾ ਕੋਈ ਸਹੀ ਤੇ ਨਿਆਂਇਕ ਨਿਬੇੜਾ ਕਰਨ ਦੀ ਬਜਾਏ ਸਰਕਾਰ ਇਸ ਯੋਜਨਾ 'ਤੇ ਚਲਦੀ ਰਹੀ ਕਿ ਅਕਾਲੀਆਂ ਨੂੰ ਕਮਜ਼ੋਰ ਕਿਵੇਂ ਕਰਨਾ ਹੈ।

ਸੁਰਜੀਤ ਮੁਤਾਬਕ 2 ਨਵੰਬਰ 1982 ਨੂੰ ਵਿਦੇਸ਼ ਮੰਤਰੀ ਸਵਰਨ ਸਿੰਘ ਤੇ ਉਨ੍ਹਾਂ ਦੇ ਉਦਮਾਂ ਨਾਲ ਗੱਲਬਾਤ ਸਿਰੇ ਚੜ੍ਹ ਗਈ ਸੀ ਤੇ ਕਾਫੀ ਗੱਲਾਂ 'ਤੇ ਸਹਿਮਤੀ ਹੋ ਗਈ ਪਰ 3 ਨਵੰਬਰ ਨੂੰ ਗ੍ਰਹਿ ਮੰਤਰੀ ਨੇ ਸੰਸਦ ਵਿਚ ਜੋ ਬਿਆਨ ਦਿੱਤਾ, ਉਹ ਉਸ ਗੱਲਬਾਤ ਤੋਂ ਵੱਖਰਾ ਸੀ। ਸੋ ਅਕਾਲੀਆਂ ਨੇ 4 ਨਵੰਬਰ ਨੂੰ ਨਵਾਂ ਪ੍ਰੋਗਰਾਮ ਦੇਣ ਦਾ ਐਲਾਨ ਕਰ ਦਿੱਤਾ। ਅਕਾਲੀਆਂ ਨੂੰ ਫਿਰ ਮਨਾਇਆ ਗਿਆ ਤੇ ਉਹ 19 ਨਵੰਬਰ ਤੱਕ ਨਵੇਂ ਅੰਦੋਲਨ ਨੂੰ ਟਾਲਣਾ ਮੰਨ ਗਏ ਪਰ ਸਰਕਾਰ ਨੇ 17 ਨਵੰਬਰ ਤੱਕ ਫਿਰ ਕੁਝ ਨਾ ਕੀਤਾ। ਅਕਾਲੀਆਂ ਨਾਲ ਸੰਪਰਕ ਕੀਤਾ ਗਿਆ ਤੇ 18 ਨਵੰਬਰ ਦੀ ਸ਼ਾਮ ਤੱਕ ਫਿਰ ਇਕ ਸਮਝੌਤਾ ਸਿਰੇ ਚੜ੍ਹ ਗਿਆ। ਸਰਕਾਰੀ ਬੁਲਾਰਿਆਂ ਤੇ ਅਧਿਕਾਰੀਆਂ ਨੂੰ ਦਿੱਲੀ ਤੋਂ ਅੰਮ੍ਰਿਤਸਰ ਲਿਜਾਣ ਲਈ ਜਹਾਜ਼ ਖੜ੍ਹਾ ਸੀ ਤਾਂ ਜੋ ਉਥੋਂ ਸਮਝੌਤੇ ਦਾ ਐਲਾਨ ਕੀਤਾ ਜਾਵੇ ਪਰ ਐਨ ਮੌਕੇ 'ਤੇ ਜਾ ਕੇ ਸਰਕਾਰ ਫਿਰ ਮੁੱਕਰ ਗਈ। ਸਰਕਾਰ ਲਗਾਤਾਰ ਹੀ ਇਸ ਨੀਤੀ 'ਤੇ ਚਲਦੀ ਰਹੀ ਤੇ ਇਨ੍ਹਾਂ ਨੀਤੀਆਂ ਦਾ ਸਿੱਟਾ ਹੀ ਆਖਰ ਬਲੂ ਸਟਾਰ ਅਪਰੇਸ਼ਨ ਵਿਚ ਨਿਕਲਿਆ ਜਿਸ ਨੇ ਪੰਜਾਬ ਵਿਚ ਫਿਰਕੂ ਤੇ ਹਿੰਸਕ ਰਾਜਨੀਤੀ ਨੂੰ ਮਜ਼ਬੂਤ ਕੀਤਾ ਤੇ ਅਕਾਲੀਆਂ ਦੀ ਉਦਾਰ ਜਮਹੂਰੀ ਧਾਰਾ ਦਾ ਭੋਗ ਪਾ ਦਿੱਤਾ।

ਸੁਰਜੀਤ ਅਕਾਲੀਆਂ ਦੇ ਇਸ ਗੱਲੋਂ ਆਲੋਚਕ ਰਹੇ ਕਿ ਉਨ੍ਹਾਂ ਪੰਜਾਬ ਦੀਆਂ ਜਮਹੂਰੀ ਮੰਗਾਂ ਨੂੰ ਫਿਰਕੂ ਰੰਗ ਦਿੱਤਾ ਤੇ ਫਿਰ ਸੰਤ ਭਿੰਡਰਾਂਵਾਲੇ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਹਥਿਆਰ ਜਮ੍ਹਾਂ ਕਰਨ ਤੋਂ ਰੋਕਣ ਦਾ ਹੌਂਸਲਾ ਨਹੀਂ ਕਰ ਸਕੇ। ਉਨ੍ਹਾਂ ਲਗਾਤਾਰ ਹੀ ਗੈਰ ਜ਼ਿੰਮੇਵਾਰੀ ਤੇ ਕਾਇਰਤਾ ਦਾ ਸਬੂਤ ਦਿੱਤਾ। ਇਸ ਨਾਲ ਉਨ੍ਹਾਂ ਨਾ ਸਿਰਫ ਪੰਜਾਬ ਦਾ ਨੁਕਸਾਨ ਕੀਤਾ ਬਲਕਿ ਆਪਣੇ ਪੈਰੀਂ ਵੀ ਆਪ ਹੀ ਕੁਹਾੜਾ ਮਾਰਿਆ। ਉਹ ਸਮਾਂ ਵੀ ਆ ਗਿਆ, ਜਦੋਂ ਸਾਰੀ ਦੀ ਸਾਰੀ ਰਵਾਇਤੀ ਅਕਾਲੀ ਲੀਡਰਸ਼ਿਪ ਸਿੱਖ ਅਵਾਮ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਗਈ। ਉਨ੍ਹਾਂ ਦਾ ਕਹਿਣਾ ਸੀ ਕਿ ਅਕਾਲੀ ਆਪਣੀ ਰਾਜਨੀਤਕ ਨਾਲਾਇਕੀ ਤੇ ਗੈਰ ਜ਼ਿੰਮੇਵਾਰ ਵਤੀਰੇ ਕਾਰਨ ਆਪਣੇ ਹੀ ਵਿਛਾਏ ਜਾਲ ਵਿਚ ਫਸਦੇ ਰਹੇ। ਉਨ੍ਹਾਂ ਵਲੋਂ ਉਭਾਰੇ ਫਿਰਕੂ ਨਾਅਰਿਆਂ ਨੇ ਸੰਤ ਭਿੰਡਰਾਂਵਾਲੇ ਦੇ ਖੜ੍ਹਾ ਹੋਣ ਲਈ ਜ਼ਮੀਨ ਤਿਆਰ ਕੀਤੀ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਵਿਚ ਐਨੀ ਵੀ ਹਿੰਮਤ ਨਹੀਂ ਸੀ ਕਿ ਉਸ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਹਥਿਆਰ ਜਮ੍ਹਾਂ ਕਰਨ ਤੋਂ ਰੋਕ ਸਕਦੀ। ਕਾਮਰੇਡ ਸੁਰਜੀਤ ਅਨੁਸਾਰ ਅਕਾਲੀ ਅਖੀਰ ਉਸੇ ਸੰਤ ਭਿੰਡਰਾਂਵਾਲੇ ਦੇ ਪਿੱਛੇ ਲੱਗ ਤੁਰੇ ਜਿਸ ਨੂੰ ਕਾਂਗਰਸ ਨੇ ਖੜ੍ਹਾ ਕੀਤਾ ਸੀ ਤੇ ਜਿਸ ਨੇ ਆਪਣੀ ਭੜਕਾਊ ਰਾਜਨੀਤੀ ਨਾਲ ਪੰਜਾਬ ਵਿਚੋਂ ਅਕਾਲੀਆਂ ਦੇ ਪੈਰ ਉਖਾੜ ਦਿੱਤੇ। ਸੁਰਜੀਤ ਦਾ ਕਹਿਣਾ ਹੈ ਕਿ 1980 ਦੀਆਂ ਲੋਕ ਸਭਾ ਚੋਣਾਂ ਵੇਲੇ ਸੰਤ ਭਿੰਡਰਾਂਵਾਲੇ ਨੇ ਉਸ ਵੇਲੇ ਦੇ ਕਾਂਗਰਸ ਸੂਬਾ ਪ੍ਰਧਾਨ ਰਘੂਨੰਦਨ ਲਾਲ ਭਾਟੀਆ ਤੇ ਲੋਕ ਸਭਾ ਦੇ ਸਾਬਕਾ ਸਪੀਕਰ ਗੁਰਦਿਆਲ ਸਿੰਘ ਢਿੱਲੋਂ ਦੇ ਹਲਕਿਆਂ ਵਿਚ ਉਨ੍ਹਾਂ ਦੇ ਹੱਕ ਵਿਚ ਪ੍ਰਚਾਰ ਕੀਤਾ ਸੀ। 1981 ਵਿਚ ਉਹ 10 ਦਿਨ ਦਿੱਲੀ ਵਿਚ ਆਪਣੇ ਸੌ ਸਮਰਥਕਾਂ ਸਮੇਤ ਡੇਰਾ ਲਾ ਕੇ ਬੈਠਾ ਰਿਹਾ। ਇਥੇ ਉਹ ਕਾਂਗਰਸ ਸਮਰਥਕ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਹਿਮਾਨ ਸੀ ਤੇ ਉਸ ਦੇ ਸਮਰਥਕਾਂ ਕੋਲ ਗੈਰਕਾਨੂੰਨੀ ਹਥਿਆਰ ਸਨ। ਵਿਰੋਧੀ ਪਾਰਟੀਆਂ ਦੀ ਮੰਗ ਦੇ ਬਾਵਜੂਦ ਉਸ ਕੋਲੋਂ ਨਜਾਇਜ਼ ਹਥਿਆਰ ਵੀ ਨਾ ਲਏ ਗਏ।

ਇਸ ਤਰ੍ਹਾਂ ਅਕਾਲੀਆਂ ਨਾਲ ਇਸ ਸਾਰੇ ਦੌਰ ਵਿਚ ਉਨ੍ਹਾਂ ਦਾ ਵਿਸ਼ੇਸ਼ ਰਿਸ਼ਤਾ ਰਿਹਾ ਹੈ। ਉਹ ਵਾਰ-ਵਾਰ ਅਕਾਲੀਆਂ 'ਤੇ ਇਸ ਗੱਲ ਲਈ ਦਬਾਅ ਪਾਉਂਦੇ ਰਹੇ ਕਿ ਪੰਜਾਬ ਦੀਆਂ ਜਮਹੂਰੀ ਮੰਗਾਂ ਨੂੰ ਉਸ ਮੁਹਾਵਰੇ ਵਿਚ ਪੇਸ਼ ਕਰੋ, ਜਿਹੜਾ ਰਾਸ਼ਟਰੀ ਰਾਜਨੀਤੀ ਦੇ ਕਲਚਰ ਵਿਚ ਪ੍ਰਵਾਨ ਹੋ ਸਕੇ ਤੇ ਜਿਸ ਨਾਲ ਹੋਰ ਧਿਰਾਂ ਦੀ ਹਮਾਇਤ ਵੀ ਜੁਟਾਈ ਜਾ ਸਕੇ। ਉਹ ਰਾਸ਼ਟਰੀ ਰਾਜਨੀਤੀ ਦੀਆਂ ਮਜਬੂਰੀਆਂ ਤੇ ਕਾਂਗਰਸ ਦੀਆਂ ਚਾਲਾਂ ਨੂੰ ਵੀ ਕਿਉਂਕਿ ਪੰਜਾਬ ਵਿਚ ਬੈਠੇ ਅਕਾਲੀਆਂ ਨਾਲੋਂ ਵਧ ਜਾਣਦੇ ਸਨ, ਇਸ ਕਰਕੇ ਉਹ ਲਗਾਤਾਰ ਹੀ ਇਸ ਗੱਲ ਨੂੰ ਲੈ ਕੇ ਬੇਚੈਨ ਨਜ਼ਰ ਆਉਂਦੇ ਹਨ ਕਿ ਅਕਾਲੀ ਵਾਰ-ਵਾਰ ਸਮਝਾਉਣ ਦੇ ਬਾਵਜੂਦ ਉਸ ਰਸਤੇ ਚੜ੍ਹੀ ਜਾ ਰਹੇ ਹਨ, ਜਿਹੜਾ ਨਾ ਸਿਰਫ ਪੰਜਾਬ ਲਈ ਘਾਤਕ ਸਾਬਤ ਹੋਵੇਗਾ, ਬਲਕਿ ਅਕਾਲੀਆਂ ਲਈ ਵੀ ਆਤਮਘਾਤੀ ਹੋਣਾ ਹੈ।

ਪੰਜਾਬ ਬਾਰੇ ਉਨ੍ਹਾਂ ਦੇ ਪੈਂਤੜਿਆਂ, ਬਿਆਨਾਂ ਤੇ ਲੇਖਾਂ ਦਾ ਜੇ ਤਰਤੀਬ ਵਿਚ ਅਧਿਐਨ ਕੀਤਾ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਅਕਾਲੀਆਂ ਨਾਲ ਉਨ੍ਹਾਂ ਦੀ ਨਾਰਾਜ਼ਗੀ ਲਗਾਤਾਰ ਵਧਦੀ ਜਾਂਦੀ ਹੈ। ਇਸ ਨਾਰਾਜ਼ਗੀ ਨੂੰ ਇਸ ਪਹਿਲੂ ਤੋਂ ਸਮਝਿਆ ਜਾ ਸਕਦਾ ਹੈ ਕਿ ਰਾਜਧਾਨੀ ਵਿਚ ਉਹ ਹੀ ਸਨ, ਜਿਹੜੇ ਪੂਰੇ ਜ਼ੋਰ ਨਾਲ ਪੰਜਾਬ ਦਾ ਕੇਸ ਪੇਸ਼ ਕਰ ਰਹੇ ਸਨ ਪਰ ਅਕਾਲੀ ਆਪਣੇ ਡਾਵਾਂਡੋਲ ਪੈਂਤੜਿਆਂ ਤੇ ਫਿਰਕੂ ਨਾਅਰਿਆਂ ਨਾਲ ਉਨ੍ਹਾਂ ਦੇ ਕੇਸ ਨੂੰ ਕਮਜ਼ੋਰ ਕਰਦੇ ਜਾਂਦੇ ਸਨ। ਉਹ ਲਗਾਤਾਰ ਅਕਾਲੀਆਂ ਅੰਦਰੋਂ ਅਜਿਹੇ ਸੈਕਸ਼ਨ ਦੀ ਤਲਾਸ਼ ਵਿਚ ਨਜ਼ਰ ਆਉਂਦੇ ਸਨ ਜਿਹੜਾ ਪੰਜਾਬ ਦੀਆਂ ਮੰਗਾਂ ਨੂੰ ਜਮਹੂਰੀ, ਸੈਕੂਲਰ ਤੇ ਰਾਸ਼ਟਰਵਾਦੀ ਨੁਕਤਾਨਜ਼ਰ ਤੋਂ ਪੇਸ਼ ਕਰ ਸਕੇ। ਬਹੁਤ ਦੇਰ ਤੱਕ ਉਹ ਇਸ ਲਈ ਵਾਹ ਲਾਉਂਦੇ ਰਹੇ ਕਿ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਕੀਤਾ ਜਾਵੇ ਤਾਂ ਜੋ ਪੰਜਾਬ 'ਚ ਅਕਾਲੀਆਂ ਦੀ ਜਮਹੂਰੀ ਤੇ ਉਦਾਰ ਧਾਰਾ ਦਾ ਕੋਈ ਨਾ ਕੋਈ ਵੱਕਾਰ ਬਣਿਆ ਰਹੇ ਤੇ ਜਿਹੜੀ ਫਿਰਕੂ ਤੇ ਹਿੰਸਕ ਰਾਜਨੀਤੀ ਨੂੰ ਟੱਕਰ ਦੇ ਸਕੇ ਪਰ ਗੱਲ ਉਨ੍ਹਾਂ ਦੇ ਹੱਥ 'ਚੋਂ ਨਿਕਲਦੀ ਰਹੀ।

***ਅੱਜ ਦੁਨੀਆਂ ਵਿਚ ਜੇ ਪੰਜਾਬ ਦੀ ਪੰਜਾਬੀਆਂ ਕੋਈ ਥਾਂ ਬਣਾਉਣੀ ਹੈ ਤਾਂ ਆਰਥਿਕਤਾ, ਸਾਇੰਸ, ਟੈਕਨਾਲੋਜੀ, ਕਲਾ ਤੇ ਸਭਿਆਚਾਰ ਦੇ ਖੇਤਰ ਵਿਚ ਆਪਣੀਆਂ ਪ੍ਰਾਪਤੀਆਂ ਕਾਰਨ ਬਣਾਉਣੀ ਹੈ। ਅੱਜ ਦੀ ਦੁਨੀਆਂ ਦੇ ਪ੍ਰਸੰਗ ਵਿਚ ਪੰਜਾਬੀਆਂ ਨੇ ਜਾਂ ਖਾਸ ਕਰਕੇ ਸਿੱਖਾਂ ਨੇ ਇਹ ਸੋਚਣਾ ਹੈ ਕਿ ਉਨ੍ਹਾਂ ਨੇ ਆਪਣੇ ਨਾਲ ਹੋਏ ਧੱਕਿਆਂ ਜਾਂ ਬੇਇਨਸਾਫੀਆਂ ਦਾ ਬਦਲਾ ਕਿੰਜ ਲੈਣਾ ਹੈ।***

ਪੰਜਾਬ ਬਾਰੇ ਉਨ੍ਹਾਂ ਦੇ ਸਟੈਂਡ ਵਿਚ ਉਸ ਵੇਲੇ ਵੱਡਾ ਪਰਿਵਰਤਨ ਆਉਂਦਾ ਹੈ ਜਦੋਂ ਅਕਾਲੀ ਲਗਭਗ ਪੂਰੀ ਤਰ੍ਹਾਂ ਉਖੜ ਚੁੱਕੇ ਸਨ ਤੇ ਪੰਜਾਬ ਹਰ ਪੱਖੋਂ ਹਿੰਸਕ ਗਰੋਹਾਂ ਦੇ ਕਬਜ਼ੇ ਹੇਠ ਆਇਆ ਹੋਇਆ ਸੀ। ਇਨ੍ਹਾਂ ਗਰੋਹਾਂ ਨੇ ਪੰਜਾਬ ਮਸਲੇ ਨੂੰ ਰਾਜਨੀਤਕ ਮਸਲੇ ਤੋਂ ਅਮਨ-ਕਾਨੂੰਨ ਦੇ ਮਸਲੇ ਵਿਚ ਬਦਲ ਦਿੱਤਾ। ਪੰਜਾਬ ਦੀਆਂ ਮੰਗਾਂ ਨੂੰ ਜਮਹੂਰੀ ਤਰੀਕੇ ਨਾਲ ਉਠਾਉਣ ਵਾਲੀਆਂ ਤਾਕਤਾਂ ਲੋਕਾਂ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਹੋ ਗਈਆਂ ਸਨ ਤੇ ਇਕ ਹਿਸਾਬ ਨਾਲ ਅਪ੍ਰਸੰਗਕ ਹੋ ਗਈਆਂ ਸਨ। ਉਨ੍ਹਾਂ ਨਾਲ ਗੱਲਬਾਤ ਕਰਨ ਦਾ ਹੁਣ ਕੋਈ ਅਰਥ ਨਹੀਂ ਸੀ ਰਹਿ ਗਿਆ। ਅਤਿਵਾਦੀ ਗਰੋਹ ਜਿਸ ਤਰੀਕੇ ਨਾਲ ਹਿੰਸਾ ਤੇ ਕਤਲ ਕਰ ਰਹੇ ਸਨ, ਉਸ ਦੇ ਕੋਈ ਰਾਜਨੀਤਕ ਮਾਅਨੇ ਨਜ਼ਰ ਨਹੀਂ ਸਨ ਆਉਂਦੇ ਤੇ ਉਸ ਨੇ ਆਮ ਜੁਰਮ ਦੀ ਸ਼ਕਲ ਧਾਰ ਲਈ ਸੀ। ਉਂਜ ਵੀ ਉਨ੍ਹਾਂ ਦੀ ਕੋਈ ਸਾਂਝੀ ਲੀਡਰਸ਼ਿਪ ਨਹੀਂ ਸੀ। ਇਸ ਸਥਿਤੀ ਵਿਚ ਪੰਜਾਬ ਵਿਚ ਲਾਅ ਐਂਡ ਆਰਡਰ ਦਾ ਸਵਾਲ ਰਾਜਨੀਤਕ ਸਵਾਲ ਤੋਂ ਅੱਗੇ ਆ ਗਿਆ। ਕਾਂਗਰਸ ਸਰਕਾਰ ਦੇ ਹਿਤ ਵੀ ਇਸੇ ਵਿਚ ਸਨ।

ਇਹ ਉਹ ਸਥਿਤੀ ਸੀ ਜਦੋਂ ਪੰਜਾਬ ਦੇ ਹਰ ਵਾਸੀ ਤੇ ਪੰਜਾਬ ਦੀ ਹਰ ਜਮਹੂਰੀ ਧਿਰ ਲਈ ਸਭ ਤੋਂ ਵੱਡਾ ਤੇ ਪਹਿਲਾ ਪ੍ਰਸ਼ਨ ਇਹ ਸੀ ਕਿ ਜਿਵੇਂ ਵੀ ਹੋਵੇ, ਸਭ ਤੋਂ ਪਹਿਲਾਂ ਪੰਜਾਬ ਵਿਚ ਅਮਨ ਕਾਨੂੰਨ ਬਹਾਲ ਹੋਵੇ, ਗੈਰ ਮਨੁੱਖੀ ਹਿੰਸਾ ਤੇ ਫਿਰਕੂ ਨਫ਼ਰਤ ਦਾ ਪ੍ਰਚਾਰ ਬੰਦ ਹੋਵੇ। ਪੰਜਾਬ ਦੀਆਂ ਸਾਰੀਆਂ ਜਮਹੂਰੀ ਰਾਜਨੀਤਕ ਧਿਰਾਂ ਅਤਿਵਾਦੀ ਹਿੰਸਾ ਦੇ ਖਤਰੇ ਹੇਠ ਸਨ। ਬਚੇ-ਖੁਚੇ ਅਕਾਲੀ ਭਾਵੇਂ ਪੂਰੀ ਤਰ੍ਹਾਂ ਹਿੰਸਕ ਗਰੋਹਾਂ ਦੇ ਪਿਛਲੱਗ ਬਣ ਚੁੱਕੇ ਸਨ, ਫਿਰ ਵੀ ਉਹ ਉਨ੍ਹਾਂ ਦੇ ਖਤਰੇ ਤੋਂ ਮੁਕਤ ਨਹੀਂ ਸਨ। ਇਹ ਅਜਿਹੀ ਸਥਿਤੀ ਸੀ ਜਿਸ ਵਿਚ ਪੰਜਾਬ ਮਸਲੇ ਦਾ ਰਾਜਨੀਤਕ ਪਹਿਲੂ ਤਕਰੀਬਨ ਸਾਰੀਆਂ ਧਿਰਾਂ ਲਈ ਹੀ ਪਿੱਛੇ ਪੈ ਗਿਆ ਸੀ। ਸਭ ਲਈ ਕੇਂਦਰੀ ਸਵਾਲ ਇਹ ਬਣ ਗਿਆ ਸੀ ਕਿ ਸਭ ਤੋਂ ਪਹਿਲਾਂ ਪੰਜਾਬ ਵਿਚੋਂ ਗੈਰ ਮਨੁੱਖੀ ਕਤਲੋਗਾਰਤ ਬੰਦ ਹੋਵੇ।

***ਸੁਰਜੀਤ ਦੀ ਨਿਰੰਤਰ ਇਹ ਸਮਝ ਰਹੀ ਹੈ ਕਿ ਪੰਜਾਬ ਦੇ ਆਰਥਿਕ ਵਿਕਾਸ ਤੇ ਸਭਿਆਚਾਰਕ ਉਸਾਰੀ ਲਈ ਪੰਜਾਬੀਆਂ ਦੀਆਂ ਕੁਝ ਜਾਇਜ਼ ਤੇ ਹੱਕੀ ਮੰਗਾਂ ਹਨ ਤੇ ਘੱਟਗਿਣਤੀ ਦੇ ਰੂਪ ਵਿਚ ਸਿੱਖਾਂ ਦੇ ਵੀ ਕੁਝ ਸ਼ਿਕਵੇ ਤੇ ਸ਼ਿਕਾਇਤਾਂ ਹਨ। ਅਕਾਲੀ ਆਗੂ ਸਿੱਖਾਂ ਦੀਆਂ ਧਾਰਮਿਕ ਮੰਗਾਂ ਜਾਂ ਸ਼ਿਕਾਇਤਾਂ ਜਿਨ੍ਹਾਂ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਆਦਿ ਸ਼ਾਮਲ ਹੈ, ਨੂੰ ਜ਼ਰੂਰ ਉਠਾਉਣ ਪਰ ਪੰਜਾਬ ਦੀਆਂ ਦੂਸਰੀਆਂ ਆਰਥਿਕ, ਰਾਜਨੀਤਕ ਜਾਂ ਸਭਿਆਚਾਰਕ ਮੰਗਾਂ ਨੂੰ ਸਿਰਫ਼ ਸਿੱਖਾਂ ਦੀਆਂ ਮੰਗਾਂ ਦੇ ਰੂਪ ਵਿਚ ਪੇਸ਼ ਨਾ ਕਰਨ। ਉਹ ਸਾਰੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਹਨ ਤੇ ਉਨ੍ਹਾਂ ਨੂੰ ਸਮੂਹ ਪੰਜਾਬੀਆਂ ਦੀਆਂ ਮੰਗਾਂ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ।***

ਪੰਜਾਬ ਦੀ ਹਕੀਕੀ ਸਥਿਤੀ ਅਜਿਹੀ ਸੀ ਕਿ ਉਸ ਹਾਲਤ ਵਿਚ ਜੇ ਸਰਕਾਰ ਰਾਜੀਵ-ਲੌਂਗੋਵਾਲ ਸਮਝੌਤਾ ਜਾਂ ਕੋਈ ਹੋਰ ਰਾਜਨੀਤਕ ਪੈਕੇਜ ਲਾਗੂ ਵੀ ਕਰ ਦਿੰਦੀ, ਤਦ ਵੀ ਹਿੰਸਾ ਤੇ ਕਤਲੋਗਾਰਤ ਨੂੰ ਰੋਕਣਾ ਜਾਂ ਅਤਿਵਾਦੀ ਗਰੋਹਾਂ ਨੂੰ ਸਮਝੌਤੇ ਲਈ ਤਿਆਰ ਕਰਨਾ ਸੰਭਵ ਨਹੀਂ ਸੀ। ਖਾਸ ਕਰਕੇ ਪੰਜਾਬ ਵਿਚ ਜਿਹੋ ਜਿਹੀ ਅਰਾਜਕ ਕਿਸਮ ਦੀ ਹਿੰਸਾ ਸੀ, ਉਸ ਸਾਹਮਣੇ ਤਾਂ ਰਾਜਨੀਤਕ ਪੈਕੇਜਾਂ ਦਾ ਅਰਥ ਹੀ ਨਹੀਂ ਸੀ ਰਹਿ ਗਿਆ। ਪੰਜਾਬ ਦਾ ਇਹ ਅਤਿਵਾਦ ਆਪਣੇ ਅਖੀਰਲੇ ਸਾਲਾਂ ਵਿਚ ਰਾਜਨੀਤਕ ਹਿੰਸਾ ਤੋਂ ਅਪਰਾਧੀ ਕਲਚਰ ਵਿਚ ਵਿਕਸਿਤ ਹੋ ਗਿਆ ਸੀ। ਅਤਿਵਾਦ ਬਾਰੇ ਸਮਝ ਰੱਖਣ ਵਾਲੇ ਲੋਕਾਂ ਦਾ ਖਿਆਲ ਹੈ ਕਿ ਅਤਿਵਾਦ ਦੇ ਪੈਦਾ ਹੋਣ ਦੇ ਕਾਰਨ ਭਾਵੇਂ ਰਾਜਨੀਤਕ ਹੀ ਹੁੰਦੇ ਹਨ ਪਰ ਜਦੋਂ ਇਹ ਇਕ ਵਾਰ ਪੈਦਾ ਹੋ ਜਾਂਦਾ ਹੈ ਤਾਂ ਇਹ ਹਿੰਸਕ ਕਲਚਰ ਵਿਚ ਪਲਟ ਜਾਂਦਾ ਹੈ, ਜਿਸਦੇ ਸਰੋਕਾਰ ਸਿਰਫ ਰਾਜਨੀਤਕ ਨਹੀਂ ਰਹਿੰਦੇ।

ਪੰਜਾਬ ਦੇ ਅਤਿਵਾਦ ਨੂੰ ਜਿਨ੍ਹਾਂ ਨੇ ਖੁਭ ਕੇ ਦੇਖਿਆ ਹੈ, ਉਨ੍ਹਾਂ ਦੀ ਇਸ ਬਾਰੇ ਸਮਝ ਸਿਰਫ਼ ਹਵਾਈ ਬੌਧਿਕ ਕਸਰਤ ਕਰਨ ਵਾਲੇ ਲੋਕਾਂ ਤੋਂ ਕਾਫੀ ਭਿੰਨ ਹੈ। ਆਪਣੇ ਰਾਜਨੀਤਕ ਉਦੇਸ਼ ਵਲ ਸੇਧਤ ਬਹੁਤ ਹੀ ਸੰਗਠਤ ਕਿਸਮ ਦੀ ਹਿੰਸਾ ਕਰਨ ਵਾਲੇ ਅਤਿਵਾਦੀ ਸੰਗਠਨਾਂ ਨਾਲ ਨਜਿੱਠਣਾ ਫਿਰ ਵੀ ਮੁਕਾਬਲਤਨ ਆਸਾਨ ਹੁੰਦਾ ਹੋਵੇਗਾ ਪਰ ਪੰਜਾਬ ਦਾ ਅਤਿਵਾਦ ਬਿਲਕੁਲ ਹੀ ਨਿਰਾਲਾ ਸੀ। ਪੰਜਾਬ ਦੇ ਅਤਿਵਾਦੀ ਸੰਗਠਨ, ਰਾਜਨੀਤਕ ਸੰਗਠਨ ਘੱਟ ਤੇ ਅਪਰਾਧੀ ਗਰੋਹ ਜ਼ਿਆਦਾ ਲੱਗਦੇ ਸਨ। ਉਨ੍ਹਾਂ ਦੀ ਰਾਜਨੀਤਕ ਸਰਗਰਮੀ ਸਿਰਫ ਤੇ ਸਿਰਫ ਹਿੰਸਾ ਤੇ ਖਾਸ ਕਰਕੇ ਕਤਲ ਕਰਨਾ ਸੀ। ਉਨ੍ਹਾਂ ਦੇ ਕੁਲ ਐਕਸ਼ਨਾਂ ਦਾ ਜੇ ਹਿਸਾਬ ਲਾਇਆ ਜਾਵੇ ਤਾਂ ਉਸ ਵਿਚ ਸਰਕਾਰੀ ਸੰਪਤੀ ਜਾਂ ਸੰਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਜਾਂ ਰਾਜਸੀ ਅਰਥ ਉਪਜਾਉਣ ਵਾਲੇ ਕਤਲ ਬਹੁਤ ਥੋੜ੍ਹੇ ਸਨ। ਸਰਕਾਰੀ ਆਗੂਆਂ ਤੇ ਅਧਿਕਾਰੀਆਂ ਦੇ ਕਤਲ ਜ਼ਿਆਦਾਤਰ ਬਦਲਾਲਊ ਕਤਲ ਸਨ। ਉਨ੍ਹਾਂ ਦੇ ਜ਼ਿਆਦਾਤਰ ਐਕਸ਼ਨ ਅਜਿਹੇ ਸਨ ਜਿਨ੍ਹਾਂ ਵਿਚ ਆਮ ਲੋਕਾਂ ਦੇ ਕਤਲ, ਲੁੱਟਾਂ ਖੋਹਾਂ ਤੇ ਆਮ ਲੋਕਾਂ ਨੂੰ ਧਮਕੀਆਂ ਆਦਿ ਸ਼ਾਮਲ ਸਨ। ਅਖੀਰਲੇ ਸਾਲਾਂ ਵਿਚ ਤਾਂ ਪੰਜਾਬ ਦੇ ਅਤਿਵਾਦੀ ਗਰੋਹਾਂ ਦਾ ਧਿਆਨ ਆਪਣੇ ਰਾਜਨੀਤਕ ਉਦੇਸ਼ ਵਲ ਘੱਟ ਤੇ ਆਮ ਲੋਕਾਂ ਦੀ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰਨ ਵੱਲ ਜ਼ਿਆਦਾ ਰਹਿ ਗਿਆ ਸੀ। ਇਸੇ ਗੱਲ ਨੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਤੇ ਪੰਜਾਬ ਦੀਆਂ ਸਭ ਧਿਰਾਂ ਭਾਵੇਂ ਉਪਰੋਂ-ਉਪਰੋਂ ਜੋ ਮਰਜ਼ੀ ਕਹਿਣ, ਅੰਦਰੋਂ ਇਹੀ ਚਾਹੁੰਦੀਆਂ ਸਨ ਕਿ ਜਿਵੇਂ ਵੀ ਹੋਏ, ਇੱਕ ਵਾਰ ਅਮਨ ਅਮਾਨ ਹੋਵੇ। ਪਿੰਡਾਂ ਵਿਚ ਲੋਕਾਂ ਦੇ ਕਾਰੋਬਾਰ ਠੱਪ ਹੋ ਗਏ ਸਨ।

ਖਾਲਿਸਤਾਨ ਅਤੇ ਪੰਥ ਦੇ ਨਾਂ 'ਤੇ ਤੁਰ ਫਿਰ ਰਹੇ ਗਰੋਹਾਂ ਦੁਆਰਾ ਕੀਤੀ ਜਾ ਰਹੀ ਹਿੰਸਾ ਤੋਂ ਲੋਕ ਐਨੇ ਤੰਗ ਆ ਚੁੱਕੇ ਸਨ ਕਿ ਉਨ੍ਹਾਂ ਨੂੰ ਪੰਜਾਬ ਦੀਆਂ ਜਮਹੂਰੀ ਮੰਗਾਂ ਦੀ ਗੱਲ ਤੋਂ ਵੀ ਚਿੜ ਹੋਣ ਲੱਗ ਪਈ। ਜੇ ਪੰਜਾਬ ਵਿਚ ਅਮਨ ਅਮਾਨ ਹੋ ਜਾਣ ਤੇ ਆਪਣੀ ਸਰਕਾਰ ਬਣਨ ਤੋਂ ਬਾਅਦ ਵੀ ਅਕਾਲੀ ਹਾਲੇ ਤੱਕ ਵੀ ਇਨ੍ਹਾਂ ਮੰਗਾਂ ਦੀ ਗੱਲ ਕਰਨ ਦਾ ਹੌਂਸਲਾ ਨਹੀਂ ਕਰ ਸਕਦੇ ਤਾਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਲੋਕ ਹੁਣ ਉਨ੍ਹਾਂ ਗੱਲਾਂ ਤੇ ਨਾਅਰਿਆਂ ਨੂੰ ਸੁਣਨ ਲਈ ਤਿਆਰ ਨਹੀਂ, ਜਿਨ੍ਹਾਂ ਨੇ ਉਨ੍ਹਾਂ ਨੂੰ ਐਨੀ ਭਿਆਨਕ ਸਥਿਤੀ ਵਿਚ ਧੱਕ ਦਿੱਤਾ ਸੀ। ਲੋਕਾਂ ਦੀ ਹਾਲਤ ਚਾਹ ਦੇ ਸਾੜੇ ਵਲੋਂ ਲੱਸੀ ਨੂੰ ਫੂਕਾਂ ਮਾਰਨ ਵਰਗੀ ਹੋਈ ਹੈ। ਪੰਜਾਬ ਦੀ ਇਸ ਅਤਿਵਾਦੀ ਹਿੰਸਾ ਨਾਲ ਜੋ ਜਾਨੀ, ਮਾਲੀ ਤੇ ਮਾਨਸਿਕ ਨੁਕਸਾਨ ਹੋਇਆ ਹੈ, ਉਹ ਤਾਂ ਹੋਇਆ ਹੀ ਹੈ, ਉਸ ਤੋਂ ਇਲਾਵਾ ਇਸ ਨੇ ਇਹ ਰਾਜਨੀਤਕ ਨੁਕਸਾਨ ਕੀਤਾ ਹੈ ਕਿ ਪੰਜਾਬ ਦੀਆਂ ਜਮਹੂਰੀ ਮੰਗਾਂ ਬਿਲਕੁਲ ਹੀ ਰੁਲ ਗਈਆਂ। ਲੋਕਾਂ ਨੂੰ ਇਨ੍ਹਾਂ ਨਾਲ ਹੀ ਚਿੜ੍ਹ ਹੋ ਗਈ ਹੈ। ਇਸ ਨਾਲ ਸਭ ਤੋਂ ਵਧ ਕੇਂਦਰ ਸਰਕਾਰ ਦੀ ਮੁਸ਼ਕਲ ਹੱਲ ਹੋ ਗਈ ਹੈ। ਇਹੀ ਕਾਰਨ ਹੈ ਕਿ ਲੋਕ ਇਹ ਮਤ ਰੱਖਦੇ ਹਨ ਕਿ ਪੰਜਾਬ ਵਿਚ ਅਤਿਵਾਦ ਕੇਂਦਰ ਸਰਕਾਰ ਦੀਆਂ ਏਜੰਸੀਆਂ ਦੀ ਹੀ ਪੈਦਾਵਾਰ ਸੀ। ਇਹ ਧਾਰਨਾ ਤੱਥਾਤਮਕ ਤੌਰ 'ਤੇ ਕਿੰਨੀ ਕੁ ਸਹੀ ਹੈ, ਇਸ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਵੀ ਕਹਿਣਾ ਸੰਭਵ ਨਹੀਂ ਪਰ ਜਿੱਥੋਂ ਤੱਕ ਰਾਜਨੀਤਕ ਪ੍ਰਭਾਵ ਦੀ ਗੱਲ ਹੈ, ਉਸ ਪੱਖੋਂ ਇਸ ਨੇ ਅਕਾਲੀਆਂ ਦਾ ਨੁਕਸਾਨ ਤੇ ਕੇਂਦਰ ਸਰਕਾਰ ਦਾ ਫਾਇਦਾ ਕੀਤਾ।

ਘੋਰ ਹਿੰਸਾ ਦੇ ਸਿਖਰਲੇ ਦੌਰ ਦੌਰਾਨ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਬੇਚੈਨੀ ਐਨੀ ਵਧ ਗਈ ਸੀ ਕਿ ਉਹ ਵਕਤੀ ਪ੍ਰਧਾਨ ਮੰਤਰੀਆਂ ਨੂੰ ਮਹੀਨੇ 'ਚ ਤਿੰਨ ਤਿੰਨ ਚਿੱਠੀਆਂ ਲਿਖਦੇ ਰਹੇ ਸਨ। ਹਰ ਚਿੱਠੀ ਵਿਚ ਇਹੀ ਵੇਦਨਾ ਸੀ ਕਿ ਪੰਜਾਬ ਨੂੰ ਬਚਾਇਆ ਜਾਵੇ। ਸਭ ਤੋਂ ਵਧ ਬੇਚੈਨ ਉਹ 1990-91 ਵਿਚ ਚੰਦਰ ਸ਼ੇਖਰ ਸਰਕਾਰ ਦੇ ਦੋ ਤਿੰਨ ਮਹੀਨਿਆਂ ਦੌਰਾਨ ਆਉਂਦੇ ਹਨ, ਜਦੋਂ ਪੰਜਾਬ ਵਿਚ ਪ੍ਰਸ਼ਾਸਨ ਬਿਲਕੁਲ ਹੀ ਲੜਖੜਾ ਗਿਆ ਸੀ। ਇਸ ਸਮੇਂ ਵਿਚ ਬਾਕੀ ਪੰਜਾਬੀਆਂ ਦੀ ਤਰ੍ਹਾਂ ਉਨ੍ਹਾਂ ਲਈ ਵੀ ਪ੍ਰਾਥਮਿਕ ਏਜੰਡਾ ਹਿੰਸਾ ਦੀ ਸਮਾਪਤੀ ਤੇ ਆਮ ਸਮਾਜਿਕ ਜੀਵਨ ਦੀ ਬਹਾਲੀ ਹੀ ਰਹਿ ਗਿਆ ਸੀ। ਅਜਿਹੀ ਹਾਲਤ ਵਿਚ ਵੀ ਉਹ ਉਨ੍ਹਾਂ ਚੰਦ ਕੁ ਵਿਅਕਤੀਆਂ ਵਿਚੋਂ ਸਨ, ਜਿਹੜੇ ਇਹ ਗੱਲ ਬੜੇ ਜ਼ੋਰ ਨਾਲ ਉਭਾਰਦੇ ਰਹੇ ਕਿ ਭਾਵੇਂ ਮੌਜੂਦਾ ਸਥਿਤੀ ਵਿਚ ਅਸੀਂ ਲਾਅ ਐਂਡ ਆਰਡਰ ਬਹਾਲ ਕਰਨ ਵਾਲੀਆਂ ਏਜੰਸੀਆਂ 'ਤੇ ਹੀ ਨਿਰਭਰ ਕਰ ਰਹੇ ਹਾਂ ਪਰ ਨਾਲ ਦੀ ਨਾਲ ਪੰਜਾਬੀਆਂ ਦੇ ਉਨ੍ਹਾਂ ਜਮਹੂਰੀ ਸ਼ਿਕਵਿਆਂ ਦਾ ਵੀ ਨਿਬੇੜਾ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਪੰਜਾਬ ਨੂੰ ਅਜਿਹੀ ਸਥਿਤੀ ਵਲ ਧਕੇਲਿਆ। 7 ਜੁਲਾਈ 1991 ਨੂੰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਲਿਖੀ ਚਿੱਠੀ ਵਿਚ ਉਹ ਜਿਹੜੇ ਸੁਝਾਅ ਦਿੰਦੇ ਹਨ, ਉਨ੍ਹਾਂ ਵਿਚ ਅਮਨ ਕਾਨੂੰਨ ਦੀ ਬਹਾਲੀ ਲਈ ਪ੍ਰਸ਼ਾਸਕੀ ਕਦਮਾਂ ਦੇ ਨਾਲ-ਨਾਲ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਮਦਾਂ ਨੂੰ ਲਾਗੂ ਕਰਨਾ ਵੀ ਸ਼ਾਮਲ ਹੈ।

ਇਸ ਦੌਰ ਵਿਚ ਸੁਰਜੀਤ ਦੀ ਭੂਮਿਕਾ ਬਾਰੇ ਕਈ ਕਿਤਾਬੀ ਇਨਕਲਾਬੀ ਇਹ ਟਿਪਣੀ ਕਰਦੇ ਹਨ ਕਿ ਉਹ ਪੁਲਿਸ ਦੇ ਵਕੀਲ ਬਣ ਗਏ ਸਨ ਪਰ ਜਿਹੜੇ ਲੋਕ ਪੰਜਾਬ ਦੀ ਉਸ ਸਥਿਤੀ ਨੂੰ ਵਿਹਾਰਕ ਨਜ਼ਰੀਏ ਨਾਲ ਦੇਖਦੇ ਹਨ, ਉਨ੍ਹਾਂ ਦੀ ਇਹ ਸੋਚ ਹੈ ਕਿ ਕਿਸੇ ਵੀ ਤਰ੍ਹਾਂ ਦੀਆਂ ਸਿਧਾਂਤਕ ਮਾਨਤਾਵਾਂ ਰੱਖਣੀਆਂ ਆਸਾਨ ਹਨ ਪਰ ਉਸ ਹਾਲਤ ਵਿਚ ਸਿਵਾਏ ਲਾਅ ਐਂਡ ਆਰਡਰ ਬਹਾਲ ਕਰਨ ਵਾਲੀ ਮਸ਼ੀਨਰੀ ਦੀ ਸਰਗਰਮੀ ਦੇ ਪੰਜਾਬ ਦੇ ਮਸਲੇ ਦੇ ਹੱਲ ਲਈ ਹੋਰ ਬਹੁਤ ਥੋੜ੍ਹੇ ਰਸਤੇ ਬਚੇ ਸਨ।

ਅੱਜ ਮਨੁੱਖੀ ਅਧਿਕਾਰਾਂ ਦੀ ਗੱਲ ਕਰਨੀ ਆਸਾਨ ਵੀ ਹੈ ਤੇ ਚੰਗੀ ਵੀ ਲੱਗਦੀ ਹੈ ਪਰ ਉਸ ਵਕਤ ਬੇਮੁਹਾਰੀ ਹਿੰਸਾ ਨੇ ਜਿਹੋ ਜਿਹੀ ਅਰਾਜਕਤਾ ਤੇ ਭੈਅ ਦੀ ਹਾਲਤ ਪੈਦਾ ਕਰ ਦਿੱਤੀ ਸੀ, ਉਸ ਵਿਚ ਕਿਸੇ ਤੋਂ ਵੀ ਬਹੁਤ ਆਦਰਸ਼ਕ ਵਰਤਾਓ ਦੀ ਉਮੀਦ ਰੱਖਣੀ ਸੰਭਵ ਨਹੀਂ ਸੀ। ਇਸੇ ਕਰਕੇ ਤਾਂ ਉਸ ਸਥਿਤੀ ਨੂੰ ਐਨੀ ਭਿਆਨਕ ਕਿਹਾ ਜਾਂਦਾ ਹੈ। ਅਤਿਵਾਦ ਦੀ ਸਥਿਤੀ ਇਸੇ ਕਰਕੇ ਖਤਰਨਾਕ ਹੁੰਦੀ ਹੈ ਕਿ ਇਸ ਨਾਲ ਨਜਿੱਠਣ ਲਈ ਸਰਕਾਰੀ ਮਸ਼ੀਨਰੀ ਨੂੰ ਜਿਹੋ ਜਿਹੇ ਅਧਿਕਾਰ ਦੇਣੇ ਪੈਂਦੇ ਹਨ, ਉਹ ਕਿਸੇ ਜਮਹੂਰੀ ਢਾਂਚੇ ਜਾਂ ਕਲਚਰ ਲਈ ਲੰਬੇ ਸਮੇਂ ਵਾਸਤੇ ਨੁਕਸਾਨਦੇਹ ਸਾਬਤ ਹੁੰਦੇ ਹਨ।

ਇਹ ਸਭ ਕੁਝ ਬੀਤ ਜਾਣ ਤੋਂ ਬਾਅਦ ਅੱਜ ਵੀ ਕੁਝ ਸੋਚਵਾਨ ਪੰਜਾਬੀਆਂ ਦੇ ਮਨਾਂ ਵਿਚ ਇਹ ਸਵਾਲ ਉਠਦਾ ਹੈ ਕਿ ਪੰਜਾਬ ਦੀਆਂ ਉਨ੍ਹਾਂ ਜਮਹੂਰੀ ਮੰਗਾਂ ਦਾ ਕੀ ਬਣਿਆ ਜਿਨ੍ਹਾਂ ਉਤੇ ਇਹ ਇਤਿਹਾਸਕ ਡਰਾਮਾ ਉਸਰਿਆ ਹੈ? ਦਰਅਸਲ ਭਾਰਤੀ ਤੇ ਵਿਸ਼ਵ ਰਾਜਨੀਤੀ, ਆਰਥਿਕ ਤੇ ਸਮਾਜਿਕ ਢਾਂਚੇ ਦੇ ਉਹ ਸਾਰੇ ਪ੍ਰਸੰਗ ਹੀ ਬਦਲ ਗਏ ਹਨ ਜਿਨ੍ਹਾਂ ਵਿਚ ਪੰਜਾਬ ਦੀਆਂ ਮੰਗਾਂ ਦੇ ਉਹ ਪੁਰਾਤਨ ਚਾਰਟਰ ਤਿਆਰ ਹੋਏ ਸਨ। ਪੰਜਾਬ ਦੀਆਂ ਸਾਰੀਆਂ ਧਿਰਾਂ ਨੇ ਜੇ ਉਹ ਮੰਗਾਂ ਹੁਣ ਛੱਡ ਦਿੱਤੀਆਂ ਹਨ ਤਾਂ ਇਸ ਕਰਕੇ ਨਹੀਂ ਕਿ ਉਹ ਗਲਤ ਸਨ, ਬਲਕਿ ਇਸ ਕਰਕੇ ਕਿ ਹੁਣ ਉਹ ਅਪ੍ਰਸੰਗਕ ਹੋ ਗਈਆਂ ਹਨ। ਪੰਜਾਬ ਦੀਆਂ ਤਰਜੀਹਾਂ ਬਦਲ ਗਈਆਂ ਹਨ। ਪੰਜਾਬ ਦੀਆਂ ਮੌਜੂਦਾ ਸਮੱਸਿਆਵਾਂ ਤੇ ਇਸ ਦੀ ਭਵਿੱਖੀ ਉਸਾਰੀ ਲਈ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ, ਉਹ ਨਾ ਚੰਡੀਗੜ੍ਹ ਤੇ ਪੰਜਾਬ ਸਰਕਾਰ ਦੇ ਕੰਟਰੋਲ ਨਾਲ ਹੱਲ ਹੋਣ ਵਾਲੀਆਂ ਹਨ ਤੇ ਨਾ ਪੰਜਾਬੀ ਬੋਲਦੇ ਕੁਝ ਪਛੜੇ ਪਹਾੜੀ ਜਾਂ ਹਰਿਆਣਵੀ ਪਿੰਡ ਪੰਜਾਬ ਨੂੰ ਮਿਲਣ ਨਾਲ। ਨਾ ਹੀ ਦਰਿਆਈ ਪਾਣੀਆਂ ਦੀ ਮੁੜ ਵੰਡ ਨਾਲ ਪੰਜਾਬ ਦਾ ਆਰਥਕ ਸੰਕਟ ਹੱਲ ਹੋਣ ਵਾਲਾ ਹੈ। ਜੇ ਬਹੁਤ ਅੰਦੋਲਨ ਤੇ ਨੁਕਸਾਨ ਤੋਂ ਬਾਅਦ ਪੰਜਾਬੀ ਇਹ ਮੰਗਾਂ ਮੰਨਵਾ ਵੀ ਲੈਣ, ਤਦ ਵੀ ਸਾਡੀਆਂ ਉਹ ਸਮਸਿਆਵਾਂ ਉਥੇ ਦੀਆਂ ਉਥੇ ਖਲੋਤੀਆਂ ਰਹਿਣਗੀਆਂ ਜੋ ਅਸਲ ਵਿਚ ਸਾਡੀਆਂ ਅੱਜ ਦੀਆਂ ਸਮਸਿਆਵਾਂ ਹਨ। ਜਦ ਕਿ ਅਸਲ ਵਿਚ ਉਹ ਉਸ ਖਾਨਦਾਨੀ ਜਾਇਦਾਦ ਦੇ ਟੁਕੜੇ ਬਗੈਰ ਵੀ ਬਥੇਰੀ ਤਰੱਕੀ ਕਰ ਸਕਦਾ ਸੀ। ਇਹ ਵੱਖਰੀ ਸੱਚਾਈ ਹੈ ਕਿ ਉਸ ਵੰਡ ਵੇਲੇ ਉਸ ਨਾਲ ਬੇਇਨਸਾਫੀ ਹੋਈ। ਮੁਲਕ ਦੇ ਰਾਜਨੀਤਕ ਹਾਲਾਤ ਬਦਲਣ ਨਾਲ ਜਾਂ ਜੇ ਹਰਿਆਣਾ ਹੀ ਇਸ ਤੇ ਆਪਣਾ ਦਾਅਵਾ ਛੱਡ ਦੇਵੇ ਤਾਂ ਹੋ ਸਕਦਾ ਹੈ ਕਿ ਕਿਸੇ ਸਟੇਜ 'ਤੇ ਜਾ ਕੇ ਚੰਡੀਗੜ੍ਹ ਪੰਜਾਬ ਦੇ ਅਧਿਕਾਰ ਖੇਤਰ ਵਿਚ ਆ ਜਾਵੇ ਪਰ ਇਸ ਵਾਸਤੇ ਅੰਦੋਲਨ ਕਰਨ ਵਿਚ ਅੱਜ ਕਿਸੇ ਦੀ ਦਿਲਚਸਪੀ ਨਹੀਂ ਹੈ।

ਉਂਜ, ਜੇ ਭਲਾ ਪੰਜਾਬ ਅਜ਼ਾਦ ਮੁਲਕ ਵੀ ਬਣ ਜਾਵੇ, ਤਦ ਕੀ ਅਜਿਹੇ ਲੋਕ ਉਸਨੂੰ ਚਲਾ ਲੈਣਗੇ? ਚੰਦਰਬਾਬੂ ਨਾਇਡੂ ਨੇ ਆਂਧਰਾ ਪ੍ਰਦੇਸ਼ ਲਈ ਵਧ ਰਾਜਨੀਤਕ ਅਧਿਕਾਰ ਪ੍ਰਾਪਤ ਨਹੀਂ ਕੀਤੇ ਪਰ ਉਸ ਨੇ ਅਤਿ ਕੰਗਾਲ ਪ੍ਰਾਂਤ ਨੂੰ ਤਰੱਕੀ ਦੇ ਪਥ ਤੇ ਪਾ ਲਿਆ। ਇਸ ਦਾ ਇਹ ਮਤਲਬ ਨਹੀਂ ਕਿ ਪੰਜਾਬ ਨੂੰ ਵਧ ਰਾਜਨੀਤਕ ਅਧਿਕਾਰ ਨਹੀਂ ਚਾਹੀਦੇ; ਮਤਲਬ ਹੈ ਕਿ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਸਾਨੂੰ ਆਪਣੀਆਂ ਤਰਜੀਹਾਂ ਸਹੀ ਤਰੀਕੇ ਨਾਲ ਮਿਥਣੀਆਂ ਚਾਹੀਦੀਆਂ ਹਨ।

ਅੱਜ ਦੁਨੀਆਂ ਵਿਚ ਜੇ ਪੰਜਾਬ ਦੀ ਪੰਜਾਬੀਆਂ ਨੇ ਕੋਈ ਥਾਂ ਬਣਾਉਣੀ ਹੈ ਤਾਂ ਆਰਥਿਕਤਾ, ਸਾਇੰਸ, ਟੈਕਨਾਲੋਜੀ, ਕਲਾ ਤੇ ਸਭਿਆਚਾਰ ਦੇ ਖੇਤਰ ਵਿਚ ਆਪਣੀਆਂ ਪ੍ਰਾਪਤੀਆਂ ਕਾਰਨ ਬਣਾਉਣੀ ਹੈ। ਇਨ੍ਹਾਂ ਪ੍ਰਾਪਤੀਆਂ ਵਾਸਤੇ ਸਾਰਾ ਕੁਝ ਛੱਡ ਛਡਾ ਕੇ ਚੰਡੀਗੜ੍ਹ ਜਾਂ ਕੁਝ ਇਲਾਕਿਆਂ ਦੀ ਮਲਕੀਅਤ ਲਈ ਲੜ ਮਰਨ ਦੀ ਲੋੜ ਨਹੀਂ। ਵਧ ਅਧਿਕਾਰਾਂ ਨਾਲੋਂ ਵੀ ਵਧ ਇਸ ਗੱਲ ਦੀ ਜ਼ਰੂਰਤ ਹੈ ਕਿ ਮੌਜੂਦਾ ਅਧਿਕਾਰਾਂ ਦੀ ਸੁਯੋਗ ਵਰਤੋਂ ਦੀ ਕਲਾ ਤੇ ਤਰੱਕੀ ਦਾ ਵਿਜ਼ਨ (ਦਿਬਦ੍ਰਿਸ਼ਟੀ) ਸਾਡੇ ਕੋਲ ਹੋਵੇ। ਅਜਿਹੀ ਵਿਹਾਰਕ ਸੋਚ ਹੀ ਹੈ, ਜਿਸ ਨੇ ਪੰਜਾਬ ਦੀਆਂ ਜਮਹੂਰੀ ਮੰਗਾਂ ਦੇ ਪ੍ਰਸ਼ਨ ਨੂੰ ਪਿੱਛੇ ਪਾ ਦਿੱਤਾ ਹੈ। ਹਾਲਾਤ ਆਪਣੇ ਆਪ ਹੀ ਸਾਡੀਆਂ ਤਰਜੀਹਾਂ ਬਦਲੀ ਜਾ ਰਹੇ ਹਨ। ਕੌਮਾਂ ਦੇ ਕਲਚਰ ਦਾ ਪੱਧਰ ਇਸ ਗੱਲ ਤੋਂ ਨਿਰਧਾਰਤ ਹੁੰਦਾ ਹੈ ਕਿ ਉਹ ਆਪਣੇ ਨਾਲ ਹੁੰਦੀਆਂ ਬੇਇਨਸਾਫੀਆਂ ਦਾ ਬਦਲਾ ਕਿੰਜ ਲੈਂਦੀਆਂ ਹਨ। ਇਕ ਤਰੀਕਾ ਉਧਮ ਸਿੰਘ ਵਾਲਾ ਹੈ ਤੇ ਇਕ ਆਈਨਸਟਾਈਨ ਵਾਲਾ। ਆਈਨਸਟਾਈਨ ਨੂੰ ਮਨੁੱਖਤਾ ਦਾ ਇਸ ਸਦੀ ਵਿਚ ਹੋਇਆ ਸਭ ਤੋਂ ਵੱਡਾ ਦਿਮਾਗ ਸਮਝਿਆ ਜਾਂਦਾ ਹੈ। ਉਸ ਨੇ ਪੂਰੀ ਦੁਨੀਆਂ ਦੀ ਜ਼ਿੰਦਗੀ 'ਤੇ ਅਸਰ ਪਾਇਆ। ਉਹ ਖੁਦ ਬੇਹੱਦ ਦੁਖਿਆਰੀ ਯਹੂਦੀ ਕੌਮ ਦੀ ਔਲਾਦ ਸੀ। ਉਸਨੇ ਆਪਣੀ ਉਸ ਕੌਮ ਨੂੰ ਨਵੀਂ ਪਛਾਣ ਦਿੱਤੀ ਜਿਸ ਨੂੰ ਬਿਲਕੁਲ ਖਤਮ ਕਰਨ ਦੀਆਂ ਗੱਲਾਂ ਹੋ ਰਹੀਆਂ ਸਨ। ਅੱਜ ਦੀ ਦੁਨੀਆਂ ਦੇ ਪ੍ਰਸੰਗ ਵਿਚ ਪੰਜਾਬੀਆਂ ਨੇ ਜਾਂ ਖਾਸ ਕਰਕੇ ਸਿੱਖਾਂ ਨੇ ਇਹ ਸੋਚਣਾ ਹੈ ਕਿ ਉਨ੍ਹਾਂ ਨੇ ਆਪਣੇ ਨਾਲ ਹੋਏ ਧੱਕਿਆਂ ਜਾਂ ਬੇਇਨਸਾਫੀਆਂ ਦਾ ਬਦਲਾ ਕਿੰਜ ਲੈਣਾ ਹੈ?

# ਨਾਨਕ, ਨਾਮ, ਅਭਿਆਸ ਅਤੇ ਗੁਰਦੁਆਰਾ

## ਖਾਲਸਾ ਪੰਥ

ਅਵਤਾਰ ਸਿੰਘ (ਪ੍ਰੋ.)*

ਨਾਨਕ ਨਾਮ ਦਾ ਤੱਤ ਸਾਰ ਉਹੀ ਹੈ, ਜਿਸ ਨੂੰ ਅਸੀਂ ਆਮ ਬੋਲ ਚਾਲ ਜਾਂ ਲਿਖਤ ਪੜ੍ਹਤ ਵਿਚ ਸਿੱਖੀ, ਗੁਰਮਤਿ, ਸਿੱਖ ਫ਼ਲਸਫ਼ਾ ਜਾਂ ਵਿਚਾਰਧਾਰਾ ਕਹਿ ਲੈਂਦੇ ਹਾਂ। ਅਰਦਾਸ ਦੀ ਸਮਾਪਤੀ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਕਾਮਨਾ ਨਾਲ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਨੇ 'ਦੀ ਸਪਿਰਟ ਬੌਰਨ ਪੀਪਲ' ਵਿਚ ਲਿਖਿਆ ਹੈ, ਅਸੀਂ ਤਾਂ ਗੁਰੂ ਨਾਨਕ ਨਾਨਕ ਕਹਿੰਦਿਆਂ ਹੀ ਪਾਰ ਹੋ ਜਾਣਾ ਹੈ, "Guru Nanak, Guru Nanak, we say and we pass on." ਉਹ ਲਿਖਦੇ ਹਨ: "Guru Nanak is the Name"

ਇਸ ਦੇ ਸਾਹਮਣੇ ਉਹ ਭਵਿਖ ਬਾਣੀ ਯਾਦ ਆਉਂਦੀ ਹੈ, ਜੋ ਭਵਿਸ਼ ਪੁਰਾਣ ਵਿਚ ਗੁਰੂ ਨਾਨਕ ਸਾਹਿਬ ਦੀ ਆਮਦ ਬਾਬਤ ਕੀਤੀ ਗਈ ਹੈ, "ਤਦਵੈ ਲੋਕ ਰਕਸ਼ਾਰਥਮ ਮਲੇਛਾਨੁ ਨਾਸ਼ਹੇਤਵੇ, ਪਾਸ਼ਚਮੇਸ਼ੁ ਸੂਬਹੇ ਦੇਸੇ ਵੇਦੀ ਵੰਸੇ ਚਾ ਨਾਨਕਹ।" ਅਰਥਾਤ ਤਦੋਂ ਸਰਬਤ ਦੇ ਭਲੇ ਲਈ, ਪਾਪੀਆਂ ਦੇ ਨਾਸ ਹਿਤ, ਭਾਰਤ ਦੇ ਪੱਛਮੀ ਭੂਖੰਡ ਵਿਖੇ, ਵੇਦੀ ਵੰਸ ਵਿਚ, ਨਾਨਕ ਪ੍ਰਗਟ ਹੋਵੇਗਾ। ਦੋ ਸ਼ਬਦਾਂ ਦਾ ਨਿੱਕਾ ਜਿਹਾ ਵਾਕੰਸ਼ 'ਨਾਨਕ ਨਾਮ' ਸਿੱਖ ਸਿਮਰਤੀ ਦਾ ਇਕ ਅਮਿਟ ਅੰਗ ਹੈ। ਸਿੱਖ ਮਨਾਂ ਅੰਦਰ, ਇਹ ਵਾਕੰਸ਼, ਅਸੀਮ ਆਸਥਾ ਅਤੇ ਅਥਾਹ ਸ਼ਰਧਾ ਦਾ ਲਖਾਇਕ ਵੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਲਗਭਗ ਕੋਈ ਵੀ ਸ਼ਬਦ ਅਜਿਹਾ ਨਹੀਂ ਹੈ, ਜਿਸ ਵਿਚ 'ਨਾਨਕ ਨਾਮ' ਨਾ ਆਇਆ ਹੋਵੇ। ਤਕਰੀਬਨ ਢਾਈ ਸੌ ਤੋਂ ਵਧੀਕ ਪੰਗਤੀਆਂ ਅਜਿਹੀਆਂ ਹਨ, ਜੋ 'ਨਾਨਕ ਨਾਮ' ਨਾਲ਼ ਅਰੰਭ ਹੁੰਦੀਆਂ ਹਨ। ਕੋਈ ਹੋਰ ਦੋ ਸ਼ਬਦ ਇਕੱਠੇ ਇਸ ਤਰ੍ਹਾਂ ਅਤੇ ਇਤਨੀ ਵੇਰ ਨਹੀਂ ਵਰਤੇ ਗਏ। ਇਸ ਵਾਕੰਸ਼ 'ਚ ਦੋ ਸ਼ਬਦ ਹਨ-ਨਾਨਕ ਅਤੇ ਨਾਮ। ਬਹੁਤੇ ਵਿਆਖਿਆਕਾਰ ਨਾਨਕ ਸ਼ਬਦ ਨੂੰ ਬਾਣੀ ਕਰਤਾ ਦੀ ਸਿਰਫ਼ ਮੋਹਰ ਛਾਪ ਹੀ ਮੰਨਦੇ ਹਨ ਪਰ ਨਾਨਕ ਸ਼ਬਦ ਆਪਣੇ ਆਪ ਵਿਚ ਬੜੇ ਹੀ ਰਹੱਸਮਈ ਤੇ ਡੂੰਘੇ ਅਰਥਾਂ ਦਾ ਸੂਚਕ ਹੈ।

ਚੂੜਾਮਣੀ ਇਤਿਹਾਸਕਾਰ, ਮਹਾਂ ਕਵੀ, ਭਾਈ ਸੰਤੋਖ ਸਿੰਘ ਨੇ ਨਾਨਕ ਪ੍ਰਕਾਸ਼ ਦੇ ਸ਼ੁਰੂ ਵਿਚ ਅਜਿਹਾ ਇਸ਼ਾਰਾ ਕੀਤਾ ਹੈ ਕਿ ਜਦੋਂ ਗੁਰੂ ਸਾਹਿਬ ਦੇ ਨਾਮ ਸੰਸਕਾਰ ਸਮੇਂ ਪੰਡਤ ਨੇ "ਸਿਸ ਕੋ ਨਾਨਕ ਨਾਮ ਧਰੀਜੈ" ਦੀ ਸਲਾਹ ਦਿੱਤੀ ਤਾਂ ਪਿਤਾ ਕਾਲੂ ਜੀ ਨੇ ਇਸ ਨਾਮ ਦੀ ਅਜੀਬ ਕਿਸਮ ਬਾਬਤ ਸ਼ੰਕਾ ਕੀਤਾ: "ਰਲਮਿਲ ਨਾਮ ਸੁ ਤੁਰਕ ਨ ਹਿੰਦੂ।" ਉਨ੍ਹਾਂ ਆਖਿਆ ਕਿ ਖੱਤਰੀ ਕੁਲ ਰੀਤੀ ਅਨੁਸਾਰ "ਅਵਰ ਨਾਮ ਕੋ ਸੋਧ ਧਰੀਜੈ।" ਤਾਂ ਅਨੁਭਵੀ ਪੰਡਤ ਨੇ ਸਪਸ਼ਟ ਕੀਤਾ ਕਿ "ਰਾਮ ਕਿਸ਼ਨ ਅਵਤਾਰ ਜੋ ਹਰ ਕਾ। ਪੂਜਹਿ ਹਿੰਦੂ ਨ ਮਾਨਹਿ ਤੁਰਕਾ।" ਫਿਰ ਗੁਰੂ ਸਾਹਿਬ ਦੀ ਅਲੌਕਿਕ ਆਭਾ ਅਤੇ ਨੂਰਾਨੀ ਚਿਹਨ ਚੱਕਰ ਤੱਕਦਿਆਂ ਪੰਡਤ ਨੇ ਇਹ ਵੀ ਆਖਿਆ ਕਿ "ਇਹ ਸਿਸ ਕੋ ਮਾਨਹਿੰਗੇ ਦੋਊ। ਹਿੰਦੂ ਤੁਰਕ ਸਿੱਖ ਹੁਇ ਸਭਿ ਕੋਊ।"

ਵਿਸ਼ਵ ਦਾ ਰੂਹਾਨੀ ਅਨੁਭਵ ਦੋ ਧਾਰਾਵਾਂ-ਆਰੀਆਈ ਅਤੇ ਸਾਮੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਵਿਸ਼ਵ ਦੇ ਸਮੁੱਚੇ ਅਧਿਆਤਮਕ ਸਫ਼ਰ ਦੀ ਸਾਂਝੀਵਾਲਤਾ ਅਤੇ ਸੰਪੰਨਤਾ ਦੇ ਪਰੋਖ ਇਸ਼ਾਰੇ ਨਾਨਕ ਨਾਮ ਵਿਚ ਸਮੋਏ ਹੋਏ ਹਨ। ਇਹ ਇਕ ਅਜਿਹਾ ਨਾਮ ਹੈ ਜਿਸ 'ਚ ਕੁਲ ਕਾਇਨਾਤ ਦੇ ਸਾਂਝੇ ਧਰਮ ਵੱਲ ਖ਼ੂਬਸੂਰਤ ਇਸ਼ਾਰਾ ਨਿਹਿਤ ਹੈ।

ਭਾਈ ਸਾਹਿਬ ਧਰਮਾਨੰਤ ਸਿੰਘ ਨੇ ਦਾ 'ਪ੍ਰਫ਼ਿਊਮਡ ਰੇਡੀਐਂਸ ਔਫ਼ ਗੁਰੂ ਨਾਨਕ' ਵਿਚ ਨਾਨਕ ਸ਼ਬਦ ਦੇ ਪਹਿਲੇ 'ਨ' ਨੂੰ ਨਾਂਹਵਾਚਕ ਅਤੇ 'ਅਨਕ' ਦੇ ਅਰਥ ਅਨੇਕ ਕਰਕੇ, 'Not Many' ਲਿਖਿਆ ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿਚ ਨਾਨਕ ਸ਼ਬਦ ਗੁਰਮਤਿ ਦੀ ਆਧਾਰਸ਼ਿਲਾ, ਮੂਲ ਮੰਤਰ ਦੇ ਅਰੰਭਕ ਏਕੇ ਦਾ ਪਰਿਆਏ ਹੈ। ਏਕਾ ਵਿਸ਼ਵ ਦੀ ਸਾਂਝੀਵਾਲਤਾ ਦਾ ਪ੍ਰਤੀਕ ਅਤੇ ਸੂਚਕ ਹੈ।

ਜਦੋਂ ਅਰਦਾਸ ਵਿਚ "ਨਾਨਕ ਨਾਮ ਚੜ੍ਹਦੀ ਕਲਾ" ਆਖਿਆ ਜਾਂਦਾ ਹੈ ਤਾਂ ਇਸ ਦਾ ਭਾਵ ਵੀ ਇਹੀ ਹੁੰਦਾ ਹੈ ਕਿ ਉਸ ਇਕ ਜਾਂ ਵਾਹਦ ਨਾਮ ਦੀ ਚੜ੍ਹਦੀ ਕਲਾ ਹੋਣ ਨਾਲ਼ ਹੀ ਸਰਬਤ ਦੇ ਭਲੇ ਦੀ ਉਮੀਦ ਰੱਖੀ ਜਾ ਸਕਦੀ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਇਹ 'ਨਾਮ' ਕੀ ਸ਼ੈ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਆਖਿਆ ਹੈ।

ਰੁਡੌਲਫ਼ ਔਟੋ ਨੇ ਆਪਣੀ ਪੁਸਤਕ 'ਆਈਡੀਆ ਔਫ਼ ਹੋਲੀ' ਵਿਚ 'ਨੌਮਿਨਸ ਐਕਸਪੀਰੀਐਂਸ' ਦਾ ਜ਼ਿਕਰ ਕੀਤਾ ਹੈ। ਇਹ ਉਹ ਰੂਹਾਨੀ ਅਨੁਭਵ ਹੈ ਜਿਸ ਮੁਤਾਬਕ ਮਨੁਖੀ ਮਨ ਅੰਦਰ ਇਕ ਵੈਰਾਗਮਈ ਲਰਜ਼ਿਸ਼ ਉਪਜਦੀ ਹੈ। ਫਿਰ ਇਕ ਖ਼ਾਸ ਕਿਸਮ ਦੀ ਬਿਹਬਲਤਾ ਅਤੇ ਕਸੀਸ ਉਤਪੰਨ ਹੁੰਦੀ ਹੈ। ਉਪਰੰਤ ਮਨੁਖੀ ਮਨ ਅੰਦਰ ਸਮਰਪਣ ਦੀ ਭਾਵਨਾ ਪਣਪ ਪੈਂਦੀ ਹੈ ਅਤੇ ਰੱਬ ਵਿਚ ਯਕੀਨ ਬੱਝਦਾ ਹੈ। ਉਸ ਨੇ ਇਸ ਅਨੁਭਵ ਨੂੰ 'ਇਰਰੈਸ਼ਨਲ' ਨਹੀਂ 'ਨੌਨਰੈਸ਼ਨਲ' ਕਿਹਾ ਹੈ।

ਕਾਂਤ ਨੇ ਆਪਣੀਆਂ ਲਿਖਤਾਂ ਵਿਚ 'ਫਿਨੌਮਿਨਨ' ਨੂੰ ਇੰਦ੍ਰਿਆਵੀ ਸੱਚ ਮੰਨਿਆ ਹੈ ਪਰ 'ਨੌਮਿਨਨ' ਨੂੰ ਪਰਾ-ਇੰਦ੍ਰਿਆਵੀ ਅਤੇ ਅਦਿਖ ਸੱਚ ਤਸਲੀਮ ਕੀਤਾ ਹੈ। ਲੈਟਿਨ ਵਿਚ 'ਨੌਮਿਨ' ਦੇ ਅਰਥ 'ਪਰੈਜ਼ੈਂਸ ਔਫ਼ ਡਵਿਨਟੀ' ਜਾਂ ਰੱਬੀ ਜ਼ਹੂਰ ਕੀਤੇ ਹਨ। ਇਸੇ ਤਰ੍ਹਾਂ 'ਨੌਮਿਨਸ' ਸ਼ਬਦ ਦਾ ਅਰਥ 'ਡਿਵਾਈਨ ਮਜੈਸਟੀ' ਜਾਂ ਇਲਾਹੀ ਹੁਕਮ ਮਿਲ਼ਦਾ ਹੈ।

ਸਿਰਦਾਰ ਕਪੂਰ ਸਿੰਘ ਨੇ ਆਪਣੀ ਪੁਸਤਕ 'ਸਿੱਖਇਜ਼ਮ ਫੌਰ ਮੌਡਰਨ ਮੈਨ' ਵਿਚ ਨਾਮ ਦੀ ਵਿਆਖਿਆ ਕਰਦਿਆਂ ਇਸ ਨੂੰ ਸੰਸਕ੍ਰਿਤ ਦੇ 'ਨਾਮਹ' ਨਾਲ਼ ਜੋੜਿਆ ਹੈ ਤੇ ਫਿਰ ਲੈਟਿਨ ਦੇ 'ਨੌਮਿਨਨ' ਅਤੇ 'ਨੌਮਿਨਸ' ਦੇ ਹਵਾਲੇ ਨਾਲ਼ ਇਸ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਮੁਤਾਬਕ ਨਾਮ ਉਹ ਪਰਮ ਸੱਤ ਹੈ, ਜੋ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ। ਹਿੰਦੂ ਦ੍ਰਿਸ਼ਟੀ ਅਨੁਸਾਰ ਜਗਤ ਦਾ ਦਿਖਦਾ ਰੂਪ ਸੱਤ ਨਹੀਂ ਹੈ। ਇਹ ਇਸ ਕਰਕੇ ਸੱਤ ਨਹੀਂ ਹੈ, ਕਿਉਂਕਿ ਇਹ ਸਮੇਂ ਤੇ ਸਥਾਨ ਮੁਤਾਬਕ ਬਦਲਣਹਾਰ ਹੈ। ਪਰ ਜਗਤ ਦਾ ਅਦਿਖ ਜਾਂ ਸੂਖਮ ਰੂਪ ਅਟੱਲ ਸੱਚ ਹੈ, ਕਿਉਂਜੋ ਇਹ ਸਮੇਂ ਤੇ ਸਥਾਨੀ ਪ੍ਰਭਾਵਾਂ ਤੋਂ ਨਿਰਲੇਪ ਹੈ। ਇਸੇ ਕਰਕੇ ਇਸ ਅਦਿਖ ਜਾਂ ਸੂਖਮ ਰੂਪ ਨੂੰ 'ਸਨਾਤਨ' ਆਖਿਆ ਗਿਆ ਹੈ। 'ਸਨਾਤਨ' ਦਾ ਅਰਥ ਕੇਵਲ ਪੁਰਾਤਨ ਨਹੀਂ Eternal ਅਤੇ Universal ਵੀ ਹੈ।

ਗੁਰੂ ਨਾਨਕ ਦਾ ਧਰਮ ਇਕ ਹੋਰ ਧਰਮ ਨਹੀਂ ਹੈ। ਇਹ ਧਰਮਾਂ ਦੀ ਬਹੁਲਤਾ ਨੂੰ ਸਮਾਪਤ ਕਰਨ ਵਾਲ਼ਾ ਇਕ Eternal ਅਤੇ Universal ਧਰਮ ਹੈ। ਇਸੇ ਕਰਕੇ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਆਖਿਆ ਗਿਆ ਹੈ। ਨਾਮ ਨੂੰ ਵੀ ਵਿਸ਼ਵ ਦੇ ਕਲਿਆਣ ਦੀ ਲਗਾਤਾਰਤਾ ਨਾਲ ਜੋੜਿਆ ਗਿਆ ਹੈ: "ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ।" ਗੁਰੂ ਨਾਨਕ ਦੇ ਧਰਮ ਮਾਰਗ 'ਤੇ ਚੱਲਣ ਵਾਲਿਆਂ ਨੂੰ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਨੇ ਪੰਥ ਦੇ ਲਕਬ ਨਾਲ਼ ਨਿਵਾਜ਼ਿਆ। ਇਸੇ ਪੰਥ ਬਾਬਤ ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਆਖਿਆ ਗਿਆ ਹੈ, "ਇਹ ਆਦਿ ਅੰਤ ਏਕੈ ਸੁਪੰਥ, ਗੁਰ ਰਚਿਯੋ ਜਗਤ ਕੌ ਦੈਨ ਸੰਥ।" ਪੰਥ ਨੇ ਜਗਤ ਨੂੰ ਜਿਹੜੀ ਸੰਥਿਆ ਦੇਣੀ ਹੈ, ਇਹ ਉਹੀ ਨਾਮ ਹੈ, ਜਿਸ ਦਾ ਪ੍ਰਚਲਨ ਗੁਰੂ ਨਾਨਕ ਸਾਹਿਬ ਨੇ ਕੀਤਾ ਹੈ। ਇਹ ਨਾਮ ਗੁਰੂ ਗ੍ਰੰਥ ਸਾਹਿਬ ਦਾ ਕੇਂਦਰੀ ਧੁਰਾ ਹੈ। ਜਪੁਜੀ ਸਾਹਿਬ ਦੀ ਸਮਾਪਤੀ ਉਪਰੰਤ, ਸਲੋਕ ਦੇ ਅਖ਼ੀਰ ਵਿਚ, ਇਸੇ ਨਾਮ ਦਾ ਜ਼ਿਕਰ ਹੈ: "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।" ਮੁੰਦਾਵਣੀ ਵਿਚ ਵੀ ਗੁਰੂ ਗ੍ਰੰਥ ਸਾਹਿਬ ਨੂੰ ਥਾਲ਼ ਦੇ ਪ੍ਰਤੀਕ ਵਿਚ ਪੇਸ਼ ਕਰਕੇ, ਇਸ ਵਿਚ ਰੂਹਾਨੀ ਭੋਜਨ ਵਜੋਂ ਪ੍ਰੋਸੀਆਂ ਗਈਆਂ ਤਿੰਨ ਵਸਤੂਆਂ ਤੋਂ ਇਲਾਵਾ ਅਧਾਰਭੂਤ ਵਸਤੂ ਨਾਮ ਦਾ ਹੀ ਜ਼ਿਕਰ ਹੈ: "ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ।" ਇਸ ਦੀ ਅਹਿਮੀਅਤ ਅਤੇ ਜ਼ਰੂਰਤ ਇਵੇਂ ਦਰਸਾਈ ਗਈ ਹੈ: "ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ।" ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਵੀ ਨਾਮ ਦੀ ਮਹਿਮਾ ਨਾਲ਼ ਹੋਈ ਹੈ: "ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ।" ਸਿੱਖ ਅਰਦਾਸ ਵੀ ਨਾਨਕ ਨਾਮ ਦੀ ਚੜ੍ਹਦੀ ਕਲਾ ਦੀ ਮੰਗਲ਼ਮਈ ਸ਼ੁੱਭ ਇਛਾ ਨਾਲ਼ ਸਮਾਪਤ ਹੁੰਦੀ ਹੈ। ਸਿੱਖੀ ਦੇ ਤਿੰਨ ਨੁਕਾਤੀ ਸੂਤਰ ਵਿਚ ਵੀ ਨਾਮ ਸ਼ਾਮਿਲ ਹੈ: "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਅਤੇ "ਨਾਮ ਦਾਨ ਇਸ਼ਨਾਨ।" ਇਸ ਤੋਂ ਵੱਧ ਸਪਸ਼ਟ ਉਕਤੀ ਕੀ ਹੋ ਸਕਦੀ ਹੈ: "ਨਾਨਕ ਕੈ ਘਰਿ ਕੇਵਲ ਨਾਮੁ।"

ਸਿੱਖੀ ਵਿਚ ਸਿਧਾਂਤ ਨਾਲੋਂ ਅਭਿਆਸ ਨੂੰ ਵਧੇਰੇ ਮਹੱਤਤਾ ਦਿਤੀ ਗਈ ਹੈ। ਮਨ ਦੇ ਹੱਠ ਕਾਰਨ ਬੁਧੀ ਵਿਚ ਭਿੰਨਤਾ ਉਪਜਦੀ ਹੈ, ਜਿਸ ਕਾਰਨ ਵੇਦ ਬਾਬਤ ਕਿੰਨੇ ਹੀ ਵਿਚਾਰ ਪੈਦਾ ਹੋ ਗਏ ਹਨ। ਇਸ ਗੱਲ ਨੂੰ ਸਮਝਣ ਲਈ ਕੀਰਤਨ ਸੋਹਿਲੇ ਵਿਚ ਆਈ ਪੰਗਤੀ ਦੀ ਸਹਾਇਤਾ ਲਈ ਜਾ ਸਕਦੀ ਹੈ: "ਛਿਅ ਘਰ ਛਿਅ ਗੁਰ ਛਿਅ ਉਪਦੇਸ। ਗੁਰੁ ਗੁਰੁ ਏਕੋ ਵੇਸ ਅਨੇਕ।" ਇਸ ਵਿਚ ਭਾਰਤੀ ਖਟ ਸ਼ਾਸਤਰ ਬਾਬਤ ਕਿਹਾ ਗਿਆ ਹੈ ਕਿ ਦਰਸ਼ਨ ਦੇ ਛੇ ਸਕੂਲ ਹਨ, ਛੇ ਹੀ ਉਨ੍ਹਾਂ ਦੇ ਸੰਸਥਾਪਕ ਹਨ ਅਤੇ ਛੇ ਹੀ ਉਨ੍ਹਾਂ ਦੇ ਉਪਦੇਸ਼ ਹਨ ਪਰ ਅਸਲ 'ਚ ਇਨ੍ਹਾਂ ਸੰਸਥਾਪਕਾਂ ਦੇ ਗਿਆਨ ਦਾ ਕੋਈ ਇਕ ਹੀ ਸਾਂਝਾ ਸੋਮਾ ਹੈ, ਜਿਥੋਂ ਇਨ੍ਹਾਂ ਦੇ ਵਿਚਾਰਾਂ ਨੇ ਅਨੇਕ ਰੂਪ ਅਖ਼ਤਿਆਰ ਕਰ ਲਏ ਹਨ। ਗੁਰਬਾਣੀ ਵਿਚ ਮਨ ਨੂੰ ਰਾਜਾ ਤੇ ਸੁਲਤਾਨ ਵੀ ਕਿਹਾ ਗਿਆ ਹੈ। ਮਨ ਦੇ ਹਠ ਕਾਰਣ ਬੁਧੀ ਕਈ ਰੂਪ ਧਾਰ ਲੈਂਦੀ ਹੈ, ਜਿਸ ਕਾਰਨ ਵਿਦਿਆ ਤੇ ਵਿਆਖਿਆਵਾਂ ਵਿਚ ਅਨੇਕਤਾ ਆ ਜਾਂਦੀ ਹੈ: "ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।" ਦਸਮ ਪਾਤਸ਼ਾਹ ਨੇ ਵੀ ਫ਼ੁਰਮਾਇਆ ਹੈ: "ਜੇਤੇ ਬਦਨ ਸ੍ਰਿਸਟਿ ਸਭ ਧਾਰੈ। ਆਪੁ ਆਪਨੀ ਬੂਝ ਉਚਾਰੈ" ਅਤੇ "ਆਪੁ ਆਪਨੀ ਬੁਧ ਹੈ ਜੇਤੀ। ਬਰਨਤ ਭਿੰਨ ਭਿੰਨ ਤੁਹਿ ਤੇਤੀ।"

ਵਿਚਾਰਾਂ ਵਿਚ ਅੰਤਰ ਜਾਂ ਅਨੇਕਤਾ ਬੁਧੀ ਦਾ ਹੀ ਵਿਸਤਾਰ ਹੈ। ਇਸੇ ਕਰਕੇ ਗੁਰਮਤਿ ਵਿਚ ਵਿਚਾਰ ਨਾਲ਼ੋਂ ਕਰਮ ਨੂੰ ਪ੍ਰਮੁਖਤਾ ਹਾਸਲ ਹੈ। ਬਾਣੀ ਵਿਚ ਆਉਂਦਾ ਹੈ: "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"

ਗੁਰੂ ਗ੍ਰੰਥ ਸਾਹਿਬ 'ਚ ਨਾਮ ਅਭਿਆਸ ਦੀਆਂ ਬੜੀਆਂ ਹੀ ਮਨਮੋਹਕ ਉਦਾਹਰਣਾਂ ਦਿਤੀਆਂ ਗਈਆਂ ਹਨ। ਜਿਵੇਂ ਹਮਜੋਲੀਆਂ ਨਾਲ਼ ਗੱਲਾਂ 'ਚ ਰੁਝਿਆ ਬੱਚਾ ਆਪਣਾ ਧਿਆਨ ਪਤੰਗ ਵਿਚ ਬਰਕਰਾਰ ਰਖਦਾ ਹੈ, ਜਿਵੇਂ ਘਰਾਂ ਨੂੰ ਪਾਣੀ ਲਈ ਆਉਂਦੀਆਂ ਸਖੀਆਂ ਆਪੋ ਵਿਚ ਮਛਰੇਵੇਂ ਕਰਦੀਆਂ ਵੀ ਆਪਣਾ ਧਿਆਨ ਸਿਰ 'ਤੇ ਰੱਖੇ ਘੜਿਆਂ ਵਿਚ ਟਿਕਾਈ ਰਖਦੀਆਂ ਹਨ, ਜਿਵੇਂ ਘਰ ਦੇ ਕੰਮ ਕਾਜ ਵਿਚ ਰੁਝੀ ਹੋਈ ਸੁਆਣੀ ਆਪਣਾ ਧਿਆਨ ਸੁੱਤੇ ਪਏ ਬਾਲ ਤੋਂ ਛਿਣ ਭਰ ਲਈ ਵੀ ਇਧਰ ਉਧਰ ਨਹੀਂ ਹੋਣ ਦਿੰਦੀ, ਜਿਵੇਂ ਧਰੂ ਅਤੇ ਪ੍ਰਹਿਲਾਦ ਨੇ ਬਿਪਤਾ ਸਮੇਂ ਵੀ ਆਪਣਾ ਧਿਆਨ ਓਸ ਪਰਮ ਪਿਤਾ ਵਿਚ ਟਿਕਾਈ ਰੱਖਿਆ।

ਪ੍ਰਾਚੀਨ ਸਮਿਆਂ ਦੌਰਾਨ ਜਪ ਸਾਧਨਾ ਦੇ ਨਾਲ਼ ਤਪ ਸਾਧਨਾ 'ਤੇ ਜ਼ੋਰ ਦਿਤਾ ਜਾਂਦਾ ਸੀ। ਜਪ ਇਕ ਅਜਿਹੀ ਸਾਧਨਾ ਹੈ, ਜੋ ਮੁਖ 'ਤੋਂ ਸ਼ੁਰੂ ਹੋ ਕੇ ਹਿਰਦੇ ਰਾਹੀਂ ਰੂਹ ਤਕ ਪੁਜਦੀ ਹੈ। ਤਪ ਦਾ ਭਾਵ ਹੈ ਸਰੀਰ ਨੂੰ ਤਪਾਉਣਾ ਜਾਂ ਕਸ਼ਟ ਦੇਣਾ। ਕੰਡਿਆਂ ਦੇ ਬਿਸਤਰ 'ਤੇ ਸੌਣਾ, ਨੰਗੇ ਪੈਰੀਂ ਰਹਿਣਾ, ਨਿਰਵਸਤਰ ਰਹਿਣਾ, ਭੋਜਨ ਨਾ ਕਰਨਾ, ਨਾ ਸੌਣਾ, ਬਾਂਹ ਖੜ੍ਹੀ ਕਰੀ ਰਖਣਾ, ਬਿਰਖਾਂ 'ਤੇ ਚੜ੍ਹੇ ਰਹਿਣਾ, ਆਪਣੇ ਆਪ ਨੂੰ ਜ਼ਮੀਨ ਵਿਚ ਦੱਬ ਲੈਣਾ ਆਦਿ ਤਪ ਦੀਆਂ ਉਦਾਹਰਣਾਂ ਹਨ। ਪ੍ਰਾਚੀਨ ਭਾਰਤ ਵਿਚ ਵੀ ਆਤਮਘਾਤ ਨੂੰ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਰਿਹਾ ਹੈ। ਪੱਛਮ ਵਿਚ ਵੀ ਜੀਵਨ ਦੇ ਦੁਖ ਤੋਂ ਮੁਕਤ ਹੋਣ ਲਈ ਆਤਮਘਾਤ ਦੇ ਇਸ਼ਾਰੇ ਮਿਲ਼ਦੇ ਹਨ। ਪਰ ਗੁਰਬਾਣੀ ਵਿਚ ਹਰ ਪ੍ਰਕਾਰ ਦੇ ਆਮਘਾਤ ਨੂੰ ਅਪ੍ਰਵਾਨ ਕੀਤਾ ਗਿਆ ਹੈ। ਸਪਸ਼ਟ ਫ਼ੁਰਮਾਨ ਹੈ: "ਆਤਮ ਘਾਤੀ ਹੈ ਜਗਤ ਕਸਾਈ।" ਗੁਰਮਤਿ ਵਿਚ ਤਾਂ ਦੇਹੀ ਦੀ ਸੁਚੱਜੇ ਢੰਗ ਨਾਲ਼ ਸਾਂਭ ਸੰਭਾਲ਼ ਲਈ ਕਿਹਾ ਗਿਆ ਹੈ: "ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ।" ਮਨੁਖਾ ਦੇਹੀ ਨੂੰ ਹੀਰੇ ਤੁਲ ਬੇਸ਼ ਕੀਮਤੀ ਮੰਨ ਕੇ ਇਸ ਨੂੰ ਕੌਡੀਆਂ ਦੇ ਭਾ ਨਾ ਰੋੜ੍ਹਨ ਦਾ ਫ਼ੁਰਮਾਨ ਹੈ। ਜਿਸ ਦੇਹੀ ਨੂੰ ਪ੍ਰਾਪਤ ਕਰਨ ਲਈ ਦੇਹ ਵਿਹੂਣੇ ਦੇਵਤੇ ਵੀ ਤਰਸ ਰਹੇ ਹਨ, ਉਸ ਦੀ ਸਦਵਰਤੋਂ ਨਾ ਕਰਕੇ, ਅਜਾਈਂ ਗੁਆਣਾ ਗੁਰਮਤਿ ਨਹੀਂ ਹੈ। ਜੇ ਕੋਈ "ਸਰਬ ਰੋਗ ਕਾ ਅਉਖਦੁ ਨਾਮੁ" ਦੀ ਬਰਕਤ ਨਾਲ਼ ਦੇਹੀ ਨੂੰ ਸਵੱਛ ਅਤੇ ਅਰੋਗ ਨਹੀਂ ਰਖਦਾ, ਉਸ ਬਾਬਤ ਬਾਣੀ ਵਿਚ ਆਇਆ ਹੈ: "ਨਾਮ ਨ ਜਪਹਿ ਤੇ ਆਤਮ ਘਾਤੀ।"

ਇਸ ਦੇ ਵਿਪਰੀਤ, ਜਿਸ ਦੇ ਹਿਰਦੇ ਵਿਚ ਨਾਮ ਵਸਿਆ ਹੈ, ਬਾਣੀ ਵਿਚ ਉਸ ਨੂੰ ਤਮਾਮ ਬਰਕਤਾਂ ਦਾ ਮਾਲਕ ਦੱਸਿਆ ਗਿਆ ਹੈ: "ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ।" ਉਹ ਕਦੀ ਘਾਟੇ ਵਿਚ ਨਹੀਂ ਰਹਿੰਦਾ: "ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ।" ਉਹ ਬੇਸ਼ੁਮਾਰ ਧਨ ਦੌਲਤਾਂ ਦਾ ਮਾਲਕ ਬਣਦਾ ਹੈ: "ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।" ਹਰ ਵਸੀਲਾ ਉਸ ਦੇ ਵੱਸ ਹੁੰਦਾ ਹੈ: "ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ।" ਇਸ ਕਰਕੇ ਉਸ ਦਾ ਹਰ ਕਾਰਜ ਸਿਰੇ ਚੜ੍ਹਦਾ ਹੈ: "ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।" ਬੇਸ਼ੱਕ ਉਹ ਸੀਤਲ ਸੁਭਾ ਦਾ ਮਾਲਕ ਹੁੰਦਾ ਹੈ: "ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ।" ਪਰ ਸਮਸਤ ਸਸ਼ਸਤਰ ਸ਼ਕਤੀਆਂ ਉਸ ਦੇ ਹੁਕਮ ਵਿਚ ਰਹਿੰਦੀਆਂ ਹਨ: "ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ।" ਇਨ੍ਹਾਂ ਸਭ ਗੁਣਾਂ ਕਰਕੇ ਉਹ ਸਦਾ ਬੇਪ੍ਰਵਾਹ ਰਹਿੰਦਾ ਹੈ: "ਜਿਸੁ ਨਾਮੁ ਰਿਦੈ ਸੋ ਵੇਪਰਵਾਹਾ।" ਇਸੇ ਲਈ ਤਾਂ ਉਹ ਰਾਜਿਆਂ ਦਾ ਮਹਾਰਾਜਾ ਹੁੰਦਾ ਹੈ: "ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।" ਪਰ ਗੁਰਮਤਿ ਵਿਚ ਜਪ ਪ੍ਰਵਾਨ ਕੀਤਾ ਗਿਆ ਹੈ, ਤਪ ਨਹੀਂ। ਬਾਣੀ ਦਾ ਫ਼ੁਰਮਾਨ ਹੈ: "ਨਿਮਖ ਨਿਮਖ ਕਰਿ ਸਰੀਰੁ ਕਟਾਵੈ, ਤਉ ਭੀ ਹਉਮੈ ਮੈਲੁ ਨ ਜਾਵੈ" ਅਤੇ ਇਸ ਤੋਂ ਇਲਾਵਾ "ਤਨੁ ਨ ਤਪਾਇ ਤਨੂਰ ਜਿਉ ਬਾਲਨ ਹਡ ਨ ਬਾਲਿ"... "ਜੰਗਲੁ ਜੰਗਲੁ ਕਿਆ ਭਵਹਿ" ਜਾਂ "ਕਾਹੇ ਰੇ ਬਨ ਖੋਜਨ ਜਾਈ।" ਗੁਰਮਤਿ ਵਿਚ ਤਪ ਦੀ ਥਾਂ ਸੇਵਾ ਨੂੰ ਪ੍ਰਧਾਨਤਾ ਹਾਸਲ ਹੈ। ਭਾਈ ਗੁਰਦਾਸ ਜੀ ਲਿਖਦੇ ਹਨ, "ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫ਼ਲ ਕਰਣੀ।" ਬਾਣੀ ਵਿਚ ਅਨੇਕ ਪੰਕਤੀਆਂ ਸੇਵਾ ਦੀ ਅਹਿਮੀਅਤ ਦਰਸਾਉਂਦੀਆਂ ਹਨ: "ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ"... "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।" ਗੁਰੂ ਦਾ ਸਿੱਖ ਮੁਰਦਾ ਮੁਰੀਦ ਜਾਂ ਜੀਵਨ ਮੁਕਤ ਹੋ ਕੇ ਵੀ ਸੇਵਾ 'ਚ ਵਿਅਸਤ ਰਹਿੰਦਾ ਹੈ।

ਤਪ ਅਧੀਨ ਉਠਾਏ ਕਸ਼ਟ ਦਾ ਲਾਭ ਕੇਵਲ ਉਸੇ ਸ਼ਖ਼ਸ ਤੱਕ ਸੀਮਤ ਹੁੰਦਾ ਹੈ ਪਰ ਸੇਵਾ ਵਿਚ ਦੇਹੀ ਦੇ ਅਭਿਆਸ ਦਾ ਸੁਖ ਦੂਸਰਿਆਂ ਤੱਕ ਵੀ ਪੁਜਦਾ ਹੈ। ਗੁਰਮਤਿ ਵਿਚ ਮੁਕਤੀ, ਨਿਜੀ ਨਾ ਹੋ ਕੇ, ਸੰਗਤ ਰੂਪ ਵਿਚ ਪ੍ਰਵਾਨ ਕੀਤੀ ਗਈ ਹੈ। ਗੁਰੂ ਕਾ ਸਿੱਖ ਜਿਵੇਂ ਜਿਵੇਂ ਨਿਰਲੇਪਤਾ ਜਾ ਮੁਕਤੀ ਵੱਲ ਵਧਦਾ ਹੈ, ਉਹ ਸੇਵਾ ਵਿਚ ਲੀਨ ਹੁੰਦਾ ਹੈ, "ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ" ਹੈ। ਗੁਰਮਤਿ ਵਿਚ ਜੀਵਨ ਦਾ ਪਰਮ ਮਨੋਰਥ ਸਿਮਰਣ ਅਤੇ ਸੇਵਾ ਹੈ। ਇਹ 'ਕਾਰ ਸੇਵਾ' ਜਾਂ 'ਕਾਰਿ ਸਵਾਬ' ਹੈ। ਗੁਰਮਤਿ ਵਿਚ ਸੇਵਾ ਸਿਮਰਨ ਦੀ ਅਹਿਮੀਅਤ ਅਸਾਂ ਜਾਣ ਲਈ ਹੈ।

ਦਸਮ ਪਾਤਸ਼ਾਹ ਜੀ ਦੀ ਮਨੋਹਰ ਬਾਣੀ ਵਿਚ ਸ੍ਰਿਸ਼ਟੀ ਰਚਨਾ ਬਾਬਤ ਇਕ ਇਸ਼ਾਰਾ ਹੈ: "ਜਬ ਉਦਕਰਖ ਕਰਾ ਕਰਤਾਰਾ, ਪ੍ਰਜਾ ਧਰਤ ਤਬ ਦੇਹ ਅਪਾਰਾ। ਜਬ ਅਕਰਖ ਕਰਤ ਹੋ ਕਬਹੂੰ, ਤੁਮ ਮੈ ਮਿਲਤ ਦੇਹ ਧਰ ਸਭਹੂੰ।" ਸ੍ਰਿਸ਼ਟੀ ਰਚਨਾ ਬਾਰੇ ਵਿਗਿਆਨੀਆਂ ਵਲੋਂ ਤਿੰਨ ਸਿਧਾਂਤ ਬਿਗ ਬੈਂਗ, ਸਟੈਡੀ ਸਟੇਟ ਅਤੇ ਔਸੀਲੇਟਿੰਗ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿਚੋਂ ਬਿਗ ਬੈਂਗ ਅਤੇ ਔਸੀਲੇਟਿੰਗ ਮਿਲ਼ ਕੇ ਦਸਮ ਪਾਤਸ਼ਾਹ ਦੇ ਉਕਤ ਸੂਤਰ ਦੀ ਪ੍ਰੋੜ੍ਹਤਾ ਹੀ ਕਰਦੇ ਹਨ। ਗੁਰੂ ਨਾਨਕ ਪਾਤਸ਼ਾਹ ਨੇ ਵੀ ਮਾਰੂ ਸੋਹਲਿਆਂ ਵਿਚ ਅਜਿਹਾ ਹੀ ਇਸ਼ਾਰਾ ਕੀਤਾ ਹੈ: "ਅਰਬਦ ਨਰਬਦ ਧੁੰਧੂਕਾਰਾ।"

ਪਰਮਾਤਮਾ ਨੇ ਹਵਾ, ਪਾਣੀ, ਅਗਨੀ ਤੇ ਸਪੇਸ ਦਰਮਿਆਨ ਧਰਤੀ ਸਾਜੀ ਹੈ: "ਧਰਤੀ ਥਾਪਿ ਰਖੀ ਧਰਮ ਸਾਲ।" ਇਸ ਧਰਤੀ 'ਤੇ ਅਨੰਤ ਜੀਵਾਂ ਵਿਚੋਂ ਮਨੁਖ ਪ੍ਰਮੁੱਖ ਹੈ: "ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿੱਖਦਾਰੀ।" ਜੇ ਧਰਤੀ ਧਰਮਸਾਲ ਹੈ ਤਾਂ ਮਨੁਖ ਇਸ ਧਰਤੀ 'ਤੇ ਧਰਮ ਦਾ ਪ੍ਰਸਾਰਕ ਹੈ। ਧਰਮ ਤੋਂ ਬਿਨਾ ਇਹ ਸ੍ਰਿਸ਼ਟੀ ਨਿਰੀ ਜ਼ਹਿਰ ਹੈ: "ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।" ਪਰ ਧਰਮ ਦੇ ਸਦਕੇ ਇਹ ਜ਼ਹਿਰੀ ਸ੍ਰਿਸ਼ਟੀ ਹਰੀ ਦੇ ਰੂਪ ਵਜੋਂ ਦਿਸ ਆਉਂਦੀ ਹੈ: "ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।"

ਧਮਪਦ ਵਿਚ ਆਉਂਦਾ ਹੈ: "ਕੋ ਇਵਮ ਪੱਥਵਿਮ ਵਿਜੱਸਤਿ। ਕੋ ਧੱਮਪਦਮ ਸੁਦੇਸਿਤਮ।" ਅਰਥਾਤ ਸੰਸਾਰ ਦੇ ਮਾਰਗ ਨੂੰ ਕੌਣ ਫ਼ਤਿਹ ਕਰੇਗਾ? ਧਰਮ ਦਾ ਸ਼ੁਧ ਪੰਥ ਕੌਣ ਲੱਭੇਗਾ? ਅੱਗੇ ਇਸ ਦਾ ਜਵਾਬ ਵੀ ਦਿਤਾ ਗਿਆ ਹੈ: "ਸੇਖੋ ਪੱਥਵਿਮ ਵਿਜੱਸਤਿ। ਸੇਖੋ ਧਮਪਦਮ ਸੁਦੇਸਿਤਮ।" ਅਰਥਾਤ ਸਿੱਖ ਹੀ ਸੰਸਾਰ ਦੇ ਮਾਰਗ ਨੂੰ ਫ਼ਤਿਹ ਕਰੇਗਾ। ਸਿੱਖ ਹੀ ਸ਼ੁੱਧ ਧਰਮ ਨੂੰ ਅਨੁਭਵ ਵਿਚ ਲਿਆਵੇਗਾ। ਜੱਗ ਨੂੰ ਜਿਤਣਾ ਮਨ ਨੂੰ ਜਿਤਣਾ ਹੈ ਤੇ ਮਨ ਨੂੰ ਜਿਤਣਾ ਹੀ ਮਹਾਂ ਧਰਮ ਅਨੁਭਵ ਹੈ: "ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ।" ਗੁਰਮਤਿ ਵਿਚ ਧਰਮ ਮਾਰਗ 'ਤੇ ਚਲਦਿਆਂ ਜੀਵਨ ਦੀ ਕਾਮਯਾਬੀ ਹਾਸਲ ਕਰਨਾ ਸਿੱਖ ਦਾ ਸਿਰਫ਼ ਨਿਜੀ ਮਸਲਾ ਨਹੀਂ, ਸਗੋਂ ਸਾਂਝਾ ਪ੍ਰਯੋਜਨ ਅਤੇ ਪ੍ਰਯਤਨ ਹੈ: "ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ...ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਿਆ।"

ਸੇਵਾ ਅਤੇ ਸਿਮਰਨ ਸਫ਼ਲ ਜੀਵਨ ਦਾ ਸਾਧਨ ਤਾਂ ਹੈ, ਪਰ ਇਸ ਦਾ ਸਥਾਨ ਕਿਹੜਾ ਹੈ? ਗੁਰੂ ਨਾਨਕ ਪਾਤਸ਼ਾਹ ਨੇ ਚਾਰ ਉਦਾਸੀਆਂ ਦੌਰਾਨ ਭਾਈ ਗੁਰਦਾਸ ਦੇ ਹਵਾਲੇ ਅਨੁਸਾਰ, "ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।" ਉਨ੍ਹਾਂ ਦੇ ਮੁਬਾਰਕ ਕਦਮਾਂ ਦੀ ਛਾਪ ਧਰਮ ਅਸਥਾਨ ਵਿਚ ਤਬਦੀਲ ਹੋ ਜਾਂਦੀ ਸੀ: "ਜਿਥੇ ਬਾਬਾ ਪੈਰੁ ਧਰੇ ਪੂਜਾ ਆਸਣੁ ਥਾਪਣਿ ਸੋਆ।" ਹਿੰਦੁਸਤਾਨ ਵਿਚ ਵਿਸਾਖੀ ਦੀ ਸੰਕ੍ਰਾਂਤੀ ਵਨਸਪਤੀ ਦੇ ਜੋਬਨ ਜਾਂ ਫ਼ਸਲਾਂ ਦੇ ਪੱਕ ਜਾਣ ਦੀ ਸੂਚਕ ਹੈ ਅਤੇ ਖ਼ੁਸ਼ੀਆਂ ਖੇੜਿਆਂ, ਮੌਜ ਮਸਤੀਆਂ ਤੇ ਮੇਲਿਆਂ ਦਾ ਤਿਉਹਾਰ ਹੈ। ਗੁਰੂ ਨਾਨਕ ਪਾਤਸ਼ਾਹ ਦੀ ਆਮਦ ਨੇ ਕਾਇਨਾਤ ਅੰਦਰ ਧਰਮ ਦੀ ਫ਼ਸਲ ਫਲੀ ਭੂਤ ਅਤੇ ਪੱਕ ਜਾਣ ਦੀ ਸੂਚਨਾ ਦਿਤੀ ਤੇ ਜਗਤ ਨੂੰ ਵਿਸਮਾਦੀ ਵਸੋਏ ਦੇ ਅਨੁਭਵ ਨਾਲ਼ ਸਰਸ਼ਾਰ ਕੀਤਾ: "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।" ਅਖ਼ੀਰ ਵਿਚ ਉਨ੍ਹਾਂ ਕਰਤਾਰਪੁਰ ਵਸਾਇਆ। ਇਸੇ ਤਰ੍ਹਾਂ ਦੂਜੇ ਪਾਤਸ਼ਾਹ ਨੇ ਖਡੂਰ ਸਾਹਿਬ, ਤੀਜੇ ਨੇ ਗੋਇੰਦਵਾਲ ਸਾਹਿਬ, ਚੌਥੇ ਨੇ ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਵੇਂ ਨੇ ਤਰਨਤਾਰਨ ਸਾਹਿਬ ਨਗਰ ਵਸਾਏ। ਹਰਗੋਬਿੰਦਪੁਰਾ, ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਵਸਾਏ ਗਏ। ਇਹ ਸ਼ਹਿਰ ਲੋਕਾਂ ਦੇ ਰਹਿਣ ਦਾ ਸਾਧਨ ਮਾਤਰ ਹੀ ਨਹੀਂ ਸਨ ਸਗੋਂ ਧਰਮ ਕੇਂਦਰਾਂ ਵਜੋਂ ਸਥਾਪਤ ਕੀਤੇ ਗਏ ਸਨ। ਸ਼ਹਿਰਾਂ ਦਰਮਿਆਨ ਧਰਮ ਪ੍ਰਚਾਰ ਦੇ ਸਥਾਨ ਨੂੰ ਸ਼ਰਧਾ ਪੱਖੋਂ ਪ੍ਰਮੁੱਖਤਾ ਦਿਤੀ ਗਈ। ਗੁਰੂ ਸਾਹਿਬਾਨ ਜਿਥੇ ਵੀ ਬਿਰਾਜਦੇ ਜਾਂ ਵਿਸਰਾਮ ਫ਼ੁਰਮਾਉਂਦੇ ਸਨ, ਉਥੇ ਜੁੜੀ ਸੰਗਤ ਵਿਚੋਂ ਕਿਸੇ ਅਭਿਆਸੀ ਦੀ ਦੇਖ-ਰੇਖ ਜਾਂ ਸੇਵਾ ਸੰਭਾਲ਼ ਹੇਠ ਧਰਮਸਾਲ ਦੀ ਸਥਾਪਨਾ ਕਰ ਦਿੰਦੇ ਸਨ। ਚੌਥੇ ਪਾਤਸ਼ਾਹ ਤੱਕ ਸਿੱਖੀ ਦੇ ਧਰਮ ਕੇਂਦਰਾਂ ਨੂੰ ਧਰਮਸਾਲ ਕਿਹਾ ਜਾਂਦਾ ਸੀ। ਪੰਜਵੇਂ ਪਾਤਸ਼ਾਹ ਨੇ ਅੰਮ੍ਰਿਤਸਰ ਵਿਚ ਸਿੱਖੀ ਦੇ ਧਰਮ ਕੇਂਦਰ ਨੂੰ ਹਰਿਮੰਦਰ ਦਾ ਨਾਂ ਦਿਤਾ। ਫਿਰ ਕਾਹਨ ਸਿੰਘ ਨਾਭਾ ਮੁਤਾਬਕ ਛੇਵੇਂ ਪਾਤਸ਼ਾਹ ਸਮੇਂ ਸਿੱਖੀ ਦੇ ਧਰਮ ਕੇਂਦਰਾਂ ਦਾ ਨਾਂ ਗੁਰਦੁਆਰਾ ਪ੍ਰਚਲਤ ਹੋਇਆ।

ਇਹ ਗੁਰਦੁਆਰੇ ਨਾਮ ਦਾਨ ਅਤੇ ਸੇਵਾ ਸਿਮਰਨ ਦੇ ਕੇਂਦਰ ਸਨ। ਸਮੇਂ ਸਮੇਂ ਜੁੜਦੀ ਸੰਗਤ ਦੀ ਸੇਵਾ ਸੰਭਾਲ਼, ਪੱਕੇ ਤੌਰ ਪਰ ਨਿਯੁਕਤ ਸੇਵਾਦਾਰ ਦੇ ਖ਼ਰਚ ਅਤੇ ਇਮਾਰਤ ਦੇ ਰੱਖ ਰਖਾਉ ਲਈ ਸਿੱਖਾਂ ਵਿਚ ਦਸਵੰਧ ਦੀ ਪਿਰਤ ਪਾਈ ਗਈ। ਗੁਰੂ ਅੱਗੇ ਦਰਸ਼ਣੀ ਭੇਟਾ ਅਰਪਣ ਕਰਨ ਲਈ ਗੋਲਕ ਦਾ ਇੰਤਜ਼ਾਮ ਕੀਤਾ ਗਿਆ। ਗੁਰਦੁਆਰੇ ਵਿਦਿਆਰਥੀਆਂ ਲਈ ਸਕੂਲ, ਜਗਿਆਸੂਆਂ ਲਈ ਉਪਦੇਸ਼ ਅਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨੇ, ਔਰਤਾਂ ਦੀ ਇਜ਼ਤ ਆਬਰੂ ਲਈ ਦੁਰਗਾਰੂਪ ਅਤੇ ਤੀਰਥ ਯਾਤਰੀਆਂ ਲਈ ਵਿਸਰਾਮਘਰ ਜਾਂ ਮੁਸਾਫ਼ਰ ਖ਼ਾਨੇ ਸਾਬਤ ਹੋਣੇ ਸ਼ੁਰੂ ਹੋ ਗਏ।

ਜਦ ਤੋਂ ਮੈਕਾਲਿਫ਼ ਜਿਹੇ ਵਿਦਵਾਨਾਂ ਵਲੋਂ, ਕੋਲੋਨੀਅਲ ਦ੍ਰਿਸ਼ਟੀ ਤੋਂ, ਸਿੱਖੀ ਦੀ ਵਿਆਖਿਆ ਹੋਣੀ ਸ਼ੁਰੂ ਹੋਈ ਹੈ, ਉਦੋਂ ਤੋਂ ਸਿੱਖ ਧਰਮ ਆਪਣੇ ਆਦਿ ਜੁਗਾਦਿ ਜਾਂ ਸਨਾਤਨੀ ਮੂਲ਼ ਨਾਲ਼ੋਂ ਟੁੱਟ ਕੇ, ਸਾਂਝੀਵਾਲਤਾ ਦੇ ਅਸੂਲ ਨੂੰ ਵਿਸਾਰ ਕੇ, ਆਪਣੇ ਨਿਆਰੇਪਣ ਨੂੰ ਵਖਰੇਵੇਂ ਦੀ ਸੁਰ ਵਿਚ ਢਾਲ਼ ਕੇ, ਰੁਹਾਨੀਅਤ ਦੇ ਸਰਸਬਜ਼ਬਾਗ਼ ਨੂੰ ਬੁਧੀ ਦੇ ਹਵਾਲੇ ਕਰਕੇ, ਪੱਛਮੀ ਤਰਜ਼ਿ ਜ਼ਿੰਦਗੀ ਨੂੰ ਤਰੱਕੀ ਦੀ ਜ਼ਾਮਨ ਅਨੁਮਾਨ ਕੇ, ਗੁਰਬਾਣੀ ਦੀ ਮੰਤਰ ਪਰੰਪਰਾ ਨੂੰ ਕੇਵਲ ਅਰਥ ਦੇ ਅਧੀਨ ਕਰਕੇ, ਪਰਮੇਸਰ ਤੋਂ ਭੁਲਣ ਵਾਲ਼ੀਆਂ ਮਾਰੂ ਅਲਾਮਤਾਂ ਦਾ ਸ਼ਿਕਾਰ ਹੋਈ ਜਾ ਰਿਹਾ ਹੈ। ਨੈਸ਼ਨਲ ਪ੍ਰੋਫੈਸਰ ਔਫ਼ ਸਿੱਖਇਜ਼ਮ ਸਿਰਦਾਰ ਕਪੂਰ ਸਿੰਘ ਅਤੇ ਵਿਦਿਆ ਮਾਰਤੰਡ ਭਾਈ ਸਾਹਿਬ ਧਰਮਾਨੰਤ ਸਿੰਘ ਨੇ ਇਸ ਤਰ੍ਹਾਂ ਦੇ ਸਪਸ਼ਟ ਇਸ਼ਾਰੇ ਕੀਤੇ ਹਨ।

ਸਿੱਖ ਸਮਾਜ ਵਿਚ ਤਿੰਨ ਪ੍ਰਕਾਰ ਦੇ ਗੁਰੂ ਘਰ ਹਨ: ਇਤਿਹਾਸਕ ਗੁਰਦੁਆਰੇ, ਸਿੰਘ ਸਭਾ ਗੁਰਦੁਆਰੇ ਅਤੇ ਡੇਰੇ। ਪਰ ਹੁਣ, ਉਕਤ ਮਨੋਬਿਰਤੀ ਅਧੀਨ ਗੁਰਦੁਆਰੇ ਸੇਵਾ ਸਿਮਰਨ ਦੇ ਕੇਂਦਰਾਂ ਨਾਲ਼ੋਂ ਆਮਦਨ ਦੇ ਵਸੀਲੇ ਅਤੇ ਸੈਰ ਸਪਾਟੇ ਦੇ ਕੇਂਦਰ ਬਣਦੇ ਜਾ ਰਹੇ ਹਨ। ਹੁਣ ਕੋਈ ਵਿਰਲਾ ਹੀ ਘਰ ਹੋਵੇਗਾ ਜਿਸ ਨੂੰ ਧਰਮਸਾਲ ਆਖਿਆ ਜਾ ਸਕੇ। ਸ਼੍ਰੋਮਣੀ ਕਮੇਟੀ ਅਧੀਨ ਇਤਿਹਾਸਕ ਗੁਰਦੁਆਰੇ ਹੁਣ ਸਰਕਾਰੀ ਦਫ਼ਤਰ ਵਧੇਰੇ ਜਾਪਦੇ ਹਨ। ਸਿੰਘ ਸਭਾ ਗੁਰਦੁਆਰੇ ਪੰਚਾਂ-ਸਰਪੰਚਾਂ ਤੇ ਚੌਧਰੀਆਂ ਦੀ ਹਉਮੈ ਦੇ ਅਖਾੜੇ ਬਣ ਗਏ ਹਨ। ਡੇਰਿਆਂ ਬਾਰੇ ਚੁੱਪ ਹੀ ਭਲੀ ਹੈ।

ਪੱਛਮੀ ਮੁਨੱਖਵਾਦ ਨੂੰ ਮਾਨਵਵਾਦ ਦੇ ਭੁਲੇਖੇ ਵਿਚ ਸਿੱਖੀ ਦਾ ਸਗੋਤੀ ਜਾਂ ਪਰਿਆਇ ਸਮਝਿਆ ਜਾ ਰਿਹਾ ਹੈ, ਜਿਸ ਦੀ ਪਾਹ ਨਾਲ਼ ਇਕ ਮਹੀਨ ਕਿਸਮ ਦੀ ਨਾਸਤਿਕਤਾ ਅਧੀਨ ਸਿੱਖੀ ਦੀ ਵਿਆਖਿਆ ਦਾ ਰੁਝਾਨ ਪਨਪ ਰਿਹਾ ਹੈ ਜਿਸ ਦੇ ਫਲਸਰੂਪ ਸੇਵਾ ਸਿਮਰਨ ਦੀ ਅਹਿਮੀਅਤ ਅਤੇ ਭਾਵਨਾ ਘਟਦੀ ਜਾ ਰਹੀ ਹੈ। ਰੱਬ ਕੇਂਦ੍ਰਤ

(ਬਾਕੀ ਸਫਾ 35 'ਤੇ)

# ਹਮ ਤੋ ਲਰ ਮਰਹੈ ਯਹਿ ਠਾਇ

## ਸਿੱਖ ਸੰਘਰਸ਼-4

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਅਬਦੁਲ ਸਮਦ ਖਾਨ ਵਲੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਕੀਤੇ ਜਾ ਰਹੇ ਯਤਨਾਂ ਅਤੇ ਅਸਹਿ ਤੇ ਅਕਹਿ ਜ਼ੁਲਮਾਂ ਦੇ ਬਾਵਜੂਦ ਸਿੱਖ-ਸ਼ਕਤੀ ਘਟਣ ਦਾ ਨਾਂ ਨਹੀਂ ਸੀ ਲੈ ਰਹੀ ਜਿਸ ਨੂੰ ਉਸ ਦੀ ਅਸਫ਼ਲਤਾ ਮੰਨਦਿਆਂ ਉਸ ਨੂੰ ਮੁਲਤਾਨ ਬਦਲ ਕੇ, ਉਸ ਦੀ ਥਾਂ ਉਸ ਦੇ ਨੌਜਵਾਨ ਅਤੇ ਜੋਸ਼ੀਲੇ ਪੁਤਰ ਜ਼ਕਰੀਆ ਖਾਨ ਨੂੰ ਲਾਹੌਰ ਦਾ ਸੂਬਾ ਥਾਪ ਦਿਤਾ ਗਿਆ। ਜ਼ਕਰੀਆ ਖਾਨ ਨੂੰ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਕੇਵਲ ਹਦਾਇਤ ਹੀ ਨਹੀਂ ਦਿਤੀ ਗਈ, ਸਗੋਂ ਉਸ ਨੂੰ ਇਸਦੇ ਲਈ ਹਰ ਤਰੀਕਾ ਵਰਤਣ ਦੇ ਅਧਿਕਾਰ ਵੀ ਦਿਤੇ ਗਏ। ਇਸ ਦੇ ਨਾਲ ਹੀ ਉਸ ਨੂੰ ਇਹ ਭਰੋਸਾ ਵੀ ਦਿੱਤਾ ਗਿਆ ਕਿ ਉਸ ਨੂੰ ਦਿੱਲੀ ਤੋਂ ਜਿਸ ਕਿਸਮ ਸਹਾਇਤਾ ਦੀ ਵੀ ਲੋੜ ਹੋਵੇਗੀ ਬਿਨਾ ਸੰਕੋਚ ਦਿਤੀ ਜਾਏਗੀ।

ਲਾਹੌਰ ਦੇ ਸੂਬੇ ਵਜੋਂ ਆਪਣੀਆਂ ਜ਼ਿੰਮੇਦਾਰੀਆਂ ਸੰਭਾਲਦਿਆਂ ਹੀ ਜ਼ਕਰੀਆ ਖਾਨ ਨੇ ਆਪਣਾ ਦਬਦਬਾ ਕਾਇਮ ਕਰਨ ਲਈ ਸਿੱਖਾਂ 'ਤੇ ਅਬਦੁਲ ਸਮਦ ਖਾਨ ਨਾਲੋਂ ਕਿਤੇ ਵੱਧ ਜ਼ੁਲਮ ਢਾਹੁਣੇ ਸ਼ੁਰੂ ਕਰ ਦਿਤੇ। ਸਿੱਖਾਂ ਦਾ ਸ਼ਿਕਾਰ ਕਰਨ ਲਈ ਪੰਜਾਬ ਦੇ ਕੋਨੇ-ਕੋਨੇ ਵਿਚ ਫੌਜੀ ਟੁਕੜੀਆਂ ਤੈਨਾਤ ਕਰ ਦਿਤੀਆਂ ਗਈਆਂ। ਸ਼ਹਿਰਾਂ, ਪਿੰਡਾਂ ਅਤੇ ਜੰਗਲਾਂ ਵਿਚੋਂ ਸਿੱਖਾਂ ਨੂੰ ਫੜ-ਫੜ ਕੇ ਲਾਹੌਰ ਲਿਆਂਦਾ ਜਾਂਦਾ ਅਤੇ ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਜਾਂਦਾ।

ਇਸ ਸਥਿਤੀ ਦਾ ਵਰਣਨ ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਨੇ 'ਸਿੱਖ ਇਤਿਹਾਸ' ਵਿਚ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ, '...ਉਨ੍ਹਾਂ (ਸਿੱਖਾਂ) ਨੂੰ ਵੱਖ-ਵੱਖ ਤਰੀਕਿਆਂ ਨਾਲ ਤਸੀਹੇ ਦਿਤੇ ਜਾਂਦੇ ਅਤੇ ਲਾਹੌਰ ਦੇ ਦਿੱਲੀ ਗੇਟ ਤੋਂ ਬਾਹਰ ਨਖਾਸ ਦੇ ਅਸਥਾਨ ਤੇ ਲੋਕਾਂ ਸਾਹਮਣੇ ਉਨ੍ਹਾਂ ਦੀਆਂ ਧੌਣਾਂ ਕੱਟ ਦਿਤੀਆਂ ਜਾਂਦੀਆਂ। ਬਾਕੀ ਦਿਆਂ ਨੂੰ ਭੈ-ਭੀਤ ਕਰਨ ਲਈ ਕਤਲ ਹੋਏ ਸਿੱਖਾਂ ਦੇ ਸਿਰਾਂ ਨੂੰ ਇਕਠਿਆਂ ਕਰ ਕੇ ਮੀਨਾਰ ਬਣਾਏ ਜਾਂਦੇ, ਜਿਨ੍ਹਾਂ ਨੂੰ ਸਿੱਖ 'ਸ਼ਹੀਦ ਗੰਜ' ਕਹਿੰਦੇ ਹਨ...।'

ਜ਼ਕਰੀਆ ਖਾਨ ਵਲੋਂ ਸਿੱਖਾਂ ਦੇ ਸ਼ਿਕਾਰ ਦੀ ਸ਼ੁਰੂ ਕੀਤੀ ਗਈ ਇਸ ਮੁਹਿੰਮ ਕਾਰਨ ਸਿੱਖਾਂ ਨੂੰ ਮੁੜ ਜੰਗਲਾਂ ਵਿਚ ਜਾ ਡੇਰੇ ਲਾਉਣ 'ਤੇ ਮਜਬੂਰ ਹੋਣਾ ਪਿਆ। ਸਿੱਖਾਂ ਦਾ ਮੁੱਖ ਡੇਰਾ ਲੱਖੀ ਜੰਗਲ ਵਿਖੇ ਸੀ। ਉਥੋਂ ਦੇ ਸਿੱਖੀ ਜੀਵਨ ਦਾ ਵਰਣਨ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਤਰ੍ਹਾਂ ਆਉਂਦਾ ਹੈ, '...ਕੋਈ ਸਿੰਘਨ ਚਾਪੀ ਕਰੈ, ਕੋਊ ਚੌਰ ਝਲਾਇ, ਕੋਈ ਪਾਨੀ ਲਿਆਵਹਿ ਦੂਰ ਤੇ, ਬੈਠ ਇਸ਼ਨਾਨ ਕਰਾਇ। ਕੋਈ ਸਿੰਘ ਖੜ੍ਹ ਦਾਤਨ ਕਰਾਇ। ਕੋਈ ਸਿੰਘ ਖੜ੍ਹ ਕਛ ਬਨ੍ਹਾਹਿ। ਕਿਸੇ ਸਰੀਕੈ ਕਰੈ ਕੋਊ ਨਾਹਿ, ਦੌੜ ਦੌੜ ਟਹਲਹਿ ਕਮਾਹਿ।'

(ਅਰਥਾਤ ਇਸ ਸੰਕਟ ਦੇ ਸਮੇਂ ਸਿੱਖਾਂ ਵਿਚ ਇਕ-ਦੂਜੇ ਪ੍ਰਤੀ ਅਜਿਹੀ ਸਾਂਝ ਤੇ ਹਮਦਰਦੀ ਦੀ ਭਾਵਨਾ ਪੈਦਾ ਹੋ ਗਈ ਕਿ ਉਨ੍ਹਾਂ ਆਪਣੇ-ਆਪ ਨੂੰ ਇਕ-ਦੂਜੇ ਦੀ ਸੇਵਾ ਪ੍ਰਤੀ ਸਮਰਪਤ ਕਰ ਦਿਤਾ। ਜਿਸ ਨਾਲ ਲੱਖੀ ਜੰਗਲ ਵਿਚ ਅਜਿਹਾ ਵਾਤਾਵਰਣ ਬਣ ਗਿਆ ਕਿ ਸਿੰਘਾਂ ਵਿਚੋਂ ਕੋਈ ਦੂਜੇ ਦੀ ਮੁੱਠੀ-ਚਾਪੀ ਕਰਦਾ, ਕੋਈ ਪੱਖਾ ਝੁਲਾਂਦਾ, ਕੋਈ ਦੂਰੋਂ ਪਾਣੀ ਲਿਆ ਇਸ਼ਨਾਨ ਕਰਵਾਉਂਦਾ, ਕੋਈ ਕੋਲ ਖੜੋ ਦਾਤਨ ਕਰਵਾਉਂਦਾ ਅਤੇ ਕੋਈ ਕਛ ਬੰਨਣ ਵਿਚ ਦੂਜੇ ਦੀ ਮਦਦ ਕਰਦਾ। ਕੋਈ ਕਿਸੇ ਨਾਲ ਸ਼ਰੀਕਾ ਨਹੀਂ ਸੀ ਕਰਦਾ, ਹਰ ਕੋਈ ਦੌੜ-ਦੌੜ ਸੇਵਾ ਕਰਨ ਵਿਚ ਖੁਸ਼ੀ ਮਹਿਸੂਸ ਕਰਦਾ ਸੀ।)

ਦੂਜੇ ਪਾਸੇ ਸਰਕਾਰੀ ਜ਼ੁਲਮਾਂ ਦਾ ਸ਼ਿਕਾਰ ਹੁੰਦੇ ਸਿੱਖਾਂ ਨੂੰ ਵੇਖ ਕੇ, ਆਮ ਲੋਕੀਂ ਉਨ੍ਹਾਂ ਪ੍ਰਤੀ ਹਮਦਰਦੀ ਰੱਖਣ ਲੱਗ ਪਏ। ਇਨ੍ਹਾਂ ਆਮ ਲੋਕਾਂ ਵਿਚ ਹਿੰਦੂ ਵੀ ਸਨ ਅਤੇ ਮੁਸਲਮਾਨ ਵੀ। ਅਹਿਮਦ ਸ਼ਾਹ ਬਟਾਲਵੀ 'ਜ਼ਿਕਰ-ਇ-ਗੁਰੂਆਂ' ਵਿਚ ਇਸ ਸਮੇਂ ਦਾ ਜ਼ਿਕਰ ਕਰਦਾ ਹੈ, '...ਲੋਕੀ, ਉਨ੍ਹਾਂ ਨੂੰ ਖਾਣ-ਪੀਣ ਦੀ ਸਮਗਰੀ ਪਹੁੰਚਾ ਕੇ, ਦੋ-ਦੋ ਜਾਂ ਤਿੰਨ-ਤਿੰਨ ਦੀਆਂ ਟੋਲੀਆਂ ਵਿਚ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਰੱਖ ਕੇ, ਉਨ੍ਹਾਂ ਦੀ ਮਦਦ ਕਰਦੇ ਸਨ। ਸਿੱਖਾਂ ਉਪਰ ਕੀਤੀਆਂ ਜਾ ਰਹੀਆਂ ਸਖਤੀਆਂ ਨੇ ਦੂਜਿਆਂ ਦਾ ਹੌਂਸਲਾ ਤੋੜਨ ਦੀ ਬਜਾਏ, ਉਨ੍ਹਾਂ ਦੇ ਦਿਲ ਵਿਚ ਕਸ਼ਟ ਸਹਿ ਰਹੇ ਸਿੱਖਾਂ ਪ੍ਰਤੀ ਹਮਦਰਦੀ ਪੈਦਾ ਕਰ ਦਿਤੀ।'

ਦੁੱਖਾਂ-ਤਕਲੀਫਾਂ ਦਾ ਸ਼ਿਕਾਰ ਹੁੰਦਿਆਂ ਅਤੇ ਜੰਗਲਾਂ-ਬੇਲਿਆਂ ਵਿਚ ਛੁਪ ਕੇ ਜਾਨਾਂ ਬਚਾਈ ਫਿਰਦਿਆਂ ਵੀ ਉਨ੍ਹਾਂ ਦੇ ਆਚਰਣ ਵਿਚ ਕੋਈ ਕਮਜ਼ੋਰੀ ਨਹੀਂ ਸੀ ਆਈ। ਉਹ ਪਹਿਲਾਂ ਵਾਂਗ ਹੀ ਜਾਨਾਂ ਹਥੇਲੀ ਤੇ ਰੱਖੀ ਜ਼ੁਲਮ ਦੇ ਵਿਰੁਧ ਜੂਝਦਿਆਂ ਆਪਣੀ ਪੂਰੀ ਸ਼ਕਤੀ ਝੋਕ ਦਿੰਦੇ। ਅਜਿਹੇ ਹਾਲਾਤ ਵਿਚ ਵੀ ਉਨ੍ਹਾਂ ਕਦੀ ਕਿਸੇ ਬੇਗੁਨਾਹ 'ਤੇ ਜ਼ੁਲਮ ਨਹੀਂ ਕੀਤਾ ਅਤੇ ਨਾ ਹੀ ਕਿਸੇ ਨੂੰ ਸਤਾਇਆ। ਉਨ੍ਹਾਂ ਦਾ ਨਿਸ਼ਾਨਾ ਸਦਾ ਹੀ ਜ਼ਾਲਮ ਸਰਕਾਰ, ਉਸ ਦਾ ਖ਼ਜ਼ਾਨਾ ਅਤੇ ਉਸ ਦੇ ਸਾਥੀ ਹੀ ਹੁੰਦੇ। ਸਿੱਖਾਂ ਦੇ ਇਸ ਵਤੀਰੇ ਨੂੰ 'ਲੁੱਟ-ਖਸੁਟ ਦਾ ਨਾਂ ਦੇ ਕੇ ਉਨ੍ਹਾਂ ਨੂੰ ਬਦਨਾਮ ਕਰਨ ਦਾ ਜਤਨ ਕੀਤਾ ਗਿਆ। ਪ੍ਰਿੰ. ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ 'ਸਿੱਖ ਇਤਿਹਾਸ' ਵਿਚ ਇਸ ਸਥਿਤੀ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ, 'ਯੁੱਧ ਵਿਚ ਅਜਿਹੀਆਂ ਗੱਲਾਂ ਤੋਂ ਬਚਿਆ ਨਹੀਂ ਜਾ ਸਕਦਾ, ਵਿਸ਼ੇਸ਼ ਕਰਕੇ ਅਜਿਹੀ ਲੜਾਈ ਵਿਚ ਜਿਥੇ ਇਕ ਧਿਰ ਨੂੰ ਇਨਸਾਨੀ ਹੱਕਾਂ ਤੋਂ ਵੰਚਿਤ ਰਖਿਆ ਗਿਆ ਹੋਵੇ। ਸਿੱਖ ਇਤਿਹਾਸਕਾਰ ਉਨ੍ਹਾਂ ਹਾਲਾਤ ਦਾ ਵੇਰਵਾ ਦਿੰਦੇ ਹਨ, ਜਿਨ੍ਹਾਂ ਵਿਚ ਸਿੱਖਾਂ ਨੂੰ ਆਪਣੀ ਹੋਂਦ ਦੀ ਰੱਖਿਆ ਲਈ ਸੰਘਰਸ਼ ਕਰਨਾ ਪੈ ਰਿਹਾ ਸੀ।' ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ, 'ਆਮ ਤੌਰ 'ਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਨਹੀਂ ਸੀ ਛੇੜਿਆ ਜਾਂਦਾ। ਜੇ ਗ਼ਲਤੀ ਨਾਲ ਕਿਸੇ ਅਜਿਹੇ ਵਿਅਕਤੀ ਦਾ ਮਾਲ ਚੁਕ ਲਿਆ ਜਾਂਦਾ ਤਾਂ ਪਤਾ ਲੱਗਣ ਤੇ ਉਹ ਮਾਲ ਪੂਰੇ ਦਾ ਪੂਰਾ ਮੋੜ ਦਿਤਾ ਜਾਂਦਾ।'

ਪ੍ਰਿੰ. ਸਤਿਬੀਰ ਸਿੰਘ ਨੇ ਇਸ ਸਬੰਧ ਵਿਚ 'ਸਾਡਾ ਇਤਿਹਾਸ' ਵਿਚ ਇਕ ਉਦਾਹਰਣ ਦਿਤੀ ਹੈ। ਜਿਸ ਅਨੁਸਾਰ ਸਿਆਲਕੋਟ ਦੇ ਸੇਠ ਪ੍ਰਤਾਪ ਚੰਦ ਦਾ ਟਾਂਗਾ ਹਰਿਗੋਬਿੰਦ ਪੁਰ ਉਤਰਿਆ ਸੀ। ਸਿੰਘਾਂ ਦਾ ਸੁਣਨਾ ਸੀ ਕਿ ਜਾ ਕਬਜ਼ਾ ਕੀਤਾ। ਜਦੋਂ ਉਨ੍ਹਾਂ ਨੂੰ ਦਸਿਆ ਗਿਆ ਕਿ ਇਹ ਤਾਂ ਵਪਾਰੀ ਸੀ। ਇਸ ਨਾਲ ਸਰਕਾਰ ਦਾ ਕੋਈ ਸਬੰਧ ਨਹੀਂ ਤਾਂ ਉਨ੍ਹਾਂ ਇੰਨ-ਬਿੰਨ ਜਾ ਕੇ ਵਾਪਸ ਮੋੜ ਦਿਤਾ।

ਇਸ ਸੰਕਟਪੂਰਣ ਸਮੇਂ ਵਿਚ ਅੰਮ੍ਰਿਤਸਰ ਜ਼ਿਲੇ ਵਿਚਲੇ 'ਵਾਂ' ਪਿੰਡ ਦਾ ਤਾਰਾ ਸਿੰਘ ਸਿੱਖਾਂ ਦੀ ਬੜੀ ਨਿਡਰਤਾ ਨਾਲ ਮਦਦ ਕਰ ਰਿਹਾ ਸੀ। ਉਸ ਨੇ ਬੰਦਾ ਸਿੰਘ ਬਹਾਦਰ ਨਾਲ ਕਈ ਮੁਹਿੰਮਾਂ ਵਿਚ ਹਿੱਸਾ ਲਿਆ ਸੀ। ਉਹ ਬੜਾ ਦਲੇਰ ਅਤੇ ਧਾਰਮਕ ਵਿਚਾਰਾਂ ਵਾਲਾ ਵਿਅਕਤੀ ਸੀ। ਸਿੱਖਾਂ ਵਿਚ ਹੀ ਨਹੀਂ, ਸਗੋਂ ਉਸ ਨੂੰ ਇਲਾਕੇ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੀ ਬੜਾ ਮਾਣ ਪ੍ਰਾਪਤ ਸੀ।

ਨੁਸ਼ਹਿਰੇ ਦੇ ਸਾਹਿਬ ਰਾਏ ਨੇ ਪੱਟੀ ਦੇ ਫੌਜਦਾਰ ਜ਼ਫਰ ਬੇਗ਼ ਪਾਸ ਸ਼ਿਕਾਇਤ ਕੀਤੀ ਕਿ ਪਿੰਡ 'ਵਾਂ' ਦਾ ਤਾਰਾ ਸਿੰਘ ਸਿੱਖਾਂ ਦੀ ਮਦਦ ਕਰਦਾ ਹੈ। ਸਾਹਿਬ ਰਾਏ ਦੀਆਂ ਗੱਲਾਂ ਵਿਚ ਆ ਕੇ ਜ਼ਫਰ ਬੇਗ਼ ਨੇ ਤਾਰਾ ਸਿੰਘ ਵਿਰੁਧ ਫੌਜ ਚੜ੍ਹਾ ਦਿਤੀ ਜਿਸ ਨੂੰ ਰਸਤੇ ਵਿਚ ਹੀ ਬਘੇਲ ਸਿੰਘ ਢਿਲੋਂ ਅਤੇ ਉਸ ਦੇ ਸਾਥੀਆਂ ਨੇ ਘੇਰ ਲਿਆ ਅਤੇ ਅਜਿਹੀ ਮਾਰ ਮਾਰੀ ਕਿ ਉਸ ਭਜਦੇ ਨੇ ਪਿਛੇ ਵਲ ਨੂੰ ਮੁੜ ਕੇ ਵੀ ਨਹੀਂ ਦੇਖਿਆ। ਇਸ ਮੁਠ-ਭੇੜ ਵਿਚ ਜ਼ਾਫਰ ਬੇਗ਼ ਦਾ ਭਤੀਜਾ ਮਾਰਿਆ ਗਿਆ। ਜ਼ਫਰ ਬੇਗ਼ ਨੇ ਆਪਣੀ ਫੌਜ ਦੀ ਜਦੋਂ ਇਹ ਹਾਲਤ ਦੇਖੀ ਤਾਂ ਉਸ ਨੇ ਲਾਹੌਰ ਦੇ ਸੂਬੇ ਜ਼ਕਰੀਆ ਖਾਨ ਪਾਸੋਂ ਮਦਦ ਦੀ ਮੰਗ ਕੀਤੀ ਜਿਸ ਨੇ ਆਪਣੇ ਨਾਇਬ ਮੋਮਨ ਖਾਨ ਦੀ ਅਗਵਾਈ ਵਿਚ 2200 ਘੋੜ ਸਵਾਰ, 40 ਬੰਦੂਕਚੀ , 5 ਹਾਥੀ ਅਤੇ 4 ਰਹਿਕਲੇ ਤਾਰਾ ਸਿੰਘ ਵਿਰੁਧ ਭੇਜੇ।

ਉਧਰ ਤਾਰਾ ਸਿੰਘ ਕੋਲ ਕੇਵਲ 22 ਸਿੰਘ ਸਨ। ਇਲਾਕੇ ਦੇ ਹਿੰਦੂਆਂ-ਮੁਸਲਮਾਨਾਂ ਨੂੰ ਜਦ ਜ਼ਕਰੀਆ ਖਾਨ ਵਲੋਂ ਫੌਜ ਚੜ੍ਹਾਏ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਤਾਰਾ ਸਿੰਘ ਨੂੰ ਸਲਾਹ ਦਿਤੀ ਕਿ ਉਹ ਵੇਲਾ ਟਪਾਉਣ ਲਈ ਇਧਰ-ਉਧਰ ਹੋ ਜਾਣ। ਜਦੋਂ ਫੌਜ ਹਾਰ-ਹੁਟ ਮੁੜ ਜਾਏਗੀ ਤਾਂ ਉਹ ਵਾਪਸ ਆ ਜਾਣ ਪ੍ਰੰਤੂ ਤਾਰਾ ਸਿੰਘ ਨੇ ਇਹ ਸਲਾਹ ਸਵੀਕਾਰ ਨਾ ਕੀਤੀ। 'ਪੰਥ ਪ੍ਰਕਾਸ਼' ਦੇ ਕਰਤਾ ਨੇ ਇਸ ਸਮੇਂ ਦਾ ਜ਼ਿਕਰ ਇਉਂ ਕੀਤਾ ਹੈ, 'ਮੁੱਖ ਤਾਰਾ ਸਿੰਘ ਲਾਲੀ ਆਈ, ਹਮ ਆਪ ਚਹੋਂ ਤੁਰਕਨ ਸਿਰ ਲਾਈ। ਹਮ ਤੋ ਲਰ ਮਰਹੈਂ ਯਹਿ ਠਾਇ, ਨਹਿ ਨਠ ਕੇ ਕਿਤ ਹੋਰਹਿ ਜਾਇ।' ਇਸ ਅਸਮਾਨਤਾ ਦੀ ਲੜਾਈ ਵਿਚ ਬਾਈ ਦੇ ਬਾਈ ਸਿੰਘ ਆਪਣੀਆਂ ਜਾਨਾਂ ਹੂਲ ਕੇ ਲੜੇ ਅਤੇ ਸ਼ਹੀਦੀ ਜਾਮ ਪੀ ਗਏ।

ਤਾਰਾ ਸਿੰਘ ਅਤੇ ਦੂਜੇ ਸਿੰਘਾਂ ਦੀ ਸ਼ਹੀਦੀ ਦੀ ਖਬਰ ਜਦੋਂ ਵੱਖ-ਵੱਖ ਥਾਂਵਾਂ 'ਤੇ ਸਿਰ ਛੁਪਾਈ ਬੈਠੇ ਸਿੰਘਾਂ ਪਾਸ ਪੁਜੀ ਤਾਂ ਉਹ ਰੋਹ ਵਿਚ ਆ ਗਏ। ਆਪਣੀਆਂ ਜਾਨਾਂ ਦੀ ਪਰਵਾਹ ਕੀਤੇ ਬਿਨਾਂ, ਉਹ ਦੁਸ਼ਮਣ ਦੇ ਕਾਫਲਿਆਂ ਅਤੇ ਖਜ਼ਾਨਿਆਂ ਪੁਰ ਟੁੱਟ ਪਏ। ਜਦੋਂ ਵੀ ਉਨ੍ਹਾਂ ਨੂੰ ਪਤਾ ਲਗਦਾ ਕਿ ਕਿਸੇ ਥਾਂ ਤੋਂ ਮਾਲੀਆ ਉਗਰਾਹ ਕੇ ਲਾਹੌਰ ਲਿਜਾਇਆ ਜਾ ਰਿਹਾ ਹੈ, ਉਹ ਰਸਤੇ ਵਿਚ ਹੀ ਉਸ ਨੂੰ ਲੁੱਟ ਲੈਂਦੇ। ਫੌਜੀਆਂ ਦੀ ਵੱਡੀ ਗਿਣਤੀ ਵੀ ਉਨ੍ਹਾਂ ਦੇ ਹੌਂਸਲੇ ਨੂੰ ਢਾਹ ਨਾ ਲਾ ਸਕਦੀ। ਉਹ ਅਚਾਨਕ ਛਾਪਾ ਮਾਰਦੇ ਤੇ ਸਰਕਾਰੀ ਖਜ਼ਾਨਾ ਲੁੱਟ, ਪਲ ਭਰ ਵਿਚ ਹੀ ਅੱਖਾਂ ਤੋਂ ਓਹਲੇ ਹੋ ਜਾਂਦੇ। ਇਸ ਤਰ੍ਹਾਂ ਕਈ ਵਰ੍ਹੇ ਉਨ੍ਹਾਂ ਮਾਲੀਆ ਲਾਹੌਰ ਖਜ਼ਾਨੇ ਵਿਚ ਨਾ ਪੁਜਣ ਦਿਤਾ ਅਤੇ ਨਾ ਹੀ ਉਹ ਆਪ ਸ਼ਾਹੀ ਫੌਜ ਦੇ ਹੱਥ ਆਏ।

ਪ੍ਰਿੰ. ਸਤਿਬੀਰ ਸਿੰਘ ਇਸ ਸਥਿਤੀ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ ਜੇ ਕੋਸ਼ਿਸ਼ ਕਰ ਕੇ ਸ਼ਾਹੀ ਫੌਜਾਂ ਸਿੱਖਾਂ ਦੇ ਟਿਕਾਣਿਆਂ ਤੇ ਪੁਜ ਵੀ ਜਾਂਦੀਆਂ ਤਾਂ ਉਹ ਝਾੜਾਂ ਵਿਚ ਛੁਪੇ ਸਿੱਖਾਂ ਤਕ ਪੁਜਣ ਲਈ ਝਾੜਾਂ ਵਿਚ ਉਤਰਨ ਤੋਂ ਕਤਰਾਉਂਦੀਆਂ। ਉਧਰ ਸਿੱਖ ਝਾੜਾਂ ਵਿਚ ਖੜੇ-ਖੜੇ ਹੀ ਸਾਰੀ ਰਾਤ ਗੁਜ਼ਾਰ ਦਿੰਦੇ। ਇਸੇ ਸਥਿਤੀ ਦਾ ਜ਼ਿਕਰ ਪੰਥ ਪ੍ਰਕਾਸ਼ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਗਿਆ ਹੈ, ਸਿੰਘਨ ਪੈ ਗੜ ਨਹਿ ਹੁਤੇ, ਜਿਤ ਕੀ ਓਟ ਲੜਹਿ। ਉਠ ਨਠ ਰੋਹੀ ਮਧ ਛਿਪਹਿ, ਕੈ ਖੂਹਨ ਖੰਡਨ ਮਾਹਿ। ਸਿੰਘ ਆਥਣ ਨਿਸ ਦਿਨ ਖੜਾਹਿ।

ਇਸ ਸਥਿਤੀ ਵਿਚ ਹਾੜ-ਹੁਟ ਕੇ ਜ਼ਕਰੀਆ ਖਾਨ ਵਲੋਂ ਸਿੱਖਾਂ ਨੂੰ ਘੇਰਨ ਅਤੇ ਘੇਰ-ਘੇਰ ਕੇ ਉਨ੍ਹਾਂ ਨੂੰ ਮਾਰਨ ਲਈ ਫੌਜੀ ਟੁਕੜੀਆਂ ਚਹੁੰ ਪਾਸੇ ਭੇਜੀਆਂ ਗਈਆਂ। ਸਿੱਖ ਉਸ ਸਮੇਂ ਰਾਵੀ ਦੇ ਕੰਢੇ ਵਾਲੀ ਇਕ ਹਵੇਲੀ ਵਿਚ ਸਨ। ਉਥੋਂ ਉਹ ਕਿਸੇ ਤਰ੍ਹਾਂ ਕਰਤਾਰਪੁਰ ਦੇ ਪਿੰਡ ਪੁਜ ਲੁਕ ਗਏ। ਜ਼ਕਰੀਆ ਖਾਨ ਦੀਆਂ ਭੇਜੀਆਂ ਫੌਜੀ ਟੁਕੜੀਆਂ ਨੇ ਉਨ੍ਹਾਂ ਦੇ ਛੁਪਣ ਟਿਕਾਣਿਆਂ ਤੇ ਪੁਜ ਉਨ੍ਹਾਂ ਨੂੰ ਘੇਰੇ ਵਿਚ ਲੈ ਲਿਆ। ਅੰਦਰ ਖਾਣ-ਪੀਣ ਦਾ ਸਾਮਾਨ ਖਤਮ ਹੋ ਗਿਆ। ਸਿੱਖ ਕਿਸੇ ਤਰ੍ਹਾਂ ਉਥੋਂ ਨਿਕਲ ਜਾਣਾ ਚਾਹੁੰਦੇ ਸਨ ਪਰ ਬਾਹਰ ਫੌਜੀ ਘੇਰਾ ਹੋਣ ਕਾਰਨ ਉਨ੍ਹਾਂ ਦਾ ਨਿਕਲਨਾ ਸੰਭਵ ਨਹੀਂ ਸੀ। ਜਿਉਂ ਹੀ ਉਹ ਬਾਹਰ ਨਿਕਲਦੇ ਦੁਸ਼ਮਣ ਦੀਆਂ ਤੋਪਾਂ ਗੋਲੇ ਵਰਸਾਉਣੇ ਸ਼ੁਰੂ ਕਰ ਦਿੰਦੀਆਂ। ਆਖਰ ਕੁਦਰਤ ਉਨ੍ਹਾਂ ਦੀ ਮਦਦ 'ਤੇ ਆਈ। ਬਾਰਸ਼ ਹੋਣ ਲੱਗ ਪਈ। ਇਤਨੀ ਬਾਰਸ਼ ਹੋਈ ਕਿ ਦੁਸ਼ਮਣ ਦੀਆਂ ਤੋਪਾਂ ਨਕਾਰਾ ਹੋ ਗਈਆਂ। ਸਿੱਖਾਂ ਨੇ ਮੌਕੇ ਦਾ ਲਾਭ ਉਠਾਇਆ ਤੇ ਰਾਤ ਦੇ ਹਨੇਰੇ ਵਿਚ ਕਟ-ਵਢ ਕਰਦੇ ਨਿਕਲ ਗਏ। ਸਵੇਰੇ ਜਦੋਂ ਬਾਰਸ਼ ਰੁਕਣ ਤੇ ਫੌਜਾਂ ਨੇ ਉਥੇ ਕਿਸੇ ਸਿੱਖ ਨੂੰ ਨਾ ਵੇਖਿਆ ਤਾਂ ਉਨ੍ਹਾਂ ਸਮਝਿਆ ਕਿ ਉਨ੍ਹਾਂ ਰਾਤ ਹੋਈ ਝੜਪ ਵਿਚ ਸਿੱਖਾਂ ਨੂੰ ਮਾਰ-ਮੁਕਾਇਆ ਹੈ। ਇਸ ਖੁਸ਼ੀ ਵਿਚ ਵਾਪਸ ਮੁੜ ਉਨ੍ਹਾਂ ਰਸਤੇ ਵਿਚ ਭੀਲਵਾਲ ਵਿਖੇ ਟਿਕਾਣਾ ਕਰ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿਤੀਆਂ। ਜਿਉਂ ਹੀ ਮੁਗ਼ਲ ਫੌਜ ਦੇ ਰੰਗ-ਰਲੀਆਂ ਮਨਾਏ ਜਾਣ ਦੀਆਂ ਖਬਰਾਂ ਸਿੱਖਾਂ ਤਕ ਪੁਜੀਆਂ, ਉਹ ਅਚਾਨਕ ਹੀ ਰੰਗ-ਰਲੀਆਂ ਮਨਾਉਂਦੇ ਮੁਗ਼ਲ ਫੌਜੀਆਂ ਉਪਰ ਟੁੱਟ ਪਏ ਅਤੇ ਕਈਆਂ ਨੂੰ ਤਲਵਾਰ ਦੀ ਭੇਂਟ ਚੜ੍ਹਾਉਂਦਿਆਂ ਲੁਟ-ਮਾਰ ਕਰਦੇ ਗ਼ਾਇਬ ਹੋ ਗਏ। ਸਿੱਖਾਂ ਦੇ ਇਸ ਅਚਾਨਕ ਹਮਲੇ ਵਿਚ ਮੁਰਤਜ਼ਾ ਖਾਨ ਤੇ ਮੁਗ਼ਲ ਫੌਜ ਦੇ ਹੋਰ ਕਈ ਮੁਖੀ ਮਾਰੇ ਗਏ।

ਇਸ ਘਟਨਾ ਨੇ ਜ਼ਕਰੀਆ ਖਾਨ ਨੂੰ ਅਹਿਸਾਸ ਕਰਵਾ ਦਿਤਾ ਕਿ ਜ਼ੋਰ-ਜ਼ਬਰ ਅਤੇ ਜ਼ੁਲਮ ਨਾਲ ਸਿੱਖਾਂ ਨੂੰ ਮਾਰ ਮੁਕਾਉਣਾ ਸੰਭਵ ਨਹੀਂ।

## ਮਾਣਕ ਬਨਾਮ ਚਮਕੀਲਾ ਬਾਰੇ ਪ੍ਰਤੀਕਰਮ

ਸੰਪਦਕ ਦੀ ਡਾਕ

ਸਤਿਕਾਰਯੋਗ ਸੰਪਾਦਕ ਜੀਓ,

ਐਸ ਅਸ਼ੋਕ ਭੌਰਾ ਦੇ ਲੇਖ (ਮਾਣਕ ਬਨਾਮ ਚਮਕੀਲਾ) ਬਾਰੇ ਹਰਜੀਤ ਸਿੰਘ, ਨਿਊ ਯਾਰਕ ਦਾ ਗੁੱਸੇ ਭਰਪੂਰ ਪ੍ਰਤੀਕਰਮ ਪੜ੍ਹਿਆ। ਮੈਨੂੰ ਲਗਦਾ ਹੈ ਕਿ ਭੌਰਾ ਸਾਹਿਬ ਨੂੰ ਸਵਾਲ ਕਰਨ ਦੀ ਬਜਾਏ ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਕਿ ਕਿਸੇ ਨੂੰ ਇਸ ਤਰ੍ਹਾਂ ਲਿਖਣ ਦੀ ਜ਼ਰੂਰਤ ਕਿਉਂ ਪਈ? ਮੇਰੇ ਮੁਤਾਬਿਕ ਇਸ ਸਭ ਲਈ ਅਸੀਂ ਸਭ ਦੋਸ਼ੀ ਹਾਂ ਜੋ ਧਰਮ ਨੂੰ ਇਸ ਤਰੀਕੇ ਨਾਲ ਚਲਾ ਰਹੇ ਹਾਂ ਕੇ ਲੋਕਾਂ ਦਾ ਨਜ਼ਰੀਆ ਇਸ ਕਦਰ ਬਦਲ ਰਿਹਾ ਹੈ। ਹਰਜੀਤ ਸਿੰਘ ਖੁਦ ਸੋਚਣ ਕਿ ਸਿੱਖ ਧਰਮ ਦਾ ਕਿਹੜਾ ਬਾਬਾ, ਸੰਤ ਜਾਂ ਪਾਠੀ ਹੈ ਜਿਸ ਦਾ ਅਖਬਾਰਾਂ ਵਿਚ ਰੌਲਾ ਨਹੀਂ ਪਿਆ। ਕਥਾ ਤੇ ਕੀਰਤਨ ਦੇ ਨਾਂ 'ਤੇ ਲੋਕਾਂ ਦੀ ਮਾਨਸਿਕਤਾ ਨਾਲ ਖੇਡਿਆ ਜਾ ਰਿਹਾ ਹੈ ਤੇ ਅਸੀਂ ਸਾਰੇ ਚੁੱਪ ਚਾਪ ਦੇਖ ਰਹੇ ਹਾਂ। ਬਾਣੀ ਦੀਆਂ ਰੌਲਾਂ ਲਾਉਣ ਪਿੱਛੇ ਲੜਾਈਆਂ ਹੋ ਰਹੀਆਂ ਹਨ। ਨਗਰ ਕੀਰਤਨ 'ਤੇ ਗੁਰੂ ਦੇ ਸਿੱਖ ਇਸ ਤਰੀਕੇ ਨਾਲ ਲੜਦੇ ਹਨ ਜਿਵੇਂ ਮੁਗਲਾਂ ਨਾਲ ਜੰਗ ਦਾ ਮੈਦਾਨ ਫਤਿਹ ਕਰ ਰਹੇ ਹੋਣ। ਗੱਲ ਗੱਲ ਤੇ ਗੁਰੂ ਦਰਬਾਰ ਵਿਚ ਸਿੱਖੀ ਦੀ ਸ਼ਾਨ ਪਗੜੀ ਪੈਰਾਂ ਵਿਚ ਰੋਲਣ ਤੋਂ ਵੀ ਅਸੀਂ ਕਦੇ ਗੁਰੇਜ਼ ਨਹੀਂ ਕੀਤਾ। ਗੁਰੂ ਘਰ ਦੇ ਸੇਵਕ ਕਚਿਹਰੀਆਂ 'ਚ ਜਾ ਕੇ ਲੜ ਰਹੇ ਹਨ। ਇੱਕ ਦੂਜੇ ਤੇ ਦੂਸ਼ਣਬਾਜ਼ੀ ਦੀਆਂ ਹੱਦਾਂ ਬੰਨੇ ਟੱਪ ਕੇ ਜੇਤੂ ਪਰਚਮ ਲਹਿਰਾਉਣ ਲਈ ਜ਼ੋਰ ਅਜ਼ਮਾਈ ਹੋ ਰਹੀ ਹੈ। ਅਮਰੀਕਾ ਦੇ ਲਗਭਗ ਹਰ ਇੱਕ ਗੁਰੂ ਘਰ ਦਾ ਰੌਲਾ ਚੱਲ ਰਿਹਾ ਹੈ। ਸਭ ਗੱਦੀ ਤੇ ਮਾਇਆ ਨੂੰ ਹੀ ਗੁਰੂ ਸਮਝ ਰਹੇ ਹਨ। ਸਿੱਖ ਧਰਮ ਵੱਲੋਂ ਸਿਖਾਇਆ ਸਤਿਕਾਰ ਅਤੇ ਅਦਬ ਦਾ ਗੁਰਮੰਤਰ ਅਸੀਂ ਬੜੇ ਚਿਰਾਂ ਤੋਂ ਭੁੱਲ ਭੁਲਾ ਚੁੱਕੇ ਹਾਂ। ਗੁਰੂ ਘਰਾਂ ਦੀ ਅਜੋਕੀ ਸਥਿਤੀ ਤੇ ਕਿਸੇ ਕਵੀ ਦੀ ਕਲਮ ਇਸ ਤਰ੍ਹਾਂ ਵਰ੍ਹਦੀ ਹੈ:

ਸਿਰਾਂ 'ਤੋਂ ਲਾਹ ਕੇ ਅਸੀਂ
ਪੈਰਾਂ ਵਿਚ ਰੋਲੀ ਖੁਦ
ਪਹਿਲਾਂ ਵਾਲੀ ਪਗੜੀ ਦੀ
ਸ਼ਾਨ ਕਿੱਥੋਂ ਭਾਲਦਾ।
ਠੇਕਿਆਂ ਦੇ ਮਾਲਕਾਂ ਨੇ
ਗੁਰੂ ਘਰ ਬਣਾ ਲਏ
ਖਾਲਸੇ ਦੇ ਝੂਲਦੇ
ਨਿਸ਼ਾਨ ਕਿੱਥੋਂ ਭਾਲਦਾ।

ਬਾਕੀ ਕਥਾ ਕੀਰਤਨ ਕਰਨ ਵਾਲੇ ਜਿਹੜੇ ਲੋਕਾਂ ਦੀ ਗੱਲ ਉਹ ਕਰ ਰਹੇ ਹਨ, ਉਸ ਬਾਰੇ ਤਾਂ ਲਿਖਣ ਨੂੰ ਦਿਲ ਨਹੀਂ ਕਰਦਾ। ਜਿਸ ਤਰ੍ਹਾਂ ਇਹ ਸੰਤ ਮਹਾਂਪੁਰਸ਼ ਸੱਚ 'ਤੇ ਪਰਦਾ ਪਾ ਕੇ ਅਪਣੀਆਂ ਮਨਆਈਆਂ ਤੇ ਮਨਮਤੀਆਂ ਕਰ ਰਹੇ ਹਨ ਉਸ ਨੂੰ ਦੇਖ ਸੁਣ ਕੇ ਤਾਂ ਲਗਦਾ ਨਹੀਂ ਕੇ ਭੌਰਾ ਸਾਹਿਬ ਨੇ ਕੋਈ ਜੱਗੋਂ ਤੇਰਵੀਂ ਲਿਖ ਦਿੱਤੀ ਹੈ। ਹਾਂ, ਜੋ ਸੱਚ ਉਨ੍ਹਾਂ ਲਿਖਿਆ ਹੈ, ਉਹ ਕੌੜਾ ਜ਼ਰੂਰ ਹੈ ਪਰ ਡਰਾ ਧਮਕਾ ਕੇ ਕਿਸੇ ਦੀ ਜ਼ੁਬਾਨ ਜਾਂ ਕਲਮ ਨੂੰ ਸੱਚ ਕਹਿਣ ਤੋਂ ਨਹੀਂ ਰੋਕਿਆ ਜਾ ਸਕਦਾ। ਜਿਸ ਤਰ੍ਹਾਂ ਦਾ ਧਮਕੀ ਪੱਤਰ ਹਰਜੀਤ ਸਿੰਘ ਹੁਣਾਂ ਲਿਖਿਆ ਹੈ, ਉਹ ਬਾਬੇ ਨਾਨਕ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਤੋਂ ਕੋਹਾਂ ਦੂਰ ਹੈ। ਪਰ ਜਿਵੇਂ ਕਿ ਉਨ੍ਹਾਂ ਨੇ ਲਿਖਿਆ ਹੈ ਕਿ ਕਈ ਵਾਰ ਸਾਨੂੰ ਪਤਾ ਨਹੀਂ ਲਗਦਾ ਕਿ ਅਸੀਂ ਕਿੰਨਾ ਗਲਤ ਲਿਖ ਰਹੇ ਹਾਂ, ਉਸੇ ਤਰ੍ਹਾਂ ਸ਼ਾਇਦ ਖੁਦ ਉਨ੍ਹਾਂ ਨੂੰ ਵੀ ਅਹਿਸਾਸ ਨਹੀਂ ਹੋਇਆ ਕਿ ਜਿਸ ਧਰਮ ਲਈ ਉਹ ਆਵਾਜ਼ ਉਠਾ ਰਹੇ ਹਨ, ਉਸੇ ਦੀਆਂ ਸਿੱਖਿਆਵਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ। ਅਸੀਂ ਸਿਰਫ ਕੀਰਤਨ ਕਰਨ-ਸੁਣਨ, ਗੁਰੂ ਘਰ ਜਾ ਕੇ ਮੱਥਾ ਟੇਕ ਲੈਣ, ਲੰਗਰ ਛਕ ਲੈਣ, ਗਾਤਰੇ ਪਾ ਲੈਣ ਨੂੰ ਹੀ ਸਿੱਖੀ ਆਖ ਕੇ ਪ੍ਰਚਾਰ ਰਹੇ ਹਾਂ ਅਤੇ ਆਪਣੇ ਆਪ ਨੂੰ ਗੁਰੂ ਦੇ ਅਸਲੀ ਵਾਰਿਸ ਸਮਝਣ ਦੀ ਭੁੱਲ ਕਰ ਬੈਠਦੇ ਹਾਂ ਤੇ ਸਮਝਣ ਲੱਗ ਪੈਂਦੇ ਹਾਂ ਕੇ ਸਿੱਖੀ ਹੁਣ ਸਾਡੀ ਜਗੀਰ ਬਣ ਗਈ ਹੈ। ਅਜਿਹੀਆਂ ਧਾਰਨਾਵਾਂ ਕਰ ਕੇ ਹੀ ਸਾਨੂੰ ਭੌਰਾ ਸਾਹਿਬ ਦਾ ਲਿਖਿਆ ਸੱਚ ਚੈਨ ਨਾਲ ਬੈਠਣ ਨਹੀਂ ਦੇ ਰਿਹਾ। ਅੱਜ ਕੱਲ ਦੇ ਯੁੱਗ ਬਾਰੇ ਬਾਬਾ ਨਾਨਕ ਕੀ ਮਹਿਸੂਸ ਕਰਦੇ ਹਨ, ਇੱਕ ਕਵੀ ਦੇ ਸ਼ਬਦ ਗੌਰ ਕਰਨ ਯੋਗ ਹਨ:

ਗੁਰੂ ਨਾਨਕ ਨੂੰ ਮੈਂ ਪੁਛਿਆ-
ਸਾਡੇ ਗੁਰੂ ਘਰ ਜਾਣੈ
ਤਾਂ ਬਾਬੇ ਕਿਹਾ, ਉਥੇ ਕੀ ਹੈ?
ਮੈਂ ਹੈਰਾਨ ਪ੍ਰੇਸ਼ਾਨ,
ਬਾਬਾ ਜੀ ਤੁਸੀਂ ਗੁਰੂ ਘਰ ਨਹੀਂ ਜਾਂਦੇ?
ਦੁਨੀਆਂ ਧੜਾ ਧੜ ਜਾਂਦੀ
ਮਸਿਆ ਸੰਗਰਾਂਦ ਮਨਾਂਦੀ
ਮਿੱਸਾ ਲੰਗਰ ਛਕਦੀ ਤੇ ਛਕਾਂਦੀ
ਢੋਲਕੀਆਂ ਛੈਣਿਆਂ ਦੇ ਤਾਲ ਨਾਲ
ਸਿਰ ਹਿਲਾ ਹਿਲਾ ਉਚੀ ਉਚੀ ਗਾਂਦੀ
ਗੁਰੂ ਗ੍ਰੰਥ ਸਾਹਿਬ ਨੂੰ
ਉਹ ਰੱਬ ਕਰਕੇ ਮੰਨਦੇ ਤੇ
ਉਸ ਨੂੰ ਸਰਦੀ ਵਿਚ
ਗਰਮ ਕੰਬਲਾਂ ਨਾਲ ਢੱਕਦੇ
(ਮਤੇ ਮਹਾਰਾਜ ਨੂੰ ਠੰਢ ਨਾ ਲੱਗ ਜਾਵੇ)
ਤੇ ਗਰਮੀਆ ਵਿਚ
ਕੂਲਰਾਂ ਦੀ ਠੰਢੀ ਹਵਾ ਦੇ ਬੁੱਲੇ
ਤਾਂ ਕਿ ਮਹਾਰਾਜ ਆਰਾਮ ਕਰ ਸਕਣ
ਲੰਗਰ ਦਾ ਭੋਗ ਲਵਾਂਦੀ
ਤੇ ਸਿਰ ਉਪਰ ਚੁਕ ਕੇ ਸੈਰ ਵੀ ਕਰਾਂਦੀ
ਬੜਾ ਵੱਡਾ ਅਸਥਾਨ,
ਵੱਡੇ ਵੱਡੇ ਲੋਕ ਆ ਕੇ ਝੁਕਦੇ
ਤੇ ਉਥੇ ਸੰਤ-ਬਾਬੇ ਰੱਬ ਅਖਵਾਂਦੇ
ਤੇ ਸਾਖੀਆਂ ਕਰਾਮਾਤਾਂ ਜੋੜ ਜੋੜ
ਕਥਾ ਕਰਦੇ
ਚਿੱਟੇ ਚਿੱਟੇ ਕੱਪੜਿਆਂ ਵਿਚ
ਨਿਰੇ ਪੁਰੇ ਅਵਤਾਰੀ ਪੁਰਸ਼ ਲਗਦੇ
ਬੜੀ ਚੜ੍ਹਾਈ ਸੰਤਾਂ ਦੀ
ਹਰ ਕੋਈ ਜਾਂਦੈ
ਤੁਸੀਂ ਨਹੀਂ ਜਾਣਾ?
ਬਾਬਾ ਜੀ ਠੰਢਾ ਹੌਕਾ ਭਰਿਆ
ਤੇ ਕਿਹਾ,
ਨਹੀਂ ਮੈਂ ਨਹੀਂ ਜਾਣਾ
ਮੈਂ ਕਰਤਾਰਪੁਰ ਹੀ ਚੰਗਾ।

### ਭੁੱਲ ਦੀ ਸੋਧ

ਸੰਪਾਦਕ ਜੀ, ਪੰਜਾਬ ਟਾਈਮਜ਼ ਦੇ ਪੰਨਿਆਂ ਉਤੇ 'ਭਾਰਤ ਵਿਚ ਕੌਮੀ ਸਵਾਲ' ਬਾਰੇ ਅਤੇ 'ਇਕੀਵੀਂ ਸਦੀ ਵਿਚ ਸਿੱਖ ਸਟੇਟ' ਲੇਖ ਛਾਪਣ ਲਈ ਤੁਹਾਡਾ ਸ਼ੁਕਰੀਆ। 'ਸਿੱਖ ਸਟੇਟ' ਵਾਲੀ ਲੇਖ ਲੜੀ-2 (5 ਫਰਵਰੀ 2011) ਵਿਚ ਟਾਈਪ ਦੀ ਗਲਤੀ ਕਰਕੇ ਪ੍ਰੀਤਮ ਸਿੰਘ ਭਿੰਡਰ ਦੀ ਮੁਲਾਕਾਤ ਦੇ ਹਵਾਲੇ ਨਾਲ ਛਪੀ ਲਾਈਨ ਵਿਚ ਫਰਵਰੀ 1984 ਦੀ ਬਜਾਏ ਫਰਵਰੀ 1982 ਛਪ ਗਿਆ ਸੀ। ਇਸ ਨੂੰ ਫਰਵਰੀ 1984 ਪੜ੍ਹਿਆ ਜਾਵੇ। ਇਸੇ ਤਰ੍ਹਾਂ ਲੇਖ ਲੜੀ-3 (26 ਫਰਵਰੀ 2011) ਦੇ ਆਖਰੀ ਕਾਲਮ ਵਿਚ ਗੁਰੂ ਅਰਜਨ ਦੇਵ ਦੀ ਥਾਂ ਗਲਤੀ ਨਾਲ ਭਾਈ ਗੁਰਦਾਸ ਲਿਖ ਹੋ ਗਿਆ। ਇਸ ਨੂੰ ਭਾਈ ਗੁਰਦਾਸ ਦੀ ਥਾਂ ਗੁਰੂ ਅਰਜਨ ਦੇਵ ਪੜ੍ਹਿਆ ਜਾਵੇ ਕਿਉਂਕਿ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਉਨ੍ਹਾਂ ਦੇ ਉਚਾਰੇ ਹੋਏ ਸ਼ਲੋਕ ਦੀ ਤੁਕ ਹੈ, ਜੋ ਆਦਿ ਗਰੰਥ ਦੇ ਪੰਨਾ-186 ਉਤੇ ਸੁਸ਼ੋਭਿਤ ਹੈ। 'ਪੰਜਾਬ ਟਾਈਮਜ਼' ਦੇ ਅਤਿ ਸੂਝਵਾਨ ਪਾਠਕਾਂ ਵਲੋਂ ਇਹ ਗਲਤੀਆਂ ਧਿਆਨ ਵਿਚ ਲਿਆਉਣ ਲਈ ਧੰਨਵਾਦੀ ਹਾਂ। ਆਸ ਹੈ, ਭਵਿੱਖ ਵਿਚ ਵੀ ਇਸੇ ਤਰ੍ਹਾਂ ਉਨ੍ਹਾਂ ਦਾ ਸਹਿਯੋਗ ਮਿਲਦਾ ਰਹੇਗਾ। ਖਿਮਾ ਦਾ ਜਾਚਕ

*-ਕਰਮ ਬਰਸਟ*

## ਸੰਪਾਦਕ ਦੀ ਡਾਕ

ਅੱਜ ਸਿੱਖ ਧਰਮ ਦੇ ਧਾਰਨੀ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖ ਤੋਂ ਆਪਣੇ ਧਰਮ ਨਾਲ ਇਨਸਾਫ ਨਹੀਂ ਕਰ ਰਹੇ। ਦੂਸਰਿਆਂ ਸਿਰ ਭਾਂਡਾ ਭੰਨਣ ਦੀ ਥਾਂ ਸਾਨੂੰ ਖੁਦ 'ਚ ਸੁਧਾਰ ਲਿਆਉਣਾ ਚਾਹੀਦਾ ਹੈ ਤਾਂ ਜੋ ਅਸੀਂ ਗੁਰੂ ਨਾਲ ਕੀਤੇ ਵਾਅਦੇ ਨਿਭਾ ਸਕੀਏ। ਮੰਨਿਆ ਕੇ ਚਮਕੀਲੇ ਨੇ ਪੰਜਾਬ ਦੀ ਸਭਿਆਚਾਰਕ ਹਵਾ ਨੂੰ ਗੰਦਲਾ ਕੀਤਾ ਪਰ ਅਖੌਤੀ ਧਾਰਮਿਕ ਆਗੂ-ਧਰਮ ਪ੍ਰਚਾਰਕ ਅਤੇ ਪੰਥਕ ਲੋਕ ਜਿਸ ਤਰੀਕੇ ਨਾਲ ਸਿੱਖ ਧਰਮ ਨੂੰ ਗੰਦਲਾ ਕਰ ਰਹੇ ਹਨ ਉਹ ਜ਼ਿਆਦਾ ਵਿਚਾਰਨਯੋਗ ਹੈ। ਆਪਣੇ ਧਰਮ ਦਾ ਜਿੰਨਾ ਨੁਕਸਾਨ ਅਸੀਂ ਖੁਦ ਕੀਤਾ ਹੈ ਉਨਾਂ ਸ਼ਾਇਦ ਕਿਸੇ ਬਾਹਰਲੇ ਨੇ ਨਹੀਂ ਕੀਤਾ। ਅੱਜ ਗੁਰਦੁਆਰਿਆਂ ਨੂੰ ਆਮਦਨੀ ਦਾ ਸਾਧਨ ਸਮਝ ਕੇ ਸੇਵਾ ਦਾ ਮੌਕਾ ਲਿਆ ਜਾ ਰਿਹਾ ਹੈ। ਆਪਣੇ ਧੀਆਂ ਪੁੱਤਾਂ ਦੇ ਰਿਸ਼ਤੇ ਤੈਅ ਕਰਨ ਸਮੇਂ ਜਦੋਂ ਨਵਾਂ ਰਿਸ਼ਤੇਦਾਰ ਅਮਰੀਕਾ ਵਿਚਲੀ ਜਾਇਦਾਦ ਬਾਰੇ ਪੁੱਛਦਾ ਹੈ ਤਾਂ ਦੱਸਣ ਵਾਲਾ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ, "ਦੇਖੋ ਜੀ ਮੁੰਡੇ ਦੇ ਬਾਪ ਦੇ ਦੋ ਗੈਸ ਸਟੇਸ਼ਨ ਤੇ ਦੋ ਲਿੱਕਰ ਸਟੋਰ ਹਨ ਅਤੇ ਸੁੱਖ ਨਾਲ ਉਹ ਗੁਰਦੁਆਰੇ ਦਾ ਪ੍ਰਧਾਨ ਹੈ।"

ਜਦੋਂ ਸ਼ਰਾਬ/ ਤੰਬਾਕੂ ਦੀ ਖੱਟੀ ਖਾਣ ਵਾਲਾ ਆਦਮੀ ਗੁਰੂਘਰ ਦਾ ਪ੍ਰਧਾਨ ਥਾਪਿਆ ਜਾਂਦਾ ਹੈ ਅਤੇ ਗੁਰਦੁਆਰੇ ਨੂੰ ਵਡੀ ਡੋਨੇਸ਼ਨ ਦਿੰਦਾ ਹੈ ਤਾਂ ਸਾਡੀਆਂ ਜ਼ੁਬਾਨਾਂ ਨੂੰ ਜਿੰਦਰੇ ਵੱਜ ਜਾਂਦੇ ਹਨ ਤੇ ਕਲਮਾਂ ਨੂੰ ਲਕਵਾ ਮਾਰ ਜਾਂਦਾ ਹੈ। ਇਹ ਵਰਤਾਰਾ ਕਿਸੇ ਨੂੰ ਵੀ ਨਾਜ਼ਾਇਜ ਨਹੀਂ ਜਾਪਦਾ, ਕਿਉਂਕਿ ਪੈਸੇ ਵਾਲੇ ਦਾ ਸੱਤੀਂ ਵੀਹੀਂ ਸੌ। ਜੇਕਰ ਇਹ ਵਰਤਾਰਾ ਅੱਜ ਦੇ ਸਿੱਖ ਸਮਾਜ ਲਈ ਸਹੀ ਹੈ ਤਾਂ ਭੌਰੇ ਦੀਆਂ ਲਿਖੀਆਂ ਕੁਝ ਸਤਰਾਂ ਤਾਂ ਸਮੁੰਦਰ ਵਿਚ ਬੂੰਦ ਬਰਾਬਰ ਹੀ ਹਨ।

*-ਡਾ. ਹਨੀ ਸ਼ੇਰਗਿੱਲ, ਸੈਕਰਾਮੈਂਟੋ।*

# ਮੇਰੀ 'ਫੱਕੀ' ਤੋਂ ਡਰਨ ਫਰਿਸ਼ਤੇ

## ਸਫਰ ਜ਼ਿੰਦਗੀ ਦਾ

ਦੁਨੀਆਂ ਵਿਚ ਹੋਰ ਅਨੁਭਵ ਸਭ ਨੂੰ ਹੋ ਸਕਦੇ ਹਨ ਪਰ ਮੌਤ ਦਾ ਕਿਸੇ ਨੂੰ ਨਹੀਂ ਹੁੰਦਾ। ਜਿਹੜੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ ਉਹ ਆਪਣੇ ਅਨੁਭਵ ਦੱਸਣ ਲਈ ਵਾਪਸ ਨਹੀਂ ਮੁੜਦੇ। ਸੋਚੋ, ਕਿਸੇ ਨੇ ਸਾਨੂੰ ਬਹੁਤ ਉਚੀ ਇਮਾਰਤ ਤੋਂ ਪਟਕ ਦਿਤਾ ਹੋਵੇ ਤੇ ਅਸੀਂ ਹਵਾ ਵਿਚ ਲੋਟਦੇ ਹੇਠ ਆ ਰਹੇ ਹੋਈਏ। ਅਜਿਹੇ ਵਿਚ ਮੌਤ ਦੇ ਮੂੰਹੋਂ ਕੋਈ ਵਿਰਲਾ ਹੀ ਬਚ ਕੇ ਨਿਕਲਦਾ ਹੈ। ਬਚਣ ਵਾਲੇ ਤਾਂ ਅਵਾਕ ਰਹਿੰਦੇ ਹੀ ਹਨ ਪਰ ਜਿਹੜੇ ਇਸ ਤਰ੍ਹਾਂ ਦਾ ਕੌਤਕ ਵੇਖ ਲੈਂਦੇ ਹਨ ਉਹ ਵੀ ਆਪਣੇ ਅਨੁਭਵ ਦੇ ਬ੍ਰਿਤਾਂਤ ਲਈ ਸਾਰੀ ਉਮਰ ਸ਼ਬਦ ਢੂੰਡਦੇ ਰਹਿੰਦੇ ਹਨ।

ਇਸ ਕਹਾਣੀ ਵਿਚ ਇਕ ਅਜਿਹੀ ਹੀ ਸੱਚੀ ਘਟਨਾ ਦਾ ਜ਼ਿਕਰ ਕਰ ਰਿਹਾਂ ਜਿਸ ਨੂੰ ਯਾਦ ਕਰ ਕੇ ਰੂਹ ਕੰਬ ਜਾਂਦੀ ਹੈ ਤੇ ਇਸ ਸੰਸਾਰ ਦੇ ਫ਼ਾਨੀ ਹੋਣ ਦੀ ਖ਼ੌਫ਼ਨਾਕ ਹਕੀਕਤ ਨੇੜੇ ਤੋਂ ਦਿਖਾਈ ਦੇਣ ਲਗਦੀ ਹੈ। ਜਿਉਂ-ਜਿਉਂ ਇਹ ਘਟਨਾ ਪੁਰਾਣੀ ਹੁੰਦੀ ਜਾਂਦੀ ਹੈ ਤਿਉਂ-ਤਿਉਂ ਇਸ ਦੀਆਂ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ:408-634-2310

ਰੱਹਸਮਈ ਗੰਢਾਂ ਹੋਰ ਵੀ ਪੀਡੀਆਂ ਹੁੰਦੀਆਂ ਜਾਂਦੀਆਂ ਹਨ। ਇਸ ਘਟਨਾ ਦੇ ਛੱਡੇ ਇਸ਼ਾਰਿਆਂ ਨੂੰ ਮੈਂ ਅੱਜ ਤਕ ਸਮਝ ਨਹੀਂ ਪਾਇਆ ਤੇ ਨਾ ਹੀ ਮੈਨੂੰ ਅਜੇ ਤੀਕਰ ਸਮਝ ਆਈ ਹੈ ਕਿ ਕੁਝ ਸ਼ਕਤੀਆਂ ਸਾਡੇ ਲਈ ਉਤੋਂ ਹੀ ਕਿਵੇਂ ਕੰਮ ਕਰੀ ਜਾਂਦੀਆਂ ਹਨ!

ਜੂਨ 2002 ਦੀ ਗੱਲ ਹੈ। ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਦਾ ਸਮੈਸਟਰ ਖ਼ਤਮ ਕਰ ਕੇ ਮੈਂ ਇੰਡੀਆ ਜਾਣ ਦੀ ਸਲਾਹ ਬਣਾਈ। ਮੌਕੇ 'ਤੇ ਆਣ ਕੇ ਮੇਰੀ ਪਤਨੀ ਨੇ ਵੀ ਉਥੇ ਰਹਿੰਦੇ ਸਾਡੇ ਛੋਟੇ ਲੜਕੇ ਨੂੰ ਮਿਲਣ ਜਾਣ ਦਾ ਮਨ ਬਣਾ ਲਿਆ। ਅਸੀਂ ਇੱਕਠਿਆਂ ਹੀ 25 ਜੂਨ ਦੀਆਂ ਏਸ਼ੀਆਨਾ ਦੀਆਂ ਟਿਕਟਾਂ ਲੈ ਲਈਆਂ। ਸਾਡੇ ਇਥੇ ਰਹਿੰਦੇ ਬੱਚੇ ਛੁੱਟੀਆਂ ਮਨਾਉਣ ਲਈ ਕਰੂਜ਼ 'ਤੇ ਗਏ ਹੋਏ ਸਨ, ਇਸ ਲਈ ਸਾਰੀ ਤਿਆਰੀ ਸਾਨੂੰ ਆਪ ਹੀ ਕਰਨੀ ਪਈ। ਰਾਤ ਦੀ ਉਡਾਨ ਸੀ ਤੇ ਸ਼ਾਮ ਨੂੰ ਅਸੀਂ ਟੈਕਸੀ ਰਾਹੀਂ ਏਅਰਪੋਰਟ ਪਹੁੰਚ ਗਏ।

ਚਲਣ ਤੋਂ ਪਹਿਲਾਂ ਉਸ ਦਿਨ ਅਸੀਂ ਸਵੇਰ ਤੋਂ ਹੀ ਜਾਣ ਦੀਆਂ ਤਿਆਰੀਆਂ ਵਿਚ ਜੁਟੇ ਰਹੇ। ਇਕ ਇਕ ਵੱਡਾ ਅਟੇਚੀ ਪਿੱਛੇ ਬੁੱਕ ਕਰਾਉਣ ਲਈ ਪੈਕ ਕਰ ਕੇ ਇਕ ਇਕ ਹੈਂਡ ਬੈਗ ਜਹਾਜ਼ ਵਿਚ ਨਾਲ ਲਿਜਾਣ ਲਈ ਤਿਆਰ ਕਰ ਲਿਆ। ਮੇਰੀ ਪਤਨੀ ਦਾ ਹੈਂਡ ਬੈਗ ਹਲਕਾ ਫੁਲਕਾ ਸੀ, ਇਸ ਲਈ ਵੀਹ ਪੌਂਡ ਦੇ ਭਾਰ ਵਿਚ ਉਸ ਨੇ ਆਪਣੇ ਸਾਮਾਨ ਨਾਲ ਕਈ ਵਾਧੂ ਸੂਟ ਵੀ ਭਰ ਲਏ। ਮੇਰੇ ਖਾਲੀ ਬੈਗ ਦਾ ਹੀ ਭਾਰ 9 ਪੌਂਡ ਸੀ ਤੇ ਇਸ ਵਿਚ 8 ਪੌਂਡ ਦਾ 2000 ਮਾਡਲ ਸੋਨੀ ਲੈਪਟਾਪ ਪੈ ਕੇ ਸਤਾਰਾਂ ਪੌਂਡ ਬਣ ਗਏ। ਦੋ ਤਿੰਨ ਪੌਂਡ ਦੀਆਂ ਤਾਰਾਂ ਤੇ ਚਾਰਜਰ ਪਾ ਕੇ ਹੋਰ ਕੁਝ ਪਾਉਣ ਦੀ ਗੁੰਜਾਇਸ਼ ਹੀ ਨਾ ਰਹੀ। ਕੈਮਰਾ, ਡਾਇਰੀ, ਟਿਕਟ, ਕਿਤਾਬਾਂ, ਸੈਲ ਫੋਨ ਆਦਿ ਤਾਂ ਮੈਂ ਪਰਸ-ਨੁਮਾ ਮੋਢੇ ਵਾਲੇ ਬੈਗ ਵਿਚ ਪਾ ਲਏ ਪਰ ਮੇਰਾ ਚਾਰ ਪੌਂਡ ਦਾ ਹੋਮਿਓਪੈਥਿਕ ਦਵਾਈਆਂ ਦਾ ਡੱਬਾ, ਜੋ ਮੈਂ ਹਰ ਸਫ਼ਰ 'ਤੇ ਨਾਲ ਰਖਦਾ ਸੀ, ਪਾਉਣ ਲਈ ਕਿਤੇ ਕੋਈ ਥਾਂ ਨਾ ਬਚੀ।

ਮੈਂ ਅਪਣੀ ਪਤਨੀ ਨੂੰ ਕਿਹਾ ਕਿ ਕੁਝ ਕਪੜੇ ਕੱਢ ਕੇ ਇਹ ਡੱਬਾ ਆਪਣੇ ਹੈਂਡ ਬੈਗ ਵਿਚ ਪਾ ਲਵੇ। ਉਸ ਨੇ ਇਸ ਦਾ ਜੋਰਦਾਰ ਵਿਰੋਧ ਕੀਤਾ। ਮੈਨੂੰ ਸਮਝਾਉਂਦੀ ਬੋਲੀ, "ਜੀ! ਇਥੇ ਇਸ ਘਰ ਵਿਚ ਇੰਨੀਆਂ ਦਵਾਈਆਂ ਹਨ ਤੇ ਉਥੇ ਉਹ ਘਰ ਦਵਾਈਆਂ ਨਾਲ ਭਰਿਆ ਹੋਇਆ ਹੈ। ਸਫ਼ਰ ਵਿਚ ਵੀ ਡੱਬਾ ਨਾਲ ਚੁਕ ਲੈਂਦੇ ਹੋ। ਕਦੇ ਲੋੜ ਪਈ ਐ ਇਸ ਦੀ? ਜਿਸ ਦਵਾਈ ਦੀ ਲੋੜ ਹੈ ਇਥੋਂ ਖਾ ਕੇ ਚਲੋ ਤੇ ਬਾਕੀ ਉਥੇ ਜਾ ਕੇ ਖਾ ਲੈਣਾ। ਰਸਤੇ ਲਈ ਪਲਸਾਟਿਲਾ ਮੈਂ ਪਰਸ ਵਿਚ ਪਾ ਲਈ ਐ। ਡੱਬਾ ਨਾਲ ਜਰੂਰੀ ਚੁਕਣਾ ਐ?"

ਤਰਕ ਨਾਲ ਗੱਲ ਘੜਨ ਵਿਚ ਉਹ ਤਰਕਸ਼ੀਲ ਸੋਸਾਇਟੀ ਵਾਲਿਆਂ ਨੂੰ ਵੀ ਮਾਤ ਪਾ ਸਕਦੀ ਹੈ। ਮੈਨੂੰ ਲਗਿਆ ਉਹ ਠੀਕ ਕਹਿੰਦੀ ਹੈ। ਮੈਂ ਡੱਬਾ ਰੱਖਣ ਉਪਰ ਚਲਾ ਗਿਆ। ਪਰ ਰਾਹ ਵਿਚ ਮੈਂ ਕਲਪਨਾ ਕੀਤੀ ਕਿ ਜੇ ਕਿਤੇ ਰਸਤੇ ਵਿਚ ਠੰਡ ਲਗ ਗਈ ਜਾਂ ਗਰਮ-ਸਰਦ ਹੋ ਗਏ ਜਾਂ ਮੂੰਹ ਵਿਚ ਛਾਲੇ ਪੈ ਗਏ ਜਾਂ ਨਕਸੀਰ ਫੁਟ ਗਈ ਜਾਂ ਖਾਣ ਪੀਣ ਦੀ ਖਰਾਬੀ ਹੋ ਗਈ ਤਾਂ ਕੀਹਦੀ ਮਾਂ ਨੂੰ ਮਾਂ ਕਹਾਂਗੇ? ਕੁਝ ਦਵਾਈਆਂ ਤਾਂ ਨਾਲ ਲੈ ਹੀ ਚਲਦੇ ਹਾਂ। ਇਸ ਲਈ ਮੈਂ ਪੰਜ ਸੱਤ ਮੁੱਖ ਦਵਾਈਆਂ ਇਕ ਲਿਫਾਫੇ ਵਿਚ ਖੜੀਆਂ ਕਰ ਲਈਆਂ। ਅੱਧੇ ਤੋਂ ਜਿਆਦਾ ਲਿਫਾਫਾ ਖਾਲੀ ਵੇਖ ਕੇ ਕੁਝ ਹੋਰ ਦਵਾਈਆਂ ਪਾ ਲਈਆਂ ਤੇ ਫਿਰ ਕੁਝ ਹੋਰ। ਲਿਫਾਫਾ ਭਰ ਗਿਆ ਪਰ ਬੰਦ ਕਰਨ ਵੇਲੇ ਉਪਰ ਇਕ ਉਂਗਲ ਥਾਂ ਖਾਲੀ ਦਿਖਾਈ ਦਿਤੀ। ਡੱਬੇ ਵਿਚ ਉਤੋਂ ਹੇਠਲੀ ਲਾਈਨ ਤੀਕਰ ਨਜ਼ਰ ਦੁੜਾ ਕੇ ਮੈਂ ਚਾਰ ਪੰਜ ਹੋਰ ਸ਼ੀਸ਼ੀਆਂ ਕੱਢੀਆਂ ਤੇ ਲਿਫਾਫੇ ਵਿਚਲੀਆਂ ਸ਼ੀਸ਼ੀਆਂ ਉਤੇ ਲਿਟਾ ਕੇ ਇਸ ਨੂੰ ਟੇਪ ਨਾਲ ਬੰਦ ਕਰ ਦਿਤਾ। ਪਤਨੀ ਤੋਂ ਚੋਰੀ ਇਹ ਲਿਫਾਫਾ ਮੈਂ ਆਪਣੇ ਹੈਂਡ ਬੈਗ ਦੀ ਜੇਬ ਵਿਚ ਰਖ ਲ਼ਿਆ।

ਏਅਰਪੋਰਟ ਪਹੁੰਚ ਕੇ ਦੇਖਿਆ ਮੇਰੀ ਪਤਨੀ ਦਾ ਚਿਹਰਾ ਉਦਾਸ ਸੀ। ਪਹਿਲੀਆਂ ਵਤਨ ਫੇਰੀਆਂ ਵੇਲੇ ਉਹ ਆਪਣੇ ਲੜਕੇ ਨੂੰ ਮਿਲਣ ਦੇ ਚਾਅ ਨਾਲ ਪੂਰੇ ਖੇੜੇ ਵਿਚ ਹੋਇਆ ਕਰਦੀ ਸੀ ਪਰ ਅੱਜ ਉਸ ਨੂੰ ਪਿੱਛੇ ਛੱਡੇ ਤਿੰਨ ਸਾਲ ਦੇ ਪੋਤੇ ਦੀ ਯਾਦ ਸਤਾ ਰਹੀ ਸੀ। ਦੋਹਾਂ ਵਿਚ ਬੇਪਨਾਹ ਲਗਾਓ ਹੈ ਤੇ ਮੋਹ-ਵਸ ਦੋਵੇਂ ਇਕ ਦੂਜੇ ਤੋਂ ਪਲ ਭਰ ਵੀ ਵੱਖ ਨਹੀਂ ਹੁੰਦੇ। ਵੇਕੇਸ਼ਨ 'ਤੇ ਜਾਣ ਵੇਲੇ ਵੀ ਉਸ ਦੇ ਮਾਪਿਆਂ ਨੇ ਉਸ ਨੂੰ "ਗ੍ਰੈਮਾ" ਦੀਆਂ ਬਾਹਾਂ ਵਿਚੋਂ ਰੋਂਦੇ ਨੂੰ ਧੂਹ ਕੇ ਹੀ ਵੈਨ ਵਿਚ ਸੁਟਿਆ ਸੀ। ਉਸ ਦ੍ਰਿਸ਼ ਨੂੰ ਯਾਦ ਕਰ ਕੇ ਉਸ ਦਾ ਦਿਲ ਡੋਬੇ ਖਾਈ ਜਾਂਦਾ ਸੀ। ਘੜੀ ਮੁੜੀ ਇਹੀ ਸੁਣਾਈ ਜਾ ਰਹੀ ਸੀ ਕਿ ਜਦੋਂ "ਮੁੰਡਾ" ਆ ਕੇ ਵੇਖੇਗਾ "ਗ੍ਰੈਮਾ" ਨਹੀਂ ਹੈ ਤਾਂ ਉਸ ਦੇ ਮਨ 'ਤੇ ਕੀ ਬੀਤੇਗੀ। ਮੈਂ ਉਸ ਨੂੰ ਸਮਝਾਇਆ ਕਿ ਬੱਚੇ ਦਾ ਚੇਤਾ ਛਿੰਨ-ਭੰਗਰ ਹੀ ਹੁੰਦਾ ਹੈ, ਹੁਣ ਤੀਕਰ ਤਾਂ ਉਹ ਸਭ ਕੁਝ ਭੁੱਲ ਵੀ ਗਿਆ ਹੋਣਾ ਐ। ਪਰ ਫਿਰ ਉਹ ਇਸ ਗੱਲ ਦਾ ਗ਼ਮ ਖਾਣ ਲੱਗੀ ਕਿ ਵਾਪਸ ਆਉਣ 'ਤੇ ਉਹ ਉਸ ਨੂੰ ਪਹਿਚਾਣੇਗਾ ਨਹੀਂ। ਅਸੀਂ ਪੋਤੇ ਨਾਲ ਗੱਲ ਕਰਨ ਲਈ ਫੋਨ ਮਿਲਾਉਂਦੇ ਰਹੇ ਪਰ ਦੂਰ ਸਾਗਰ ਵਿਚ ਸਾਡਾ ਫੋਨ ਨਾ ਲਗਿਆ।

ਅਖੀਰ ਰਾਤੀਂ ਇਕ ਵਜੇ ਅਸੀਂ ਜਹਾਜ਼ ਚੜ੍ਹ ਗਏ। ਉਨ੍ਹਾਂ ਦਿਨਾਂ ਵਿਚ ਏਸ਼ੀਆਨਾ ਵਾਲੇ ਆਪਣੇ ਮੁਸਾਫਰਾਂ ਨੂੰ ਉਡਾਣ ਉਪਰੰਤ ਡਿਨਰ ਦਿਆ ਕਰਦੇ ਸਨ। ਦਿਨ ਦੇ ਥੱਕੇ ਤੇ ਅਤਿ ਦੇ ਉਨੀਂਦਰੇ ਅਸੀਂ ਭੋਜਨ ਛਕਣ ਸਾਰ ਸੌਂ ਗਏ। ਮੈਂ ਕੁਝ ਵਧੇਰੇ ਹੀ ਗੂੜ੍ਹੀ ਨੀਂਦ ਵਿਚ ਸੌਂ ਗਿਆ ਕਿਉਂਕਿ ਮੈਂ ਨਾਲ ਦੋ ਬੀਅਰਾਂ ਵੀ ਲਾ ਲਾਈਆਂ ਸਨ। ਤਿੰਨ ਸੀਟਾਂ ਵਾਲੀ ਕਤਾਰ ਵਿਚ ਮੈਂ ਵਿਚਕਾਰ ਵਾਲੀ ਸੀਟ 'ਤੇ ਸਾਂ ਤੇ ਮੇਰੀ ਪਤਨੀ ਮੇਰੇ ਖੱਬੇ ਆਇਲ ਪਾਸੇ ਦੀ ਸੀਟ 'ਤੇ।

ਸਾਨੂੰ ਸੁਤਿਆਂ ਅਜੇ ਘੰਟਾ ਵੀ ਨਹੀਂ ਸੀ ਹੋਇਆ ਕਿ ਮੈਨੂੰ ਲਗਿਆ ਜਿਵੇਂ ਕਿਸੇ ਨੇ ਮੇਰਾ ਪੱਲਾ ਖਿੱਚਿਆ ਹੋਵੇ। ਇਹ ਖਿੱਚ ਏਨੀ ਪੋਲੀ ਸੀ ਕਿ ਇਸ ਦਾ ਮੈਨੂੰ ਫ਼ੌਰੀ ਤੌਰ 'ਤੇ ਕੋਈ ਪਤਾ ਨਾ ਚਲਿਆ। ਜਦੋਂ ਕੁਝ ਕੁ ਛਿਨਾਂ ਬਾਦ ਇਸ ਦਾ ਅਹਿਸਾਸ ਦਿਮਾਗ਼ ਨੂੰ ਹੋਇਆ ਤਾਂ ਮੇਰੀ ਜਾਗ ਖੁਲੀ। ਪਹਿਲਾਂ ਤਾਂ ਰਾਤ ਦੇ ਥਕੇਵੇਂ ਅਤੇ ਬੀਅਰ ਦੀ ਘੁਮੇਰ ਕਾਰਨ ਮੈਨੂੰ ਪਤਾ ਹੀ ਨਾ ਲੱਗਾ ਕਿ ਮੈਂ ਕਿੱਥੇ ਹਾਂ। ਸੁਰਤ ਪਰਤਣ ਤੇ ਹੌਲੀ ਹੌਲੀ ਅਹਿਸਾਸ ਹੋਇਆ ਕਿ ਜਹਾਜ਼ ਦੇ ਸਫ਼ਰ ਵਿਚ ਹਾਂ। ਫਿਰ ਸੁਪਨੇ ਵਾਂਗ ਯਾਦ ਆਇਆ ਕਿ ਕਿਸੇ ਨੇ ਮੇਰੀ ਕਮੀਜ਼ ਖਿੱਚੀ ਸੀ। ਜਦੋਂ ਮੈਂ ਉਨੀਂਦਰੇ ਜਿਹੇ ਵਿਚ ਅੱਖਾਂ ਖੋਲ੍ਹੀਆਂ ਤਾਂ ਦੇਖਿਆ ਕਿ ਮੇਰੀ ਪਤਨੀ ਆਪਣੀ ਸੀਟ ਉਤੋਂ ਦੀ ਖੱਬੇ ਪਾਸੇ ਵਲ ਲੁੜ੍ਹਕੀ ਪਈ ਸੀ। ਉਸ ਦਾ ਸੱਜਾ ਹੱਥ ਹੁਣ ਵੀ ਮੇਰਾ ਪੱਲਾ ਪਕੜੀਂ ਪਿਆ ਸੀ। ਖੱਬੇ ਹੱਥ ਨਾਲ ਉਸ ਨੇ ਪਰਸ ਫੜਿਆ ਹੋਇਆ ਸੀ ਜਿਹਦੀ ਜ਼ਿੱਪ ਖੁਲ੍ਹੀ ਪਈ ਸੀ।

ਇਹ ਸਭ ਦੇਖ ਕੇ ਮੈਂ ਹੌਲ ਗਿਆ ਅਤੇ ਧੁੰਦਲਾ ਜਿਹਾ ਹਿਸਾਬ ਲਾਇਆ ਕਿ ਕੋਈ ਇਸ ਦਾ ਪਰਸ ਖੋਹਣ ਆਇਆ ਹੋਣਾ ਐ ਜੋ ਇਸ ਨੇ ਦਿੱਤਾ ਨਹੀਂ। ਮਦਦ ਲਈ ਇਸ ਨੇ ਮੇਰਾ ਪੱਲਾ ਖਿੱਚਿਆ ਹੋਣਾ ਐ ਤੇ ਖਿੱਚ-ਧੂਹ ਵਿਚ ਪਰਸ ਖੋਲ੍ਹ ਕੇ ਉਹ ਇਸ ਦਾ ਮਾਲ ਲੈ ਕੇ ਭੱਜ ਗਿਆ ਹੋਣਾ ਐ। ਮੈਂ ਸੋਚਿਆਂ ਲੁਟੇਰਾ ਜਾਣ ਲੱਗਾ ਇਸ ਦੇ ਕੋਈ ਸੱਟ ਮਾਰ ਗਿਆ ਹੋਣਾ ਐ ਜਾਂ ਕੁਝ ਸੁੰਘਾ ਗਿਆ ਹੋਣਾ ਐ, ਤਦੇ ਇਸ ਦੀ ਇਹ ਹਾਲਤ ਹੋਈ ਹੈ। ਮੈਨੂੰ ਲੱਗਾ ਕਿ ਇਹ ਕਾਰਾ ਕਰ ਕੇ ਉਹ ਬਹੁਤੀ ਦੂਰ ਨਹੀਂ ਗਿਆ ਹੋਣਾ ਇਸ ਲਈ ਉਸ ਨੂੰ ਹੁਣੇ ਦਬੋਚਿਆ ਜਾਵੇ। ਅੰਦਰੋਂ ਉਠੀ ਲਲਕਾਰ ਨਾਲ ਮੈਂ ਖੜ੍ਹਾ ਹੋ ਗਿਆ।

ਦੁਆਲੇ ਨਜ਼ਰ ਮਾਰੀ ਪਰ ਕੁਝ ਨਾ ਦਿਖਿਆ। ਜਹਾਜ਼ ਦੀਆਂ ਲਾਈਟਾਂ ਬੰਦ ਸਨ ਤੇ ਲੋਕ ਸੁਤੇ ਪਏ ਸਨ। ਸੰਨਾਟਾ ਛਾਇਆ ਹੋਇਆ ਸੀ। ਮੈਂ ਸੋਚਿਆ ਸ਼ਾਇਦ ਮੈਨੂੰ ਭੁਲੇਖਾ ਲੱਗਾ ਹੈ। ਇਹ ਵੀ ਬਾਕੀ ਸਵਾਰੀਆਂ ਵਾਂਗੂੰ ਸੌਂ ਹੀ ਰਹੀ ਹੈ। ਪਰ ਖੁੱਲ੍ਹੇ ਪਰਸ ਦੀ ਸਮਝ ਨਾ ਆਈ। ਮੈਂ ਉਸ ਨੂੰ ਜਗਾ ਕੇ ਪੁੱਛਣਾ ਚਾਹਿਆ। ਮੋਢਾ ਥੱਪ-ਥਪਾਇਆ, ਆਵਾਜ਼ ਮਾਰੀ ਤੇ ਬਾਂਹ ਤੋਂ ਖਿੱਚਿਆ ਪਰ ਕਿਸੇ ਤਰ੍ਹਾਂ ਵੀ ਉਹ ਟੱਸ ਤੋਂ ਮੱਸ ਨਾ ਹੋਈ। ਉਸ ਦੀ ਸੱਜੀ ਬਾਂਹ ਘਿਸਰ ਕੇ ਹੇਠਾਂ ਲਟਕ ਗਈ ਤੇ ਖੱਬੀ ਵਿਚੋਂ ਪਰਸ ਵੀ ਨਿਕਲ ਕੇ ਹੇਠ ਡਿਗ ਪਿਆ। ਮੈਨੂੰ ਲੱਗਾ, ਜਰੂਰ ਕੋਈ ਵੱਡਾ ਭਾਣਾ ਵਰਤ ਗਿਆ ਹੈ।

ਮੈਂ ਅੱਗੇ ਝੁਕ ਕੇ ਉਸ ਨੂੰ ਚੁੱਕਿਆ ਤੇ ਸੀਟ ਵਿਚ ਸਿੱਧਾ ਪਾਇਆ। ਫਿਰ ਝੰਜੋੜ ਕੇ ਉਸ ਦੇ ਨਾਂ ਦੀਆਂ ਉਚੀਆਂ ਆਵਾਜ਼ਾਂ ਲਾਈਆਂ। ਜਵਾਬ ਵਿਚ ਉਸ ਨੇ ਜੋਰ ਲਾ ਕੇ ਇੰਨਾ ਹੀ ਕਿਹਾ, "ਜੀ ਮੈਂ ਗਈ।" ਮੇਰੇ ਬਹੁਤ ਜਤਨਾਂ ਦੇ ਬਾਵਜੂਦ ਵੀ ਉਹ ਅੱਗੇ ਕੁਝ ਨਾ ਬੋਲੀ। ਮੈਂ ਲਾਈਟ ਜਲਾ ਕੇ ਵੇਖਿਆ। ਉਸ ਦੇ ਚਿਹਰੇ ਤੇ ਪਿੱਲਤਣ ਛਾਈ ਹੋਈ ਸੀ। ਮੈਂ ਨਬਜ਼ ਟੋਹਣ ਦੀ ਕੋਸ਼ਿਸ ਕੀਤੀ ਪਰ ਕਿਤੇ ਕੋਈ ਹਰਕਤ ਨਾ ਮਿਲੀ। ਬਾਂਹ ਇੰਨੀ ਠੰਡੀ ਤੇ ਗਿੱਲੀ ਜਿਵੇਂ ਫ਼ਰਿਜ 'ਚੋਂ ਕੱਢੀ ਬੂੰਦਾਂ ਨਾਲ ਭਿੱਜੀ ਪਾਣੀ ਦੀ ਬੋਤਲ। ਮੱਥੇ 'ਤੇ ਹੱਥ ਲਾਇਆ ਉਹ ਵੀ ਬਰਫ਼ ਵਾਂਗ ਠੰਡਾ ਤੇ ਪਸੀਨੇ ਨਾਲ ਤਰ। ਮੇਰੀ



ਪਤਨੀ ਨੂੰ ਦਿਲ ਦਾ ਦੌਰਾ ਪੈ ਚੁਕਿਆ ਸੀ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ।

ਇਹ ਸੋਚ ਕੇ ਕਿ ਤੁਰੰਤ ਦਵਾਈ ਬਿਨਾਂ ਇਹ ਦੌਰਾ ਘਾਤਕ ਹੋ ਸਕਦਾ ਹੈ, ਮੈਂ ਦਵਾਈਆਂ ਦਾ ਡੱਬਾ ਕੱਢਣ ਦੀ ਸੋਚੀ ਪਰ ਇਕ ਦਮ ਖਿਆਲ ਅਇਆ ਕਿ ਡੱਬਾ ਤਾਂ ਲਿਆਂਦਾ ਹੀ ਨਹੀਂ। ਮੈਂ ਮੱਥੇ 'ਤੇ ਹੱਥ ਮਾਰਿਆ ਕਿ ਜਿਸ ਦੀ ਅੱਜ ਲੋੜ ਸੀ ਉਹੀ ਕੋਲ ਨਹੀਂ। ਮੈਂ ਸਮਝ ਗਿਆ ਕਿ ਮੇਰੀ ਪਤਨੀ ਮੌਤ ਦੇ ਮੂੰਹ ਵਿਚ ਚਲੀ ਗਈ ਹੈ। ਹੁਣ ਉਸ ਨੂੰ ਉਥੋਂ ਕੋਈ ਨਹੀਂ ਕੱਢ ਸਕਦਾ। ਉਸ ਦੀ ਨਬਜ਼ ਜਾ ਚੁੱਕੀ ਹੈ। ਖ਼ੂਨ ਦਾ ਦੌਰਾ ਲਗਭਗ ਖ਼ਤਮ ਹੋ ਚੁੱਕਾ ਹੈ। ਇੰਨੇ ਠੰਡੇ ਤੇ ਭਿੱਜੇ ਸ਼ਰੀਰ ਨੂੰ ਗਰਮਾਉਣ ਲਈ ਹਜ਼ਾਰਾਂ ਕੈਲੋਰੀਜ਼ ਦੀ ਫੌਰੀ ਲੋੜ ਹੈ। ਕਿਥੋਂ ਆਵੇਗੀ ਇੰਨੀ ਗਰਮੀ? ਨਾ ਦਵਾ ਨਾ ਦਾਰੂ। ਇਹ ਸੋਚ ਕੇ ਮੇਰੇ ਅੰਦਰ ਭੈਅ ਦੀ ਝਰਨਾਹਟ ਫਿਰ ਗਈ।

ਮੈਂ ਸਹਾਇਤਾ ਲਈ ਏਅਰ ਹੋਸਟੈਸ ਸੱਦਣ ਲਈ ਬਟਨ ਦਬਾਇਆ। ਬੇਚੈਨੀ ਨਾਲ ਇੰਤਜ਼ਾਰ ਕਰਦਿਆਂ ਮੇਰੇ ਲਈ ਪਲ ਪਲ ਭਾਰੀ ਹੋ ਰਿਹਾ ਸੀ। ਜੇ ਕੁਝ ਹੋ ਸਕਦਾ ਸੀ ਹੁਣੇ ਹੋ ਸਕਦਾ ਸੀ। ਘਬਰਾਹਟ ਨਾਲ ਮੈਨੂੰ ਤਾਓ ਆ ਰਹੇ ਸਨ। ਆਉਣ ਵਾਲੀ ਹੋਣੀ ਦੀ ਤਸਵੀਰ ਸਾਹਮਣੇ ਫਿਰ ਰਹੀ ਸੀ। ਸੋਚ ਰਿਹਾ ਸਾਂ ਕਿ ਜਿਸ ਨੂੰ ਨਾਲ ਲੈ ਕੇ ਚਲਿਆ ਸੀ ਹੁਣ ਉਸ ਦੀ ਲਾਸ਼ ਲੈ ਕੇ ਜਾਣੀ ਪਵੇਗੀ। ਆਪਣੇ ਪੁੱਤਰ ਨੂੰ ਜਾ ਕੇ ਕਿਵੇਂ ਦਸਾਂਗਾ ਕਿ ਤੇਰੀ ਮੰਮੀ ਨਹੀਂ, ਉਸ ਦੀ ਮ੍ਰਿਤਕ ਦੇਹ ਲੈ ਕੇ ਆਇਆ ਹਾਂ। ਕੀ ਬੀਤੇਗੀ ਉਸ ਦੇ ਮਨ 'ਤੇ ਜਦੋਂ ਉਸ ਦਾ ਚਾਅ ਹੰਝੂ ਬਣ ਨੁਚੜੇਗਾ? ਪਿਛੇ ਵਾਲੇ ਬੱਚਿਆਂ ਨੂੰ ਕਿਵੇਂ ਖ਼ਬਰ ਕਰਾਂਗਾ ਜਿਨ੍ਹਾਂ ਕੋਲ ਹਾਲੇ ਫੋਨ ਵੀ ਨਹੀਂ ਜਾਂਦਾ? ਜਦੋਂ ਪਤਾ ਲਗੇਗਾ ਉਨ੍ਹਾਂ 'ਤੇ ਬਿਪਤਾ ਟੁੱਟ ਪਵੇਗੀ। ਇਸ ਦਾ ਪੋਤਰਾ ਹੁਣ ਇਸ ਨੂੰ ਮਿਲਣ ਲਈ ਹਮੇਸ਼ਾ ਹੀ ਵਿਲਕਦਾ ਰਹੇਗਾ। ਤੇ ਇਸ ਦੀ ਧੀ ਦੀ ਤਾਂ ਸੁਣ ਕੇ ਜਾਨ ਹੀ ਨਿਕਲ ਜਾਵੇਗੀ। ਅਜਿਹੇ ਕਈ ਸਵਾਲ ਮੇਰੇ ਅਗੋਂ ਦੀ ਨਿਕਲ ਗਏ। ਮੈਂ ਨਹੀਂ ਸੀ ਕਿਆਸਿਆ ਕਿ ਅਚਨਚੇਤ ਮੇਰੇ ਨਾਲ ਇਦਾਂ ਹੋਵੇਗਾ। ਮੈਨੂੰ ਇਸ ਹੋਣੀ ਤੋਂ ਭੱਜਣ ਦਾ ਕੋਈ ਰਾਹ ਨਹੀਂ ਸੀ ਮਿਲ ਰਿਹਾ। ਮਨ ਚਿਹਾੜ ਕੇ ਕਹਿ ਰਿਹਾ ਸੀ, "ਕਾਸ਼! ਇਹ ਇਕ ਸੁਪਨਾ ਹੀ ਹੋਵੇ!"

ਮੈਂ ਏਅਰ ਹੋਸਟੈਸ ਲਈ ਇਕ ਵਾਰ ਫਿਰ ਬਟਨ ਦਬਾਇਆ। ਉਸ ਨੇ ਆ ਕੇ ਸੇਵਾ ਪੁੱਛੀ। ਮੈਂ ਕਿਹਾ, "ਮੇਰੀ ਪਤਨੀ ਮਰ ਰਹੀ ਹੈ। ਇਸ ਨੂੰ ਹਾਰਟ ਅਟੈਕ ਹੋ ਗਿਆ ਹੈ। ਇਸ ਦਾ ਸ਼ਰੀਰ ਬਰਫ਼ ਬਣ ਗਿਆ ਹੈ। ਜਲਦੀ ਡਾਕਟਰ ਸੱਦੋ ਪਲੀਜ਼।" ਉਸ ਨੇ ਝੁਕ ਕੇ ਬੀਮਾਰ ਵਲ ਤਕਿਆ ਤੇ ਕਿਹਾ, "ਜਹਾਜ ਵਿਚ ਤਾਂ ਕੋਈ ਡਾਕਟਰ ਨਹੀਂ ਹੈ। ਹਾਂ, ਮੈਂ ਅਨਾਉਂਸਮੈਂਟ ਕਰ ਦਿੰਦੀ ਹਾਂ। ਜੇ ਸਵਾਰੀਆਂ ਵਿਚ ਕੋਈ ਡਾਕਟਰ ਹੋਇਆ ਉਹ ਭਾਵੇਂ ਇਸ ਦੀ ਸਹਾਇਤਾ ਕਰ ਦੇਵੇ।" ਇੰਨਾ ਕਹਿ ਕੇ ਉਹ ਪਾਣੀ ਦਾ ਗਿਲਾਸ ਦੇ ਕੇ ਚਲੀ ਗਈ। ਮੈਂ ਸੋਚਿਆ ਅਜੀਬ ਫਸੇ। ਕੋਈ ਡਾਕਟਰ ਹੋਇਆ ਵੀ ਤਾਂ ਦਵਾਈ ਬੂਟੀ ਤੋਂ ਬਿਨਾ ਉਹ ਵੀ ਕੀ ਕਰੇਗਾ। ਹਵਾ ਵਿਚ ਲਟਕੇ ਹੋਏ ਹਾਂ। ਹੇਠਾਂ ਅਥਾਹ ਸਾਗਰ ਹੈ। ਪਿੱਛੇ ਮੁੜਨਾ ਅਸੰਭਵ ਹੈ। ਅੱਗੇ ਦਸ ਘੰਟੇ ਦਾ ਸਫ਼ਰ ਹੈ। ਜੇ ਹਾਲਾਂ ਇਹ ਜਿਉਂਦੀ ਹੋਈ ਵੀ ਤਾਂ ਕੁਝ ਮਿੰਟਾਂ ਤੋਂ ਵੱਧ ਸਮਾਂ ਨਹੀਂ ਕੱਢੇਗੀ। ਬੇਵਸੀ ਨਾਲ ਮੇਰਾ ਸ਼ਰੀਰ ਪਥਰਾ ਗਿਆ।

ਪਲ ਦੀ ਪਲ ਮੇਰੇ ਗਮਗੀਨ ਮਨ ਤੇ ਇਕ ਪੁਰਾਣੀ ਯਾਦ ਉਭਰ ਆਈ। ਇਕ ਵਾਰ ਉਸ ਨੇ ਮੈਨੂੰ ਮਜ਼ਾਕ ਵਿਚ ਕਿਹਾ ਸੀ, "ਬੈਠੇ ਬਿਠਾਇਆਂ ਨੂੰ ਦਸ-ਦਸ ਵਾਰ ਚਾਹ ਦਿੰਨੀ ਆਂ। ਜੂਠਾ ਕੱਪ ਚੁਕਦੀ ਆਂ। ਜਿਸ ਦਿਨ ਮਰ ਗਈ ਤਾਂ ਕੀ ਕਰੋਗੇ?" ਮੈਂ ਉਤਰ ਦਿਤਾ ਸੀ, "ਮੈਂ ਤੈਨੂੰ ਮਰਨ ਹੀ ਨਹੀਂ ਦਿਆਂਗਾ।" ਉਹ ਬੋਲੀ ਸੀ, "ਮੌਤ ਦੇ ਫਰਿਸ਼ਤੇ ਅਗੇ ਕੀ ਟੰਗ ਅੜਾਓਗੇ? ਉਸ ਨੇ ਲਿਜਾਣ ਲੱਗਿਆਂ ਤੁਹਾਨੂੰ ਪੁੱਛਣਾ ਵੀ ਨਹੀਂ।"

ਮੈ ਆਪਣੇ ਇਲਮ ਤੇ ਮਾਣ ਕਰਦਿਆਂ ਕਿਹਾ ਸੀ, "ਮੈਂ ਉਸ 'ਤੇ ਅਜਿਹਾ ਬਾਣ ਚਲਾਵਾਂਗਾ ਕਿ ਦਿਨੇ ਤਾਰੇ ਦਿਖਾ ਦਿਆਂਗਾ। ਉਹ ਡਰ ਨਾਲ ਤੈਨੂੰ ਛੱਡ ਕੇ ਭੱਜ ਜਾਵੇਗਾ।" ਮੈਂ ਠੰਡਾ ਸਾਹ ਲੈ ਕੇ ਸੋਚਿਆ, "ਅੱਜ ਮੌਤ ਦੇ ਫ਼ਰਿਸ਼ਤੇ ਨੇ ਮੇਰੇ ਨਾਲ ਕਪਟ ਖੇਡਿਆ ਹੈ। ਮੈਨੂੰ ਨਿਹੱਥਾ ਕਰ ਕੇ ਧੋਖੇ ਨਾਲ ਮੇਰੀ ਪਤਨੀ 'ਤੇ ਵਾਰ ਕੀਤਾ ਹੈ। ਕਾਸ਼! ਮੇਰੀ ਪਤਨੀ ਨੇ ਮੇਰਾ ਤਰਕਸ਼ ਜੰਡ 'ਤੇ ਟੰਗ ਕੇ ਖ਼ੁਦ ਹੀ ਆਪਣੇ ਆਪ ਨੂੰ ਮੌਤ ਦੇ ਮੂੰਹ ਵਿਚ ਨਾ ਪਾਇਆ ਹੁੰਦਾ!"

ਸੋਚਾਂ ਵਿਚ ਡੁੱਬੇ ਨੇ ਮੈਂ ਇਕ ਵਾਰ ਫਿਰ ਉਸ ਦੀ ਹਾਲਤ ਤੇ ਨਜ਼ਰ ਮਾਰੀ। ਉਸ ਦੀ ਹਾਲਤ ਨਿੱਘਰਦੀ ਜਾ ਰਹੀ ਸੀ। ਪਸੀਨਾ ਤੇ ਪਿੱਲਤਣ ਵਧ ਰਹੇ ਸਨ। ਚਿਹਰੇ ਦੇ ਨਕਸ਼ ਡਰਾਵਣੇ ਹੋ ਗਏ ਸਨ। ਉਸ ਦੇ ਸ਼ਰੀਰ ਦੇ ਕਿਸੇ ਹਿੱਸੇ ਵਿਚ ਜਾਨ ਦੇ ਆਸਾਰ ਨਹੀਂ ਸਨ। ਅਸੀਂ ਹੋਮਿਓਪੈਥ ਬੀਮਾਰ ਦੀਆਂ ਅਲਾਮਤਾਂ ਦੇਖ ਕੇ ਹੀ ਦਵਾਈ ਪਛਾਣ ਲੈਂਦੇ ਹਾਂ ਬੀਮਾਰੀ ਦੇ ਨਾਂ ਪਿੱਛੇ ਨਹੀਂ ਭਜਦੇ। ਅਚਨਚੇਤ ਬੇਹੋਸ਼ੀ, ਠੰਡਾ ਪਸੀਨਾ, ਗ਼ਾਇਬ ਨਬਜ਼, ਜ਼ਰਦ ਭਾਅ, ਬਦਲੇ ਨਕਸ਼ ਆਦਿ ਸਭ ਫ਼ੌਰੀ ਨਿਘਾਰ (ੰਦਦਇਨ ਛੋਲਲਅਪਸਇ) ਦੀਆਂ ਨਿਸ਼ਾਨੀਆਂ ਸਨ। ਇਨ੍ਹਾਂ ਨੂੰ ਪਰਖ਼ ਕੇ ਮੈਂ ਤੱਕੜੀ-ਵੱਟ ਵਹੀਣ ਬਾਣੀਏਂ ਵਾਂਗ ਸੋਚਿਆ, "ਜੇ ਅੱਜ ਮੇਰਾ ਡੱਬਾ ਮੇਰੇ ਕੋਲ ਹੁੰਦਾ ਤਾਂ ਮੈਂ ਹੁਣੇ ਇਸ ਨੂੰ "ਵ" ਅੱਖਰ ਨਾਲ ਸ਼ੁਰੂ ਹੋਣ ਵਾਲੀ ਇਹ ਦਵਾਈ ਦੇ ਕੇ ਬਚਾ ਲੈਣਾ ਸੀ।" ਇਸ ਪਛਤਾਵੇ ਦੀ ਤਿੱਖੀ ਹੂਕ ਨੇ ਮੇਰੇ ਦਿਮਾਗ ਦਾ ਇਕ ਬੰਦ ਕਿਵਾੜ ਖੋਲ੍ਹ ਦਿਤਾ। ਮੈਨੂੰ ਲਿਫ਼ਾਫੇ ਵਿਚ ਪਾ ਕੇ ਲਿਆਂਦੀਆਂ ਦਵਾਈਆਂ ਦਾ ਚੇਤਾ ਆਇਆ। "ਸ਼ਾਇਦ ਇਹ ਦਵਾਈ ਨਾਲ ਪਾ ਲਿਆਇਆ ਹੋਵਾਂ।" ਇਹ ਸੋਚ ਕੇ ਮੈਂ ਝੱਟ ਉਪਰ ਪਏ ਬੈਗ ਵਲ ਲਪਕਿਆ ਤੇ ਇਸ ਦੀ ਜੇਬ ਵਿਚੋਂ ਲਿਫ਼ਾਫਾ ਕੱਢਿਆ। ਦਵਾਈ ਲੱਭਣ ਵਿਚ ਮੈਨੂੰ ਦੇਰ ਨਾ ਲਗੀ। "ਵ" ਅੱਖਰ ਨਾਲ ਸ਼ੁਰੂ ਹੋਣ ਕਰਕੇ ਇਹ ਸਭ ਤੋਂ ਅਖੀਰਲੀ ਦਵਾਈ ਸੀ ਤੇ ਸਭ ਤੋਂ ਉਤੇ ਲੇਟਵੀਂ ਕਤਾਰ ਵਿਚ ਹੀ ਪਈ ਮਿਲ ਗਈ।

ਅਪਾਰ ਖ਼ੁਸ਼ੀ ਨਾਲ ਮੈਨੂੰ ਲਗਿਆ ਜਿਵੇਂ ਮੇਰਾ ਤਰਕਸ਼ ਮੈਨੂੰ ਮਿਲ ਗਿਆ ਹੋਵੇ। ਮੈਂ ਸੋਚਿਆ ਕਿ ਜੇ ਮੇਰੀ ਪਤਨੀ ਹਾਲੇ ਜਿਉਂਦੀ ਹੋਈ ਤਾਂ ਹੁਣ ਮਰਨ ਨਹੀਂ ਦਿਆਂਗਾ। ਮੈਂ ਤੁਰੰਤ ਸ਼ੀਸ਼ੀ ਵਿਚੋਂ ਦਵਾਈ ਦੀ ਇਕ ਖ਼ੁਰਾਕ ਕੱਢੀ ਤੇ ਉਸ ਦਾ ਹੇਠਲਾ ਬੁਲ੍ਹ ਖਿੱਚ ਕੇ ਅੰਦਰ ਝਾੜ ਦਿਤੀ। ਉਤੋਂ ਪੰਜ ਸਤ ਬੂੰਦਾਂ ਪਾਣੀ ਦੀਆਂ ਪਾ ਦਿਤੀਆਂ ਤਾਂ ਜੋ ਇਹ ਮੂੰਹ ਵਿਚ ਫੈਲ ਕੇ ਸਭ ਪਾਸੇ ਲਗ ਜਾਵੇ। ਹੰਗਾਮੀ ਹਾਲਤ ਵਿਚ ਹੋਮਿਓਪੈਥੀ ਦੀ ਖ਼ੁਰਾਕ ਪੰਜ-ਪੰਜ ਮਿੰਟਾਂ ਬਾਦ ਵੀ ਦਿਤੀ ਜਾ ਸਕਦੀ ਹੈ। ਇਸ ਲਈ ਪੰਜਾਂ ਮਿੰਟਾਂ ਬਾਦ ਮੈਂ ਉਸ ਨੂੰ ਇਕ ਹੋਰ ਖ਼ੁਰਾਕ ਉਵੇਂ ਦੇ ਦਿਤੀ। ਇੰਨੇ ਵਿਚ ਏਅਰ ਹੋਸਟੈਸ ਆਈ ਤੇ ਉਸ ਨੇ ਦਸਿਆ ਕਿ ਜਹਾਜ਼ ਵਿਚੋਂ ਕਿਸੇ ਦੇ ਡਾਕਟਰ ਹੋਣ ਦਾ ਕੋਈ ਹੁੰਗਾਰਾ ਨਹੀਂ ਆਇਆ। ਉਸ ਨੇ ਸੁਝਾ ਦਿਤਾ ਕਿ ਮਰੀਜ਼ ਨੂੰ ਸੀਟ ਤੋਂ ਲਾਹ ਕੇ ਹੇਠਾਂ ਪਾ ਦਿਤਾ ਜਾਵੇ। ਲਿਹਾਜ਼ਾ ਅਸੀਂ ਦੋਹਾਂ ਨੇ ਚੁੱਕ ਕੇ ਉਸ ਨੂੰ ਐਮਰਜੈਂਸੀ ਗੇਟ ਅਗੇ ਪਈ ਖਾਲੀ ਥਾਂ ਤੇ ਲਿਟਾ ਦਿਤਾ ਤੇ ਜਹਾਜ ਵਾਲਾ ਕੰਬਲ ਉਤੇ ਪਾ ਦਿਤਾ। "ਭੂੰਇੰ ਲਾਹੁਣ" ਵਰਗੀ ਕਿਰਿਆ ਦੇਖ ਕੇ ਮੇਰਾ ਗੱਚ ਭਰ ਆਇਆ।

ਹੋਸਟੈਸ ਲੜਕੀ ਤੇ ਮੈਂ ਉਸ ਦੇ ਕੋਲ ਹੀ ਬੈਠ ਗਏ। ਉਹ ਉਸ ਦੇ ਪੈਰ ਮਲਦੀ ਰਹੀ। ਮੈਂ ਜੇਬ 'ਚੋਂ ਕੱਢ ਕੇ ਦਵਾਈ ਦੀ ਤੀਜੀ ਖ਼ੁਰਾਕ ਉਸ ਦੇ ਬੁਲ੍ਹ ਅੰਦਰ ਪਾ ਦਿਤੀ। ਮੇਰੀ ਉਮੀਦ ਕੱਚੇ ਧਾਗੇ 'ਤੇ ਲਟਕ ਰਹੀ ਸੀ। ਹੱਥ 'ਤੇ ਹੱਥ ਧਰੀ ਬੈਠੇ ਦੇ ਮੇਰੇ ਮਨ ਵਿਚ ਕਈ ਉਤਾਰ ਚੜਾਅ ਆ ਰਹੇ ਸਨ। ਮਨ ਨਾਲ ਕੌਲ ਕਰ ਰਿਹਾ ਸਾਂ ਕਿ ਇਕ ਵਾਰ ਜੀਵਤ ਹੋ ਜਾਵੇ ਸਹੀ, ਇਸ ਦੀ ਹਰ ਰੀਝ ਪੂਰੀ ਕਰਾਂਗਾ। ਜਿੰਦਗੀ ਦੇ ਉਸ ਪੜਾਅ ਤੇ ਖੜੇ ਨੂੰ ਜੀਵਨ ਦੇ ਸਭ ਤਕਰਾਰ ਅਤੇ ਹਉਮੈ-ਗ੍ਰਸਤ ਵਿਵਹਾਰ ਨਿਰਾਰਥਕ ਜਾਪ ਰਹੇ ਸਨ। ਜਿੰਦਗੀ ਦੀ ਤੁੱਛਤਾ ਤੇ ਇਸ ਦੀ ਮੌਤ ਨਾਲ ਗੂਹੜੀ ਨੇੜਤਾ ਸਾਫ ਨਜ਼ਰ ਆ ਰਹੀ ਸੀ। ਖਿਡੌਣੇ ਵਾਂਗ ਟੁੱਟ ਜਾਣ ਵਾਲੇ ਇਸ ਸੰਸਾਰ ਉਤੇ ਪੱਕੀ ਟੇਕ ਲਾਉਣ ਦੀ ਮੂਰਖ਼ਤਾ 'ਤੇ ਅਫ਼ਸੋਸ ਹੋ ਰਿਹਾ ਸੀ। ਇਕ ਨਵਾਂ ਅਨੁਭਵ ਕਿਸੇ ਪੂਰਵ-ਗਿਆਨ ਦੀ ਪ੍ਰੋੜਤਾ ਕਰ ਰਿਹਾ ਸੀ।

ਵਿਚਾਰਾਂ ਦੀਆਂ ਢਾਹਾਂ-ਭੰਨਾਂ ਵਿਚ ਪਤਾ ਨਾ ਚਲਿਆ ਕਦੋਂ ਦਸ ਮਿੰਟ ਨਿਕਲ ਗਏ। ਮੈਂ ਤ੍ਰਭਕ ਕੇ ਉਠਿਆ ਤੇ ਸਹਿਮ ਨਾਲ ਉਸ ਦੇ ਮੱਥੇ ਤੇ ਹੱਥ ਫੇਰਿਆ। ਮੱਥਾ ਖ਼ੁਸ਼ਕ ਸੀ ਪਰ ਗਰਮ ਨਹੀਂ ਸੀ। ਮੈਂ ਸੋਚਿਆ ਜਾਂ ਤਾਂ ਪੂਰੀ ਹੋ ਚੁਕੀ ਹੈ ਤੇ ਜਾਂ ਬਚ ਗਈ ਹੈ। ਉਤਸੁਕਤਾ ਨਾਲ ਨਬਜ਼ ਟੋਹਣ ਲਈ ਮੈਂ ਉਸ ਦੀ ਕਲਾਈ ਫੜੀ। ਬਾਂਹ ਵੀ ਸੁੱਕੀ ਸੀ ਪਰ ਨਬਜ਼ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਮੈਂ ਜੋਰ ਲਗਾ ਕੇ ਉਂਗਲਾਂ ਇਧਰ-ਉਧਰ ਖੁਭੋਈਆਂ। ਕਾਫੀ ਕੋਸ਼ਿਸ਼ ਬਾਦ ਮੈਨੂੰ ਬੜੀ ਡੂੰਘਾਈ ਤੋਂ ਇਕ ਮੱਧਮ ਜਿਹੀ ਟੱਸ ਮਹਿਸੂਸ ਹੋਈ ਜੋ ਨਾਲ ਦੀ ਨਾਲ ਗ਼ਾਇਬ ਹੋ ਗਈ। ਕੰਬਦੇ ਹੱਥੀਂ ਕੰਬਲ ਲਾਹ ਕੇ ਚੇਹਰਾ ਵੇਖਿਆ। ਚਿਹਰਾ ਪੀਲੇ ਦੀ ਥਾਂ ਘਸਮੈਲਾ ਜਿਹਾ ਹੋ ਗਿਆ ਸੀ। ਕੋਲ ਹੋ ਕੇ ਮੈਂ ਉਸ ਨੂੰ ਉਸ ਦੇ ਨਾਂ ਨਾਲ ਬੁਲਾਇਆ। ਦੁਬਾਰਾ ਜੋਰ ਨਾਲ ਬੁਲਾਇਆ। ਜਵਾਬ ਵਿਚ ਉਸ ਦੇ ਬੁਲ੍ਹ ਫਰਫਰਾਏ। ਫਿਰ ਬੁਲਾਇਆ। ਉਸ ਨੇ ਹਵਾ ਦੀ ਰੁਮਕ ਵਾਂਗ ਉਤਰ ਦਿਤਾ "ਹਾਂ ਜੀ"।

ਮੇਰੇ ਮਨ ਨੇ ਆਕਾਸ਼ ਜਿੰਨੀ ਉਚੀ ਛਾਲ ਮਾਰੀ, ਜਿਵੇਂ ਕਹਿ ਰਿਹਾ ਹੋਵੇ "ਹੁਰੇਰੇਰੇਰੇ....।" ਮੈਂ ਸੱਚ ਮੁਚ ਮੌਤ ਦਾ ਫਰਿਸ਼ਤਾ ਹਰਾ ਕੇ ਭਜਾ ਦਿਤਾ ਸੀ ਤੇ ਉਸ ਕੋਲੋਂ ਆਪਣੀ ਪਤਨੀ ਛੁਡਾ ਲਈ ਸੀ। ਮੈਂ ਉਸ ਨੂੰ ਮੌਤ ਦੇ ਮੂੰਹ 'ਚੋਂ ਕੱਢ ਕੇ ਆਪਣਾ ਬਚਨ ਪੂਰਾ ਕਰ ਲਿਆ ਸੀ। ਮੈਂ ਹੋਸਟੈਸ ਲੜਕੀ ਨੂੰ ਦਸਿਆ, "ਹੁਣ ਇਹ ਓ ਕੇ ਹੈ।" ਉਹ ਵੀ ਖ਼ੁਸ਼ੀ ਨਾਲ ਮੁਸਕਰਾਈ। ਮੇਰੇ ਗਮ ਦੇ ਬੱਦਲ ਉਡ ਗਏ। ਚੜ੍ਹਦੀ ਕਲਾ ਵਿਚ ਮੇਰੀ ਖ਼ੁਸ਼ੀ ਦੂਹਰੀ-ਚੌਹਰੀ ਹੋ ਗਈ। ਭਵਿਖ ਬਾਰੇ ਮੈ ਫਿਰ ਹਾਂ-ਪੱਖੀ ਰੌਂਅ ਵਿਚ ਸੋਚਣ ਲੱਗਾ। ਕੁਝ ਦੇਰ ਬਾਦ ਹੋਸਟੈਸ ਨੇ ਕਿਹਾ ਕਿ ਜੇ ਇਹ ਠੀਕ ਹੈ ਤਾਂ ਸੀਟ 'ਤੇ ਬਿਠਾ ਦੇਈਏ। ਅਸੀਂ ਸਹਾਰਾ ਦੇ ਕੇ ਉਸ ਨੂੰ ਖੜਾ ਕੀਤਾ ਤੇ ਵਾਪਸ ਸੀਟ 'ਤੇ ਲੈ ਗਏ।

ਕੁਦਰਤ ਨੇ ਇਕ ਘੰਟੇ ਵਿਚ ਹੀ ਕੀ ਕੀ ਰੰਗ ਵਿਖਾ ਦਿਤੇ ਸਨ। ਇਸ ਅਲੌਕਿਕ ਅਵਸਥਾ ਵਿਚ ਮੈਨੂੰ ਮੁਕੇਸ਼ ਦੇ ਗਾਏ ਬੋਲ ਇਉਂ ਯਾਦ ਆ ਗਏ, "ਹੋ ਗਏ ਦੋ ਰੋਜ਼ ਮੇਂ ਬਰਬਾਦ ਭੀ ਆਬਾਦ ਭੀ।"

ਹੋਸਟੈਸ ਨੇ ਮੇਰੀ ਪਤਨੀ ਨੂੰ ਦੁੱਧ ਵਾਲੀ ਗਰਮ ਚਾਹ ਲਿਆ ਕੇ ਪਿਲਾਈ। ਜਦੋਂ ਉਹ ਕੰਡੇ ਤੇ ਹੋ ਗਈ ਤਾਂ ਮੈਂ ਉਸ ਨੂੰ ਪੁਛਿੱਆ ਕਿ ਤੈਨੂੰ ਕੀ

*(ਬਾਕੀ ਅਗਲੇ ਸਫੇ 'ਤੇ)*

# "ਆਪਣੀ ਨਿੱਕੋ ਦਾ ਪੈਰ ਭਾਰੈ!"

ਵਿਅੰਗ



ਸ਼ਿਵਚਰਨ ਜੱਗੀ ਕੁੱਸਾ
jaggikussa65@gmail.com

ਚਾਹੇ ਅਸੀਂ ਆਪ 'ਅੰਧੇ-ਛੜੇ' ਹੀ ਹਾਂ ਪਰ ਰੱਬ ਦੀ ਕਿਰਪਾ ਸਦਕਾ ਅਸੀਂ ਹੁਣ ਤੱਕ ਕਈ ਘਰ 'ਵਸਾ' ਚੁੱਕੇ ਹਾਂ, ਆਪਣੇ ਨਹੀਂ, ਲੋਕਾਂ ਦੇ! ਅਰਥਾਤ 'ਵਿਚੋਲੇ' ਬਣ ਚੁੱਕੇ ਹਾਂ। ਵਿਚੋਲੇ ਦਾ ਮਤਲਬ ਹੁੰਦੈ, "ਵਿਚ ਓਹਲਾ!" ਮੈਂ ਇਹ ਨਹੀਂ ਕਹਿੰਦਾ ਕਿ ਮੇਰੇ ਘਰੇ ਪਤਨੀ ਨਹੀਂ। ਮੇਰੀ ਵੀ ਇਕ ਅੱਧ-ਪਚੱਧ ਜਿਹੀ ਪਤਨੀ ਹੈ। ਪਰ ਉਹ ਆਈ ਮੇਰੇ ਘਰੇ 'ਧੱਕੇ' ਨਾਲ ਹੀ ਹੈ। ਤੁਸੀਂ ਹੈਰਾਨ ਹੋਵੋਂਗੇ ਕਿ ਉਹ ਕਿਵੇਂ? ਆਮ ਤੌਰ 'ਤੇ ਮੁੰਡੇ ਕੁੜੀਆਂ ਨਾਲ ਧੱਕੇ ਨਾਲ ਵਿਆਹ ਕਰਵਾਉਂਦੇ ਹਨ। ਪਰ ਅਸੀਂ ਐਨੇ 'ਸਾਊ' ਅਤੇ 'ਸ਼ਰੀਫ਼' ਨਿਕਲੇ ਕਿ ਸਾਡੀ 'ਪਤਨੀ' ਨੇ ਸਾਡੇ ਨਾਲ ਫ਼ੋਟੋ 'ਤੇ ਹੀ ਵਿਆਹ ਕਰ ਲਿਆ ਅਤੇ ਅਸੀਂ ਉਸ ਨੂੰ ਬਾਪੂ ਅਤੇ ਦਾਦਾ ਜੀ ਦੇ 'ਛਿੱਤਰਾਂ' ਤੋਂ ਡਰਦਿਆਂ ਨੇ 'ਧੰਨ ਐ-ਧੰਨ ਐ' ਆਖ ਕੇ ਸਵੀਕਾਰ ਕਰ ਲਿਆ। ਨਾ ਬਰਾਤ ਗਈ, ਨਾ ਆਨੰਦ ਕਾਰਜ ਹੋਏ। ਉਹ ਕਦੇ-ਕਦੇ ਸਾਡੇ ਕੰਨ 'ਚ ਇਕ ਗੀਤ ਗਾਉਂਦੀ ਹੁੰਦੀ ਐ, "ਐਵੇਂ ਨਾ ਲੜਿਆ ਕਰ ਢੋਲਾ-ਵੇ ਮੈਂ ਧੱਕੇ ਦੇ ਨਾਲ ਆਈ ਹੋਈ ਆਂ!" ਅਸੀਂ ਹੁਣ ਵੀ ਉਸ ਦੇ ਪੂਰੇ 'ਆਗਿਆਕਾਰ' ਹਾਂ। ਪਰ ਹੁਣ ਅਸੀਂ ਕਿਸੇ ਨੂੰ ਆਪਣੀ ਫ਼ੋਟੋ ਨਹੀਂ ਭੇਜਦੇ! ਕਾਰਨ? ਕਿਤੇ ਹੁਣ ਕੋਈ ਹੋਰ ਨਾ ਸਾਡੇ ਨਾਲ ਫ਼ੋਟੋ 'ਤੇ ਵਿਆਹ ਕਰ ਲਵੇ! ਅੱਗ ਦੀ ਸਾੜੀ ਟਟਹਿਣੇ ਤੋਂ ਵੀ ਡਰਦੀ ਐ! ਗਧੀ ਡਿੱਗ ਪਈ ਸੀ ਭੱਠੇ ਵਿਚ ਤੇ ਦੀਵੇ ਵਾਲੇ ਘਰੇ ਨਹੀਂ ਸੀ ਵੜਦੀ! ਸਾਥੋਂ ਤਾਂ ਇਕ ਨੀਂ ਲੋਟ ਆਉਂਦੀ, ਦੂਜੀ ਨੂੰ ਕਿਵੇਂ ਸੰਭਾਲਾਂਗੇ? ਦੁੱਧ ਦਾ ਸਾੜਿਆ ਲੱਸੀ ਨੂੰ ਵੀ ਫੂਕਾਂ ਮਾਰ-ਮਾਰ ਕੇ ਪੀਂਦੈ! ਪਰ ਹੁਣ ਸਾਨੂੰ ਇਕ ਗੱਲ ਦੀ ਸਮਝ ਹੌਲੀ-ਹੌਲੀ ਆਉਣ ਲੱਗ ਪਈ ਹੈ ਕਿ ਯਾਰੀ ਹਾਥੀਆਂ ਵਾਲਿਆਂ ਨਾਲ ਤੇ ਬਾਰ ਰੱਖਣੇ ਭੀੜੇ ਦਾ ਅਰਥ ਕੀ ਹੁੰਦੈ!

ਅਸੀਂ ਪਹਿਲੀ ਵਾਰ ਵਿਚੋਲੇ ਬਣੇ ਤਾਂ ਸਾਡੀ ਬੜੀ ਸੇਵਾ ਅਤੇ 'ਖ਼ਾਤਿਰ' ਹੋਈ, ਦੋਨਾਂ ਧਿਰਾਂ ਨੇ ਸੇਵਾ ਦੇ ਕੜੱਲ ਕੱਢ ਦਿੱਤੇ। ਜਦੋਂ ਜਾਣਾ, ਦੁੱਧ, ਪਰੌਂਠੇ ਅਤੇ ਮਠਿਆਈ ਨਾਲ ਸੇਵਾ ਹੋਣੀ। ਕਦੇ ਕਦੇ ਰੋਟੀ ਨਾਲ ਬੱਕਰਾ ਵੀ ਮਿਆਂਕ ਪੈਂਦਾ ਜਾਂ ਕੁੱਕੜ ਵੀ ਬਾਂਗ ਦੇ ਦਿੰਦਾ! ਅਸੀਂ ਆਪਣੇ ਆਪ ਨੂੰ ਲਾਹਨਤ ਪਾਈ ਕਿ ਅਜਿਹੇ ਕੰਮ ਪਹਿਲਾਂ ਕਿਉਂ ਨਾ ਵਿੱਢ ਲਏ? ਬਿੱਲੇ ਦੇ ਮੂੰਹ ਨੂੰ ਲਹੂ ਲੱਗਿਆ ਮਾੜਾ ਹੀ ਮਾੜਾ। ਖ਼ੈਰ, ਕੁੜੀ ਵਾਲਿਆਂ ਦਾ ਸੁਨੇਹਾ ਮੁੰਡੇ ਵਾਲਿਆਂ ਦੇ ਘਰ ਅਤੇ ਮੁੰਡੇ ਵਾਲਿਆਂ ਦਾ ਰੁੱਕਾ ਕੁੜੀ ਵਾਲਿਆਂ ਦੇ ਘਰ। ਕੰਮ ਤਾਂ ਮੈਨੂੰ ਇਹ 'ਕਰਮੂੰ ਬਾਹਮਣ' ਵਾਲਾ ਹੀ ਜਾਪਿਆ। ਪਰ ਜਦੋਂ ਅਸੀਂ ਦੋਨੋਂ ਧਿਰਾਂ ਵੱਲੋਂ ਮਿਲਦੇ ਪਿਆਰ-ਸਤਿਕਾਰ 'ਤੇ ਝਾਤੀ ਮਾਰੀ ਤਾਂ ਸਾਰੇ ਗਿਲੇ ਜਾਂਦੇ ਲੱਗੇ। ਵਿਆਹ ਹੋ ਗਿਆ। ਸਾਡੇ ਹਿੱਸੇ ਵਿਚੋਲਗਿਰੀ ਦੀ ਮੁੰਦਰੀ ਵੀ ਆ ਗਈ। ਚਾਹੇ ਅੱਧੇ ਤੋਲੇ ਦੀ ਹੀ ਸੀ, ਪਰ ਸੀ ਤਾਂ ਮੁੰਦਰੀ! ਚਾਹੇ ਹੌਲੀ ਹੀ ਸੀ, ਸੀ ਤਾਂ ਸੋਨੇ ਦੀ! ਪੁੰਨ ਦੀ ਗਾਂ ਦੇ ਦੰਦ ਕਿਸੇ ਨੇ ਗਿਣੇ ਐਂ?

ਦੋ ਕੁ ਮਹੀਨੇ ਬੀਤੇ। ਅਸੀਂ ਅਤੇ ਮੁੰਡੇ ਦਾ ਪਿਉ ਝੋਨਾ ਲੈ ਕੇ ਸ਼ਹਿਰ ਆੜ੍ਹਤੀਆਂ ਦੇ ਚਲੇ ਗਏ ਕਿਉਂਕਿ ਇਕੋ ਪਿੰਡ ਦੇ ਹੀ ਸਾਂ। ਜਦੋਂ ਅਸੀਂ ਝੋਨਾ ਲਾਹ ਕੇ ਢੇਰੀਆਂ ਲਾ ਦਿੱਤੀਆਂ ਤਾਂ ਉਥੇ ਸਾਨੂੰ ਅਚਾਨਕ ਕੁੜੀ ਦਾ ਪਿਉ ਟੱਕਰ ਗਿਆ। ਬੜਾ ਸਿੱਧ-ਪੱਧਰਾ ਬੰਦਾ। ਖ਼ਾਲਸ ਜੱਟ! ਮੁੰਡੇ ਦੇ ਪਿਉ ਨੇ ਬੜੇ ਅਦਬ ਨਾਲ 'ਫ਼ਤਿਹ' ਬੁਲਾਈ। ਸੁੱਖ-ਸਾਂਦ ਤੋਂ ਬਾਅਦ ਕੁੜੀ ਦੇ ਪਿਉ ਨੇ ਪੁੱਛਿਆ, "ਹੋਰ ਕੁੜਮਾ ਨਿੱਕੋ ਦਾ ਕੀ ਹਾਲ ਐ?" ਤਾਂ ਮੁੰਡੇ ਦਾ ਪਿਉ ਬੜੀ ਨਿਮਰਤਾ ਨਾਲ ਦੱਸਣ ਲੱਗਿਆ, "ਬਾਬੇ ਦੀ ਕਿਰਪਾ ਨਾਲ ਚੜ੍ਹਦੀ ਕਲਾ 'ਚ ਐ-ਨਿੱਕੋ ਆਪਣੀ ਦਾ ਪੈਰ ਭਾਰੈ।"

ਉਸ ਦੇ ਆਖਣ ਦੀ ਦੇਰ ਸੀ ਕਿ ਕੁੜੀ ਦੇ ਪਿਉ ਨੇ ਡਾਂਗ ਧੂਹ ਲਈ, "ਸਾਡੇ ਘਰੇ ਨਿੱਕੋ ਬੀਹ-ਬਾਈ ਵਰ੍ਹੇ ਰਹੀ ਐ-ਉਦੋਂ ਤਾਂ ਉਹਦਾ ਪੈਰ ਭਾਰਾ ਹੋਇਆ ਨਾ-ਹੁਣ ਕਿਮੇਂ ਹੋ ਗਿਆ?" ਤੇ ਫੇਰ ਉਹ ਆਪਣੀ ਤੋਪ ਦਾ ਮੂੰਹ ਸਾਡੇ ਵੱਲ ਨੂੰ ਸਿੱਧਾ ਕਰਕੇ ਖੜ੍ਹ ਗਿਆ, "ਕਿਉਂ ਉਏ ਕੰਜਰ ਦਿਆ ਵਿਚੋਲਿਆ! ਤੂੰ ਵੀ ਸਾਡੀ ਨਿੱਕੋ ਦਾ ਖਿਆਲ ਨੀਂ ਰੱਖਿਆ? ਕੀ ਕੀਤੈ ਇਨ੍ਹਾਂ ਕੰਜਰਾਂ ਨੇ ਨਿੱਕੋ ਨੂੰ? ਕੁੱਟਿਆ ਮਾਰਿਐ ਜਾਂ ਕੋਈ ਹੋਰ ਘਤਿੱਤ ਕੀਤੀ ਐ?" ਅਸੀਂ ਸਮਝਾਉਣ ਦੀ ਕੋਸ਼ਿਸ਼ ਕਰਨ ਹੀ ਲੱਗੇ ਸੀ ਕਿ ਉਹ ਫਿਰ ਭੜਕ ਪਿਆ, "ਮੈਂ ਥੋਡੇ ਦੋਨਾਂ 'ਤੇ ਈ ਠਾਣੇ ਰਪਟ ਲਿਖਾਊਂ-ਦੋਨਾਂ ਨੂੰ ਈ ਅੰਦਰ ਕਰਵਾਊਂ-ਦੋਨਾਂ ਨੂੰ ਈ! ਤੁਸੀਂ ਸਾਨੂੰ ਸਮਝ ਕੀ ਲਿਆ? ਨਿੱਕੋ ਕਿਸੇ ਕੱਚੇ ਵੱਢੇ ਘਰ ਦੀ ਐ?" ਜਦੋਂ ਰੌਲਾ ਸੁਣ ਕੇ ਉਥੇ ਦੁਨੀਆਂ ਇਕੱਠੀ ਹੋਣ ਲੱਗ ਪਈ ਤਾਂ ਸਾਨੂੰ ਆਪਣੇ ਕੋਮਲ ਸਰੀਰ ਦਾ ਫ਼ਿਕਰ ਪੈ ਗਿਆ। 'ਕੱਠ ਵਿਚ ਬੰਦਾ ਇਕ-ਇਕ ਮੁੱਕੀ ਮਾਰੇ ਤਾਂ 'ਰਾਮ ਨਾਮ ਸੱਤ' ਹੋ ਜਾਂਦੀ ਹੈ। ਅਸੀਂ ਕੁੜੀ ਦੇ ਪਿਉ ਨੂੰ ਇਕ ਪਾਸੇ ਲਿਜਾਣ ਵਿਚ ਸਫ਼ਲ ਹੋ ਗਏ। ਪਰ ਉਹ ਸੰਸਦ ਵਿਚ ਭੂਤਰੇ ਮੰਤਰੀਆਂ ਵਾਂਗ ਪੈਰਾਂ ਹੇਠੋਂ ਮਿੱਟੀ ਕੱਢਣੋਂ ਨਾ ਹਟੇ। ਉਸ ਨੂੰ ਇਕ ਪਾਸੇ ਲਿਜਾ ਕੇ ਸਮਝਾਇਆ, "ਝਗੜਾ ਸਿਆਂ 'ਪੈਰ-ਭਾਰਾ' ਹੋਣ ਦਾ ਮਤਲਬ ਸਾਡੇ ਪਤਾ ਕੀ ਐ?"

"ਕੀ ਮਤਬਲ ਐ?" ਉਸ ਦੀਆਂ ਦੁਨਾਲੀ ਬੰਦੂਕ ਵਰਗੀਆਂ ਨਾਸਾਂ ਸਾਨੂੰ ਡਰਾਉਣ ਆ ਰਹੀਆਂ ਸਨ।

"ਪੈਰ ਭਾਰਾ ਹੋਣ ਦਾ ਮਤਲਬ ਐ ਬਈ ਆਪਣੀ ਨਿੱਕੋ ਨੂੰ ਬੱਚਾ-ਬੱਚੀ ਹੋਣ ਆਲੈ।"

ਝਗੜਾ ਸਿੰਘ ਦੀ ਬੋਲਤੀ ਬੰਦ ਹੋ ਗਈ। ਉਸ ਨੇ ਹੱਥ ਵਾਲੀ ਡਾਂਗ ਪਰ੍ਹੇ ਵਗਾਹ ਮਾਰੀ ਤਾਂ ਅਸੀਂ ਸੁੱਖ ਦਾ ਸਾਹ ਲਿਆ ਕਿ ਬਲਾਅ ਟਲ ਗਈ।

"ਆਈ ਸਮਝ ਕਿ ਨਹੀਂ?" ਅਸੀਂ ਦੁਬਾਰਾ ਟੋਹਣ ਲਈ ਪੁੱਛਿਆ। ਸੰਤੁਸ਼ਟੀ ਕਰਨੀ ਚਾਹੀ।

"ਅੱਛਾ-ਅੱਛਾ! ਬੱਚਾ ਬੱਚੀ ਹੋਣ ਆਲੈ? ਉਹੋ, ਉਏ ਭਰਾਵੋ ਮੇਰਾ ਈ ਡਮਾਕ ਖਰਾਬ ਐ! ਮੈਨੂੰ ਥੋੜੇ 'ਲਾਕੇ ਦੀ ਬਾਤ ਦਾ ਕੀ ਪਤਾ? ਆਓ ਬੋਤਲ ਲੈ ਕੇ ਇਕ ਇਕ ਪੈਗ ਲਾਈਏ ਤੇ ਕਾਲਜਾ ਤੱਤਾ ਕਰੀਏ-ਠੰਡ ਐ।" ਉਹ ਸਾਨੂੰ ਧੂਹ ਕੇ ਠੇਕੇ ਵੱਲ ਨੂੰ ਲੈ ਤੁਰਿਆ। ਅਸੀਂ ਮਨ ਵਿਚ ਹੀ ਕੱਛਾਂ ਵਜਾਈਆਂ। ਬਾਘੀ ਪਾਈ। ਸ਼ੁਕਰ ਮਨਾਇਆ ਬਈ ਸ਼ੁਕਰ ਐ ਰੱਬਾ ਤੇਰਾ। ਨਹੀਂ ਇਸ ਰੱਬ ਦੇ ਜੀਅ ਨੇ ਆਪ ਤਾਂ ਸਾਡੇ ਘਰੂਟੇ ਮਾਰਨੇ ਹੀ ਸੀ, ਇਕੱਠੀ ਹੋਈ ਜਨਤਾ ਨੇ ਵੀ ਹੱਥ ਸੇਕ ਲੈਣੇ ਸਨ। ਸ਼ੁਕਰ ਹੈ ਹੁਣ ਕਾਲਜਾ ਤੱਤਾ ਕਰਨ ਲਈ ਸੁਲਾਹ ਮਾਰਨ ਲੱਗ ਪਿਐ। ਅੱਗੇ ਤੋਂ ਅਸੀਂ ਆਪਣੇ ਕੰਨੀਂ ਹੱਥ ਲਾਏ ਕਿ ਜੇ ਕਿਸੇ ਨੂੰ ਅਜਿਹੀ ਭੇਦ ਭਰੀ ਗੱਲ ਦੱਸਣੀ ਹੋਵੇ ਤਾਂ ਸਿੱਧੀ ਹੀ ਅਗਲੇ ਦੇ ਮੱਥੇ ਮਾਰਿਆ ਕਰਾਂਗੇ, ਭਾਈ ਥੋਡੀ ਨੂੰਹ-ਧੀ ਨੂੰ ਜੁਆਕ-ਜੱਲਾ ਹੋਣ ਆਲੈ!

ਅਸੀਂ ਦੁਬਾਰਾ ਵਿਚੋਲੇ ਬਣਨ ਲਈ ਦਿਲ ਕੱਢਿਆ। ਆਪਣੇ ਖੰਭ ਪਰਖੇ ਕਿ ਭਾਰ ਤੋਲਣ ਜੋਗੇ ਹਨ ਵੀ ਕਿ ਨਹੀਂ? ਪਹਿਲੀ ਵਿਚੋਲਗਿਰੀ ਦੀ ਛਾਪ ਦੇਣ ਨੇ ਸਾਨੂੰ ਲਾਲਚੀ ਬਣਾ ਦਿੱਤਾ ਸੀ। ਲਾਲਚ ਕਰਕੇ ਤਾਂ ਸ਼ੇਰ ਕੜੱਕੇ ਵਿਚ ਜਾ ਫਸਦੈ, ਅਸੀਂ ਵਿਚਾਰੇ ਕੀਹਦੇ ਪਾਣੀਹਾਰ? ਦੂਜੀ ਵਾਰ ਵਿਚੋਲਾ ਬਣਨ ਦਾ ਪਰਪੱਕ ਨਿਹਚਾ ਕਰ ਲਿਆ। ਸਾਡੀ ਮਾੜੀ ਕਿਸਮਤ, ਮੁੰਡਾ ਅੱਗੋਂ ਕਾਮਰੇਡ! ਪਹਿਲਾਂ ਤਾਂ ਵਿਆਹ ਨੂੰ ਲੱਤ ਈ ਨਾ ਲਾਵੇ, ਅਖੇ ਥੋਡੀ ਸੋਚ ਪਿਛਾਂਹ-ਖਿੱਚੂ ਐ। ਘਰਦਿਆਂ ਨੇ ਜਾਭਾਂ ਦਾ ਭੇੜ੍ਹ ਕੀਤਾ, ਤਾਂ ਜਾ ਕੇ ਕਿਤੇ ਤੋਕੜ ਮੱਝ ਵਾਂਗ ਕਿੱਲੇ 'ਤੇ ਖੜ੍ਹਿਆ। ਫੇਰ ਹੋਰ ਗੱਲ ਦਾ ਰੇਤਕਾ ਪਾ ਕੇ ਬੈਠ ਗਿਆ, ਮੈਨੂੰ ਕੁੜੀ ਉਚੇ ਖਿਆਲਾਂ ਦੀ, ਉਸਾਰੂ-ਵਿਚਾਰਾਂ ਵਾਲੀ ਚਾਹੀਦੀ ਐ। ਕਾਮਰੇਡ ਦਾ ਬਾਪੂ ਖਿਝ ਗਿਆ, "ਤੈਨੂੰ ਚੀਨ ਆਲੇ ਮੰਤਰੀ ਦੀ ਕੁੜੀ ਨਾ ਲਿਆ ਦੀਏ?"

ਮੁੰਡਾ ਹੱਸ ਪਿਆ ਅਤੇ ਸਾਨੂੰ ਅੱਧੀ ਸਹਿਮਤੀ ਮਿਲ ਗਈ। ਸਹੁਰੇ ਵੀ ਰਾਜ਼ੀ ਅਤੇ ਪੇਕੇ ਵੀ ਬਾਗੋਬਾਗ ਪਰ ਅਸੀਂ ਨਿਰਾਸ਼! ਕਾਮਰੇਡ ਦਾ ਵਿਆਹ ਕਾਹਦਾ? ਨਾ ਜੰਨ ਗਈ, ਨਾ ਆਨੰਦ ਕਾਰਜ! ਨਾ ਕੋਈ ਦਾਰੂ-ਦੱਪਾ, ਨਾ ਪਾਰਟੀ! ਪਤੰਦਰ 'ਕੱਲਾ ਈ ਸਾਈਕਲ 'ਤੇ ਕੁੜੀ ਲੱਦ ਕੇ ਘਰੇ ਲੈ ਆਇਆ। ਅਖੇ ਫ਼ੋਕੇ ਖ਼ਰਚੇ ਅਸੀਂ ਨੀ ਕਰਨੇ। ਅਖੇ ਦੁਨੀਆਂ ਫ਼ੋਕੀਆਂ ਸ਼ੋਹਰਤਾਂ ਕਰਕੇ ਕਰਜ਼ਾਈ ਹੋਈ ਜਾ ਰਹੀ ਐ। ਲੋਟੂ-ਟੋਲਾ ਥੋਨੂੰ ਲੁੱਟ ਰਿਹੈ। ਫਿੱਟੇ ਮੂੰਹ! ਇਹ ਵੀ ਕੋਈ ਵਿਆਹ ਐ? ਜਦੋਂ ਕਾਮਰੇਡ ਨੇ ਹੀ ਕੁਛ ਨਹੀਂ ਲਿਆ ਸੀ, ਤਾਂ ਸਾਨੂੰ ਵਿਚੋਲਗਿਰੀ ਦੀ ਛਾਪ ਢੱਠੇ-ਖੂਹ 'ਚੋਂ ਮਿਲਣੀ ਸੀ? ਨੰਗਾਂ ਦੇ ਨੰਗ ਪ੍ਰਾਹੁਣੇ! ਕੰਨਾਂ ਨੂੰ ਹੱਥ ਲਾਏ, ਕੱਟਿਆਂ ਦਾ ਵਪਾਰ ਕਰਨਾ ਮਨਜ਼ੂਰ ਪਰ ਕਿਸੇ ਕਾਮਰੇਡ ਦਾ ਵਿਚੋਲਾ ਨੀਂ ਬਣਨਾ! ਜਿਹੜੇ ਵਿਚੋਲੇ ਨੂੰ ਛਾਪ ਨੀਂ ਪਾ ਸਕਦੇ, ਇਹ ਕਾਮਰੇਡੀ ਸੁਆਹ ਦੀ ਐ? ਅਸੀਂ ਮੁੰਦਰੀ ਦੇ ਲਾਲਚ ਨੂੰ ਵਾਧੂ ਗਿੱਟੇ ਕਵਾਉਂਦੇ ਰਹਿ ਗਏ। ਸਾਡੀ ਤਾਂ ਕਾਮਰੇਡ ਬਾਤ ਨੀਂ ਪੁੱਛਦਾ, ਆਪਣੀ ਘਰਵਾਲੀ ਨੂੰ 'ਜੀਤੀ-ਜੀਤੀ' ਕਰਦੇ ਦਾ ਮੂੰਹ ਸੁੱਕਦੈ! ਕਿੰਨੇ ਨਾਸ਼ੁਕਰੇ ਬੰਦੇ ਐ!

ਦੂਜੀ ਵਿਚੋਲਗੀ ਦਾ ਕੌੜਾ ਤਜ਼ਰਬਾ ਹੋਇਆ। ਸੋਚਿਆ ਜਿਹੜਾ ਇਹ ਘਾਟਾ ਪਿਐ, ਅਗਲੇ ਘਰ ਤੋਂ ਪੂਰਾ ਕਰਾਂਗੇ! ਕੁੜੀ ਵਾਲਿਆਂ ਤੋਂ ਵੀ ਛਾਪ, ਮੁੰਡੇ ਆਲਿਆਂ ਕੋਲੋਂ ਵੀ ਛਾਪ! ਘਾਟੇ-ਵਾਧੇ ਬਰਾਬਰ! ਘਾਟੇ ਵਾਧੇ ਵਪਾਰ 'ਚ ਹੁੰਦੇ ਹੀ ਰਹਿੰਦੇ ਐ! ਹੁਣ ਸਾਡੇ ਉਪਰ 'ਵਿਚੋਲੇ' ਦਾ ਲੇਬਲ ਲੱਗ ਗਿਆ ਸੀ। ਜਿਵੇਂ ਕਿਸੇ ਨੂੰ ਡਾਕਟਰ, ਇੰਜੀਨੀਅਰ ਜਾਂ ਪ੍ਰੋਫ਼ੈਸਰ ਦੀ ਉਪਾਧੀ ਮਿਲ ਜਾਂਦੀ ਐ, ਸਾਨੂੰ ਵਿਚੋਲੇ ਵਾਲੀ 'ਉਪਾਧੀ' ਮਿਲ ਗਈ ਸੀ। ਸਾਡੀ ਰੱਬ ਨੇ ਫੇਰ ਸੁਣ ਲਈ। ਸੁਣੀ ਕੀ? ਲਹਿਰਾਂ ਬਹਿਰਾਂ ਕਰ ਦਿੱਤੀਆਂ!

ਇਕ 'ਮੁੰਡਾ' ਕੈਨੇਡਾ ਤੋਂ ਆਇਆ ਸੀ। ਉਮਰ 50 ਸਾਲ। ਵਿਆਹ ਕਰਵਾਉਣ ਨੂੰ ਤਾਂਘਦਾ ਸੀ। ਨਾਲੇ 50 ਸਾਲ ਕੀ ਉਮਰ ਹੁੰਦੀ ਐ? ਵਾਲ ਕਾਲੇ, ਦਾਹੜ੍ਹੀ ਘਰੜ੍ਹੀ ਹੋਈ, ਉਹ ਤਾਂ ਲੱਗਦਾ ਹੀ ਪੱਚੀਆਂ ਕੁ ਦਾ ਐ! ਨਾਲੇ ਮਰਦ ਤੇ ਘੋੜਾ ਵੀ ਕਦੇ ਬੁੱਢੇ ਹੋਏ ਐ? ਖ਼ੁਰਾਕਾਂ ਮਿਲੀ ਜਾਣ ਸਹੀ! ਸਾਨੂੰ 'ਕਾਮਰੇਡ ਐਂਡ ਜੀਤੀ ਕੰਪਨੀ' 'ਚੋਂ ਪਿਆ ਘਾਟਾ ਇੱਧਰੋਂ ਪੂਰਾ ਹੁੰਦਾ ਲੱਗਦਾ ਸੀ। ਅਸੀਂ ਕੈਨੇਡੀਅਨ 'ਲਾੜੇ' ਨੂੰ ਉਚੇਚ ਕਰਕੇ ਜਾ ਮਿਲੇ। ਉਹ 'ਮੁੰਡਾ-ਖੁੰਡਾ' ਦਿਸਣ ਲਈ ਗਰੀਸ ਜਿਹੇ ਨਾਲ ਆਪਣੇ ਵਾਲ ਚੋਪੜੀ ਬੈਠਾ ਸੀ। ਉਠ ਕੇ ਬੜੇ ਉਤਸ਼ਾਹ ਨਾਲ ਮਿਲਿਆ, ਮੜਕ ਭੋਰਾ ਵੀ ਨਾ! ਵਿਚੋਲੇ ਵਾਲਾ 'ਲੇਬਲ' ਸਾਨੂੰ ਰਾਸ ਆਇਆ, ਉਸ ਨੇ ਜਾਨੀ-ਵਾਕਰ ਦੀ ਬੋਤਲ ਸੱਪ ਵਾਂਗ ਕੱਢ ਕੇ ਸਾਡੇ ਮੂਹਰੇ ਰੱਖ ਦਿੱਤੀ। ਬੜਾ ਦਿਲ ਦਰਿਆ ਬੰਦਾ। ਸੂਮ ਕਾਮਰੇਡ ਨਾਲੋਂ ਲੱਖ ਦਰਜੇ ਚੰਗਾ। ਜੇ ਅਸੀਂ ਕਦੇ ਭੁੱਲ-ਭੁਲੇਖੇ ਕਾਮਰੇਡ ਦੇ ਘਰੇ ਚਲੇ ਜਾਣਾ ਤਾਂ ਉਸ ਨੇ ਆਪਣੀ ਘਰਵਾਲੀ ਨੂੰ ਮਲਵੀਂ ਜਿਹੀ ਜੀਭ ਨਾਲ ਆਖਣਾ, "ਜੀਤੀ! ਸਾਥੀ ਅੱਧਾ ਕੁ ਕੱਪ ਚਾਹ ਬਣਾ ਲਵੋ!" ਬਈ ਪੁੱਛਣਾ ਹੋਵੇ, ਪੂਰਾ ਕੱਪ ਬਣਾਉਂਦੀ ਜੀਤੀ ਦੇ ਖ਼ੁਰਕ ਪੈਂਦੀ ਐ? ਨੀਤ ਦੇ ਨਿਰੇ ਨੰਗ! ਜਿਹੋ ਜੀ ਨੰਦੋ ਬਾਹਮਣੀ, ਉਹੋ ਜਿਹਾ ਘੁੱਦੂ ਜੇਠ। ਜਿਹੋ ਜਿਹਾ ਮੱਖੀ ਚੂਸ ਕਾਮਰੇਡ, ਉਸ ਤੋਂ ਵੱਧ ਟਿੰਡੀਆਂ ਬੁਸ਼ਕਰਨ ਵਾਲੀ ਉਸ ਦੀ ਖਲਪਾੜ ਜਿਹੀ ਜੀਤੀ! 'ਉਸਾਰੂ-ਵਿਚਾਰਾਂ' ਵਾਲੀ!

ਖ਼ੈਰ! ਸਾਡੀ ਜੱਦੋਜਹਿਦ ਰੰਗ ਲਿਆਈ। ਕੈਨੇਡੀਅਨ 'ਲਾੜੇ' ਦਾ ਪੱਕ-ਠੱਕ ਕਰਵਾ ਦਿੱਤਾ। ਕੀ ਹੋ ਗਿਆ ਕਿ ਕੁੜੀ ਦੀ ਉਮਰ ਕੈਨੇਡੀਅਨ ਲਾੜੇ ਤੋਂ ਤੀਹ ਸਾਲ ਛੋਟੀ ਸੀ? ਮੁੰਡਾ ਤਾਂ ਕੈਨੇਡੀਅਨ ਸੀ ਨਾ! ਨਾਲੇ 25-30 ਸਾਲਾਂ ਦਾ ਵੀ ਕੋਈ ਫ਼ਰਕ ਹੁੰਦੈ? ਕੁੜੀ ਦੇ ਮਾਂ-ਪਿਉ ਤਾਂ ਸਾਡੇ ਪੈਰ ਧੋ-ਧੋ ਕੇ ਪੀਣ ਨੂੰ ਤਿਆਰ ਸੀ, ਸਾਡੀ ਕੁੜੀ ਨੂੰ 'ਬਾਹਰਲਾ' ਮੁੰਡਾ ਲੱਭ ਕੇ ਦਿੱਤੈ! ਕੈਨੇਡੀਅਨ ਲਾੜਾ ਸਾਡੀ ਹਰ ਰੋਜ਼ ਵਿਸਕੀ ਅਤੇ ਕੁੱਕੜ-ਬਟੇਰੇ ਨਾਲ ਸੇਵਾ ਕਰਦਾ, ਜੱਫੀਆਂ ਪਾਉਂਦਾ। ਜਦੋਂ ਅਸੀਂ ਕੈਨੇਡੀਅਨ ਦਾ ਮੁਕਾਬਲਾ ਕਾਮਰੇਡ ਨਾਲ ਕਰਕੇ ਦੇਖਣਾ ਤਾਂ ਸਾਥੋਂ ਕਾਮਰੇਡ ਨੂੰ ਸੌ-ਸੌ ਗਾਲ੍ਹ ਨਿਕਲਣੀ! ਕੈਨੇਡੀਅਨ ਦਾ ਵਿਆਹ ਹੋ ਗਿਆ। ਲੋਕਾਂ ਨੇ ਦੋ ਚਾਰ ਦਿਨ ਦੰਦ-ਕਥਾ ਕੀਤੀ। ਚੁੱਪ ਕਰ ਗਏ। ਪਤਾ ਨੀ ਲੋਕਾਂ ਨੂੰ ਕੀ ਬੁਰੀ ਬਾਣ ਐ? ਕਿਸੇ ਦੀ ਕੁੜੀ ਕਿਸੇ ਦਾ ਮੁੰਡਾ, ਲੋਕਾਂ ਦੇ ਕੀ ਸੂਲ ਹੁੰਦੈ? ਸਾਡੇ ਹਿੱਸੇ ਇਕ ਨਹੀਂ, ਦੋ ਛਾਪਾਂ ਆ ਗਈਆਂ। ਘਾਟੇ ਪੂਰੇ ਹੋ ਗਏ! ਦੋ-ਤਿੰਨ ਮਹੀਨੇ ਕੁੜੀ ਨੂੰ ਘੁੰਮਾ-ਫਿਰਾ ਕੇ ਕੈਨੇਡੀਅਨ 'ਮੁੰਡਾ' ਕੁੜੀ ਨੂੰ ਜਲਦੀ ਹੀ ਮੰਗਵਾ ਲੈਣ ਦਾ ਵਾਅਦਾ ਕਰਕੇ ਕੈਨੇਡਾ ਨੂੰ ਜਹਾਜ਼ ਚੜ੍ਹ ਗਿਆ। ਜਾਣ ਤੋਂ ਪਹਿਲਾਂ ਚੰਡੀਗੜ੍ਹ, ਮਸੂਰੀ, ਸਿਮਲੇ ਤੇ ਹੋਰ ਪਤਾ ਨਹੀਂ ਕਿੱਥੇ-ਕਿੱਥੇ ਕੁੜੀ ਨੂੰ ਘੁਮਾਉਂਦਾ ਰਿਹਾ। ਕਾਮਰੇਡ ਤਾਂ ਆਪਦੀ ਜੀਤੀ ਨੂੰ ਮੋਗੇ ਫ਼ਿਲਮ ਨਹੀਂ ਦਿਖਾ ਸਕਿਆ। ਕਿੰਨਾ ਮੱਖੀ-ਚੂਸ ਐ ਸਾਲਾ ਕੁੱਤਿਆਂ ਦਾ!

ਹੁਣ ਤਿੰਨ ਮੁੰਦਰੀਆਂ ਸਾਡੇ ਹੱਥਾਂ ਵਿਚ ਕਾਲੇ ਨਾਗ ਦੀ ਅੱਖ ਵਾਂਗੂੰ ਦਗਦੀਆਂ ਰਹਿੰਦੀਆਂ। ਸਾਡੀ ਸ਼ਾਮਤ ਤਾਂ ਉਦੋਂ ਆਈ ਜਦੋਂ ਕੈਨੇਡੀਅਨ ਲਾੜੇ ਨੇ ਜਾ ਕੇ ਕੁੜੀ ਨੂੰ ਕੋਈ ਕਾਗਜ਼-ਪੱਤਰ ਨਾ ਭੇਜਿਆ। ਪਹਿਲਾਂ ਜਾ ਕੇ ਤਾਂ ਫ਼ੋਨ-ਫ਼ਾਨ ਕਰਦਾ ਰਿਹਾ ਪਰ ਫਿਰ ਇਕ ਦਮ ਚੁੱਪ ਜਿਹਾ ਕਰ ਗਿਆ। ਕੁੜੀ ਵਾਲਿਆਂ ਨੇ ਸਾਡੀ ਜਾਨ ਖਾਣੀ ਸ਼ੁਰੂ ਕਰ ਦਿੱਤੀ। ਅਸੀਂ ਕਿਹੜਾ ਕੈਨੇਡਾ ਦੇ ਮੁੱਖ ਮੰਤਰੀ ਸੀ? ਸਾਨੂੰ ਤਾਂ ਇਹ ਵੀ ਨਹੀਂ ਪਤਾ ਸੀ ਕਿ ਮੁੰਡਾ ਕੈਨੇਡਾ ਰਹਿੰਦਾ ਵੀ ਹੈ ਕਿ ਨਹੀਂ? ਕੁੜੀ ਨੂੰ ਵੀ ਕੰਜਰ ਦੇ ਨੇ ਕੋਈ ਪਤਾ-ਸੁਤਾ ਨਹੀਂ ਦਿੱਤਾ ਸੀ। ਕੁੜੀ ਵੀ ਸਹੁਰੀ ਭੋਲੀ, ਕੈਨੇਡੀਅਨ ਦੀ ਬੁੱਕਲ 'ਚ ਵੜ, ਲੋਰੀਆਂ ਲੈਂਦੀ, ਸਾਰਾ ਕੁਛ ਭੁੱਲ ਗਈ।

ਜਦੋਂ ਕੁੜੀ ਵਾਲਿਆਂ ਨੇ ਸਾਡੇ ਬਨੇਰੇ ਬੁਰੀ ਤਰ੍ਹਾਂ ਰੰਦਣੇ ਸ਼ੁਰੂ ਕਰ ਦਿੱਤੇ ਤਾਂ ਅਸੀਂ ਆਪਣਾ ਭੁੱਗਾ ਕੁੱਟੇ ਜਾਣ ਤੋਂ ਪਹਿਲਾਂ ਹੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਡਰਦਿਆਂ ਨੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਡੇਰਾ ਲਾ ਲਿਆ। ਜਦੋਂ ਕੋਈ ਕੈਨੇਡਾ ਤੋਂ ਜਹਾਜ਼ ਆਇਆ ਕਰੇ, ਅਸੀਂ ਕੈਨੇਡਾ ਤੋਂ ਆਉਣ ਵਾਲਿਆਂ ਨੂੰ 'ਲਾੜੇ' ਦਾ ਹੁਲੀਆ ਅਤੇ ਪਿੰਡ ਦੱਸ ਕੇ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਿਆ ਕਰੀਏ।

ਆਖ਼ਰ ਸਾਡੇ ਸਿਰ ਵਿਚ ਇਕ ਹੋਰ ਭੜ੍ਹਾਕਾ ਫ਼ਟ ਗਿਆ। ਉਸ ਦੇ ਕਿਸੇ ਨੇੜਲੇ ਜਾਣਕਾਰ ਨੇ ਦੱਸਿਆ ਕਿ ਲਾੜਾ ਜੀ ਤਾਂ ਸੁੱਖ ਨਾਲ 25 ਸਾਲ ਪਹਿਲਾਂ ਦੇ ਵਿਆਹੇ-ਵਰੇ ਹਨ ਅਤੇ ਉਨ੍ਹਾਂ ਨੇ ਕੈਨੇਡਾ ਵਿਚ ਹੁਣੇ ਜਿਹੇ ਆਪਣੀ 23 ਸਾਲਾ ਲੜਕੀ ਦੀ ਸ਼ਾਦੀ ਕੀਤੀ ਸੀ। ਸਾਨੂੰ ਤਾਂ ਜੀ ਦਿਲ ਦਾ ਦੌਰਾ ਪੈਣ ਵਾਲਾ ਹੋ ਗਿਆ! ਰੱਬ ਅੱਗੇ ਹੱਥ ਜੋੜੇ, ਬਚਾ ਰੱਬਾ, ਤੇਰੇ ਅਣਜਾਣ ਬੱਚੇ ਹਾਂ! ਘਰੇ ਕਿਵੇਂ ਜਾਈਏ? ਕੁੜੀ ਵਾਲੇ ਸਾਨੂੰ ਛਿੱਲਣ ਲਈ ਰੈਂਗੜੇ ਚੁੱਕੀ ਫਿਰਦੇ ਸਨ। ਆਖ਼ਰ ਕਾਮਰੇਡ ਦੇ ਘਰੇ ਹੀ ਜਾ ਡੇਰੇ ਲਾਏ।

ਕਦੇ-ਕਦੇ ਖੋਟਾ ਸਿੱਕਾ ਵੀ ਕੰਮ ਆ ਜਾਂਦੈ। ਕਾਮਰੇਡ ਨੂੰ ਸਾਰੀ ਗੱਲ ਦੱਸੀ। ਉਸ ਨੇ ਕੈਨੇਡੀਅਨ ਦੀਆਂ ਸਾਰੀਆਂ ਗੁੱਥੀਆਂ ਫ਼ਰੋਲਣ ਦੀ ਜ਼ਿੰਮੇਵਾਰੀ ਲਈ। ਕਹਿੰਦਾ ਕੈਨੇਡਾ ਵਿਚ ਸਾਡੇ ਬੜੇ ਸਾਥੀ ਵਸਦੇ ਨੇ, ਬੁੱਢੇ ਲਾੜੇ ਨੂੰ ਨਿਰਵਸਤਰ ਕਰਾਂਗੇ ਤੇ ਕੁੜੀ ਨੂੰ ਇਨਸਾਫ਼ ਦੁਆਵਾਂਗੇ! ਸਾਨੂੰ ਵੀ ਤੱਤੀਆਂ-ਠੰਢੀਆਂ ਸੁਣਾ ਗਿਆ, ਅਖੇ ਤੁਸੀਂ ਲੋਕ ਅੰਨ੍ਹੇ ਹੋ, ਕੁਛ ਕਰਨ ਲੱਗੇ ਅੱਗਾ ਪਿੱਛਾ ਨੀ ਦੇਖਦੇ। ਜੀਤੀ ਜੀ ਵੀ ਆਪਣੇ ਗੁੱਸੇ ਦਾ ਰੋਗਮਾਰ ਸਾਡੇ ਫੁੱਲ ਵਰਗੇ ਸਰੀਰ 'ਤੇ ਫੇਰ ਗਈ, ਅਖੇ ਕੁੜੀ ਦੀ ਜ਼ਿੰਦਗੀ ਬਰਬਾਦ ਕਰਨ ਦੇ ਸਰਾਸਰ ਤੁਸੀਂ ਜ਼ਿੰਮੇਵਾਰ ਹੋ! ਕੋਈ ਪੁੱਛੇ, ਬਈ ਸਹੁਰੀਏ ਖੁਰਚਣੀਏਂ ਜੀਏ, ਕੀ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ? ਕੇਰਾਂ ਈ ਜੱਜ ਬਣ ਕੇ ਖੜ੍ਹਗੀ? ਪਰ ਅਸੀਂ ਇਸ ਗਲਤੀ ਤੋਂ ਇਕ ਸਬਕ ਜ਼ਰੂਰ ਸਿੱਖਿਐ, ਕਿਸੇ 'ਬਾਹਰਲੇ' ਦੇ ਵਿਚੋਲੇ ਨਹੀਂ ਬਣਨਾ। ਕੰਨਾਂ ਨੂੰ ਵਾਰ-ਵਾਰ ਹੱਥ ਲਾਏ, ਅਜੇ ਤਾਂ ਅਸੀਂ ਆਪਣੇ ਹੱਡ ਬਚਾਉਣ 'ਤੇ ਲੱਗੇ ਹੋਏ ਹਾਂ!

# ਮੇਰੀ 'ਫੱਕੀ' ਤੋਂ ਡਰਨ ਫਰਿਸ਼ਤੇ

ਹੋਇਆ ਸੀ। ਉਸ ਨੇ ਦਸਿਆ ਕਿ ਨੀਂਦ ਵਿਚ ਪਹਿਲਾਂ ਉਸ ਦਾ ਜੀਅ ਕੱਚਾ ਹੋਇਆ। ਇਹ ਸੋਚ ਕੇ ਕਿ ਖਾਣ ਪੀਣ ਦੀ ਖਰਾਬੀ ਹੋਣੀ ਐ, ਉਸ ਨੇ ਪਲਸਾਟਿਲਾ ਦਵਾਈ ਕੱਢਣ ਲਈ ਪਰਸ ਖੋਲ੍ਹਿਆ। ਸ਼ੀਸ਼ੀ ਲੱਭ ਤਾਂ ਲਈ ਪਰ ਚੁੱਕੀ ਨਾ ਗਈ। ਇਕ ਦਮ ਭਾਰ ਜਿਹਾ ਪੈ ਕੇ ਦਿਲ ਘਟ ਗਿਆ ਤੇ ਤਾਕਤ ਚਲੀ ਗਈ। ਉਸ ਨੇ ਮੈਨੂੰ ਜਗਾਉਣਾ ਚਾਹਿਆ ਪਰ ਉਸ ਦੀ ਕਮਜ਼ੋਰ ਆਵਾਜ਼ ਮੇਰੇ ਤੀਕਰ ਨਾ ਪਹੁੰਚ ਸਕੀ। ਫਿਰ ਉਸ ਨੇ ਹੱਥ ਨਾਲ ਖਿੱਚ ਕੇ ਉਠਾਉਣ ਦੀ ਕੋਸ਼ਿਸ਼ ਕੀਤੀ ਜੋ ਨਾਕਾਮਯਾਬ ਰਹੀ। ਇਸ ਤੋਂ ਬਾਦ ਉਸ ਨੂੰ ਕੁਝ ਪਤਾ ਨਾ ਰਿਹਾ। ਮੇਰੇ ਵਾਰ-ਵਾਰ ਪੁੱਛਣ 'ਤੇ ਵੀ ਉਹ ਮੈਨੂੰ ਆਪਣੇ ਗਵਾਚੇ ਪਲਾਂ ਬਾਰੇ ਕੁਝ ਨਾ ਦੱਸ ਸਕੀ। ਮੈਂ ਉਸ ਨੂੰ ਢਾਰਸ ਦੇਂਦਿਆਂ ਕਿਹਾ, "ਕੋਈ ਗੱਲ ਨਹੀਂ। ਤੂੰ ਮੈਨੂੰ ਠੀਕ ਸਮੇਂ ਤੇ ਜਗਾ ਦਿਤਾ ਸੀ ਤੇ ਮੈਂ ਤੈਨੂੰ ਜਿਵੇਂ ਕਿਵੇਂ ਸੰਭਾਲ ਲਿਆ ਸੀ। ਹੁਣ ਤੂੰ ਬਿਲਕੁਲ ਠੀਕ ਹੈਂ। ਫਿਕਰ ਨਾ ਕਰ, ਮੈਂ ਤੇਰੇ ਨਾਲ ਹਾਂ।" ਫਿਰ ਮੈਂ ਉਸ ਨੂੰ ਸਾਰੀ ਕਹਾਣੀ ਸੁਣਾਈ। ਪੂਰੀ ਗੱਲ ਸੁਣ ਕੇ ਮੇਰੀ ਪਤਨੀ ਨੇ ਸ਼ੁਕਰਾਨੇ ਵਜੋਂ ਮੇਰਾ ਹੱਥ ਘੁਟ ਲਿਆ। ਉਸ ਨੇ ਪਲਸਾਟਿਲਾ ਦੀ ਸ਼ੀਸ਼ੀ ਕੱਢ ਕੇ ਮੈਨੂੰ ਦੇ ਦਿਤੀ ਤੇ "ਵ" ਅੱਖਰ ਵਾਲੀ ਦਵਾਈ ਮੈਥੋਂ ਲੈ ਕੇ ਆਪਣੇ ਪਰਸ ਵਿਚ ਰੱਖ ਲਈ। ਇਹ ਹਾਲੇ ਤੀਕਰ ਉਥੇ ਹੀ ਪਈ ਹੈ।

ਪਟਿਆਲੇ ਪਹੁੰਚ ਕੇ ਸਭ ਬੱਚਿਆਂ ਦੇ ਕਹਿਣ ਤੇ ਅਸੀਂ ਰਾਜਿੰਦਰਾ ਹਸਪਤਾਲ ਵਿਚ ਚੈਕਅਪ ਕਰਵਾਇਆ। ਸਾਰੀ ਗੱਲ ਸੁਣ ਕੇ ਡਾਕਟਰ ਨੇ ਦਸਿਆ ਕਿ ਇਹ ਮੇਜਰ ਹਾਰਟ ਅਟੈਕ ਸੀ। ਨੀਂਦ ਵਿਚ ਆਵੇ ਤਾਂ ਬੰਦਾ ਸੁੱਤਾ ਹੀ ਰਹਿ ਜਾਂਦਾ ਹੈ। ਸੁਣ ਕੇ ਮੇਰੀ ਪਤਨੀ ਘਬਰਾ ਗਈ ਕਿ ਕਿਤੇ ਫਿਰ ਨਾ ਆ ਜਾਵੇ। ਘਰ ਜਾ ਕੇ ਉਸ ਨੇ ਜੋਤਸ਼ੀ ਦੀ ਸਲਾਹ ਲੈਣ ਦੀ ਜਿੱਦ ਫੜ ਲਈ। ਅਸੀਂ ਉਸ ਦੀ ਜਨਮ-ਪੱਤਰੀ ਲੈ ਕੇ ਮੇਰੇ ਪੁਰਾਣੇ ਸਹਿਕਰਮੀ ਪ੍ਰੋ. ਐਨ ਕੇ ਤ੍ਰਿਪਾਠੀ, ਜੋ ਮਹਿੰਦਰਾ ਕਾਲਜ ਦੇ ਸੰਸਕ੍ਰਿਤ ਦੇ ਰਿਟਾਇਰਡ ਪ੍ਰੋਫ਼ੈਸਰ ਸਨ ਤੇ ਜੋਤਿਸ਼ ਇਲਮ ਦੇ ਧਨੀ ਸਨ, ਕੋਲ ਚਲੇ ਗਏ। ਬਹੁਤ ਹੀ ਘਟ ਬੋਲਣ ਵਾਲੇ ਤ੍ਰਿਪਾਠੀ ਸਹਿਬ ਨੂੰ ਕੁੰਡਲੀ ਵੇਖ ਕੇ ਅਚੰਭਾ ਹੋਇਆ ਕਿ ਜਾਤਕ "ਜੀਵਿਤ" ਹੈ। ਪੁੱਛਣ ਤੇ ਉਨ੍ਹਾਂ ਕਿਹਾ, "ਇਨ੍ਹਾਂ 'ਤੇ ਦਸੰਬਰ ਵਿਚ ਸ਼ਨੀ ਦੀ ਮਹਾ ਦਸ਼ਾ ਵਿਚ ਰਾਹੂ ਦੀ ਅੰਤਰਦਸ਼ਾ ਸੀ। ਉਸੇ ਵੇਲੇ ਗੋਚਰ ਦਾ ਸ਼ਨੀ ਖ਼ੁਦ ਮੰਗਲ ਨਾਲ ਅੱਠਵੇਂ 'ਚੋਂ ਗੁਜਰ ਰਿਹਾ ਸੀ। ਕੁੰਡਲੀ ਵਿਚ ਅੱਠਵਾਂ ਘਰ ਪਹਿਲਾਂ ਹੀ ਮੰਗਲ ਦੀ ਚੌਥੀ ਦ੍ਰਿਸ਼ਟੀ ਵਿਚ ਸੀ। ਕਸ਼ਟ ਘਾਤਕ ਸੀ। "ਮੇਰੀ ਪਤਨੀ ਦੇ ਹੋਰ ਪੁੱਛਣ ਤੇ ਉਨ੍ਹਾਂ ਦਸਿਆ ਕਿ ਰਾਹੂ ਤੋਂ ਧੋਖਾ, ਘੁਸਪੈਠ ਤੇ ਅਚਨਚੇਤੀ ਹਮਲਾ; ਮੰਗਲ ਤੋਂ ਰਕਤ-ਦਬਾਵ, ਖ਼ੂਨ-ਸੰਚਾਰ ਤੇ ਦਿਲ ਦਾ ਦੌਰਾ ਅਤੇ ਸ਼ਨੀ ਤੋਂ ਲੋਹ-ਧਾਤ, ਹਨੇਰਾ, ਪ੍ਰਦੇਸ਼ ਤੇ ਸਫ਼ਰ ਦੇ ਚਿੰਨ ਸਪਸ਼ਟ ਹੁੰਦੇ ਹਨ। ਇਨ੍ਹਾਂ ਤੱਤਾਂ ਅਨੁਸਾਰ ਵਿਦੇਸ਼ ਦੇ ਸਫ਼ਰ ਦੌਰਾਨ ਰਾਤ ਦੇ ਹਨੇਰੇ ਵਿਚ, ਜਾਂ ਗੂਹੜੀ ਨੀਂਦ ਵਿਚ ਕਿਸੇ ਫ਼ਰੇਬੀ ਚਾਲ ਨਾਲ ਗੋਲੀ ਜਾਂ ਛੁਰੇ ਦਾ ਘਾਤਕ ਵਾਰ ਜਾਂ ਅਚਨਚੇਤ ਖ਼ੂਨੀ ਸੜਕ ਦੁਰਘਟਨਾ ਜਾਂ ਅਚਾਨਕ ਦਿਲ ਦਾ ਦੌਰਾ ਜਾਂ ਬ੍ਰੇਨ-ਹੈਮਰੇਜ ਆਦਿ ਦੇ ਸੰਕੇਤ ਸਨ। ਉਨ੍ਹਾਂ ਕਿਹਾ, "ਪਰ ਹੁਣ ਸਭ ਕੁਝ ਟਲ ਚੁੱਕਾ ਹੈ।" ਜੋਤਿਸ਼ ਦੇ ਪਖੰਡ ਹੋਣ ਬਾਰੇ ਮੇਰੀ ਪੱਕੀ ਧਾਰਨਾ ਕੱਚ ਵਾਂਗ ਤਿੜਕ ਗਈ।

ਕਸ਼ਟ ਦੇ ਬੱਦਲ ਤਾਂ ਜਿਵੇਂ ਕਿਵੇਂ ਬਿਖਰ ਗਏ ਪਰ ਇਹ ਘਟਨਾ ਮੇਰੇ ਲਈ ਕਈ ਸਦੀਵੀ ਅੜਾਉਣੀਆਂ ਪਾ ਗਈ। ਹੁਣ ਮੈਂ ਵਾਰ-ਵਾਰ ਸੋਚਦਾ ਹਾਂ ਕਿ ਇਹ ਕੀ ਵਿਡੰਬਨਾ ਹੈ ਕਿ ਇਕ ਪਾਸੇ ਤਾਂ ਕੁਦਰਤ ਨੇ ਮੇਰੀ ਪਤਨੀ ਨੂੰ ਮਾਰਨ ਲਈ ਦਵਾਈਆਂ ਦਾ ਡੱਬਾ ਘਰੇ ਰਖਵਾ ਕੇ ਸਭ ਸਹੂਲਤਾਂ ਤੋਂ ਵਾਂਝੀ ਹਵਾਈ ਜਹਾਜ਼ ਵਰਗੀ ਅਪਹੁੰਚ ਥਾਂ ਚੁਣੀ ਤੇ ਦੂਜੇ ਪਾਸੇ ਲੋੜੀਂਦੀਆਂ ਦਵਾਈਆਂ ਨਾਲ ਚੁੱਕ ਲੈਣ ਦੀ ਜੁਗਤ ਦੇ ਕੇ ਉਸ ਨੂੰ ਸਮੇਂ ਸਿਰ ਬਚਾ ਵੀ ਲਿਆ? ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਕੀ ਕੁਦਰਤ ਤੋਂ ਉਤੇ ਵੀ ਕੋਈ ਹੋਰ ਕੁਦਰਤ ਹੈ ਜੋ ਇਸ ਕੁਦਰਤ ਦੀਆਂ ਵਿਉਂਤਾਂ ਵਿਚ ਰੱਦੋ-ਬਦਲ ਕਰਨ ਦੀ ਸਮਰਥਾ ਰਖਦੀ ਹੈ? ਜੇ ਕੁਦਰਤ ਇਕ ਹੀ ਹੈ ਤਾਂ ਫਿਰ ਕੀ ਇਹ ਵੀ ਆਮ ਇਨਸਾਨਾਂ ਵਾਂਗ ਆਪਣੇ ਫੈਸਲਿਆਂ ਵਿਚ ਫੇਰ-ਬਦਲ ਕਰਦੀ ਰਹਿੰਦੀ ਹੈ? ਅਤੇ ਕੀ ਦਵਾ-ਦਾਰੂ ਰਾਹੀਂ ਵੀ ਅਟੱਲ ਸਮਝੀਆਂ ਜਾਣ ਵਾਲੀਆਂ ਕੁਦਰਤੀ ਹੋਣੀਆਂ ਨੂੰ ਟਾਲਿਆ ਸਕਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਅੰਧਵਿਸ਼ਵਾਸ-ਰਹਿਤ ਉਤਰ ਮੈਂ ਹਾਲੇ ਤੀਕਰ ਭਾਲ ਰਿਹਾ ਹਾਂ।

## ਨਾਨਕ, ਨਾਮ, ਅਭਿਆਸ ਅਤੇ ਗੁਰਦੁਆਰਾ

*(ਸਫਾ 32 ਦੀ ਬਾਕੀ)*

ਸਿੱਖ ਸਮਾਜ ਮਨੁਖ ਕੇਂਦ੍ਰਤ ਬਣਦਾ ਜਾ ਰਿਹਾ ਹੈ। ਜਿਵੇਂ ਜਿਵੇਂ ਗੁਰਦੁਆਰੇ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਮਨੋਰਥ ਤੋਂ ਦੂਰ ਹੁੰਦੇ ਜਾ ਰਹੇ ਹਨ, ਉਵੇਂ ਉਵੇਂ ਗੁਰੂ ਘਰਾਂ ਪ੍ਰਤੀ ਸ਼ਰਧਾ, ਸਤਿਕਾਰ ਅਤੇ ਆਸਥਾ ਦਾ ਅਭਾਵ ਹੋਈ ਜਾ ਰਿਹਾ ਹੈ ਅਤੇ ਗੁਰੂ ਘਰਾਂ ਦੇ ਨੁਮਾਇੰਦਿਆਂ ਪ੍ਰਤੀ ਵਿਸ਼ਵਾਸ ਖੀਣ ਹੋ ਰਿਹਾ ਹੈ। ਅਕਸਰ ਸੁਣਿਆਂ ਜਾਂਦਾ ਹੈ ਕਿ ਗੁਰਦੁਆਰੇ ਪੱਕੇ ਹੋਈ ਜਾ ਰਹੇ ਹਨ ਅਤੇ ਸਿੱਖੀ ਕੱਚੀ ਹੁੰਦੀ ਜਾ ਰਹੀ ਹੈ। ਮੁਹੰਮਦ ਇਕਬਾਲ ਸਾਹਿਬ ਦੀ ਕਵਿਤਾ ਫ਼ੁਰਮਾਨਿ ਖ਼ੁਦਾ ਦੀਆਂ ਇਹ ਸਤਰਾਂ ਵੀ ਇਹੀ ਕਹਿੰਦੀਆਂ ਜਾਪਦੀਆਂ ਹਨ:

ਮੈਂ ਨਾਖ਼ੁਸ਼ੋ ਬੇਜ਼ਾਰ ਹੂੰ ਮਰਮਰ ਕੀ ਸਿਲੋਂ ਸੇ,
ਮੇਰੇ ਲੀਏ ਮਿੱਟੀ ਕਾ ਹਰਮ ਔਰ ਬਨਾ ਦੋ।

*Email:avtar61@gmail.com

# ਸਮਰੱਥ ਸ਼ੈਲੀਕਾਰ ਡਾ. ਹਰਪਾਲ ਸਿੰਘ ਪੰਨੂ

## ਪੁਸਤਕ ਰੀਵੀਊ

**ਇਸ ਪੁਸਤਕ ਦੇ ਕਲਾਵੇ ਵਿਚ ਸੂਖਮ ਚਿੰਤਨ ਦੀਆਂ ਮਹੀਨ ਪਰਤਾਂ ਦੇ ਅਜਿਹੇ ਦਿਗੰਬਰਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਕਿਸੇ ਕਿਸਮ ਦੇ ਵਾਦ ਜਾਂ ਸਿਧਾਂਤ ਵਿਚ ਜਕੜਨ ਦੀ ਕੋਸ਼ਿਸ਼, ਬਿਲਕੁਲ ਨਹੀਂ ਕੀਤੀ ਗਈ। ਪੰਨੂ ਦੀ ਇਹ ਕੋਸ਼ਿਸ਼ ਵਡਿਆਂ ਸੰਗ ਤੁਰਦੇ ਜਾਣ ਵਾਂਗ ਵੀ ਹੈ ਅਤੇ ਵਡਿਆਈ ਦੀ ਵਡਿਆਈ ਨੂੰ ਲੋੜਵੰਦਾਂ ਤਕ ਲੈ ਕੇ ਜਾਣ ਦੇ ਮਿਸ਼ਨਰੀ ਕਾਰਜ ਵਾਂਗ ਵੀ ਹੈ।**

ਪੰਜਾਬੀ ਵਿਚ ਲਿਖਣ ਵਾਲੇ ਮੇਰੇ ਸਮਕਾਲੀ ਲੇਖਕਾਂ ਵਿਚੋਂ ਡਾ. ਹਰਪਾਲ ਸਿੰਘ ਪੰਨੂ ਨੇ ਸਮਰੱਥ ਸ਼ੈਲੀਕਾਰ ਵਜੋਂ ਆਪਣਾ ਸਿੱਕਾ ਆਪਣੇ ਸਮਕਾਲੀ ਲੇਖਕਾਂ ਅਤੇ ਪਾਠਕਾਂ ਤੋਂ ਮੰਨਵਾ ਲਿਆ ਹੈ। ਜਿਸ ਕਿਸਮ ਦੀ ਤਾਜ਼ਗੀ ਅਤੇ ਰਵਾਨਗੀ ਦਾ ਸਹਿਜ ਵਹਾਅ ਉਸ ਦੀਆਂ ਲਿਖਤਾਂ ਵਿਚ ਹੈ, ਉਹ ਮਿਹਨਤ ਨਾਲੋਂ ਕਿਤੇ ਵੱਧ ਮੈਨੂੰ ਬਖਸ਼ਿਸ਼ ਲਗਦਾ ਹੈ। ਗੁਰੂ ਬਚਨ ਹਨ ਕਿ ਅਕਾਲ ਪੁਰਖ ਜਦੋਂ ਖੋਹੰਦਾ ਹੈ ਤਾਂ ਸਾਖ ਜਾਂ ਚੰਗਿਆਈ ਖੋਹ ਲੈਂਦਾ ਹੈ ਅਤੇ ਜਦੋਂ ਬਖਸ਼ਦਾ ਹੈ ਤਾਂ ਵੀ ਸਾਖ ਜਾਂ ਚੰਗਿਆਈ ਬਖਸ਼ ਦਿੰਦਾ ਹੈ। ਇਹ ਬਖਸ਼ਿਸ਼ ਹੈ ਕਿ ਪੰਨੂ ਕੋਲੋਂ ਇਕੋ ਗੱਲ ਹਜ਼ਾਰ ਵਾਰ ਸੁਣੀ ਜਾ ਸਕਦੀ ਹੈ। ਉਸ ਦੀ ਅਦਾਇਗੀ ਵਿਚਲੀ ਸਪਸ਼ਟਤਾ ਅਤੇ ਵਚਨਬੱਧਤਾ ਉਸ ਦੀ ਸ਼ਕਤੀ

ਬਲਕਾਰ ਸਿੰਘ (ਪ੍ਰੋਫੈਸਰ), ਪਟਿਆਲਾ
ਫੋਨ:91-93163-01328

ਹੈ। ਗੱਲ ਕਰਦਿਆਂ ਨਾ ਉਹ ਹਉਮੈ ਨੂੰ ਨੇੜੇ ਲੱਗਣ ਦਿੰਦਾ ਹੈ ਅਤੇ ਨਾ ਹੀ ਹਲੀਮੀ ਨੂੰ ਦੂਰ ਜਾਣ ਦਿੰਦਾ ਹੈ। ਕਹੀ ਜਾ ਰਹੀ ਗੱਲ ਦਾ ਪ੍ਰਥਮ ਸਰੋਤਾ ਉਹ ਆਪ ਹੀ ਹੁੰਦਾ ਹੈ। ਗੱਲ ਵਿਚਲੀਆਂ ਮਹੀਨ ਪਰਤਾਂ ਦਾ ਅਨੰਦ ਲੈ ਰਿਹਾ ਲੇਖਕ, ਸਾਖਸ਼ਾਤ ਖੇੜੇ ਵਿਚ ਖਿੜ੍ਹਿਆ ਹੋਇਆ ਵਕਤਾ ਲਗਦਾ ਹੈ। ਪੰਨੂ ਵਕਤਾ ਅਤੇ ਸਰੋਤਾ ਵਿਚਕਾਰਲੇ ਪਾੜੇ ਨੂੰ ਇੰਨੀ ਸਹਿਜ ਨਾਲ ਖਿਸਕਾ ਦਿੰਦਾ ਹੈ ਕਿ ਪਤਾ ਨਹੀਂ ਲਗਣ ਦਿੰਦਾ। ਉਹ ਬਿਨਾ ਕਿਸੇ ਮਦਦ ਦੇ ਪਾਣੀ ਵਾਂਗ ਆਪਣਾ ਰਾਹ ਆਪ ਬਣਾ ਲੈਂਦਾ ਹੈ। ਆਪਣੀ ਗੱਲ ਕਹਿਣ ਵਾਸਤੇ ਜੇ ਜਗ੍ਹਾ ਹੋਵੇ ਤਾਂ ਉਸ ਨੂੰ ਉਹ ਵਰਤਣਾ ਜਾਣਦਾ ਹੈ। ਜੇ ਜਗ੍ਹਾ ਨਾ ਵੀ ਹੋਵੇ ਤਾਂ ਵੀ ਉਹ ਪੈਦਾ ਕਰਕੇ ਵਰਤਣੀ ਜਾਣਦਾ ਹੈ। ਇਹ ਪੰਨੂ ਦਾ ਕਰਤਾਰੀ ਗੁਣ ਹੈ ਅਤੇ ਮਲਕੜੇ ਦਖਲਅੰਦਾਜ਼ ਹੋਣ ਵਾਲੇ ਕਿਸੇ ਕਿਸਮ ਦੇ ਹੱਸਦ ਅਤੇ ਰਸ਼ਕ ਦੀਆਂ ਸੀਮਾ-ਰੇਖਾਵਾਂ ਤੋਂ ਮੁਕਤ ਰਹਿੰਦਾ ਹੈ। ਇਹੋ ਜਿਹੇ ਪ੍ਰਭਾਵ ਅਧੀਨ ਉਸ ਦੀ ਪੁਸਤਕ ਦਾ ਰੀਵੀਊ ਮੇਰੇ ਲਈ ਚੇਤੰਨ ਪੱਧਰ ਤੇ ਇਮਤਿਹਾਨ ਵਿਚੋਂ ਲੰਘਣ ਵਰਗਾ ਕਾਰਜ ਹੈ।

ਇਸ ਪੁਸਤਕ ਦੇ ਕਲਾਵੇ ਵਿਚ ਸੂਖਮ ਚਿੰਤਨ ਦੀਆਂ ਮਹੀਨ ਪਰਤਾਂ ਦੇ ਅਜਿਹੇ ਦਿਗੰਬਰਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਕਿਸੇ ਕਿਸਮ ਦੇ ਵਾਦ ਜਾਂ ਸਿਧਾਂਤ ਵਿਚ ਜਕੜਨ ਦੀ ਕੋਸ਼ਿਸ਼, ਬਿਲਕੁਲ ਨਹੀਂ ਕੀਤੀ। ਪੰਨੂ ਦੀ ਇਹ ਕੋਸ਼ਿਸ਼ ਵਡਿਆਂ ਸੰਗ ਤੁਰਦੇ ਜਾਣ ਵਾਂਗ ਵੀ ਹੈ ਅਤੇ ਵਡਿਆਈ ਦੀ ਵਡਿਆਈ ਨੂੰ ਲੋੜਵੰਦਾਂ ਤਕ ਲੈ ਕੇ ਜਾਣ ਦੇ ਮਿਸ਼ਨਰੀ ਕਾਰਜ ਵਾਂਗ ਵੀ ਹੈ। ਇਹ ਕੋਸ਼ਿਸ਼ ਸਮੁੰਦਰ ਵਿਚੋਂ ਮੋਤੀ ਲਭਣ ਵਰਗੀ ਹੈ। ਲੱਭ ਲਏ ਨੂੰ ਸਜਾਉਣਾ ਤੇ ਸੰਭਾਲਣਾ ਪੰਨੂ ਨੂੰ ਆਉਂਦਾ ਹੈ। ਗੱਲਾਂ ਕਰਦਿਆਂ ਕਰਦਿਆਂ ਪੰਨੂ ਇਸ ਤਰ੍ਹਾਂ ਦਾ ਅਹਿਸਾਸ ਪੈਦਾ ਕਰ ਦਿੰਦਾ ਹੈ ਕਿ ਸਾਗਰ ਵਰਗੀਆਂ ਡੂੰਘੀਆਂ ਵਡੀਆਂ ਰੂਹਾਂ ਦਾ ਭੇਦ ਪਾਉਣ ਦੀ ਥਾਂ, ਜੋ ਕੁਝ ਮਿਲਦਾ ਹੈ ਜਾਂ ਪੱਲੇ ਪੈਂਦਾ ਹੈ, ਉਸੇ ਨੂੰ ਸਤਿ ਬਚਨ ਕਹਿ ਕੇ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਕੋਲ ਗੋਤਿਆਂ ਪਰਨੇ ਹੋ ਕੇ ਗ੍ਰਹਿਣ ਕਰਨ ਦੀ ਜਗਿਆਸਾ ਨਹੀਂ ਹੁੰਦੀ, ਉਨ੍ਹਾਂ ਨੂੰ ਸਮਝ ਹਉਮੈ ਵਾਂਗ ਤੰਗ ਕਰਦੀ ਰਹਿੰਦੀ ਹੈ। ਇਹ ਸਥਿਤੀ ਗੁਰੂ ਅਮਰਦਾਸ ਦੇ ਸ਼ਬਦਾਂ ਵਿਚ "ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨਾ ਪਾਇ" ਦੀ ਹੈ ਅਤੇ ਇਸ ਦਾ ਨਤੀਜਾ "ਅੰਤਿ ਗਏ ਪਛੁਤਾਇ" ਵਿਚ ਨਿਕਲਦਾ ਹੈ। ਲੇਖਕ ਆਪ ਇਸ ਅਹਿਸਾਸ ਨਾਲ ਜੁੜਿਆ ਹੋਇਆ ਹੈ ਅਤੇ ਪਾਠਕ ਨੂੰ ਉਹ ਇਸ ਨਾਲੋਂ ਟੁੱਟਣ ਦਾ ਮੌਕਾ ਹੀ ਨਹੀਂ ਦਿੰਦਾ। ਐਸੇ ਲਈ ਜਿਥੋਂ ਵੀ ਸਾਂਝਣਯੋਗ ਮਿਲਦਾ ਹੈ, ਲੈ ਕੇ ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ। ਇਸ ਪੁਸਤਕ ਵਿਚ ਅਧਿਆਤਮਕ ਰੰਗ ਵਿਚ ਰੰਗੇ ਹੋਏ ਤਿੰਨ ਵਡੇ ਸੂਫੀਆਂ-ਹਾਫਿਜ਼ ਸ਼ੀਰਾਜ਼ੀ, ਮੌਲਾਨਾ ਰੂਮੀ ਅਤੇ ਬਾਬਾ ਫਰੀਦ ਦੇ ਬੰਦਗੀ ਤੋਂ ਬੰਧਨ-ਮੁਕਤੀ ਤਕ ਦੇ ਸਫਰ ਨੂੰ ਲਿਆ ਗਿਆ ਹੈ। ਫਰਾਂਜ਼ ਕਾਫਕਾ ਅਤੇ ਮਿਲੇਨਾ ਰਾਹੀਂ ਆਧੁਨਿਕ ਅੰਤਰਦ੍ਰਿਸ਼ਟੀਆਂ ਦੇ ਮਰਹਮ ਦੀ ਸੌਖੀ ਸਮਝ ਦੀਆਂ ਸੰਭਾਵਨਾਵਾਂ ਨਾਲ ਪਰਿਚਤ ਕਰਵਾਇਆ ਗਿਆ ਹੈ। ਸਮਕਾਲੀ ਬਜ਼ੁਰਗ ਭਾਈ ਲਖਸ਼ਬੀਰ ਸਿੰਘ ਅਤੇ ਹਰਦੇਵ ਸਿੰਘ ਆਰਟਿਸਟ ਰਾਹੀਂ ਸਿੱਖ ਚਿੰਤਨ ਦੀਆਂ ਸੂਖਮ ਪਰਤਾਂ ਦੇ ਰੂਬਰੂ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਪਰਤਾਂ ਵਿਚ ਰਵਿੰਦਰ ਨਾਥ ਟੈਗੋਰ ਰਾਹੀਂ ਅਨੁਭਵੀ ਚਿੰਤਨ ਵਿਚ ਇਹ ਵਾਧਾ ਕਰ ਦਿਤਾ ਗਿਆ ਹੈ ਕਿ ਬਖਸ਼ਿਸ਼ ਦੀ ਉਂਗਲੀ ਫੜ ਕੇ ਤੁਰਨ ਵਾਲੀ ਅਨੁਭਵੀ-ਸਮਰਥਾ ਕੀ ਕਰ ਸਕਦੀ ਹੈ ਅਤੇ ਕਿਹੋ ਜਿਹੀਆਂ ਪੈੜਾਂ ਛੱਡ ਸਕਦੀ ਹੈ? ਇਸ ਰੰਗ ਵਿਚ ਰੰਗੇ ਜਾਣ ਲਈ ਕਿਤਾਬ ਦੀ ਸਿੱਧੀ ਪੜ੍ਹਤ ਹੀ ਸਹਾਇਤਾ ਕਰ ਸਕਦੀ ਹੈ।

ਕਿਤਾਬ ਵਿਚਲੇ ਵਡੇ ਬੰਦਿਆਂ ਬਾਰੇ ਪ੍ਰਾਪਤ ਜਾਣਕਾਰੀ ਵਿਚ ਕੀ ਵਾਧਾ ਹੋਇਆ, ਇਸ ਬਾਰੇ ਚਰਚਾ ਕੀਤੇ ਜਾਣ ਦੀ ਇਥੇ ਲੋੜ ਨਹੀਂ ਹੈ। ਗੱਲ ਤਾਂ ਇਹ ਕਰਨੀ ਹੈ ਕਿ ਸਾਡੇ ਆਸ ਪਾਸ ਪ੍ਰਾਪਤ ਜਾਣਕਾਰੀ ਨੂੰ ਪੰਨੂ ਨੇ ਕਿਸ ਕਲਾਕਾਰੀ ਨਾਲ ਸਾਡੇ ਤੱਕ ਪਹੁੰਚਾ ਦਿਤਾ ਹੈ। ਲੇਖਕ ਗੱਲ ਕਰ ਰਿਹਾ ਹੈ, ਫਰਾਂਜ਼ ਕਾਫਕਾ ਦੀ ਕਿ ਉਹ "ਪਰਸਪਰ ਪੱਕੇ ਵਿਰੋਧੀ ਵਿਚਾਰਾਂ ਨੂੰ ਦੋਹਾਂ ਹੱਥਾਂ ਵਿਚ ਫੜ ਕੇ ਖੇਡਦਾ ਤੇ ਲਹੂ-ਲੁਹਾਨ ਹੁੰਦਾ" (ਪੰਨਾ 143)

ਪਰ ਨਾਲ ਹੀ ਉਹ ਜਨਮਸਾਖੀ ਦਾ ਹਵਾਲਾ ਜੋੜ ਕੇ ਸਤਿ ਨੂੰ ਸਮਝਣ ਦੀਆਂ ਬਹੁਪਾਸਾਰੀ-ਸੰਭਾਵਨਾਵਾਂ ਦਾ ਦਰਵਾਜ਼ਾ ਖੋਲ੍ਹ ਦਿੰਦਾ ਹੈ। ਹਵਾਲਾ ਅੱਖਰ ਦੀ ਤਾਕਤ ਦਾ ਹੈ, ਜਿਸ ਨੂੰ ਜਨਮਸਾਖੀ ਵਿਚ ਹਥਿਆਰ ਵਾਂਗ ਵਰਤਿਆ ਗਿਆ ਹੈ। ਮਰਦਾਨੇ ਨੂੰ ਬਾਬੇ ਨਾਨਕ ਦੀ ਉਸਤਤ ਹੀ ਰੱਬ ਦੀ ਉਸਤਤ ਲਗਦੀ ਹੈ। ਬਾਬਾ ਜੀ ਦੇ ਮਨ੍ਹਾਂ ਕਰਨ 'ਤੇ ਮਰਦਾਨਾ ਕਹਿੰਦਾ ਹੈ "ਬਾਬਾ, ਸ੍ਰਿਸ਼ਟੀ ਦੀ ਰਚਨਾ ਦੁਬਾਰਾ ਹੋਣ ਲੱਗੀ ਹੈ। ਬ੍ਰਹਿਮੰਡ ਦਾ ਪੇੜਾ ਹੱਥਾਂ ਵਿਚ ਲੈ ਕੇ ਗੁਨ੍ਹਣ ਲੱਗਾ ਹੈਂ। ਗੁਰੂ ਜੀ ਨੇ ਫੁਰਮਾਇਆ- "ਬਸ ਭਾਈ ਬਸ। ਏਦੂੰ ਅਗੇ ਨਹੀਂ ਚਲਾਵਣਾ ਹੋਰ ਅੱਖਰ ਕੋਈ।" ਜਿਸ ਨੂੰ ਇਸ ਪ੍ਰਸੰਗ ਦਾ ਨਹੀਂ ਪਤਾ ਉਸ ਨੂੰ ਵੀ ਪੰਨੂ ਆਪਣੇ ਨਾਲ ਤੋਰ ਲੈਂਦਾ ਹੈ, ਇਹ ਦੱਸਣ ਲਈ ਕਿ ਲਿਖਤ ਜੇ "ਪ੍ਰਾਰਥਨਾ ਹੋਵੇ" ਤਾਂ ਅੱਖਰ ਦੀ

**ਪੁਸਤਕ: ਆਰਟ ਤੋਂ ਬੰਦਗੀ ਤੱਕ
ਲੇਖਕ: ਹਰਪਾਲ ਸਿੰਘ ਪੰਨੂ
ਪ੍ਰਕਾਸ਼ਕ: ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਪਹਿਲੀ ਵਾਰ ਜਨਵਰੀ 2011
ਕੀਮਤ:200. ਕੁਲ ਪੰਨੇ:232**




ਉਸ ਸ਼ਕਤੀ ਦੇ ਦੀਦਾਰੇ ਹੋ ਸਕਦੇ ਹਨ ਜਿਸ ਦੇ ਆਸਰੇ ਫਰਾਂਜ਼ ਕਾਫਕਾ ਨੇ ਪਹਿਲਾਂ ਪੱਛਮ ਤੋਂ ਅਤੇ ਫਿਰ ਸਾਰੀ ਦੁਨੀਆਂ ਤੋਂ ਆਪਣਾ ਸਿੱਕਾ ਮੰਨਵਾ ਲਿਆ ਸੀ। ਪੰਨੂ ਦਾਦੀ-ਸਭਿਆਚਾਰ ਦੇ ਵਾਰਸ ਵਾਂਗ ਬਾਲ-ਬੁੱਧ ਪਾਠਕ ਨੂੰ ਵੀ ਅਕੇਵੇਂ ਦਾ ਸ਼ਿਕਾਰ ਨਹੀਂ ਹੋਣ ਦਿੰਦਾ, ਭਾਵੇਂ ਉਸ ਦੀਆਂ ਰਚਨਾਵਾਂ ਅਸਲ ਵਿਚ ਵਿਦਵਾਨਾਂ ਨੂੰ ਹੀ ਮੁਖਾਤਿਬ ਹਨ। ਉਸ ਦੀਆਂ ਲਿਖਤਾਂ ਇਹ ਦਾਅਵਾ ਕਰ ਸਕਦੀਆਂ ਹਨ ਕਿ ਔਖੀਆਂ ਤੇ ਭੇਦਭਰੀਆਂ ਗੱਲਾਂ ਵੀ ਸੌਖੇ ਢੰਗ ਨਾਲ ਕਹੀਆਂ ਜਾ ਸਕਦੀਆਂ ਹਨ। ਇਹ ਸਥਾਪਤ ਸੱਚਾਈ ਹੈ ਕਿ ਜਿਸ ਮਾਤਰਾ ਵਿਚ ਲੇਖਕ ਸਪਸ਼ਟ ਅਤੇ ਸਹਿਜ ਹੋਵੇਗਾ, ਉਸ ਮਾਤਰਾ ਵਿਚ ਲਿਖਤ ਸੌਖਿਆਂ ਸਮਝ ਆਉਣ ਵਾਲੀ ਹੋ ਜਾਵੇਗੀ। ਕਾਫਕਾ ਦੀਆਂ ਅੰਤਰਦ੍ਰਿਸ਼ਟੀਆਂ ਅਤੇ ਉਸ ਦੀ ਭੈੜੀ ਸਿਹਤ ਅਤੇ ਆਰਥਿਕ ਤੰਗੀਆਂ ਨੂੰ ਪੰਨੂ ਹੀ ਇੰਨੇ ਸਹਿਜ-ਸੰਖੇਪ ਵਿਚ ਬਿਆਨ ਕਰ ਸਕਦਾ ਹੈ ਕਿ "ਉਹ ਦੋ ਸੰਸਾਰਾਂ ਦਾ ਨਾਗਰਿਕ ਸੀ। ਇਕ ਤਾਂ ਮੱਧਵਰਗੀ ਯਹੂਦੀ ਬੰਦਾ, ਸਮਾਜਿਕ ਹਿੰਸਾ ਦਾ ਸ਼ਿਕਾਰ, ਦੂਜਾ ਤਿਆਗੀ ਜੋਗੀ, ਸਭ ਕਾਸੇ ਤੋਂ ਨਿਰਲੇਪ।" (145)

ਪੰਨੂ ਕਿਸੇ ਵਹਿਣ ਵਿਚ ਨਹੀਂ ਵਹਿੰਦਾ ਅਤੇ ਆਪਣੀ ਪੜ੍ਹਤ ਅਤੇ ਸਮਝ ਨੂੰ ਕਿਸੇ ਬੰਧਨ ਦਾ ਸ਼ਿਕਾਰ ਵੀ ਨਹੀਂ ਹੋਣ ਦਿੰਦਾ। ਉਸ ਨੇ ਕਾਫਕਾ ਦੀਆਂ ਬੌਧਿਕ ਉਡਾਰੀਆਂ ਦਾ ਸਹਿਜ-ਸਥਾਪਨ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਵਿਚ ਸਫਲ ਵੀ ਹੈ ਪਰ ਉਸ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਸੱਚ ਦੇ ਮੁਤਲਾਸ਼ੀਆਂ ਦੀ ਗੱਲ ਬੌਧਿਕਤਾ ਤੋਂ ਨਹੀਂ, ਅਧਿਆਤਮਕਤਾ ਤੋਂ ਸ਼ੁਰੂ ਹੁੰਦੀ ਵੀ ਹੈ ਅਤੇ ਕੀਤੀ ਵੀ ਜਾ ਸਕਦੀ ਹੈ। ਪੰਨੂ ਦੇ ਮਨ ਵਿਚ ਬਣਿਆ ਫਰਾਂਜ਼ ਕਾਫਕਾ ਦਾ ਸੰਪੂਰਨ ਪ੍ਰਭਾਵ ਇਹ ਹੈ, "ਜਦੋਂ ਤਾਕਤਵਰ ਕੋਈ ਮਨੁੱਖ ਸੱਚ ਨੂੰ ਆਹਮਣੇ ਸਾਹਮਣੇ ਦੇਖਦਾ ਹੈ ਤਾਂ ਉਸ ਦਾ ਨਾਮ ਗੁਰੂ ਨਾਨਕ ਦੇਵ ਹੋ ਜਾਂਦਾ ਹੈ ਤੇ ਸਾਰੀ ਉਮਰ ਦੁਨੀਆਂ ਨੂੰ ਦਸਦਾ ਫਿਰਦਾ ਹੈ ਕਿ ਇਹ ਕਿੰਨਾ ਸੁਹਣਾ, ਕਿੰਨਾ ਅਸਚਰਜ ਅਤੇ ਅਨੰਤ ਹੈ। ਜੇ ਕਿਤੇ ਕਮਜ਼ੋਰ ਬੰਦੇ ਸਾਹਮਣੇ ਇਹੋ ਅਨੰਤ ਸੱਚ ਪ੍ਰਗਟ ਹੋ ਜਾਵੇ ਤਾਂ ਪਾਗਲ ਹੋ ਜਾਵੇਗਾ, ਛੁਪਾਉਣ ਦਾ ਯਤਨ ਕਰੇਗਾ, ਖੁਦ ਨੂੰ ਵੀ, ਸੱਚ ਨੂੰ ਵੀ। ਉਹ (ਕਾਫਕਾ) ਇਹੀ ਕਰਦਾ ਰਿਹਾ। ਉਮਰ ਭਰ ਕਾਫਕਾ ਬਿਮਾਰ ਰਿਹਾ ਤੇ 40 ਸਾਲ ਦੀ ਉਮਰ ਵਿਚ ਮਰ ਗਿਆ।" (ਪੰਨਾ 135)

ਕਹਿ ਸਕਦੇ ਹਾਂ ਕਿ ਪੰਨੂ ਨੂੰ ਕੋਈ ਵਡੱਪਣ ਵਿਚਲਿਤ ਵੀ ਨਹੀਂ ਕਰਦਾ ਅਤੇ ਆਤੰਕਤ ਵੀ ਨਹੀਂ ਕਰਦਾ। ਹਾਲਾਂਕਿ ਪੰਨੂ ਨੂੰ ਪਤਾ ਹੈ ਕਿ ਅਧਿਆਤਮਕਤਾ ਵਿਚ ਪਾਗਲਪਨ ਦੇ ਅਰਥ ਕੇਵਲ ਮਾਤਰ ਪਾਗਲਪਨ ਹੀ ਨਹੀਂ ਹੁੰਦੇ। ਹਾਫਿਜ਼ ਸ਼ੀਰਾਜ਼ੀ ਅਤੇ ਗੇਟੇ ਵਿਚਕਾਰ ਪੰਜ ਸਦੀਆਂ ਦਾ ਫਰਕ ਹੋਣ ਦੇ ਬਾਵਜੂਦ ਦੋਹਾਂ ਨੂੰ "ਜੌੜੇ ਭਰਾ" ਕਿਹਾ ਹੈ। ਗੇਟੇ ਦੇ ਹਵਾਲੇ ਨਾਲ ਲੇਖਕ ਨੇ ਲਿਖਿਆ ਹੈ, "ਜੇ ਕੋਈ ਮੇਰੇ ਤੋਂ ਪੁੱਛੇ ਕਿ ਹਾਫਿਜ਼ ਦਾ ਪੀਰ ਕੌਣ ਹੈ ਤਾਂ ਮੈਂ ਕਹਾਂਗਾ-ਪਾਗਲਪਨ। ਉਸ ਵਰਗਾ ਸ਼ੁਦਾਈ ਕੌਣ ਹੋਵੇਗਾ?" ਕਾਫਕਾ ਦੀ ਰੂਹ ਤਕ ਪਹੁੰਚੇ ਲੇਖਕ ਦੇ ਸ਼ਬਦਾਂ ਨਾਲ ਕਾਫਕਾ ਬਾਰੇ ਗੱਲ ਨੂੰ ਸਮੇਟਣਾ ਸੌਖਾ ਨਹੀਂ ਲਗਦਾ ਪਰ ਲੇਖਕ ਨੇ ਇਹੀ ਕਰ ਵਿਖਾਇਆ ਹੈ, "ਤੁਸੀਂ ਮੈਨੂੰ ਬੋਲਣਾ ਤੇ ਲਿਖਣਾ ਕਿਉਂ ਸਿਖਾਇਆ? ਜੇ ਗਲਤੀ ਕਰ ਬੈਠੇ ਹੋ ਤਾਂ ਫੇਰ ਮੇਰੇ ਹੱਥ ਕਿਉਂ ਨੀਂ ਵੱਢਦੇ? ਜ਼ਬਾਨ ਕਿਉਂ ਨੀਂ ਕੱਟਦੇ? ਖੁਦ ਜ਼ਖਮੀ ਹੋ ਚੁੱਕਾ ਹਾਂ, ਦੁਨੀਆਂ ਜ਼ਖਮੀ ਹੋਵੇਗੀ। ...ਆਈਨਸਟਾਈਨ ਤੋਂ ਬਾਦ ਵਿਗਿਆਨ ਬਦਲ ਗਿਆ ਤੇ ਕਾਫਕਾ ਬਾਦ ਕੋਮਲ ਕਲਾਵਾਂ...ਇਕ ਮਰੀਜ਼ (ਕਾਫਕਾ) ਸਾਫ ਦੇਖ ਰਿਹੈ ਮੌਤ ਨੂੰ ਸਾਹਮਣੇ ਪਰ ਉਸ ਦੀ ਰੂਹ ਲਰਜ਼ਦੀ ਨਹੀਂ। ਉਹ ਵੱਖਰਾ ਸੀ ਸਭ ਤੋਂ।" (ਪੰਨਾ 136)

ਕਾਫਕਾ ਬਾਰੇ ਪੂਰਾ ਸੱਚ ਕਹਿਣ ਦਾ ਦਾਅਵਾ ਕਿਸੇ ਨੇ ਨਹੀਂ ਕੀਤਾ ਅਤੇ ਨਾ ਹੀ ਪੰਨੂ ਕਰ ਰਿਹਾ ਹੈ ਪਰ ਕਾਫਕਾ ਦੇ ਸੱਚ ਨਾਲ ਪਰਿਚਤ ਕਰਵਾਉਣ ਵਲ ਉਹ ਪਾਠਕ ਨੂੰ ਤੋਰ ਜ਼ਰੂਰ ਦਿੰਦਾ ਹੈ। ਜਿਵੇਂ ਕਿ "ਮੇਰੀਆਂ ਕਿਤਾਬਾਂ ਬੀਮਾਰਾਂ ਅਤੇ ਕਮਜ਼ੋਰਾਂ ਨੂੰ ਸਮਝ ਆਉਣਗੀਆਂ...ਬੁਜ਼ਦਿਲਾਂ, ਬਿਮਾਰਾਂ ਅਤੇ ਕਮਜ਼ੋਰਾਂ ਦਾ ਪੈਗੰਬਰ ਹੈ ਫਰਾਂਜ਼ ਕਾਫਕਾ...ਮਰ ਮਿਟ ਚੁੱਕੀ ਪੁਰਾਣੀ ਕਿਸੇ ਯਾਦ ਵਿਚ ਜੇ ਦੁਬਾਰਾ ਜਾਨ ਪੈ ਜਾਵੇ ਫੇਰ ਉਹ ਮਰ ਜਾਣੀ ਸੌਵੇਗੀ ਨਹੀਂ ਕਦੀ।" (ਪੰਨਾ 137) ਪੰਨੂ ਨੇ ਆਪਣੀ ਇਸ ਪੁਸਤਕ ਵਿਚ ਵਰਤਣਯੋਗ ਟੂਕਾਂ ਦੀ ਲਹਿਰ ਬਹਿਰ ਕਰ ਦਿਤੀ ਹੈ। ਬਹੁਤੀ-ਸਮਝ ਦੀ ਵਿਖਾਵਾ ਕਰਣ ਵਾਲਿਆਂ ਵਾਸਤੇ ਇਸ ਪੁਸਤਕ ਨੂੰ ਤੁਹਫਾ ਸਮਝਣਾ ਚਾਹੀਦਾ ਹੈ।

ਇਸ ਪੁਸਤਕ ਦੇ ਨਾਮ "ਆਰਟ ਤੋਂ ਬੰਦਗੀ ਤਕ" ਨੂੰ ਮੈਂ ਪੰਨੂ ਦੀ ਲਿਖਤ ਦੀ ਕੁੰਜੀ ਵਾਂਗ ਵਰਤਿਆ ਹੈ। ਪੰਨੂ ਬੰਦਗੀ ਅਤੇ ਆਰਟ ਦੇ ਮਹਾਂ-ਮਾਨਵਾਂ ਦੇ ਨਾ ਹੀ ਮਗਰ ਭੱਜਦਾ ਹੈ ਅਤੇ ਨਾ ਹੀ ਉਸ ਦੇ ਬਰਾਬਰ ਉਡਣ ਦੀ ਕੋਸ਼ਿਸ਼ ਕਰਦਾ ਹੈ। ਸੂਫੀਆਂ ਨੂੰ ਇਸਲਾਮ ਦੀ ਰੂਹ ਜਾਂ ਇਸਲਾਮ ਦੇ ਰਹੱਸਵਾਦੀਆਂ ਵਜੋਂ ਜਾਣਿਆ ਜਾਂਦਾ ਹੈ। ਸੂਫੀਆਂ ਨੇ ਅਗਮ ਨਿਗਮ ਦੇ ਗੁਹਜ ਨੂੰ ਆਮ ਸਮਝ ਵਿਚ ਕਿਵੇਂ ਤੇ ਕਿੰਨਾ ਕੁ ਉਤਾਰਿਆ, ਪੰਨੂ ਉਸੇ ਦੀ ਗੱਲ ਕਰਦਾ ਹੈ। ਇਸਲਾਮ ਵਿਚ ਸੰਗੀਤ ਵਿਵਰਜਤ ਹੈ ਪਰ ਸੂਫੀਆਂ ਵਿਚ ਵਿਵਰਜਤ ਨਹੀਂ, ਇਸ ਦੇ ਵਿਸਥਾਰ ਵਿਚ ਜਾਏ ਬਿਨਾ ਪੰਨੂ ਰੂਮੀ ਦੇ ਹਵਾਲੇ ਨਾਲ ਇਹ ਸੱਚ ਆਮ ਸਮਝ ਵਿਚ ਉਤਾਰ ਦਿੰਦਾ ਹੈ, "ਇਨ੍ਹਾਂ ਖਤਾਂ ਤੋਂ ਪਤਾ ਲੱਗਦਾ ਹੈ ਕਿ ਪਹਿਲਾਂ ਕੀਰਤਨ ਤੋਂ ਜਿੰਨਾ ਪਰਹੇਜ਼ ਕਰਦੇ ਸਨ, ਤਬਰੇਜ਼ ਨਾਲ ਮਿਲਾਪ ਤੋਂ ਬਾਦ ਵਿਸ਼ਵਾਸ ਹੋ ਗਿਆ ਕਿ ਕੀਰਤਨ ਰਾਹੀਂ ਹੀ ਦੀਨ ਦੀਆਂ ਉਚੀਆਂ ਮੰਜ਼ਲਾਂ ਤਕ ਪੁੱਜਿਆ ਜਾ ਸਕਦਾ ਹੈ। ਕਿਹਾ ਕਰਦੇ ਸਨ, "ਅੰਜੀਰ ਹਰੇਕ ਪੰਛੀ ਦੀ ਖੁਰਾਕ ਨਹੀਂ ਹੈ।" (ਪੰਨਾ 209)

ਕਲਾ ਦੀ ਦੁਨੀਆਂ ਦਾ ਆਲਮ ਨਿਰਾਲਾ ਹੈ ਅਤੇ ਕਲਾ ਦਾ ਮੁੱਲ ਇਸੇ ਪ੍ਰਸੰਗ ਵਿਚ ਹੀ ਪਾਇਆ ਜਾ ਸਕਦਾ ਹੈ। ਇਸ ਦਾ ਪ੍ਰਸੰਗਕ ਵਿਸਥਾਰ ਤਾਂ ਹਰਦੇਵ ਸਿੰਘ ਆਰਟਿਸਟ ਬਾਰੇ ਪੜ੍ਹਿਆਂ ਹੀ ਪਤਾ ਲਗ ਸਕਦਾ ਹੈ ਕਿਉਂਕਿ ਉਸ ਦੇ ਸ਼ਬਦਾਂ ਵਿਚ "ਕਲਾਕਾਰ ਉਨ੍ਹਾਂ ਜੋਗੀਆਂ ਵਾਂਗ ਹਨ ਜੋ ਵਿਚਕਾਰਲਾ ਰਸਤਾ ਨਹੀਂ ਚੁਣਦੇ। ਪੰਛੀਆਂ ਨੂੰ ਡਾਰਵਿਨ ਵਾਂਗ ਵੇਖਣ ਦੀ ਥਾਂ ਉਹ ਸੰਤ ਫਰਾਂਸਿਸ, ਸ਼ੇਖ ਫਰੀਦ ਅਤੇ ਗੁਰੂ ਨਾਨਕ ਦੇਵ ਦੀ ਦ੍ਰਿਸ਼ਟੀ ਤੋਂ ਦੇਖਦੇ ਹਨ।" (ਪੰਨਾ 43) ਜਿਨ੍ਹਾਂ ਤਿੰਨ ਸੂਫੀਆਂ ਨੂੰ ਇਸ ਪੁਸਤਕ ਵਿਚ ਲਿਆ ਗਿਆ ਹੈ, ਉਨ੍ਹਾਂ ਬਾਰੇ ਬਹੁਤ ਕੁਝ ਲਿਖਿਆ ਜਾ ਚੁਕਾ ਹੈ ਪਰ ਇਨ੍ਹਾਂ ਤਿੰਨਾਂ ਦੇ ਕੇਂਦਰੀ ਸਰੋਕਾਰ ਨੂੰ ਪੰਨੂ ਨੇ ਬਾਖੂਬੀ ਬਿਆਨ ਕਰ ਦਿਤਾ ਹੈ। ਵਧੇਰੇ ਜਾਣਕਾਰੀ ਦੇ ਮੁਤਲਾਸ਼ੀਆਂ ਨੂੰ ਪੁਸਤਕ ਤੱਕ ਸਿੱਧਿਆਂ ਪੁੱਜਣ ਦਾ ਮਸ਼ਵਰਾ ਹੈ।

ਇਸ ਪੁਸਤਕ ਵਿਚ ਲੇਖਕ ਨੇ 8 ਚਿੰਤਕਾਂ ਬਾਰੇ ਗੱਲਾਂ ਕੀਤੀਆਂ ਹਨ। ਉਨ੍ਹਾਂ ਦੀ ਸਥਾਪਤੀ ਅਤੇ ਪ੍ਰਾਪਤੀ ਬਾਰੇ ਮੈਰਿਟ ਲਿਸਟ ਤਿਆਰ ਕਰਨੀ ਹੋਵੇ ਤਾਂ ਭਾਈ ਲਕਸ਼ਵੀਰ ਸਿੰਘ ਅਤੇ ਹਰਦੇਵ ਸਿੰਘ ਆਰਟਿਸਟ ਸਭ ਨਾਲੋਂ ਪਿਛੋਂ ਆਉਣਗੇ ਪਰ ਪੁਸਤਕ ਵਿਚ ਇਹ ਦੋਵੇਂ ਪਹਿਲੇ ਅਤੇ ਦੂਜੇ ਨੰਬਰ 'ਤੇ ਹਨ। ਇਕ ਕਾਰਨ ਇਹ ਹੋ ਸਕਦਾ ਹੈ ਕਿ ਇਹ ਦੋਵੇਂ ਪੰਨੂ ਦੀ ਸਿੱਖ-ਮਾਨਸਿਕਤਾ ਦੇ ਬਾਕੀ ਛੇਆਂ ਨਾਲੋਂ ਵਧੇਰੇ ਨੇੜੇ ਹਨ ਪਰ ਉਪਰ ਦਿਤੇ ਜਾ ਚੁਕੇ ਵੇਰਵੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਨੂੰ ਅਜਿਹਾ ਕੋਈ ਬੰਧਨ ਨਹੀਂ ਹੈ। ਇਹੀ ਕਾਰਨ ਹੈ ਕਿ ਪੜ੍ਹਨ ਵਾਲੇ ਨੂੰ ਮੈਰਿਟ ਲਿਸਟਿੰਗ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਹੀ ਪੰਨੂ ਦੇ ਸਫਲ ਸ਼ੈਲੀਕਾਰ ਹੋਣ ਦਾ ਸਬੂਤ ਹੈ। ਇਨ੍ਹਾਂ ਦੋਹਾਂ ਸਿੱਖ-ਕਲਾਕਾਰਾਂ (ਹਾਲਾਂਕਿ ਇਨ੍ਹਾਂ ਦੋਹਾਂ ਨੂੰ ਇਸ ਲੇਬਲ ਦੀ ਲੋੜ ਨਹੀਂ ਹੈ) ਨੂੰ ਸਾਹਮਣੇ ਲਿਆਉਣ ਦੀ ਇਹੋ ਜਿਹੀ ਕੋਸ਼ਿਸ਼ ਪਹਿਲੀ ਵਾਰ ਹੋਈ ਹੈ ਪਰ ਲਗਦਾ ਇਹੋ ਹੈ ਕਿ ਬਾਕੀ ਛੇਆਂ ਵਾਂਗ ਇਹ ਦੋਵੇਂ ਵੀ ਸਥਾਪਤ ਚਿੰਤਕ-ਕਲਾਕਾਰ ਪਹਿਲਾਂ ਹੀ ਸਥਾਪਤ ਹਨ। ਇਸ ਗੱਲ ਨੂੰ ਹਰਦੇਵ ਸਿੰਘ ਦੀ ਭਾਸ਼ਾ ਵਿਚ ਸਮਝਣ ਲਈ ਉਸ ਦੇ ਸ਼ਬਦਾਂ ਵਲ ਮੁੜਦੇ ਹਾਂ, "ਰਚਨਾ ਕਰਨ ਤੋਂ ਮਹੀਨ ਤੇ ਵਿਸ਼ਾਲ ਅਨੁਭਵ ਹੋਰ ਕੋਈ ਨਹੀਂ।" (ਪੰਨਾ 11)

ਪੰਨੂ ਲਿਖਦਾ ਹੈ ਤਾਂ ਰਚਨਾ ਹੋ ਜਾਂਦੀ ਹੈ। ਐਸੇ ਨੂੰ ਲਹੂ ਵਿਚ ਕਲਮ ਡੁਬੋ ਕੇ ਲਿਖਣਾ ਸੁਣਦੇ ਆਏ ਹਾਂ। ਇਹੀ ਹੈ ਜੋ ਮੈਂ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਵਿੱਥ ਤੋਂ ਵੇਖੀਏ ਤਾਂ ਕਲਾਕਾਰ ਸਾਡੇ ਵਰਗਾ ਹੀ ਹੁੰਦਾ ਹੈ ਕਿਉਂਕਿ ਉਸ ਦੇ ਸਰੀਰ ਨੇ ਉਸ ਅੰਦਰਲੇ ਕਲਾਕਾਰ ਨੂੰ ਢਕ ਰਖਿਆ ਹੁੰਦਾ ਹੈ। ਪੰਨੂ, ਕਲਾਕਾਰਾਂ ਦੀ ਬਾਂਹ ਫੜ ਕੇ ਪਾਠਕ ਤੱਕ ਪਹਿਲਾਂ ਪਹੁੰਚਦਾ ਹੈ ਅਤੇ ਫਿਰ ਕਲਾਕਾਰ ਦੀ ਕਲਾਕਾਰੀ ਨੂੰ ਸਰੀਰ ਦੇ ਓਹਲੇ ਵਿਚੋਂ ਬਾਹਰ ਇਸ ਤਰ੍ਹਾਂ ਕੱਢ ਲਿਆਉਂਦਾ ਹੈ ਕਿ ਕਮਜ਼ੋਰ ਨਿਗਾਹ ਵਾਲੇ ਨੂੰ ਵੀ ਕਾਫੀ ਕੁਝ ਦਿਸਣ



ਡਾ. ਹਰਪਾਲ ਸਿੰਘ ਪੰਨੂ

ਲੱਗ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਪੱਥਰ ਵਿਚ ਪਏ ਹੋਏ ਬੁੱਤ ਨੂੰ ਕੇਵਲ ਕਲਾਕਾਰ ਦੀਆਂ ਨਿਗਾਹਾਂ ਹੀ ਵੇਖ ਸਕਦੀਆਂ ਹਨ ਅਤੇ ਪ੍ਰਗਟ ਕਰ ਸਕਦੀਆਂ ਹਨ। ਕਲਾਕਾਰ ਦੀ ਗੈਰਹਾਜ਼ਰੀ ਵਿਚ ਪੱਥਰ ਤਾਂ ਕੇਵਲ ਪੱਥਰ ਹੀ ਹੁੰਦਾ ਹੈ ਅਤੇ ਰਹਿੰਦਾ ਹੈ।

ਹਰਦੇਵ ਸਿੰਘ ਬਾਰੇ ਲਿਖਦਿਆਂ ਪੰਨੂ ਨੇ ਕਲਾਕਾਰ ਦੇ ਹਵਾਲੇ ਨਾਲ ਹੀ ਬਹੁਤ ਸਾਰੀਆਂ ਭਾਈਚਾਰਕ ਕਮਜ਼ੋਰੀਆਂ ਨੂੰ ਵੀ ਬੇਪਰਦ ਕਰ ਦਿਤਾ ਹੈ। ਇਹ ਉਹੀ ਕਮਜ਼ੋਰੀਆਂ ਹਨ ਜਿਹੜੀਆਂ ਸਾਡੇ ਸਾਰਿਆਂ ਦੇ ਸਾਹਮਣੇ, ਪੰਜਾਬੀ ਮਾਨਸਿਕਤਾ ਵਿਚ ਨਿਹਿਤ ਪਈਆਂ ਹਨ। ਇਸ ਨੂੰ ਕਹਿਣ ਦਾ ਹੀਆ ਹਰਦੇਵ ਸਿੰਘ ਨੇ ਇਹ ਕਹਿ ਕੇ ਕਰ ਦਿਤਾ ਹੈ ਕਿ "ਦੁਨੀਆਂ ਦੇ ਆਰਟਿਸਟ ਵੱਖ-ਵੱਖ ਦੇਸ਼ਾਂ ਵਿਚ ਆਪਣੀਆਂ ਆਰਟ ਗੈਲਰੀਆਂ ਦਿਖਾਉਂਦੇ ਫਿਰਦੇ ਹਨ। ਪੰਜਾਬ ਦੀਆਂ ਚਾਰ ਵੱਡੀਆਂ ਯੂਨੀਵਰਸਿਟੀਆਂ ਆਪਸ ਵਿਚ ਤਾਲਮੇਲ ਕਰਕੇ ਵੀ ਆਪਣੀਆਂ ਗੈਲਰੀਆਂ ਰੋਟੇਟ ਨਹੀਂ ਕਰਦੀਆਂ।" (ਪੰਨਾ 20) ਹਰਦੇਵ ਸਿੰਘ ਦੀਆਂ ਪੇਂਟਿੰਗਜ਼ ਨੂੰ ਸਮਝਣ ਵਾਸਤੇ ਕਲਾ ਨੂੰ ਪਰਖਣ ਵਾਲੀ ਪਾਰਖੂ-ਦ੍ਰਿਸ਼ਟੀ ਚਾਹੀਦੀ ਹੈ, ਜਿਹੜੀ ਬਹੁਤਿਆਂ ਵਿਚ ਨਹੀਂ ਹੁੰਦੀ। ਪੰਨੂ ਨੇ ਇਹ ਗੱਲ ਸਵੀਕਾਰ ਕਰਕੇ ਵੀ, ਇਕ ਪਤੇ ਦਾ ਨਤੀਜਾ ਕੱਢ ਦਿਤਾ ਹੈ ਕਿ "ਸਮਝਣਾ ਤੇ ਸਮਝਾਉਣਾ ਉਸਤਾਦਾਂ ਦਾ ਕੰਮ ਹੈ, ਸਰੋਤੇ ਅਨੰਦ ਲੈਣ। ਤੇਸੇ ਨਾਲ ਪਹਾੜ ਕੱਟਣਾ ਫਰਹਾਦ ਦਾ ਕੰਮ ਹੈ, ਲੋਕ ਕੱਟੇ ਪਹਾੜ ਵਿਚੋਂ ਵਗੇ ਚਸ਼ਮੇ ਦਾ ਮਿੱਠਾ ਪਾਣੀ ਪੀਣ।" (ਪੰਨਾ 12)

ਪੰਨੂ ਕਈ ਵਾਰ ਆਪਣੇ ਕੋਲੋਂ ਕੁਝ ਵੀ ਨਹੀਂ ਕਹਿੰਦਾ। ਫਿਰ ਵੀ ਦੂਜਿਆਂ ਦੇ ਹਵਾਲਿਆਂ ਦੇ ਪ੍ਰਕਾਸ਼ ਵਿਚ, ਆਪਣੇ ਨੁਕਤੇ ਨੂੰ ਪਰਪੱਕ ਕਰੀ ਤੁਰਿਆ ਜਾਂਦਾ ਹੈ। ਮੈਂ ਉਸ ਨੂੰ ਕਿਹਾ ਕਿ ਤੇਰੀ ਯਾਦ-ਸ਼ਕਤੀ ਬੜੀ ਕਮਾਲ ਦੀ ਹੈ। ਜਵਾਬ ਸੀ, ਮੈਂ ਬਹੁਤ ਮਿਹਨਤ ਕਰਦਾ ਹਾਂ, ਵਰਤਣਯੋਗ ਗੱਲਾਂ ਨੂੰ ਸੰਭਾਲਣ ਵਾਸਤੇ। ਮੈਨੂੰ ਪ੍ਰੋਫੈਸਰ ਗੁਲਵੰਤ ਸਿੰਘ ਦੀ ਉਨ੍ਹਾਂ ਦੀ ਕਮਾਲ ਦੀ ਯਾਦ-ਸ਼ਕਤੀ ਬਾਰੇ ਕੀਤੀ ਟਿਪਣੀ ਯਾਦ ਆ ਗਈ। ਕਹਿੰਦੇ ਚੋਰ ਹਨੇਰੇ ਵਿਚ ਵੀ ਉਹ ਚੀਜ਼ ਲੱਭ ਲੈਂਦਾ ਹੈ, ਜਿਹੜੀ ਘਰਦਿਆਂ ਨੂੰ ਆਪੇ ਰੱਖ ਕੇ ਵੀ ਨਹੀਂ ਲੱਭਦੀ। ਅਸਲ, ਯਾਦ-ਸ਼ਕਤੀ ਨਹੀਂ, ਅਸਲ ਹੈ ਲੋੜ, ਇੱਛਾ ਮੁਤਾਬਿਕ ਮਿਹਨਤ ਅਤੇ ਲਗਨ। ਹਰਦੇਵ ਸਿੰਘ ਨੇ ਆਪਣੀ ਮਾਂ ਦੀ ਗੱਲ ਸੁਣਾਈ ਅਤੇ ਪੰਨੂ ਨੇ ਉਸ ਨੂੰ ਇਸ ਤਰ੍ਹਾਂ ਵਰਤਿਆ ਕਿ ਸਿੱਖ-ਯਾਦ ਤਾਜ਼ਾ ਹੋ ਗਈ, "ਤੁਰਨ ਦਾ ਵਕਤ ਹੋ ਗਿਐ। ਮਾਂ ਉਠੀ। ਕਿਹਾ, ਹਰਦੇਵ, ਇਹ ਤੇਰੇ ਕੇਸ ਬੜੇ ਪਿਆਰੇ ਨੇ। ਦੁੱਧ ਦਹੀਂ ਨਾਲ ਧੋ ਧੋ ਸ਼ਿੰਗਾਰਦੀ ਸੀ। ਇਨ੍ਹਾਂ ਦੀ ਬੇਅਦਬੀ

(ਬਾਕੀ ਅਗਲੇ ਸਫੇ 'ਤੇ)

# ਮੱਕੀ ਦੇ ਫੁਲਕੇ ਬਣਾਉਣ ਵਾਲੀ ਬੇਬੇ

**ਯਾਦਾਂ ਦੇ ਝਰੋਖੇ**

**ਗੁਰਬਚਨ ਸਿੰਘ ਭੁੱਲਰ**

ਮੱਕੀ ਦੇ ਆਟੇ ਦਾ ਫੁਲਕਾ ਨਹੀਂ ਬਣਦਾ, ਰੋਟੀ ਪੱਕਦੀ ਹੈ। ਜਦੋਂ ਕਦੀ ਗੁਰਚਰਨ ਮੱਕੀ ਦੀ ਰੋਟੀ ਪਕਾਉਂਦੀ, ਆਖਦੀ, "ਮੱਕੀ ਦੀ ਰੋਟੀ ਕਿਸੇ ਤੋਂ ਨਹੀਂ ਫੁਲਦੀ, ਜਲਾਲਦੀਵਾਲ ਵਾਲੀ ਬੇਬੇ ਜੀ ਤਵੀ 'ਤੇ ਮੱਕੀ ਦੀਆਂ ਪਤਲੀਆਂ-ਪਤਲੀਆਂ ਰੋਟੀਆਂ ਲਾਹੁੰਦੀ ਤਾਂ ਕਣਕ ਵਾਂਗੂੰ ਫੁੱਲ ਜਾਂਦੀਆਂ।" ਉਸ ਦਾ ਭਾਵ ਗਦਰੀ ਬਾਬੇ ਦੁੱਲਾ ਸਿੰਘ ਜਲਾਲਦੀਵਾਲ ਦੀ ਨੂੰਹ, ਬੇਬੇ ਬਚਨ ਕੌਰ ਤੋਂ ਹੁੰਦਾ।

ਸਾਡੇ ਵਿਆਹ ਤੋਂ ਪਹਿਲਾਂ 1961 ਵਿਚ ਗੁਰਚਰਨ ਜਲਾਲਦੀਵਾਲ ਦੇ ਪੰਚਾਇਤੀ ਸਕੂਲ ਵਿਚ ਅਧਿਆਪਕਾ ਰਹੀ ਸੀ ਅਤੇ ਉਸ ਦੇ ਰਹਿਣ ਦਾ ਜ਼ਿੰਮਾ ਬਾਬਾ ਜੀ ਦੇ ਪਰਿਵਾਰ ਨੇ ਲਿਆ ਸੀ। ਬਾਬਾ ਜੀ ਉਸ ਸਮੇਂ ਜੀਵਤ ਸਨ। ਗੁਰਚਰਨ ਬਾਬਾ ਜੀ ਦੇ ਪੁੱਤਰ ਕਾਮਰੇਡ ਹਰਨਾਮ ਸਿੰਘ ਨੂੰ ਬਾਪੂ ਜੀ ਅਤੇ ਨੂੰਹ ਬਚਨ ਕੌਰ ਨੂੰ ਬੇਬੇ ਜੀ ਆਖਦੀ। ਸਾਰਾ ਪਰਿਵਾਰ ਉਸ ਨੂੰ ਘਰ ਦੇ ਬੱਚਿਆਂ ਵਿੱਚੋਂ ਇਕ ਸਮਝਦਾ।

ਬਾਬਾ ਜੀ ਅਕਸਰ ਹੀ ਗੁਰਚਰਨ ਨੂੰ ਕੋਲ ਬਿਠਾ ਕੇ ਗਦਰ ਲਹਿਰ ਦੀਆਂ ਗੱਲਾਂ ਸੁਣਾਉਂਦੇ। ਇਹ ਪਰ ਇਕ ਬਿਲਕੁਲ ਹੀ ਅਰਾਜਨੀਤਕ ਪਰਿਵਾਰ ਵਿਚੋਂ ਸੀ। ਇਸ ਨੂੰ ਉਨ੍ਹਾਂ ਵਡਮੁੱਲੀਆਂ ਗੱਲਾਂ ਦਾ ਕੁਝ ਵੀ ਪੱਲੇ ਨਾ ਪੈਂਦਾ। ਬੱਸ ਇਹ ਮੋਟੀ-ਮੋਟੀ ਗੱਲ ਏਨੀ ਕੁ ਸਮਝਦੀ ਕਿ ਬਾਬਾ ਜੀ ਦੇਸ-ਪਰਦੇਸ ਫਿਰ ਕੇ ਆਪਣਾ ਸਭ ਕੁਝ ਗਵਾ ਕੇ ਅੰਗਰੇਜ਼ਾਂ ਵਿਰੁਧ ਲੜਦੇ ਰਹੇ। ਮਗਰੋਂ ਜਦੋਂ ਮੇਰੇ ਨਾਲ ਵਾਹ ਸਦਕਾ ਉਸ ਨੂੰ ਰਾਜਨੀਤਕ ਸੋਝੀ ਆਈ, ਉਹ ਮੁੜ-ਮੁੜ ਝੂਰਦੀ, "ਮੈਂ ਏਨੀ ਮਹਾਨ ਹਸਤੀ ਦੇ ਘਰ ਰਹਿੰਦੀ ਰਹੀ, ਉਨ੍ਹਾਂ ਦਾ ਸਨੇਹ ਮਾਣਦੀ ਰਹੀ, ਪਰ ਮੇਰੀ ਅਗਿਆਨਤਾ ਕਿ ਮੈਨੂੰ ਇਸ ਦਾ ਪਤਾ ਤਕ ਨਹੀਂ ਸੀ। ਜੇ ਰਾਜਨੀਤਕ ਸਮਝ ਹੁੰਦੀ, ਮੇਰਾ ਉਹ ਸਮਾਂ ਕਿੰਨਾ ਵਡਮੁੱਲਾ ਹੋਣਾ ਸੀ।"

ਬਾਬਾ ਜੀ ਸਾਡੇ ਵਿਆਹ ਤੋਂ ਛੇਤੀ ਹੀ ਮਗਰੋਂ 1966 ਵਿਚ ਚਲਾਣਾ ਕਰ ਗਏ। ਦਿੱਲੀ ਦੇ ਰੁਝੇਵਿਆਂ ਵਿਚ ਉਲਝੇ ਅਸੀਂ ਬਾਕੀ ਪਰਿਵਾਰ ਨੂੰ ਮਿਲਣ ਦੀਆਂ ਵਿਉਂਤਾਂ ਬਣਾਉਂਦੇ ਰਹੇ ਕਿ ਬਹੁਤੇ ਜੀਅ ਹੌਲੀ-ਹੌਲੀ ਅਮਰੀਕਾ ਅਤੇ ਕੈਨੇਡਾ ਜਾ ਟਿਕੇ।

ਆਪਣੀ ਅਮਰੀਕਾ ਦੀ ਫੇਰੀ ਸਮੇਂ ਜਦੋਂ ਉਥੇ ਵਸੇ ਆਪਣਿਆਂ ਨੂੰ ਚੇਤਾ ਕੀਤਾ ਤਾਂ ਬਾਬਾ ਜੀ ਦੇ ਪਰਿਵਾਰ ਨੂੰ ਮਿਲਣ ਦੀ ਤਾਂਘ ਸੁਭਾਵਿਕ ਸੀ। ਆਸ ਬਝਦੀ ਕਿ ਉਹ ਕਿਤੇ ਨਾ ਕਿਤੇ ਕੈਲੀਫੋਰਨੀਆ ਵਿਚ ਹੀ ਹੋਣਗੇ ਜੋ ਪੰਜਾਬੀ ਪਰਵਾਸੀਆਂ ਲਈ ਸੁਭਾਵਿਕ ਟਿਕਾਣਾ ਹੈ।

ਇਕ ਸ਼ਾਮ ਕਵੀ-ਗਾਇਕ ਮਿੱਤਰ ਪਸ਼ੌਰਾ



ਸਿੰਘ ਢਿੱਲੋਂ ਦੇ ਘਰ ਬੈਠਿਆਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅਤੇ ਉਥੇ ਉਨ੍ਹਾਂ ਦੀਆਂ ਯਾਦਗਾਰਾਂ ਦੀ ਗੱਲ ਚੱਲ ਪਈ। ਸਾਨੂੰ ਝੱਟ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦੇ ਪਰਵਾਸੀ ਪਰਿਵਾਰ ਦਾ ਖ਼ਿਆਲ ਆ ਗਿਆ। ਉਨ੍ਹਾਂ ਨਾਲ ਸਾਡੀ ਸਾਂਝ ਦਾ ਪਿਛੋਕੜ ਸੁਣ ਕੇ ਪਸ਼ੌਰਾ ਸਿੰਘ ਬੋਲੇ, "ਉਹ ਤਾਂ ਇੱਥੇ ਹੀ ਰਹਿੰਦੇ ਨੇ, ਆਪਣੇ ਨੇੜੇ, ਕੁਛ ਮੀਲਾਂ ਦੀ ਵਿੱਥ ਉਤੇ।"

"ਐਥੇ!" ਸਾਨੂੰ ਦੋਵਾਂ ਨੂੰ ਖ਼ੁਸ਼ੀ ਹੋਈ।

"ਹਰਨਾਮ ਸਿੰਘ ਹਨ, ਬਾਬਾ ਜੀ ਦੇ ਪੋਤ-ਜੁਆਈ ਕਿ ਦੋਹਤ ਜੁਆਈ," ਪਸ਼ੌਰਾ ਸਿੰਘ ਨੇ ਦੱਸਿਆ।

"ਪਰ ਹਰਨਾਮ ਸਿੰਘ ਤਾਂ ਬਾਬਾ ਜੀ ਦੇ ਸਪੁੱਤਰ ਸਨ ਤੇ ਉਨ੍ਹਾਂ ਦੇ ਚਲਾਣੇ ਬਾਰੇ ਮੈਂ ਕੋਈ ਦਸ-ਬਾਰਾਂ ਸਾਲ ਪਹਿਲਾਂ ਅਖ਼ਬਾਰਾਂ ਵਿਚ ਪੜ੍ਹਿਆ ਸੀ," ਮੈਂ ਨਾਂਵਾਂ ਦੀ ਦੂਹਰ ਨੂੰ ਸਾਫ਼ ਕਰਨਾ ਚਾਹਿਆ।

"ਇਨ੍ਹਾਂ ਦਾ ਨਾਂ ਵੀ ਹਰਨਾਮ ਸਿੰਘ ਹੀ ਹੈ," ਪਸ਼ੌਰਾ ਸਿੰਘ ਨੇ ਸਪਸ਼ਟ ਕੀਤਾ ਅਤੇ ਇਕਰਾਰ ਕੀਤਾ ਕਿ ਉਹ ਛੇਤੀ ਹੀ ਸਾਰਾ ਥਹੁ-ਪਤਾ ਲੈ ਦੇਣਗੇ। ਅਗਲੇ ਦਿਨ ਉਨ੍ਹਾਂ ਦਾ ਫ਼ੋਨ ਆਇਆ, "ਹਰਨਾਮ ਸਿੰਘ ਬਾਬਾ ਜੀ ਦੇ ਪੋਤ-ਜੁਆਈ ਹਨ। ਹੁਣੇ ਉਹ ਤੁਹਾਨੂੰ ਫੋਨ ਕਰਨਗੇ ਤੇ ਫੇਰ ਆਪਣੀ ਸ੍ਰੀਮਤੀ ਦੀ ਗੱਲ ਭੈਣ ਜੀ ਨਾਲ ਵੀ ਕਰਵਾਉਣਗੇ।"

ਮੈਂ ਗੁਰਚਰਨ ਨੂੰ ਦੱਸਿਆ ਤਾਂ ਉਹ ਬੋਲੀ, "ਵੱਡੀ ਬੇਟੀ ਦਾ ਨਾਂ ਤਾਂ ਗਿਆਨੋ ਸੀ, ਦੂਜੀਆਂ ਦੇ ਹੁਣ ਮੈਨੂੰ ਯਾਦ ਨਹੀਂ। ਇਹ ਪਤਾ ਨਹੀਂ ਉਨ੍ਹਾਂ ਵਿੱਚੋਂ ਕਿਹੜੀ ਹੈ।"

ਸਾਨੂੰ ਫੋਨ ਦੀ ਬਹੁਤੀ ਉਡੀਕ ਨਾ ਕਰਨੀ ਪਈ। ਆਵਾਜ਼ ਪਰ ਕਿਸੇ ਇਸਤਰੀ ਦੀ ਸੀ। ਸੰਕੋਚਵੇਂ ਜਿਹੇ ਬੋਲ ਸਨ, "ਸਤਿ ਸ੍ਰੀ ਅਕਾਲ ਜੀ, ਗੁਰਬਚਨ ਸਿੰਘ ਭੁੱਲਰ ਜੀ ਬੋਲਦੇ ਨੇ?"

ਸ਼ਾਇਦ ਫੋਨ ਹਰਨਾਮ ਸਿੰਘ ਦੇ ਪਰਿਵਾਰ ਦਾ ਨਾ ਹੋਵੇ, ਕਿਸੇ ਲੇਖਕ ਜਾਂ ਪਾਠਕ ਦਾ ਹੋਵੇ। ਮੈਂ ਵੀ ਉਤਰ ਸੰਕੋਚਵਾਂ ਹੀ ਦਿੱਤਾ, "ਸਤਿ ਸ੍ਰੀ ਅਕਾਲ ਜੀ, ਹਾਂ ਮੈਂ ਭੁੱਲਰ ਹੀ ਬੋਲਦਾ ਹਾਂ।"

ਉਹ ਬੋਲੀ, "ਮੈਂ ਗੁਰਚਰਨ ਕੌਰ ਨਾਲ ਗੱਲ ਕਰ ਸਕਦੀ ਹਾਂ?" ਮੈਂ ਇਕ ਦਮ ਸੁਰ ਬਦਲੀ, "ਗੱਲ ਜ਼ਰੂਰ ਕਰ ਸਕਦੀ ਹੈਂ, ਪਰ ਸਿਰਫ਼ ਜੇ ਤੂੰ ਗਿਆਨੋ ਹੈਂ!"

ਉਸ ਦੀ ਸੁਰ ਵੀ ਝੱਟ ਬਦਲ ਗਈ, "ਹਾਂ ਜੀ, ਹਾਂ ਜੀ ਮੈਂ ਗਿਆਨੋ ਹੀ ਹਾਂ।"

ਇਕ ਸ਼ਾਮ ਉਨ੍ਹਾਂ ਦੇ ਘਰ ਗਏ ਤਾਂ ਦੋਵਾਂ ਜੀਆਂ ਨੂੰ ਚਾਅ ਚੜ੍ਹ ਗਿਆ। ਹਰਨਾਮ ਸਿੰਘ ਨੇ ਆਪਣੀ ਲਾਇਬਰੇਰੀ ਦਿਖਾਈ। ਧਾਰਮਿਕ ਤੇ ਸਮਾਜਿਕ ਪੰਜਾਬੀ ਪੁਸਤਕਾਂ ਸਜ਼ਾ ਕੇ ਰੱਖੀਆਂ ਹੋਈਆਂ ਦੇਖ ਸਾਹਿਤਕਾਰ ਦੇ ਨਾਤੇ ਮੇਰਾ ਮਨ ਖ਼ੁਸ਼ ਹੋ ਗਿਆ। ਪੁਸਤਕਾਂ ਦੇ ਨੇੜੇ ਹੀ ਸਾਰੰਗੀ ਵੀ ਪਈ ਸੀ ਤੇ ਢੱਡ ਵੀ। ਮੈਂ ਪੁੱਛਿਆ, "ਇਹ ਸ਼ੌਕ ਵੀ ਰੱਖਦੇ ਹੋ?" ਤੇ ਬੇਨਤੀ ਕੀਤੀ, "ਛੇੜੋ ਕੋਈ ਤਾਨ।"

ਉਨ੍ਹਾਂ ਨੇ ਅਦਬ ਨਾਲ ਮੱਥੇ ਨੂੰ ਲਾ ਕੇ ਸਾਰੰਗੀ ਚੁੱਕੀ ਅਤੇ ਸੂਤ ਕਰ ਕੇ ਗਜ਼ ਫੇਰਿਆ। ਮੈਨੂੰ ਅਜੇ ਆਨੰਦ ਆਉਣ ਹੀ ਲੱਗਿਆ ਸੀ ਕਿ ਉਹ ਅਚਾਨਕ ਤਾਰਾਂ ਤੋਂ ਗਜ਼ ਚੁੱਕ ਕੇ ਬੋਲੇ, "ਇਉਂ ਨਹੀਂ ਮੈਂ ਸੁਣਾਉਂਦਾ। ਸਾਡੇ ਘਰ ਰਹੋ ਕੁਛ ਦਿਨ। ਬੈਠਿਆ ਕਰਾਂਗੇ ਮੌਜ-ਮਸਤੀ ਵਿਚ!"

ਹੋਰ ਲੋਕ ਘਰ ਦਿਖਾਉਂਦਿਆਂ ਆਮ ਕਰਕੇ ਇਕ ਕਮਰਾ "ਗੈਸਟ ਰੂਮ" ਵਜੋਂ ਦਿਖਾਉਂਦੇ ਹਨ, ਹਰਨਾਮ ਸਿੰਘ ਨੇ ਸਜਾਏ-ਸੰਵਾਰੇ ਦੋ ਕਮਰੇ ਦਿਖਾਏ, "ਇਹ ਦੋ ਕਮਰੇ ਸੱਜਣਾਂ-ਪਿਆਰਿਆਂ ਲਈ ਹਨ ਪਰ ਦੂਰ ਪਰਦੇਸੀਂ ਕੋਈ ਆਉਂਦਾ ਹੀ ਨਹੀਂ।" ਉਹ ਵਾਰ-ਵਾਰ ਜ਼ੋਰ ਪਾਉਣ ਲੱਗੇ, "ਤੁਸੀਂ ਰਹੋ ਸਾਡੇ ਕੋਲ।"

ਬੇਬੇ ਜੀ ਬਾਰੇ ਪਤਾ ਲੱਗਿਆ ਕਿ ਉਹ ਕੈਨੇਡਾ ਵਸਦੀਆਂ ਦੋ ਬੇਟੀਆਂ ਕੋਲ ਰਹਿ ਰਹੀ ਸੀ। ਸੌ ਤੋਂ ਪੰਜ-ਛੇ ਸਾਲ ਘੱਟ ਸੀ ਪਰ ਤੁਰਨ-ਫਿਰਨ, ਖਾਣ-ਪੀਣ ਉਮਰ ਅਨੁਸਾਰ ਵਧੀਆ ਸੀ। ਬੱਸ ਗੱਲਾਂ ਭੁੱਲਣ ਲੱਗ ਪਈ ਸੀ। ਆਪਣੇ ਤੋਂ ਅੱਗੇ ਉਸ ਨੇ ਚਾਰ ਪੀੜ੍ਹੀਆਂ ਹੋਰ ਦੇਖ ਲਈਆਂ ਸਨ।

ਜਦੋਂ ਫਰਿਜ਼ਨੋ ਦੀਆਂ ਚਾਰ ਸਾਹਿਤਕ-ਸਭਿਆਚਾਰਕ ਸਭਾਵਾਂ ਨੇ ਮਿਲ ਕੇ ਮੇਰਾ ਸਨਮਾਨ ਕੀਤਾ, ਮੈਨੂੰ ਖ਼ੁਸ਼ੀ ਹੋਈ। ਮੈਥੋਂ ਮਗਰੋਂ ਪਰ ਗੁਰਚਰਨ ਨੂੰ ਸ਼ਾਲ ਭੇਟ ਕਰਨ ਲਈ ਜਦੋਂ ਉਨ੍ਹਾਂ ਨੇ ਆਪਣੇ ਨਾਲ ਬਾਬਾ ਦੁੱਲਾ ਸਿੰਘ ਦੀ ਪੋਤੀ ਅਤੇ ਬੇਬੇ ਬਚਨ ਕੌਰ ਦੀ ਪੁੱਤਰੀ ਗਿਆਨ ਕੌਰ ਨੂੰ ਮੰਚ ਉਤੇ ਬੁਲਾ ਲਿਆ, ਲੱਗਿਆ ਕਿ ਉਸ ਦਾ ਸਨਮਾਨ ਮੈਥੋਂ ਵੱਧ ਹੋ ਗਿਆ।

ਆਪਣੀ ਅਮਰੀਕਾ ਫੇਰੀ ਬਾਰੇ ਪੁਸਤਕ, 'ਇਕ ਅਮਰੀਕਾ ਇਹ ਵੀ' ਵਿਚ ਮੈਂ ਇਨ੍ਹਾਂ ਗੱਲਾਂ ਦਾ ਵੀ ਜ਼ਿਕਰ ਕੀਤਾ। ਇਸ 29 ਜਨਵਰੀ ਨੂੰ ਇਕ ਫੋਨ ਆਇਆ, "ਭੁੱਲਰ ਜੀ, ਮੱਕੀ ਦੇ ਫੁਲਕੇ ਬਣਾਉਣ ਵਾਲੀ ਬੇਬੇ 98 ਸਾਲ ਪੂਰੇ ਕਰ ਕੇ ਅੱਜ ਰਾਤ ਪੂਰੀ ਹੋ ਗਈ! ਮੈਂ ਜਲਾਲਦੀਵਾਲ ਤੋਂ ਬਾਬਾ ਦੁੱਲਾ ਸਿੰਘ ਜੀ ਦਾ ਪੋਤਾ ਸੁਰਿੰਦਰ ਬੋਲਦਾ ਹਾਂ।" ਮੈਂ ਪਰਦੇਸਾਂ ਵਿਚ ਕਈ ਥਾਂਈਂ ਖਿਲਰੇ ਹੋਏ ਪਰਿਵਾਰ ਦਾ ਜ਼ਿਕਰ ਕੀਤਾ ਤਾਂ ਉਸ ਨੇ ਦੱਸਿਆ ਕਿ ਸਬੱਬ ਨਾਲ ਬਹੁਤੇ ਜੀਅ ਆਪੋ-ਆਪਣੇ ਕਾਰਨਾਂ ਕਰਕੇ ਪਹਿਲਾਂ ਹੀ ਇਧਰ ਆਏ ਹੋਏ ਹਨ। ਬੇਬੇ ਵੀ ਦੋ-ਤਿੰਨ ਸਾਲ ਪਹਿਲਾਂ ਮਿਲਣ ਲਈ ਹੀ ਆਈ ਸੀ ਪਰ ਦੇਸ਼ ਦੀ ਮਿੱਟੀ ਵਿਚ ਸਮਾਉਣ ਦੇ ਇਰਾਦੇ ਨਾਲ ਪੱਕੀ ਨਾਗਰਿਕਤਾ ਦੇ ਬਾਵਜੂਦ ਉਸ ਨੇ ਪਰਦੇਸ ਪਰਤਣੋਂ ਇਨਕਾਰ ਕਰ ਦਿੱਤਾ ਸੀ।

ਫੋਨ : 011-65736868

## ਸਮਰੱਥ ਸ਼ੈਲੀਕਾਰ ਡਾ. ਹਰਪਾਲ ਸਿੰਘ ਪੰਨੂ

ਨਾ ਕਰੀਂ। ਤੂੰ ਪਰਦੇਸ ਚੱਲਿਐਂ। ਪਤਾ ਨਹੀ ਉਥੇ ਕਿਹੋ ਜਿਹੀ ਜ਼ਿੰਦਗੀ ਐ। ਮਜਬੂਰੀ ਵੱਸ ਜੇ ਕਦੀ ਕੇਸ ਕਟਾਉਣੇ ਪੈ ਜਾਣ, ਫੇਰ ਮੈਨੂੰ ਆਪਣਾ ਮੂੰਹ ਨਾ ਦਿਖਾਈਂ।" (ਪੰਨਾ 15) ਮੈਨੂੰ ਸੋਹਣ ਸਿੰਘ ਸੀਤਲ ਦੀ "ਦੁਖੀਏ ਮਾਂ ਪੁੱਤ" ਯਾਦ ਆ ਗਈ। ਅੰਨ੍ਹੀ ਹੋ ਚੁੱਕੀ ਮਹਾਰਾਣੀ ਜਿੰਦਾਂ ਨੇ ਕਲਕੱਤੇ ਵਿਚਲੀ ਮਿਲਣੀ ਦੌਰਾਨ ਪੁੱਤ ਮਹਾਰਾਜਾ ਦਲੀਪ ਸਿੰਘ ਦਾ ਸਿਰ ਪਲੋਸਦਿਆਂ ਕੁਝ ਵੀ ਨਹੀਂ ਸੀ ਆਖਿਆ ਪਰ ਮਾਂ ਦੇ ਅਨਡੁਲ੍ਹੇ ਅੱਥਰੂਆਂ ਦਾ ਉਤਰ ਇਕ ਸਿੱਖ ਮਾਂ ਨੂੰ ਪਤਿਤ ਪੁੱਤਰ ਦਾ ਇਹ ਸੀ ਕਿ ਮੈਂ ਆਪਣੇ ਪਿਉ ਦੀ ਸਲਤਨਤ ਤਾਂ ਵਾਪਸ ਨਹੀਂ ਲਿਆ ਸਕਦਾ ਪਰ ਦਸਮ-ਪਿਤਾ ਵਲੋਂ ਬਖਸ਼ੀ ਸਿੱਖ-ਪਛਾਣ, ਕੇਸ ਜ਼ਰੂਰ ਵਾਪਸ ਲਿਆਵਾਂਗਾ। ਦਲੀਪ ਸਿੰਘ ਸਾਕੇਸ ਹੋ ਗਿਆ ਸੀ। ਹਰਦੇਵ ਸਿੰਘ ਕਨੇਡੀਅਨ ਹੈ ਅਤੇ ਸਾਕੇਸ ਹੈ। ਇਹ ਹੈ ਖੂਬਸੂਰਤੀ ਪੰਨੂ ਦੀ ਸ਼ੈਲੀ ਦੀ ਕਿ ਉਹ ਇਕਹਿਰੀਆਂ ਸੱਚਾਈਆਂ ਨੂੰ ਵਿਰਾਸਤੀ-ਯਾਦਾਂ ਨਾਲ ਜੋੜਦਾ ਤੁਰਿਆ ਜਾਂਦਾ ਹੈ।

ਆਰਟਿਸਟ, ਆਰਟਿਸਟ ਹੀ ਹੁੰਦਾ ਹੈ। ਹਰਦੇਵ ਸਿੰਘ ਨੇ ਇਕ ਸਿੱਖ-ਡਾਕੂਮੈਂਟਰੀ ਬਣਾਈ "ਦ ਸਿੱਖਸ।" ਉਸ ਦਾ ਇਕ ਡਾਇਲਾਗ ਹੈ, "ਵਡੇ ਬੰਦੇ ਦੀ ਮੌਤ ਵਕਤ ਦੇਸ਼ ਆਪਣੇ ਝੰਡੇ ਝੁਕਾ ਲੈਂਦੇ ਹਨ, ਦੱਸਿਆ ਕਿ ਨਿਸ਼ਾਨ ਸਾਹਿਬ ਨਹੀਂ ਝੁਕਦਾ, ਗੁਰੂ ਸਾਹਿਬਾਨ ਨੇ ਮਾਤਮ ਕਰਨ ਉਪਰ ਸਥਾਈ ਪਾਬੰਦੀ ਲਗਾਈ ਹੋਈ ਹੈ।" (ਪੰਨਾ 20) ਸਿੱਖਾਂ ਕੋਲ ਆਰਟਿਸਟ ਹਨ। ਇਸ ਦੇ ਬਾਵਜੂਦ ਹਰਦੇਵ ਸਿੰਘ ਦੀ ਰਾਏ ਹੈ ਕਿ "ਸਿੱਖਾਂ ਵਿਚ ਆਰਟ ਵਿਕਸਿਤ ਹੋਇਆ ਹੀ ਨਹੀਂ" ਅਤੇ "ਪੰਜਾਬ ਆਰਟ ਤੋਂ ਵੰਚਿਤ ਹੋ ਗਿਆ, ਜਿਸ ਦੇ ਠੋਸ ਕਾਰਨ ਵੀ ਹਨ।" (ਪੰਨਾ 35) ਇਹ ਦੱਸਣ ਵਾਸਤੇ ਪੰਨੂ ਨੇ 36 ਸਫੇ ਲਿਖੇ ਹਨ। ਅਸਲ ਤੱਕ ਤਾਂ ਪੜ੍ਹ ਕੇ ਹੀ ਪਹੁੰਚਿਆ ਜਾ ਸਕਦਾ ਹੈ ਕਿਉਂਕਿ ਆਲਮ ਇਹ ਹੈ ਕਿ ਇਕ ਸਥਾਪਤ ਸੰਤ ਨੇ ਹਰਦੇਵ ਸਿੰਘ ਨੂੰ ਪੁੱਛਿਆ, "ਤੁਸੀਂ ਕੀ ਕਰਦੇ ਹੁੰਨੇ ਓ।" ਮੈਂ ਦੱਸਿਆ, ਆਰਟਿਸਟ ਹਾਂ, ਚਿੱਤਰਕਾਰੀ ਕਰਿਆ ਕਰਦਾਂ। ਸੰਤ ਨੇ ਕਿਹਾ, "ਪੰਥ ਲਈ ਵੀ ਕੁਝ ਕਰੋ।" ਉਸ ਦੇ ਖਿਆਲ ਵਿਚ ਮੇਰੇ ਵਾਲਾ ਕੰਮ ਕੋਈ ਕੰਮ ਨਹੀਂ ਹੈ। (ਪੰਨਾ 22)

ਮੈਂ ਵਿਆਖਿਆ ਦੀ ਵਿਆਖਿਆ ਦਾ ਇਲਜ਼ਾਮ ਆਪਣੇ ਸਿਰ ਨਹੀਂ ਲੈਣਾ ਚਾਹੁੰਦਾ। ਹਰਦੇਵ ਸਿੰਘ ਬਾਰੇ ਗੱਲ ਉਸ ਦੀ ਪਤਨੀ (ਪੰਜਾਬਣ ਨਹੀਂ ਅਤੇ ਪੰਜਾਬ ਨੂੰ ਪਤੀ ਰਾਹੀਂ ਹੀ ਜਾਣਦੀ ਹੈ) ਦੀ ਟਿਪਣੀ ਨਾਲ ਸੰਕੋਚਦਾ ਹਾਂ। ਇਹ ਟਿਪਣੀ ਉਸ ਨੇ ਖੁਸ਼ਵੰਤ ਸਿੰਘ ਦੀ ਆਮ ਦੁਹਰਾਈ ਜਾਂਦੀ ਟਿਪਣੀ ਕਿ ਸਿੱਖ 50 ਸਾਲ ਵਿਚ ਖਤਮ ਹੋ ਜਾਣਗੇ, ਉਤੇ ਕੀਤੀ ਸੀ। ਮਾਰੀਆ ਨੇ ਜੋ ਲੇਖ ਲਿਖਿਆ ਉਸ ਦੀ ਆਖਰੀ ਪੰਕਤੀ ਇਹ ਸੀ, "ਕੱਜ਼ਾਕ ਪੜ੍ਹਦੇ ਨਹੀਂ। ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸਿੱਖਾਂ ਵਰਗਾ ਹੈ। ਅਨਪੜ੍ਹ ਹੋਣ ਕਰਕੇ ਕੱਜ਼ਾਕ ਹੁਣ ਖਤਮ ਹੋ ਰਹੇ ਹਨ, ਇਨ੍ਹਾਂ ਨੂੰ ਮਰਦਿਆਂ ਦੇਖ ਕੇ ਸਿੱਖਾਂ ਨੂੰ ਬਚਣ ਦਾ ਯਤਨ ਕਰਨਾ ਚਾਹੀਦਾ ਹੈ।" (ਪੰਨਾ 25)

ਭਾਈ ਲਕਸ਼ਵੀਰ ਸਿੰਘ ਬਾਰੇ ਪੰਨੂ ਦਾ ਲੇਖ ਪੜ੍ਹਨ ਤੋਂ ਪਹਿਲਾਂ ਮੈਂ ਇਹੀ ਸਮਝਦਾ ਸੀ ਕਿ ਪ੍ਰੋ. ਗ਼ੁਲਵੰਤ ਸਿੰਘ ਫਾਰਸੀ ਦੇ ਆਖਰੀ ਸਿੱਖ ਵਿਦਵਾਨ ਸਨ ਕਿਉਂਕਿ ਉਨ੍ਹਾਂ ਇਕੱਲਿਆਂ ਨੂੰ ਰਾਸ਼ਟਰਪਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਹੁਣ ਮੇਰਾ ਇਹ ਵਿਸ਼ਵਾਸ ਹੈ ਕਿ ਇਹੋ ਜਿਹੇ ਸਨਮਾਨ ਦੇ ਭਾਈ ਸਾਹਿਬ ਵੀ ਹੱਕਦਾਰ ਸਨ। ਪੰਨੂ ਉਨ੍ਹਾਂ ਨੂੰ ਸਾਹਮਣੇ ਨਾ ਲਿਆਉਂਦਾ ਤਾਂ ਇਸ ਅਹਿਸਾਸ ਨੇ ਪੈਦਾ ਹੀ ਨਹੀਂ ਸੀ ਹੋਣਾ। ਉਨ੍ਹਾਂ ਦੀ ਲਿਖਤ ਬਾਰੇ ਮਾਹਿਰਾਨਾ ਰਾਏ ਇਹ ਹੈ, "ਇਸ ਕਿਤਾਬ ਦੀ ਨਜ਼ਮ, ਈਰਾਨ ਦੀ ਫਾਰਸੀ ਜ਼ਬਾਨ ਵਿਚ ਲਿਖੀ ਹੈ। ਇਸ ਨੂੰ ਅਸੀਂ ਈਰਾਨੀ ਰੇਸ਼ਮ (ਮਖਮਲੀ ਫਾਰਸੀ) ਕਹਿੰਦੇ ਹਾਂ। ਹਿੰਦੁਸਤਾਨੀ ਫਾਰਸੀ ਸੀਜ਼ਨਡ ਸਾਗਵਾਨ ਹੈ, ਜਿਸ ਵਿਚੋਂ ਹੰਢਣਸਾਰ ਸੁਹਣਾ ਫਰਨੀਚਰ ਬਣਦਾ ਹੈ। ਈਰਾਨੀ ਫਾਰਸੀ ਵਿਚ ਬੱਚਿਆਂ ਦੇ ਮਾਸੂਮ ਬੋਲਾਂ ਵਰਗੀ ਕੋਮਲਤਾ ਹੈ, ਵੇਲਾਂ ਅਤੇ ਫੁੱਲਾਂ ਜਿਹੀ ਨਜ਼ਾਕਤ। ਸ਼ਾਇਰ ਦਾ ਖਿਆਲ ਅਤੇ ਹਿਕਮਤ ਦੰਗ ਕਰਦੀ ਹੈ। ਇਹ ਛਪਣੀ ਚਾਹੀਦੀ ਹੈ।" (ਪੰਨਾ 49) ਸਾਰਾ ਕਲਾਮ ਇਕ ਜਿਲਦ ਵਿਚ ਯੁਨੀਵਰਸਿਟੀ ਨੇ ਛਾਪ ਦਿੱਤਾ ਹੈ। ਭਾਈ ਜੀ, ਭਾਈ ਵੀਰ ਸਿੰਘ ਤੋਂ ਬਹੁਤ ਪ੍ਰਭਾਵਿਤ ਸਨ। 'ਛੁਪੇ ਰਹਿਣ ਦੀ ਚਾਹ' ਦੇ ਪੱਕੇ ਮੁੱਦਈ ਸਨ। ਸਹਿਜ ਦਾ ਇਹ ਆਲਮ ਕਿ ਕਹਿੰਦੇ ਸਨ, "ਤੁਸੀਂ ਕਦੀ ਦੇਖਿਐ ਬਈ ਹਿਰਨ ਘਾਹ ਇਕੱਠਾ ਕਰਦੇ ਫਿਰਨ? ਤਾਂ ਵੀ ਭੁੱਖ-ਮਰੀ ਨਾਲ ਨਹੀਂ ਮਰਦੇ।" (ਪੰਨਾ 50) ਖਿਆਲਾਂ ਦੀ ਪਰਪੱਕਤਾ ਅਤੇ ਸਪਸ਼ਟਤਾ ਇਹੋ ਜਿਹੀ ਕਿ ਕਹਿੰਦੇ ਸਨ, "ਓ ਭਾਈ ਲਫਜ਼ਾਂ ਦੀ ਕਤਾਰ ਨੂੰ ਜ਼ਬਾਨ ਨਹੀਂ ਕਹਿੰਦੇ। ਪਹਿਲਾਂ ਇਹਨੂੰ ਖਿਆਲ ਦਿਉ। ਫੇਰ ਏਸ ਵਿਚ ਰੰਗ ਭਰੋ, ਫੇਰ ਸੁਗੰਧ ਭਰੋ, ਫੇਰ ਸੰਗੀਤ ਭਰੋ। ਏਨਾਂ ਕੁਝ ਰਚਾਉਣਾ ਪੈਂਦਾ ਹੈ ਲਫਜ਼ਾਂ ਵਿਚ ਤਾਂ ਜਾ ਕੇ ਕੋਈ ਦਾਨਸ਼ਵਰ ਫਕੀਰ ਹਾਫਿਜ਼ ਸ਼ੀਰਾਜ਼ੀ ਅਖਵਾਉਂਦਾ ਹੈ।" (ਪੰਨਾ 54) ਇਹ ਸਮਝ, ਸਾਧਨਾ ਅਤੇ ਸਿਦਕ ਨਾਲ ਆਉਂਦੀ ਹੈ। ਪਾਰਦਰਸ਼ੀ ਸਮਝ ਹੀ ਇਹੋ ਜਿਹੀ ਟਿਪਣੀ ਕਰ ਸਕਦੀ ਹੈ, "ਉਨ੍ਹਾਂ ਕਿਹਾ-ਤੁਹਾਡੇ ਵਾਲੀ ਪੀਹੜੀ ਫਾਸਟਫੂਡ ਪੀਹੜੀ ਹੈ। ਤਟਫੱਟ। ਅਸੀਂ ਹਾਰੇ ਵਿਚ ਧਰੀ ਕਾੜ੍ਹਣੀ ਵਾਂਗ ਹਾਂ, ਸਹਿਜ।" (ਪੰਨਾ 54)

ਵਰਤਮਾਨ ਵਿਚ ਭਰੂਣ-ਹੱਤਿਆ ਦਾ ਬਹੁਤ ਜ਼ਿਕਰ ਚਲਦਾ ਹੈ। ਭਾਈ ਜੀ ਰਿਆਸਤੀ ਮਾਹੌਲ ਵਿਚ ਪਲੇ ਹੋਏ ਜਗੀਰਦਾਰ ਸਨ। ਸਿੱਖੀ ਦੇ ਰੰਗ ਵਿਚ ਵੀ ਰੱਤੇ ਹੋਏ ਸਨ। ਧੀਆਂ ਬਾਰੇ ਉਨ੍ਹਾਂ ਦੀ ਰਾਏ ਕਿੰਨੀ ਭਵਿਖਮੁਖੀ, ਸਿਹਤਮੰਦ ਅਤੇ ਸੰਤੁਲਤ ਹੈ। ਕਹਿੰਦੇ ਹਨ, "ਲਹੂ, ਦੁੱਧ ਵਿਚ ਤਬਦੀਲ ਹੋ ਜਾਂਦਾ ਹੈ ਪਰ ਲੰਮਾ ਅਰਸਾ ਲਗਦਾ ਹੈ ਇਸ ਨੂੰ। ਧੀ ਜੰਮਦੀ ਹੈ, ਖੇਡਦੀ ਖੇਡਦੀ ਜਵਾਨ ਹੁੰਦੀ ਹੈ, ਫਿਰ ਵਰ ਲੱਭਦੇ ਹਾਂ, ਫਿਰ ਸੰਤਾਨ ਪੈਦਾ ਹੁੰਦੀ ਹੈ। ਇੰਨਾ ਅਰਸਾ ਲਹੂ ਉਡੀਕਦਾ ਰਹਿੰਦਾ ਹੈ ਕਿ ਮੈਂ ਕਦੀ ਦੁੱਧ ਬਣਾਂ। ਥੋੜ੍ਹਾ ਜਿਹਾ ਕਰਮਾਂਵਾਲਾ ਹਿੱਸਾ ਦੁੱਧ ਬਣਦਾ ਹੈ, ਸਾਰਾ ਨਹੀਂ। ਸਮਾਂ ਲਗਦਾ ਹੈ। ਹੋ ਜਾਂਦੀ ਹੈ ਕਰਾਮਾਤ, ਮੁਸੱਲਸਲ ਬੰਦਗੀ ਸਦਕਾ।" (ਪੰਨਾ 54) ਸਿੱਖੀ ਦੇ ਰੰਗ ਵਿਚ ਅਜਿਹੀ ਰੱਤੀ ਹੋਈ ਰੂਹ ਸੀ ਭਾਈ ਲਕਸ਼ਵੀਰ ਸਿੰਘ ਕਿ ਗੁਰੂ ਦੀ ਹਰ ਗੱਲ ਵਿਚੋਂ ਬੁਲੰਦੀ ਢੂੰਢ ਲੈਂਦੇ ਸਨ। ਗੁਰੂ ਨਾਨਕ ਦੇਵ ਜੀ ਦੇ ਮੋਦੀਖਾਨੇ ਵਾਲੀ ਸਾਖੀ ਬਾਰੇ ਟਿਪਣੀ ਨਿਰੀ ਸ਼ਾਇਰਾਨਾ ਪਰਵਾਜ਼ ਹੈ। ਕਹਿੰਦੇ ਹਨ- "ਤੁਹਾਡੇ ਖਿਆਲ ਵਿਚ ਸੁਲਤਾਨਪੁਰ ਦੇ ਮੋਦੀਖਾਨੇ ਵਿਚ ਗੁਰੂ ਬਾਬਾ ਜੀ ਨੂੰ ਤੇਰਾਂ ਤੋਂ ਅਗੇ ਗਿਣਤੀ ਭੁੱਲ ਗਈ ਸੀ? ਭਾਈਓ, ਉਹ ਬੇਹਿਸਾਬ ਸੀ ਨਾ ਜਿਹੜਾ, ਉਸ ਨੇ ਹਿਸਾਬਾਂ ਤੋਂ ਖਹਿੜਾ ਛੁਡਾਉਣਾ ਸੀ, ਛੁਡਾ ਲਿਆ। ਜਿਹੜਾ ਲੱਖ ਆਕਾਸ਼ ਤੇ ਲੱਖ ਪਾਤਾਲ ਦਾ ਮਾਲਕ ਹੋਵੇ, ਉਸ ਨੂੰ ਕੌਣ ਬੰਨ੍ਹੇਗਾ ਗਿਣਤੀਆਂ ਮਿਣਤੀਆਂ ਵਿਚ।" (ਪੰਨਾ 55)

ਪੰਨੂ ਨੇ ਕਲਾਕਾਰੀ ਦਾ ਐਸਾ ਨੈਰੇਟਿਵ ਬੰਨ੍ਹਿਆ ਹੈ ਕਿ ਆਪਣੀ ਲਿਖਤ ਤੋਂ ਮੁਕਤ ਹੋ ਕੇ ਗੱਲ ਕਰਨ ਦੀ ਲਾਲਸਾ ਹੀ ਪੈਦਾ ਨਹੀਂ ਹੋਣ ਦਿੰਦਾ। ਗੱਲ ਮੁਕਾਣ ਵਾਸਤੇ ਕੇਵਲ ਇਕ ਹੋਰ ਗੱਲ ਭਾਈ ਸਾਹਿਬ ਬਾਰੇ ਦੱਸਣੀ ਹੈ ਕਿ ਜਿਸ ਬਾਰੇ ਭਾਈ ਵੀਰ ਸਿੰਘ ਦੀ ਇਹ ਰਾਏ ਹੈ ਕਿ "ਮੁਹਾਸਨੇ ਸੁਖਨ ਕੇ ਲਿਹਾਜ਼ ਸੇ ਯੇ ਨਜ਼ਮ ਖੂਬੀਓਂ ਸੇ ਭਰਪੂਰ ਹੈ। ਤਕਰਾਰਿ ਅਲਫਾਜ਼, ਹੁਸਨੇ-ਸਿਦਕ, ਮੁਹਾਵਰਾ, ਸਫਾਈ ਬਯਾਨ, ਸਾਦਗੀ-ਇ-ਕੁਦਰਤਿ ਮਜ਼ਮੂਨ, ਖੂਬੀਏ-ਤਰਕੀਬ, ਹੁਸਨਿ-ਇਸਤਿਆਰਾ, ਲੁਤਫਿ-ਤਸ਼ਬੀਹ, ਵਾਕਿਯਾ-ਗੁਜ਼ਾਰੀ, ਜਜ਼ਬਾ-ਨਿਗਾਰੀ, ਮਾਮਿਲਾਬੰਦੀ, ਬੁਲੰਦੀਏ-ਜਜ਼ਬਾਤ, ਮੁਤਾਬਿਕਤਿ-ਅਲਫਾਜ਼ੋ-ਮਜਮੂਨ, ਸੋਜ਼ੋਗੁਦਾਜ਼ ਔਰ ਸਹਲਿ-ਮੁਮਤਿਨਾ ਜੈਸੀ ਸਿਫਾਤ ਸੇ ਅਸ਼ਆਰ ਮੁਜ਼ਈਅਨ ਹੈ। ਕਈ ਜਗ੍ਹਾ ਗ਼ਮ ਮੇਂ ਡੂਬੇ ਹੂਏ ਅਸ਼ਆਰ ਐਸੇ ਵਾਕਿਆਤ ਸੁਨਾਤੇ ਹੈਂ ਕਿ ਬੇਇਖਤਿਆਰ ਆਂਖੋਂ ਮੇਂ ਆਂਸੂ ਉਮਡ ਆਤੇ ਹੈਂ।" (ਪੰਨਾ 70)

ਦੂਜੇ ਪਾਸੇ ਸ਼ਾਇਰ ਲਕਸ਼ਵੀਰ ਸਿੰਘ ਦੇ ਆਪਣੇ ਅਲਫਾਜ਼ ਹਨ, "ਐਵੇਂ ਨਹੀਂ ਆ ਗਈ ਸ਼ੀਰੀਂ ਜ਼ਬਾਨ ਫਾਰਸੀ ਮੈਨੂੰ। ਦਸਵੀਂ ਜਮਾਤ ਤੱਕ ਕਲਗੀ ਤੋਂ ਲੈ ਕੇ ਮਹਾਰਾਜ ਦੇ ਜੋੜਿਆਂ ਤੱਕ ਮੈਂ ਫਾਰਸੀ ਦੇ ਕਸੀਦੇ ਲਿਖ ਲਿਖ ਸਜਾਏ। ਕਸੀਦਾ ਲਿਖਦਾ। ਮਹਾਰਾਜ ਅੱਗੇ ਅਰਜ਼ੋਈ ਕਰਦਾ ਬਾਬਾ ਜੀ ਥੋੜੀ ਕੁ ਫਾਰਸੀ ਦੀ ਨਜ਼ਮ ਦੇ ਦਿਉ। ਏਨੀਂ ਤਾਂ ਮੈਂ ਨਹੀਂ ਮੰਗਦਾ ਜਿੰਨੀ ਤੁਸੀਂ ਭਾਈ ਨੰਦ ਲਾਲ ਨੂੰ ਦਿੱਤੀ ਸੀ। ਥੋੜ੍ਹੀ ਕੁ ਤਾਂ ਦਿਉ। ਤੁਹਾਡੇ ਸਾਹਮਣੇ ਪ੍ਰੋਫੈਸਰੋ, ਜਿਹੜਾ ਇਹ ਬੁੱਢਾ ਬੈਠਾ ਹੈ, ਇਹਨੂੰ ਬਚਪਨ ਵਿਚ ਪਤਾ ਲੱਗ ਗਿਆ ਸੀ ਵਡਿਆਂ ਤੋਂ ਕਿਵੇਂ ਮੰਗੀਦੈ। ਮਹਾਰਾਜ ਏਨੇ ਮਿਹਰਬਾਨ ਹੋ ਗਏ ਕਿ ਫਾਰਸੀ ਦੀ ਨਜ਼ਮ ਤਾਂ ਦਿੱਤੀ ਹੀ, ਅਰਬੀ ਰੁੰਗੇ 'ਚ ਮੇਰੇ ਵੱਲ ਸੁੱਟ ਦਿੱਤੀ। ਕਿਸੇ ਖਾਸ ਮਿਹਨਤ ਦੀ ਲੋੜ ਨਹੀਂ ਪਈ।" (ਪੰਨਾ 55)

ਗਿਆਨ ਵੀ ਕਲਾ ਦਾ ਹੀ ਹਿੱਸਾ ਹੈ ਅਤੇ ਟੈਗੋਰ ਨੇ ਠੀਕ ਹੀ ਆਖਿਆ ਸੀ ਕਿ ਮੈਂ ਹੈਰਾਨ ਹਾਂ ਕਿ ਗਿਆਨ ਦੀ ਸੀਮਾ ਕੀ ਹੋਵੇਗੀ? ਪੁਸਤਕ "ਆਰਟ ਤੇ ਬੰਦਗੀ" ਵਿਚ ਗਿਆਨ ਦੇ ਮੁਤਲਾਸ਼ੀਆਂ ਨਾਲ ਦੋ ਪੈਰ ਤੁਰਨ ਦਾ ਅਵਸਰ ਮੁਹੱਈਆ ਹੋ ਗਿਆ ਹੈ। ਇਸ ਅਵਸਰ ਦਾ ਲਾਭ ਉਠਾਉਣ ਦੀ ਚੋਣ ਪਾਠਕਾਂ ਦੇ ਹੱਥ ਵਿਚ ਹੈ। ਇਸ ਪਾਸੇ ਤੁਰੋਗੇ ਤਾਂ ਇਸ ਪੁਸਤਕ ਦੇ ਲੇਖਕ ਡਾ. ਹਰਪਾਲ ਸਿੰਘ ਪੰਨੂ ਦੇ ਸ਼ੁਕਰਗੁਜ਼ਾਰ ਹੋਏ ਬਿਨਾ ਨਹੀਂ ਰਹਿ ਸਕੋਗੇ।

# ਫਿਲਮਾਂ 'ਚ ਨਹੀਂ ਸੀ ਆਉਣਾ ਚਾਹੁੰਦੀ ਪੂਨਮ



ਜਿਸ ਅਦਾਕਾਰਾ ਨੂੰ ਰਾਜ ਕਪੂਰ ਵਰਗੀ ਹਸਤੀ ਨੇ ਮਧੂਬਾਲਾ ਤੋਂ ਬਾਅਦ ਫ਼ਿਲਮ ਜਗਤ 'ਚ ਆਈ ਸਭ ਤੋਂ ਸੁੰਦਰ ਅਦਾਕਾਰਾ ਐਲਾਨਿਆ ਹੋਵੇ, ਉਹ ਫ਼ਿਲਮਾਂ 'ਚ ਕੰਮ ਕਰਨਾ ਹੀ ਨਹੀਂ ਚਾਹੁੰਦੀ ਸੀ ਤੇ ਉਹ ਅਦਾਕਾਰਾ ਹੈ ਪੂਨਮ ਢਿੱਲੋਂ। ਪੰਜਾਬੀ ਜੱਟ ਪਰਿਵਾਰ 'ਚ ਜਨਮੀ ਪੂਨਮ ਢਿੱਲੋਂ ਭਾਵੇਂ ਆਪਣੇ ਜ਼ਮਾਨੇ ਦੀ ਹਿੱਟ ਅਦਾਕਾਰਾ ਰਹਿ ਚੁੱਕੀ ਹੋਵੇ, ਸੱਚ ਤਾਂ ਇਹ ਹੈ ਕਿ ਸ਼ੁਰੂਆਤੀ ਦੌਰ 'ਚ ਉਹ ਫ਼ਿਲਮਾਂ 'ਚ ਬਿਲਕੁਲ ਵੀ ਕੰਮ ਨਹੀਂ ਕਰਨਾ ਚਾਹੁੰਦੀ ਸੀ। ਇਥੋਂ ਤਕ ਕਿ ਫ਼ਿਲਮਾਂ 'ਚ ਕਦਮ ਰੱਖਣ ਤੇ ਕਈ ਹਿੱਟ ਫਿਲਮਾਂ ਦੇਣ ਦੇ ਬਾਵਜੂਦ ਉਸ ਨੇ ਆਪਣੀ ਬੇਰੁਖ਼ੀ ਕਾਰਨ ਉਨ੍ਹਾਂ ਸਫਲਤਾਵਾਂ ਦਾ ਪੂਰਾ ਮਜ਼ਾ ਨਹੀਂ ਲਿਆ।

ਜਿਥੋਂ ਤਕ ਪੂਨਮ ਢਿੱਲੋਂ ਦੇ ਫ਼ਿਲਮੀ ਕੈਰੀਅਰ ਦੀ ਸ਼ੁਰੂਆਤ ਦੀ ਗੱਲ ਹੈ ਤਾਂ ਇਹ ਸਫਰ ਉਸ ਨੇ ਸੁੰਦਰਤਾ ਮੁਕਾਬਲੇ 'ਮਿਸ ਇੰਡੀਆ' ਦਾ ਖਿਤਾਬ ਜਿੱਤਣ ਦੇ ਨਾਲ ਹੀ ਸ਼ੁਰੂ ਕੀਤਾ ਸੀ ਕਿਉਂਕਿ ਉਸ ਵੇਲੇ ਪੂਨਮ ਦੀ ਉਮਰ ਸਿਰਫ 16 ਸਾਲ ਸੀ, ਇਸ ਲਈ ਯਸ਼ ਚੋਪੜਾ ਵਰਗੇ ਪਾਰਖੂ ਫ਼ਿਲਮਕਾਰ ਨੇ ਆਪਣੀ ਫ਼ਿਲਮ 'ਤ੍ਰਿਸ਼ੂਲ' 'ਚ ਉਸ ਨੂੰ ਇਕ ਰੋਮਾਂਟਿਕ ਰੋਲ ਲਈ ਸਾਈਨ ਕਰ ਲਿਆ। ਭਾਵੇਂਕਿ ਉਸ ਵੇਲੇ ਵੀ ਪੂਨਮ ਫ਼ਿਲਮਾਂ 'ਚ ਕੰਮ ਕਰਨ ਦੀ ਚਾਹਵਾਨ ਨਹੀਂ ਸੀ ਪਰ ਜਦੋਂ ਦੋਸਤਾਂ ਤੇ ਪਰਿਵਾਰ ਵਾਲਿਆਂ ਨੇ ਕਿਹਾ ਕਿ ਇਹ ਯਸ਼ਰਾਜ ਦੀ ਫ਼ਿਲਮ ਹੈ ਤੇ ਨਾਲ ਹੀ ਇਸ 'ਚ ਸੰਜੀਵ ਕੁਮਾਰ, ਅਮਿਤਾਭ ਬੱਚਨ ਵਰਗੇ ਸਿਤਾਰਿਆਂ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ, ਅਜਿਹੇ 'ਚ ਇਹ ਫ਼ਿਲਮ ਛੱਡਣਾ ਸਹੀ ਨਹੀਂ ਹੋਵੇਗਾ ਤਾਂ ਪੂਨਮ ਨੇ ਇਸ 'ਚ ਕੰਮ ਕਰਨਾ ਮਨਜ਼ੂਰ ਕਰ ਲਿਆ ਸੀ। ਇਸ ਫ਼ਿਲਮ 'ਚ ਪੂਨਮ ਦੇ ਆਪੋਜ਼ਿਟ ਸੀ ਸਚਿਨ।

ਇਸ ਫ਼ਿਲਮ 'ਚ ਪੂਨਮ ਤੇ ਸਚਿਨ 'ਤੇ ਫ਼ਿਲਮਾਇਆ ਗਿਆ ਗੀਤ 'ਗਪੂਚੀ-ਗਪੂਚੀ ਗਮ ਗਮ' ਤਾਂ ਸੁਪਰਹਿੱਟ ਸਿੱਧ ਹੋਇਆ ਸੀ। ਪੂਨਮ ਦਾ ਕਹਿਣੈ ਕਿ ਯਸ਼ ਜੀ ਨੇ ਮੈਨੂੰ ਕਿਹਾ ਸੀ ਕਿ ਫ਼ਿਲਮ ਦੀ ਸ਼ੂਟਿੰਗ ਦਿੱਲੀ 'ਚ ਹੋਵੇਗੀ। ਇਸ ਲਈ ਮੈਨੂੰ ਮੁੰਬਈ ਆਉਣ ਦੀ ਲੋੜ ਨਹੀਂ ਪਏਗੀ ਕਿਉਂਕਿ ਮੈਂ ਚੰਡੀਗੜ੍ਹ ਦੀ ਰਹਿਣ ਵਾਲੀ ਸੀ ਤੇ ਦਿੱਲੀ ਮੇਰੇ ਲਈ ਦੂਰ ਨਹੀਂ। ਇਸ ਲਈ ਮੈਂ ਫ਼ਿਲਮ ਸਾਈਨ ਕਰ ਲਈ।

'ਤ੍ਰਿਸ਼ੂਲ' ਦੀ ਸਫਲਤਾ ਪਿੱਛੋਂ ਹੀ ਪੂਨਮ ਕੋਲ ਫ਼ਿਲਮਾਂ ਦੀ ਭੀੜ ਲੱਗਣ ਲੱਗੀ ਤੇ ਉਸ ਪਿੱਛੋਂ ਉਸ ਨੇ ਇਕ ਤੋਂ ਵਧ ਕੇ ਇਕ ਹਿੱਟ ਫ਼ਿਲਮਾਂ 'ਚ ਕੰਮ ਕੀਤਾ। ਭਾਵੇਂਕਿ 'ਤ੍ਰਿਸ਼ੂਲ' ਦੇ ਸੁਪਰਹਿੱਟ ਹੋਣ ਪਿੱਛੋਂ ਵੀ ਪੂਨਮ ਕੋਈ ਫ਼ਿਲਮ ਨਹੀਂ ਕਰਨਾ ਚਾਹੁੰਦੀ ਸੀ ਪਰ ਯਸ਼ ਚੋਪੜਾ ਨੇ ਹੀ ਉਸ ਪਿੱਛੋਂ ਉਸ ਨੂੰ 'ਨੂਰੀ' 'ਚ ਮੁੱਖ ਕਿਰਦਾਰ ਕਰਨ ਦੀ ਪੇਸ਼ਕਸ਼ ਦਿੱਤੀ। ਇਸ 'ਤੇ ਪੂਨਮ ਨੇ ਯਸ਼ਰਾਜ ਨੂੰ ਕਿਹਾ ਕਿ ਉਹ ਫ਼ਿਲਮਾਂ ਨਹੀਂ ਕਰਨਾ ਚਾਹੁੰਦੀ ਪਰ ਯਸ਼ ਚੋਪੜਾ ਨੇ ਫਿਰ ਕਿਹਾ ਕਿ ਇਹ ਹੀਰੋਇਨ ਪ੍ਰਧਾਨ ਫ਼ਿਲਮ ਹੈ ਤੇ ਤੇਰਾ ਚਿਹਰਾ ਕਸ਼ਮੀਰੀ ਕੁੜੀ ਦੇ ਰੋਲ ਲਈ ਬਿਲਕੁਲ ਫਿੱਟ ਹੈ, ਅਜਿਹੇ 'ਚ ਪੂਨਮ ਨੂੰ ਇਨਕਾਰ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਫਿਲਮ 'ਨੂਰੀ' ਵੀ ਸੁਪਰਹਿੱਟ ਹੋਈ ਤੇ ਇਸ ਦੇ ਲਈ ਉਸ ਨੂੰ ਫ਼ਿਲਮ ਫੇਅਰ ਐਵਾਰਡ ਲਈ ਨਾਮਜ਼ਦ ਵੀ ਕੀਤਾ ਗਿਆ।

*ਪੂਨਮ ਢਿੱਲੋਂ ਨੂੰ 'ਨੂਰੀ' 'ਚ ਮੁੱਖ ਕਿਰਦਾਰ ਕਰਨ ਦੀ ਪੇਸ਼ਕਸ਼ ਦਿੱਤੀ। ਇਸ 'ਤੇ ਪੂਨਮ ਨੇ ਯਸ਼ਰਾਜ ਨੂੰ ਕਿਹਾ ਕਿ ਉਹ ਫ਼ਿਲਮਾਂ ਨਹੀਂ ਕਰਨਾ ਚਾਹੁੰਦੀ ਪਰ ਯਸ਼ ਚੋਪੜਾ ਨੇ ਫਿਰ ਕਿਹਾ ਕਿ ਇਹ ਹੀਰੋਇਨ ਪ੍ਰਧਾਨ ਫ਼ਿਲਮ ਹੈ ਤੇ ਤੇਰਾ ਚਿਹਰਾ ਕਸ਼ਮੀਰੀ ਕੁੜੀ ਦੇ ਰੋਲ ਲਈ ਬਿਲਕੁਲ ਫਿੱਟ ਹੈ, ਅਜਿਹੇ 'ਚ ਪੂਨਮ ਨੂੰ ਇਨਕਾਰ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਫਿਲਮ 'ਨੂਰੀ' ਵੀ ਸੁਪਰਹਿੱਟ ਹੋਈ ਤੇ ਇਸ ਦੇ ਲਈ ਉਸ ਨੂੰ ਫ਼ਿਲਮ ਫੇਅਰ ਐਵਾਰਡ ਲਈ ਨਾਮਜ਼ਦ ਵੀ ਕੀਤਾ ਗਿਆ।*

ਉਸ ਪਿੱਛੋਂ ਤਾਂ ਮੰਨੋ ਜਿਵੇਂ ਪੂਨਮ ਲਈ ਫ਼ਿਲਮਾਂ ਦਾ ਰਸਤਾ ਹੀ ਖੁੱਲ੍ਹ ਗਿਆ। ਪੂਨਮ ਨੇ ਉਸ ਪਿੱਛੋਂ ਆਰ.ਕੇ. ਬੈਨਰ ਦੀ ਫ਼ਿਲਮ 'ਬੀਵੀ ਓ ਬੀਵੀ' ਸਾਈਨ ਕੀਤੀ ਜਿਸ 'ਚ ਉਸ ਨਾਲ ਰਣਧੀਰ ਕਪੂਰ ਤੇ ਸੰਜੀਵ ਕੁਮਾਰ ਦੇ ਮੁੱਖ ਕਿਰਦਾਰ ਸਨ। ਫ਼ਿਲਮ ਦੀ ਸ਼ੂਟਿੰਗ ਦੌਰਾਨ ਖੁਦ ਰਾਜ ਕਪੂਰ ਨੇ ਪੂਨਮ ਦੀ ਤੁਲਨਾ ਮਧੂਬਾਲਾ ਨਾਲ ਕਰਦਿਆਂ ਉਸ ਦੀ ਕਾਫੀ ਸਿਫਤ ਕੀਤੀ ਸੀ। ਪੂਨਮ ਨੇ ਸਾਲ 1988 'ਚ ਫ਼ਿਲਮ ਨਿਰਮਾਤਾ ਅਸ਼ੋਕ ਠਾਕਰੀਆ ਨਾਲ ਵਿਆਹ ਕਰ ਲਿਆ ਸੀ ਪਰ ਉਸ ਦੀ ਵਿਆਹੁਤਾ ਜ਼ਿੰਦਗੀ ਬਹੁਤੀ ਲੰਬੀ ਨਹੀਂ ਚੱਲੀ ਤੇ ਅਖੀਰ ਸਾਲ 1997 'ਚ ਦੋਵੇਂ ਵੱਖ ਹੋ ਗਏ। ਪੂਨਮ ਦੇ ਦੋ ਬੱਚੇ ਹਨ। ਉਸ ਦੇ ਬੇਟੇ ਦਾ ਨਾਂ ਅਨਮੋਲ ਹੈ ਜਦਕਿ ਬੇਟੀ ਦਾ ਨਾਂ ਹੈ ਪਾਲੋਮਾ।

ਪੂਨਮ ਢਿੱਲੋਂ ਅੱਜਕਲ੍ਹ ਫ਼ਿਲਮਾਂ 'ਚ ਬਹੁਤੀ ਸਰਗਰਮ ਨਹੀਂ ਹੈ। 1997 'ਚ ਪ੍ਰਦਰਸ਼ਿਤ ਫ਼ਿਲਮ 'ਮਹਾਨਤਾ' ਤੇ 'ਜੁਦਾਈ' ਪਿੱਛੋਂ ਪੂਨਮ ਨੇ ਫ਼ਿਲਮਾਂ ਨੂੰ ਅਲਵਿਦਾ ਆਖ ਦਿੱਤਾ। ਹਾਂ, ਉਹ ਟੀ.ਵੀ. ਅਤੇ ਰੰਗਮੰਚ 'ਤੇ ਕਦੇ-ਕਦਾਈਂ ਜ਼ਰੂਰ ਨਜ਼ਰ ਆ ਜਾਂਦੀ ਹੈ।

ਕੁਝ ਸਮਾਂ ਪਹਿਲਾਂ ਉਹ ਰਿਐਲਿਟੀ ਸ਼ੋਅ 'ਬਿੱਗ ਬੌਸ' 'ਚ ਨਜ਼ਰ ਆਈ ਸੀ। ਉਸ ਪਿੱਛੋਂ ਯਸ਼ਰਾਜ ਦੀ ਹੀ ਫ਼ਿਲਮ 'ਦਿਲ ਬੋਲੇ ਹੜਿੱਪਾ' ਤੋਂ ਇਲਾਵਾ ਫ਼ਿਲਮ '13 ਬੀ' 'ਚ ਵੀ ਨਜ਼ਰ ਆਈ। ਫ਼ਿਲਮ 'ਦਿਲ ਬੋਲੇ ਹੜਿੱਪਾ' 'ਚ ਭਾਵੇਂ ਪੂਨਮ ਨੇ ਸ਼ਾਹਿਦ ਕਪੂਰ ਦੀ ਮਾਂ ਦਾ ਕਿਰਦਾਰ ਨਿਭਾਇਆ ਹੋਵੇ ਪਰ ਅਨੀਸ ਬਜ਼ਮੀ ਦੀ ਆਉਣ ਵਾਲੀ ਫ਼ਿਲਮ 'ਰੈਡੀ' 'ਚ ਉਸ ਨੇ ਸਲਮਾਨ ਖਾਨ ਦੀ ਮਾਂ ਦਾ ਰੋਲ ਕਰਨ ਤੋਂ ਮਨ੍ਹਾਂ ਕਰ ਦਿੱਤਾ। ਉਸ ਨੇ ਦਲੀਲ ਦਿੱਤੀ ਕਿ ਉਸ ਦੀ ਉਮਰ ਇੰਨੀ ਨਹੀਂ ਹੋਈ ਕਿ ਉਹ ਸਲਮਾਨ ਦੀ ਮਾਂ ਦਾ ਕਿਰਦਾਰ ਨਿਭਾਅ ਸਕੇ।

ਅਦਾਕਾਰੀ 'ਚ ਵਧੇਰੇ ਸਰਗਰਮੀ ਨਾ ਦਿਖਾਉਣ ਦੇ ਬਾਵਜੂਦ ਪੂਨਮ ਖੁਦ ਨੂੰ ਫ਼ਿਲਮਾਂ ਤੋਂ ਵੱਖ ਨਹੀਂ ਕਰਨਾ ਚਾਹੁੰਦੀ ਤਾਂ ਹੀ ਉਹ ਹੁਣ ਨਿਰਦੇਸ਼ਨ 'ਚ ਹੱਥ ਅਜ਼ਮਾਉਣਾ ਚਾਹੁੰਦੀ ਹੈ। ਉਸ ਨੇ ਇਕ ਸਕ੍ਰਿਪਟ ਲਿਖੀ ਹੈ ਜਿਸ ਦੇ ਲਈ ਉਹ ਨਿਰਮਾਤਾ ਦੀ ਭਾਲ ਕਰ ਰਹੀ ਹੈ। ਪੂਨਮ ਢਿੱਲੋਂ ਦੀ ਖਾਸੀਅਤ ਇਹ ਹੈ ਕਿ ਉਹ ਹਰ ਫ਼ਿਲਮੀ ਪਾਰਟੀ 'ਚ ਨਜ਼ਰ ਆਉਣ 'ਚ ਯਕੀਨ ਰੱਖਦੀ ਹੈ ਤੇ ਖੁਦ ਵੀ ਪਾਰਟੀਆਂ ਦੇਣ 'ਚ ਅੱਗੇ ਰਹਿੰਦੀ ਹੈ।

### ਕਾਮੇਡੀ ਦਾ ਨਵਾਂ ਧਮਾਕਾ

# ਤੀਨ ਥੇ ਭਾਈ

ਰੰਗ ਦੇ ਬਸੰਤੀ', 'ਦਿੱਲੀ-6', 'ਅਕਸ' ਵਰਗੀਆਂ ਚਰਚਿਤ ਫਿਲਮਾਂ ਦੇ ਨਿਰਮਾਤਾ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਹੁਣ ਕਾਮੇਡੀ ਫਿਲਮ ਲੈ ਕੇ ਮੈਦਾਨ ਵਿਚ ਆਏ ਹਨ। ਇਸ ਮਸਾਲੇਦਾਰ ਫਿਲਮ ਦੀ ਸ਼ੂਟਿੰਗ ਪਿਛਲੇ ਦਿਨੀਂ ਕਸ਼ਮੀਰ ਵਿਚ ਗੁਲਮਰਗ ਦੀਆਂ ਬਰਫਾਨੀ ਵਾਦੀਆਂ ਵਿਚ ਮੁਕੰਮਲ ਹੋਈ। 'ਤੀਨ ਥੇ ਭਾਈ' ਸਿਰਲੇਖ ਵਾਲੀ ਕਾਮੇਡੀ ਫਿਲਮ ਦਾ ਨਿਰਮਾਣ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਪਿਕਚਰਜ਼ ਪ੍ਰਾਈਵੇਟ ਲਿਮਟਿਡ ਤੇ ਪੀ.ਵੀ.ਆਰ. ਪਿਕਚਰ ਦਾ ਸਾਂਝਾ ਉਦਮ ਹੈ। ਕਾਮੇਡੀ ਦਾ ਨਵਾਂ ਤੋਹਫਾ ਲੈ ਕੇ ਇਸ ਫਿਲਮ ਵਿਚ ਮਸ਼ਹੂਰ ਕਲਾਕਾਰ ਓਮ ਪੁਰੀ, ਸ਼੍ਰੇਅਸ ਤਲਪੜੇ, ਦੀਪਕ ਡੋਬਰਿਆਲ ਤੇ ਰਾਗਿਨੀ ਖੰਨਾ ਸਮੇਤ ਕੁਝ ਵਿਦੇਸ਼ੀ ਕਲਾਕਾਰ ਵੀ ਨਜ਼ਰ ਆਉਣਗੇ।

ਮ੍ਰਿਗਦੀਪ ਲਾਂਬਾ ਵਲੋਂ ਨਿਰਦੇਸ਼ਤ ਇਹ ਫਿਲਮ ਪਹਿਲੀ ਅਪਰੈਲ ਨੂੰ ਪੂਰੇ ਦੇਸ਼ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਓਮ ਪੁਰੀ ਦਾ ਕਹਿਣਾ ਹੈ ਕਿ ਇਹ ਨਿਰੋਲ ਕਾਮੇਡੀ ਫਿਲਮ ਤਿੰਨ ਭਰਾਵਾਂ ਦੁਆਲੇ ਘੁੰਮਦੀ ਹੈ। ਤਿੰਨੋਂ ਭਰਾ ਇਕ ਦੂਜੇ ਦੀ ਸ਼ਕਲ ਵੀ ਦੇਖਣੀ ਪਸੰਦ ਨਹੀਂ ਕਰਦੇ। ਉਨ੍ਹਾਂ ਦੱਸਿਆ ਕਿ ਇਸ ਫਿਲਮ ਵਿਚ ਮੇਰਾ ਕਿਰਦਾਰ ਪਿਕਸੀ ਦਾ ਹੈ ਤੇ ਮੈਂ ਤਿੰਨਾ ਭਰਾਵਾਂ ਤੋਂ ਵੱਡਾ ਤੇ ਸ਼ਾਦੀਸ਼ੁਦਾ ਹਾਂ। ਸ਼੍ਰੇਅਸ ਤਲਪੜੇ ਕੁਆਰਾ ਹੈ ਤੇ ਉਸ ਦਾ ਮਕਸਦ ਆਪਣੀ ਜ਼ਿੰਦਗੀ ਵਿਚ ਫਿਲਮ ਅਦਾਕਾਰ ਬਣਨ ਦਾ ਹੈ। ਤਿੰਨਾਂ ਭਰਾਵਾਂ ਨੂੰ ਆਪਸ ਵਿਚ ਰਾਬਤਾ ਕਾਇਮ ਕਰਨ ਲਈ ਉਨ੍ਹਾਂ ਦੇ ਦਾਦਾ ਜੀ ਯੋਜਨਾ ਬਣਾਉਂਦੇ ਹਨ ਜਿਸ ਦਾ ਪਤਾ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਅੰਤਮ ਇੱਛਾ ਤੋਂ ਲਗਦਾ ਹੈ। ਤਿੰਨਾਂ ਭਰਾਵਾਂ ਦੀ ਮਾਲੀ ਹਾਲਤ ਚੰਗੀ ਨਹੀਂ ਹੈ ਪਰ ਉਨ੍ਹਾਂ ਦੇ ਦਾਦਾ ਜੀ ਕਸ਼ਮੀਰ ਵਾਦੀ ਵਿਚ ਰਿਆਸਤ ਦੇ ਮਾਲਕ ਹਨ। ਉਨ੍ਹਾਂ ਦਾ ਇਕ ਵੱਡਾ ਬੰਗਲਾ ਵੀ ਹੈ। ਦਾਦਾ ਜੀ ਨੇ ਸ਼ਰਤ ਰੱਖੀ ਸੀ ਕਿ ਜੇ ਤਿੰਨੋਂ ਭਰਾ ਤਿੰਨ ਸਾਲ ਉਨ੍ਹਾਂ ਦੀ ਰਿਆਸਤ ਦੇ ਬੰਗਲੇ ਵਿਚ ਗੁਜ਼ਾਰਦੇ ਹਨ ਤਾਂ ਹੀ ਉਨ੍ਹਾਂ ਨੂੰ ਜਾਇਦਾਦ ਵਿਚੋਂ ਹਿੱਸਾ ਮਿਲੇਗਾ। ਇਸ ਮਜਬੂਰੀ ਕਾਰਨ ਤਿੰਨੋਂ ਭਰਾ ਬੰਗਲੇ ਵਿਚ ਰਹਿਣਾ ਸ਼ੁਰੂ ਕਰ ਦਿੰਦੇ ਹਨ। ਤਿੰਨੋਂ ਭਰਾ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਹਨ। ਇਸ ਲੜਾਈ ਦੌਰਾਨ ਫ਼ਿਲਮ ਕਈ ਰੌਚਕ ਪ੍ਰਸੰਗਾਂ ਵਿਚੋਂ ਲੰਘਦੀ ਹੋਈ ਅੱਗੇ ਵਧਦੀ ਹੈ।




ਓਮ ਪੁਰੀ ਨੇ ਦੱਸਿਆ ਕਿ ਕਸ਼ਮੀਰ ਵਿਚ ਗੁਲਮਰਗ ਵਰਗੀ ਥਾਂ 'ਤੇ ਸਖਤ ਠੰਢ ਵਿਚ ਸ਼ੂਟਿੰਗ ਕਰਨੀ ਵੱਡੀ ਚੁਣੌਤੀ ਸੀ ਪਰ ਫਿਲਮ ਦੀ ਮਨੋਰੰਜਕ ਪਿੱਠਭੂਮੀ ਕਰ ਕੇ ਤੇ ਕਲਾਕਾਰਾਂ ਦੇ ਜ਼ਿੰਦਾਦਿਲ ਜਜ਼ਬੇ ਨੇ ਇਸ ਕੰਮ ਨੂੰ ਸੌਖਾ ਕਰ ਦਿੱਤਾ। ਫਿਲਮ ਲਈ ਸੰਗੀਤ ਸੁਖਵਿੰਦਰ ਸਿੰਘ ਤੇ ਰੰਜੀਤ ਬਾਰੋਟ ਨੇ ਦਿੱਤਾ ਹੈ। ਫ਼ਿਲਮ ਵਿਚ ਚਾਰ ਗਾਣੇ ਹਨ। ਗੀਤ ਗੁਲਜ਼ਾਰ ਨੇ ਲਿਖੇ ਹਨ। ਫ਼ਿਲਮ ਦੇ ਦੋ ਗੀਤ ਸੁਖਵਿੰਦਰ ਨੇ ਤੇ ਇਕ-ਇਕ ਗਾਣਾ ਦਲੇਰ ਮਹਿੰਦੀ ਤੇ ਮੋਹਿਤ ਚੌਹਾਨ ਨੇ ਗਾਇਆ ਹੈ।

# ਫਰੀਦਾ ਨੇ ਆਪਣੇ ਦਮ 'ਤੇ ਮਾਰਿਆ ਮੋਰਚਾ

ਸਧਾਰਨ ਜਿਹੇ ਵੀਡੀਓ ਕਰਨ ਵਾਲੀ ਫਰੀਦਾ ਪਿੰਟੋ ਨੇ ਕਦੇ ਵੀ ਨਹੀਂ ਸੀ ਸੋਚਿਆ ਕਿ ਇਕ ਦਿਨ ਅੰਤਰਰਾਸ਼ਟਰੀ ਕਲਾਕਾਰ ਬਣ ਜਾਵੇਗੀ। 18 ਅਕਤੂਬਰ 1984 ਨੂੰ ਮੁੰਬਈ 'ਚ ਕੈਥੋਲਿਕ ਪਰਿਵਾਰ 'ਚ ਜਨਮੀ ਫਰੀਦਾ ਦੇ ਪਿਤਾ ਬੈਂਕ ਆਫ਼ ਬੜੌਦਾ 'ਚ ਬੈਂਕ ਮੈਨੇਜਰ ਹਨ, ਵੱਡੀ ਭੈਣ ਸ਼ਰੋਨ ਐਨ.ਡੀ.ਟੀ.ਵੀ. 'ਚ ਸਹਾਇਕ ਨਿਰਮਾਤਾ ਹੈ।



1994 'ਚ ਬਣੀ ਮਿਸ ਯੂਨੀਵਰਸ ਸੁਸ਼ਮਿਤਾ ਸੇਨ ਤੋਂ ਪ੍ਰਭਾਵਿਤ ਹੋ ਕੇ ਫਰੀਦਾ ਨੇ ਗੋਰੇਗਾਓਂ ਦੇ ਇਕ ਫੋਟੋਗ੍ਰਾਫ਼ਰ ਕੋਲੋਂ ਫੋਟੋ ਸੈਸ਼ਨ ਕਰਵਾ ਕੇ ਕਈ ਪ੍ਰੋਡਕਸ਼ਨ ਹਾਊਸ ਵਾਲਿਆਂ ਨੂੰ ਫੋਟੋਆਂ ਵੰਡੀਆਂ ਪਰ ਕੰਮ ਮਿਲਿਆ ਕੁਝ ਕੁ ਐਡ ਫ਼ਿਲਮਾਂ 'ਚ, ਨਹੀਂ ਤਾਂ ਬਹੁਤੇ ਨਿਰਮਾਤਾ ਨਿਰਦੇਸ਼ਕ ਇਹੋ ਹੀ ਕਹਿੰਦੇ ਰਹੇ ਹਨ ਕਿ ਤੂੰ ਪਤਲੀ ਬਹੁਤ ਏਂ। ਫਰੀਦਾ ਪਿੰਟੋ ਦਾ ਕਦੇ-ਕਦੇ ਮਨ ਉਦਾਸ ਹੋ ਜਾਂਦਾ ਪਰ ਉਸ ਨੇ ਹੌਸਲਾ ਕਦੇ ਨਹੀਂ ਹਾਰਿਆ।

ਕਾਲਜ ਸਮੇਂ 'ਚ ਸਟੇਜ 'ਤੇ ਕੀਤਾ ਅਭਿਨੈ ਉਸ ਦੇ ਕੰਮ ਆਇਆ। ਜ਼ੀ ਇੰਟਰਨੈਸ਼ਨਲ ਏਸ਼ੀਆ, ਪੈਸੀਫਿਕ ਤੇ ਕਈ ਐਡ ਫ਼ਿਲਮਾਂ ਤੋਂ ਪ੍ਰੋਗਰਾਮ ਮਿਲੇ।

ਫਰੀਦਾ ਪਿੰਟੋ ਦੀ ਅਸਲੀ ਜ਼ਿੰਦਗੀ 'ਸਲੱਮਡਾਗ ਮਿਲੀਨੇਅਰ' ਫ਼ਿਲਮ ਦੇ ਨਾਲ ਸ਼ੁਰੂ ਹੋਈ ਜਿਸ ਦੀ ਉਹ ਨਾਇਕਾ ਬਣੀ। ਇਸ ਤੋਂ ਪਹਿਲਾਂ ਜਾਨ ਬੇਰੀ ਤੋਂ ਅਭਿਨੈ ਸਿੱਖ ਚੁੱਕੀ ਸੀ, ਜੋ ਉਸ ਨੂੰ 'ਸਲੱਮਡਾਗ ਮਿਲੀਨੇਅਰ' ਦੇ ਸਕਰੀਨ ਟੈਸਟ ਮੌਕੇ ਕੰਮ ਆਇਆ। 'ਸਲੱਮਡਾਗ ਮਿਲੀਨੇਅਰ' ਲਈ ਕੁੱਲ ਚਾਰ ਸੌ ਲੜਕੀਆਂ ਦਾ ਸਕਰੀਨ ਟੈਸਟ ਲਿਆ ਗਿਆ, ਜਿਨ੍ਹਾਂ 'ਚੋਂ ਫਰੀਦਾ ਹੀ ਸਿਲੈਕਟ ਹੋਈ। ਦੇਵ ਪਟੇਲ ਨਾਲ ਨਾਇਕਾ ਬਣੀ ਤੇ ਇਸ ਫ਼ਿਲਮ ਨੂੰ ਕਈ ਇਨਾਮ ਮਿਲੇ। ਫਰੀਦਾ ਦੀ ਕਿਸਮਤ ਇਸ ਫ਼ਿਲਮ ਨੇ ਬਦਲ ਦਿੱਤੀ। ਇਸ ਵੇਲੇ ਫਰੀਦਾ ਮਹਿੰਗੀ ਮਾਡਲ ਹੈ ਜਿਸ ਕੋਲ ਕਈ ਅੰਤਰਰਾਸ਼ਟਰੀ ਫ਼ਿਲਮਾਂ ਮਿਰਾਲ, ਯੂ. ਵਿਲ ਮੀਟ ਏ ਟਾਲ ਡਾਰਕ ਸਟਰੇਂਜਰ ਹਨ, ਜੋ ਕੇਨਜ਼ ਫ਼ਿਲਮ ਸਮਾਰੋਹ 'ਚ ਦਿਖਾਈਆਂ ਗਈਆਂ। ਵਿਦੇਸ਼ੀ ਰਸਾਲਿਆਂ 'ਚ ਸਿਰਫ਼ ਫੋਟੋ ਛਪਵਾਉਣ ਦਾ ਫਰੀਦਾ ਪਿੰਟੋ ਲੱਖਾਂ ਰੁਪਏ ਵਸੂਲਦੀ ਹੈ।


HOT OFFER!
BEST DEAL
@540TVL
built-in 4-9mm vari-focal lens & 42pcs IR LED
1/3" SONY Super HAD CCD Model SA-1838HS
$99
VT-100 Dome Camera Price: $49.00
VT-1565 IR Camera Price: $199.00
VT-1566 Bullet Camera Price: $99.00
NOW BUY ONLINE
www.EzChase.com
CCTV
$599
4 Cameras + 4CH DVR
PRO PACKAGE
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
• We sell less price but make your security priceless.
• We only provide high quality at economy price.
• Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Still Better!!!**

**5/1, 7/1 ARM are also attractive**

**Refinance Now At Zero Cost**

**Call Sukhi Gill @ 510-207-9067**

CA DRE Lic.#01180969, NMLS# 352095

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## JUST SOLD

1. 680 Upper Vinters Cir
   Fremont, CA 94539
2. 3257 Poetry Ct.,
   Stockton, CA 95206
3. 2201 Monroe St. #504
   Santa Clara, CA 95050
4. 2370 Picasso Way
   Stockton, CA 95206
5. 950 Silver Ct.,
   Lathrop, CA 95330
6. 304 Pennyhill Dr.,
   San Jose, CA 95127
7. 234 Pamela Ave 6plex
   San Jose CA 95116
8. 3809 Amy Pl
   Union city, CA 94587
9. 6400 Christie Ave #5322
   Emeryville, CA 94608
10. 2728 Jackson Ave
    Tracy CA 95377
11. 1027 Boardwalk Dr
    Stockton CA 95206
12. 2975 Winwood Way
    San jose CA 95148

Selling new and old Homes from San Jose to Sacramento

*2004 to 2006 Award Winner Top 1% Listing Realtor in Bay Area



Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ: ਰੇਡੀਓ ਚੜ੍ਹਦੀ ਕਲਾ www.radiock.com

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।